ਕਲ ਸਸਾਰ ਇਕ ਪਰਿਵਾਰ....

# ਨਵੀਂ ਦੁਨੀਆ

# Nawi Dunia

Free



17 ਜੂਨ, ਕੌਮਾਂਤਰੀ ਪਿਤਾ ਦਿਵਸ

ਸਾਲ : 3 ਅੰਕ : 6 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਜੂਨ 2012

ਅਲਬਰਟਾ ਵਾਸੀ ਸਭ ਤੋਂ ਜ਼ਿਆਦਾ ਜਵਾਨ ! ਪੰਨਾ-3



ਖੁਦਕੁਸ਼ੀਆਂ ਦਾ ਕਹਿਰ ਪੰਨਾ-9





ਮੈਂ ਭਾਸ਼ਾ ਦਾ ਰਿਆਜ਼ ਤੇ ਸਾਹਿਤ ਦੀ ਸਾਧਨਾ ਕਰਦਾ ਹਾਂ : ਗੁਰਬਚਨ ਸਿੰਘ ਭੁੱਲਰ ਪੰਨਾ-28

ਪੰਜਾਬੀ ਸਿਨੇਮਾ ਮੁੜ ਆਪਣੇ ਪੈਰਾਂ 'ਤੇ ... ਪੰਨਾ-46



# ਕਾਲੇਧਨ ਤੇ ਲੋਕਪਾਲ ਦੀ ਲੜਾਈ ਇਕ ਮੰਚ ਤੋਂ

ਅੰਨਾ ਹਜ਼ਾਰੇ ਤੇ ਬਾਬਾ ਰਾਮਦੇਵ ਸਾਲ ਮਗਰੋਂ ਇਕ ਮੰਚ 'ਤੇ ਇਕੱਠੇ ਹੋਏ। ਮੌਕਾ ਸੀ ਕਾਲੇਧਨ ਤੇ ਲੋਕਪਾਲ ਲਈ ਵਰਤ ਰੱਖਣ ਦਾ। ਜੰਤਰ-ਮੰਤਰ 'ਤੇ ਦੋਵਾਂ ਨੇ ਐਲਾਨ ਕੀਤਾ ਕਿ 4 ਜੂਨ ਤੋਂ 8 ਅਗਸਤ ਤਕ ਦੇਸ਼ ਭਰ ਵਿਚ ਮਾਹੌਲ ਬਣਾਇਆ ਜਾਵੇਗਾ। ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ 9 ਅਗਸਤ ਨੂੰ ਵੱਡਾ ਅੰਦੋਲਨ ਹੋਵੇਗਾ।

ਟੀਮ ਅੰਨਾ ਵਲੋਂ ਲਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਰਾਮਦੇਵ ਨੇ ਕਿਹਾ, 'ਪ੍ਰਧਾਨ ਮੰਤਰੀ ਵਿਅਕਤੀਗਤ ਤੌਰ 'ਤੇ ਇਮਾਨਦਾਰ ਹਨ ਤਾਂ ਜਨਤਕ ਇਮਾਨਦਾਰੀ ਵੀ ਦਿਖਾਉਣ ਅਤੇ ਆਪਣੇ ਮੰਤਰੀ ਮੰਡਲ ਨੂੰ ਸਾਫ ਕਰਨ। ਵਰਤ ਦੌਰਾਨ ਆਪਸੀ ਵਿਵਾਦ ਵੀ ਨਜ਼ਰ ਆਇਆ, ਜਦੋਂ ਕੇਜਰੀਵਾਲ ਨੇ ਮੰਚ ਤੋਂ ਆਗੂਆਂ ਦਾ ਨਾਮ ਲਿਆ ਤਾਂ ਰਾਮਦੇਵ ਨੇ ਟੋਕ ਦਿੱਤਾ ਤੇ ਕਿਹਾ ਕਿ ਅਜਿਹਾ ਕਰਨ ਨਾਲ ਅੰਦੋਲਨ ਕਮਜ਼ੋਰ ਹੋਵੇਗਾ। ਇਸ ਤੋਂ ਪਹਿਲਾਂ ਸਵੇਰੇ ਅੰਨਾ ਤੇ ਰਾਮਦੇਵ ਰਾਜਘਾਟ ਪੁੱਜੇ ਤੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ। ਪਿਛਲੇ ਸਾਲ ਰਾਮਲੀਲਾ ਮੈਦਾਨ ਵਿਚ ਅੱਧੀ ਰਾਤ ਨੂੰ ਹੋਈ ਪੁਲੀਸ ਕਾਰਵਾਈ ਤੋਂ ਠੀਕ ਸਾਲ ਬਾਅਦ ਇਹ ਵਰਤ ਰੱਖਿਆ ਗਿਆ ਸੀ।



### ਅੰਨਾ ਨੇ ਦੱਸੀਆਂ ਉਪਲਬਧੀਆਂ

- ਮਹਾਰਾਸ਼ਟਰ ਦੇ 6 ਮੰਤਰੀਆਂ, 400 ਅਫ਼ਸਰਾਂ ਨੂੰ ਕੁਰਸੀ ਗੁਆਉਣੀ ਪਈ। ਕਈਆਂ 'ਤੇ ਕੇਸ ਚੱਲ ਰਹੇ ਹਨ।
- ਅੰਦੋਲਨ ਦੇਸ਼ ਭਰ ਵਿਚ ਫੈਲਿਆ। ਜਨਤਾ ਹੁਣ ਹਰ ਭ੍ਰਿਸ਼ਟਾਚਾਰੀ ਨੂੰ ਜੇਲ੍ਹ ਪਹੁੰਚਾਉਣਾ ਚਾਹੁੰਦੀ ਹੈ।

### ਬਾਬਾ ਨੇ ਰੱਖੀਆਂ ਸ਼ਰਤਾਂ

- ਚਾਰ ਸੌ ਲੱਖ ਕਰੋੜ ਦਾ ਕਾਲਾ ਧਨ ਕੌਮੀ ਸੰਪਤੀ ਐਲਾਨੀ ਜਾਵੇ। ਵਿਸ਼ੇਸ਼ ਵਿੱਤੀ ਕਮੇਟੀ ਬਣਾਈ ਜਾਵੇ।
- ਪੰਜ ਸੌ ਅਤੇ ਇਕ ਹਜ਼ਾਰ ਦੇ ਨੋਟ ਬੰਦ ਹੋਣ।
- ਕਾਲੇ ਧਨ ਦੇ ਮਾਮਲੇ 'ਤੇ ਸਰਕਾਰ ਕੋਲ ਮੌਜੂਦ 36 ਹਜ਼ਾਰ ਸੂਚਨਾਵਾਂ ਜਨਤਕ ਕੀਤੀਆਂ ਜਾਣ।
- 20 ਲੱਖ ਕਰੋੜ ਦੀ ਐਫ.ਡੀ.ਆਈ. ਦੇ ਅਸਲ ਸਰੋਤ ਦਾ ਖੁਲਾਸਾ ਕੀਤਾ ਜਾਵੇ।
- ਜਲਦੀ ਤੋਂ ਜਲਦੀ ਮਜ਼ਬੂਤ ਲੋਕਪਾਲ ਕਾਨੂੰਨ ਬਣਾਇਆ ਜਾਵੇ।
- ਪ੍ਰਧਾਨ ਮੰਤਰੀ ਤੇ ਹੋਰਨਾਂ 14 ਭ੍ਰਿਸ਼ਟ ਮੰਤਰੀਆਂ ਖ਼ਿਲਾਫ਼ ਜਾਂਚ ਹੋਵੇ। ਇਹ ਜਾਂਚ ਨਿਰਪੱਖ ਦਲ ਤੋਂ ਕਰਵਾਈ ਜਾਵੇ।

### ਸਰਕਾਰ ਨੇ ਇਤਰਾਜ਼ ਕੀਤਾ

- ਕੇਂਦਰੀ ਮੰਤਰੀ ਹਰੀਸ਼ ਰਾਵਤ ਨੇ ਕਿਹਾ ਕਿ ਮਨਮੋਹਨ 'ਤੇ ਨਿਸ਼ਾਨਾ ਸੰਵਿਧਾਨਕ ਸੰਸਥਾਵਾਂ ਖ਼ਿਲਾਫ਼ ਮੁਹਿੰਮ ਹੈ। ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।
- ਕਈ ਦੇਸ਼ਾਂ ਵਿਚ ਐਫ.ਡੀ.ਆਈ. ਆ ਰਿਹਾ ਹੈ ਤਾਂ ਕੀ ਉਨ੍ਹਾਂ ਦੀ ਅਰਥ ਵਿਵਸਥਾ ਕਾਲੇ ਧਨ ਨਾਲ ਚੱਲ ਰਹੀ ਹੈ।

### ਮਾਹੌਲ ਵੀ ਬਦਲ ਗਿਆ

- ਇਕ ਸਾਲ ਵਿਚ ਇਸੇ ਥਾਂ 'ਤੇ ਚਾਰ ਵਰਤ ਰੱਖ ਚੁੱਕੇ ਅੰਨਾ ਹਜ਼ਾਰੇ ਦੇ ਨਾਂ ਦੇ ਪੋਸਟਰ ਤੇ ਅੰਨਾ ਟੋਪੀ ਪ੍ਰਦਰਸ਼ਨਕਾਰੀਆਂ ਵਿਚੋਂ ਗਾਇਬ ਸੀ। ਪ੍ਰਦਰਸ਼ਨ ਵਾਲੀ ਥਾਂ ਦਾ ਮਾਹੌਲ ਵੀ ਅੰਨਾ ਦੇ ਪਹਿਲੇ ਵਰਤ ਵਰਗਾ ਨਹੀਂ ਸੀ।
- ਅੰਨਾ ਦੇ ਵਰਤ ਵਿਚ ਤਿਰੰਗੇ ਲਹਿਰਾਏ ਜਾਂਦੇ ਹਨ ਜਦਕਿ ਇਥੇ ਭਗਵੇਂ ਝੰਡੇ ਸਨ। ਨਾਅਰਿਆਂ ਵਿਚੋਂ ਅੰਨਾ ਦਾ ਨਾਂ ਗਾਇਬ ਸੀ। ਥਾਂ-ਥਾਂ ਰਾਮਦੇਵ ਦੇ ਪੋਸਟਰ ਸਨ, ਅੰਨਾ ਦੇ ਪੋਸਟਰ ਮੰਚ ਦੇ ਕੋਲ ਹੀ ਸਨ।

### ਰਾਮਦੇਵ ਨੇ ਰਣਨੀਤੀ ਬਦਲੀ

- ਕਲ ਤਕ ਕਾਂਗਰਸ ਨੂੰ ਖਰੀ-ਖੋਟੀ ਸੁਣਾਉਣ ਵਾਲੇ ਰਾਮਦੇਵ ਨੇ ਕਿਸੇ ਪਾਰਟੀ ਦਾ ਜ਼ਿਕਰ ਨਹੀਂ ਕੀਤਾ। ਜਦੋਂ ਕੇਜਰੀਵਾਲ ਨੇ ਆਗੂਆਂ ਦਾ ਨਾਂ ਲਿਆ ਤਾਂ ਉਨ੍ਹਾਂ ਨੇ ਟੋਕ ਦਿੱਤਾ।
- ਭਾਜਪਾ ਦੇ ਸਿੱਧੇ ਸਹਿਯੋਗ ਨਾਲ ਅੰਦੋਲਨ ਚਲਾਉਣ ਵਾਲੇ ਰਾਮਦੇਵ ਨੇ ਪਹਿਲੀ ਵਾਰ ਕਿਹਾ ਕਿ ਉਹ 4 ਜੂਨ ਮਗਰੋਂ ਸੋਨੀਆ ਗਾਂਧੀ, ਨਿਤਿਨ ਗਡਕਰੀ, ਮੁਲਾਇਮ, ਸ਼ਰਦ ਯਾਦਵ, ਲਾਲੂ ਯਾਦਵ ਤੋਂ ਵੀ ਮੁਲਾਕਾਤ ਦਾ ਸਮਰਥਨ ਪੱਤਰ ਮੰਗਣਗੇ।




**ਓਲੰਪਿਕ ਮਸ਼ਾਲ :** 2012 ਦੀਆਂ ਲੰਡਨ ਓਲੰਪਿਕ ਖੇਡਾਂ ਦੀ ਮਸ਼ਾਲ ਯਾਤਰਾ ਪੱਛਮੀ ਇੰਗਲੈਂਡ ਦੇ ਕਾਰਨਵਾਲ ਇਲਾਕੇ ਤੋਂ ਸ਼ੁਰੂ ਹੋ ਗਈ ਹੈ। ਬਰਤਾਨੀਆ ਦੇ ਵੱਖ ਵੱਖ ਹਿੱਸਿਆਂ ਵਿਚ 70 ਦਿਨ ਤਕ ਘੁੰਮਣ ਤੋਂ ਬਾਅਦ ਇਹ ਮਸ਼ਾਲ 27 ਜੁਲਾਈ ਨੂੰ ਲੰਡਨ ਦੇ ਓਲੰਪਿਕ ਸਟੇਡੀਅਮ ਵਿਚ ਪਹੁੰਚੇਗੀ।

## ਪੰਜਾਬੀ ਆਰਟ ਐਸੋਸੀਏਸ਼ਨ ਵੱਲੋਂ ਨਾਟਕਾਂ ਦੀ ਸ਼ਾਮ 9 ਨੂੰ




ਐਡਮਿੰਟਨ (ਨਦਬ) : ਕਾਮਾਗਾਟਾਮਾਰੂ, ਅਜੀਤਰਾਮ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਫ਼ਰੀਡਮ ਫ਼ਾਈਟਰ, ਕੁਦੇਸਣ, ਗਾਨੀ, ਕੈਪਸੂਲ ਦੀਆਂ ਮੱਛੀਆਂ, ਪੁਨਰ ਜਨਮ ਆਦਿ ਵਰਗੇ ਨਾਟਕਾਂ ਦੀ ਸਫ਼ਲ ਪੇਸ਼ਕਾਰੀ ਤੋਂ ਬਾਅਦ ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਐਡਮਿੰਟਨ ਦੇ ਕਲਾਕਾਰ ਇੱਕ ਵਾਰ ਫਿਰ 9 ਜੂਨ (ਸ਼ਨੀਵਾਰ) ਨੂੰ ਨਾਟਕਾਂ ਦੀ ਸ਼ਾਮ ਲੈ ਕੇ ਦਰਸ਼ਕਾਂ ਦੇ ਸਨਮੁੱਖ ਹੋ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ 9 ਜੂਨ ਨੂੰ ਸ਼ਾਮ 3 ਤੋਂ 5 ਵਜੇ ਵਿਕਟੋਰੀਆ ਸਕੂਲ ਆਫ਼ ਆਰਟਸ 10210-108 ਐਵੀਨਿਊ ਐਡਮਿੰਟਨ ਵਿਖੇ ਕਰਵਾਏ ਜਾਣ ਵਾਲੇ ਇਨ੍ਹਾਂ ਨਾਟਕਾਂ 'ਚ ਸ਼ਹੀਦ ਭਗਤ ਸਿੰਘ ਦੇ ਜੇਲ੍ਹ ਦੌਰਾਨ ਆਖ਼ਰੀ ਦਿਨਾਂ ਦੇ ਘਟਨਾਕ੍ਰਮ ਨੂੰ ਦਰਸਾਉਂਦਾ ਦਵਿੰਦਰ ਦਮਨ ਦਾ ਲਿਖਿਆ ਨਾਟਕ 'ਛਿਪਣ ਤੋਂ ਪਹਿਲਾਂ ' ਅਤੇ ਭਾਰਤ ਦੇ ਸਰਕਾਰੀ ਤੰਤਰ ਦਾ ਹਾਲ ਦਰਸਾਉਂਦਾ ਜਤਿੰਦਰ ਬਰਾੜ ਦਾ ਲਿਖਿਆ ਨਾਟਕ 'ਫ਼ਾਈਲ ਚਲਦੀ ਰਹੀ' ਸ਼ਾਮਿਲ ਹਨ। ਇਨ੍ਹਾਂ ਨਾਟਕਾਂ ਦੇ ਗੀਤ ਉਂਕਾਰਪ੍ਰੀਤ ਟੋਰਾਂਟੋ ਨੇ ਲਿਖੇ ਹਨ ਅਤੇ ਦੋਵੇਂ ਨਾਟਕਾਂ ਨੂੰ ਨਿਰਦੇਸ਼ਕ/ਕਲਾਕਾਰ ਜਸਪਾਲ ਢਿਲੋਂ ਦੀ ਨਿਰਦੇਸ਼ਨਾਂ ਹੇਠ ਖੇਡਿਆ ਜਾਵੇਗਾ। ਇਸ ਸਬੰਧੀ ਹੋਰ ਜਾਣਕਾਰੀ ਲਈ ਜੋਗਿੰਦਰ ਰੰਧਾਵਾ ਨਾਲ 780-914-6251, ਬਖ਼ਸ਼ ਸੰਘਾ ਨਾਲ 780-660-7520, ਸੁਰਿੰਦਰ ਢਿਓਲ ਨਾਲ 780-239-9038 ਜਾਂ ਕਿਰਤਮੀਤ ਕੁਹਾੜ ਨਾਲ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਨਾਈਜੀਰੀਆ ਹਵਾਈ ਹਾਦਸੇ 'ਚ 153 ਮੌਤਾਂ ਦਾ ਖਦਸ਼ਾ

ਅਬੂਜਾ : ਨਾਈਜੀਰੀਆ ਦੀ ਵਪਾਰਕ ਰਾਜਧਾਨੀ ਲਾਗੋਸ ਦੇ ਰਿਹਾਇਸ਼ੀ ਖੇਤਰ ਦੀ ਇਮਾਰਤ ਨਾਲ ਇਕ ਜਹਾਜ਼ ਟਕਰਾਅ ਗਿਆ ਜਿਸ ਕਰ ਕੇ ਜਹਾਜ਼ ਵਿਚ ਸਵਾਰ ਘੱਟੋ ਘੱਟ 153 ਵਿਅਕਤੀਆਂ ਦੀ ਮੌਤ ਹੋ ਜਾਣ ਦਾ ਖਦਸ਼ਾ ਹੈ ਦਾਨਾ ਏਅਰਲਾਈਨ ਨਾਲ ਸਬੰਧਤ ਜਹਾਜ਼ ਨੂੰ ਹਾਦਸੇ ਪਿੱਛੋਂ ਅੱਗ ਲੱਗ ਗਈ ਅਤੇ ਅਸਮਾਨ ਵਿਚ ਧੂੰਆਂ ਹੀ ਧੂੰਆਂ ਫੈਲ ਗਿਆ ਸ਼ਹਿਰੀ ਹਵਾਬਾਜ਼ੀ ਅਧਿਕਾਰੀਆਂ ਅਨੁਸਾਰ ਹਾਦਸੇ ਵਿਚੋਂ ਬਚਣ ਵਾਲਿਆਂ ਦੀ ਉਮੀਦ ਬਹੁਤ ਹੀ ਘੱਟ ਹੈ। ਇਕ ਚਸਮਦੀਦ ਗਵਾਹ ਨੇ ਵੀ ਇਸ ਨਿਊਜ਼ ਏਜੰਸੀ ਨੂੰ ਦੱਸਿਆ ਜਹਾਜ਼ ਵਿਚ ਸਵਾਰ ਕਿਸੇ ਵੀ ਵਿਅਕਤੀ ਮੁਸਾਫ਼ਰ ਦੇ ਬਚਣ ਦੀ ਆਸ ਨਹੀਂ ਹੈ।

Roof Trusses
Floor Systems
Lumber - Stairs
ZyTech
BUILDING SYSTEMS INC.
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

ALL INDIA
RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers




Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700



BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA



Sarjan Luthra
B.Sc, L.LB
LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh



# Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche



Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਊਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At:
Ph: 780-695-6595

# A & K TILES & DRYWALL LTD.
Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS
Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

Ph: 780-469-4985 Fax: 780-469-4926 Cell: 780-952-2860
exceltax@yahoo.ca
Unit# 207 9254 - 34A Ave, Edmonton AB T6E 5P4
(Above Sabji Mandi)
Evening & Weekend with Appointments only

# EAGLEROCK GOLF COURSE
50549, RANGE ROAD 234 EDMONTON, AB

Eagle Rock Golf Course

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.
www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
Tent Rentals
All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Ladies Sangeet Jago Equipment

**Umrao Ghinger: 780 237 5556**
www.alphatentrentals.com
**Office: 780 490 5354**





# ਪੂਰੇ ਕੈਨੇਡਾ 'ਚੋਂ ਅਲਬਰਟਾ ਸਭ ਤੋਂ ਜ਼ਿਆਦਾ ਜਵਾਨ



ਐਡਮਿੰਟਨ(ਨਦਬ): ਕੈਨੇਡਾਂ ਦੇ ਹੋਰਨਾਂ ਕਈ ਸ਼ਹਿਰਾਂ ਦੇ ਮੁਕਾਬਲੇ ਐਡਮਿੰਟਨ ਨੌਜਵਾਨਾਂ ਨਾਲ ਭਰਿਆ ਸ਼ਹਿਰ ਗਿਣਿਆ ਜਾਂਦਾ ਹੈ। ਬੀਤੇ ਦਿਨੀਂ ਸਟੈਟਿਕਸ ਕੈਨੇਡਾ ਵਲੋਂ ਦਿੱਤੀ ਜਾਣਕਾਰੀ ਮੁਤਾਬਕ 2011 'ਚ ਨੌਜਵਾਨਾਂ ਦੀ ਗਿਣਤੀ 'ਤੇ ਕੀਤੇ ਸਰਵੇਖਣਾਂ ਮੁਤਾਬਕ ਐਡਮਿੰਟਨ ਸ਼ਹਿਰ ਪੂਰੇ ਸੂਬੇ 'ਚੋਂ ਸਭ ਤੋਂ ਜ਼ਿਆਦਾ ਨੌਜਵਾਨਾਂ ਦੀ ਗਿਣਤੀ ਦਾ ਸ਼ਹਿਰ ਹੈ। ਸਟੈਟਿਸਟਿਕ ਕੈਨੇਡਾ ਦੇ ਡੈਮੋਗ੍ਰਾਫਿਕ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਵਿਨਸੇਂਟ ਡੇਲ ਦਾ ਕਹਿਣਾ ਹੈ ਕਿ ਅਲਬਰਟਾ ਸਾਰੇ ਸੂਬਿਆਂ 'ਚੋਂ ਜਵਾਨ ਸੂਬਾ ਹੈ। ਕੈਨੇਡਾ ਦੀ ਕੁਲ ਜਨਸੰਖਿਆ 'ਚ ਔਸਤਨ 15 ਫ਼ੀਸਦੀ ਲੋਕ 65 ਜਾਂ ਇਸ ਤੋਂ ਵੱਧ ਉਮਰ ਦੇ ਹਨ। ਸਿਰਫ਼ ਅਲਬਰਟਾ ਸੂਬੇ 'ਚ ਹੀ 11 ਫ਼ੀਸਦੀ ਜੋ ਪੂਰੇ ਦੇਸ਼ ਨਾਲੋਂ ਘੱਟ ਹੈ। ਸਟੈਟਿਸਟਿਕ ਕੈਨੇਡਾ ਵਲੋਂ ਕੰਮ ਕਾਜ ਲਈ ਨਿਰਧਾਰਤ ਕੀਤੀ ਗਈ ਉਮਰ 15 ਤੋਂ 64 ਸਾਲ ਹੈ, ਜਿਸ ਦੀ ਗਿਣਤੀ ਸਭ ਤੋਂ ਵੱਡੀ ਹੈ। ਕੈਨੇਡਾ ਦੇ ਵੱਡੇ ਸ਼ਹਿਰਾਂ 'ਚੋਂ ਐਡਮਿੰਟਨ 'ਚ ਕੈਲਗਰੀ ਤੋਂ ਇਲਾਵਾ, ਜਿਥੇ 10 ਫ਼ੀਸਦੀ ਸੀਨੀਅਰ ਸਿਟੀਜ਼ਨ ਹਨ, ਸਭ ਤੋਂ ਘੱਟ ਗਿਣਤੀ 'ਚ ਸੀਨੀਅਰ ਸਿਟੀਜ਼ਨ ਹਨ। ਨਵੇਂ ਜੰਮੇਂ ਬੱਚਿਆਂ ਤੋਂ ਲੈ ਕੇ ਚਾਰ ਸਾਲ ਦੇ ਬੱਚਿਆਂ ਦੀ ਗਿਣਤੀ 'ਚ ਦੂਜੇ ਸੂਬਿਆਂ ਦੇ ਮੁਕਾਬਲੇ ਅਲਬਰਟਾ 21 ਫ਼ੀਸਦੀ ਦੀ ਗਿਣਤੀ ਨਾਲ ਆਬਾਦੀ 'ਚ ਸਭ ਤੋਂ ਵੱਡੇ ਵਾਧੇ ਨਾਲ ਅੱਗੇ ਹੈ। ਕੌਮੀ ਤੌਰ 'ਤੇ ਇਸ ਉਮਰ ਗਰੁੱਪ 'ਚ 11 ਫ਼ੀਸਦੀ ਵਾਧਾ ਹੋਇਆ ਹੈ। ਡੇਲ ਦਾ ਕਹਿਣਾ ਹੈ ਕਿ ਐਡਮਿੰਟਨ ਪੂਰੇ ਦੇਸ਼ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਜਵਾਨ ਸੂਬਾ ਗਿਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ 0-14 ਸਾਲ ਦੀ ਉਮਰ ਵਰਗ ਦੀ ਗਿਣਤੀ ਇਥੇ ਸਭ ਤੋਂ ਜ਼ਿਆਦਾ ਹੈ ਅਤੇ ਪੂਰੇ ਕੈਨੇਡਾ ਦੇ ਮੁਕਾਬਲੇ ਅਲਬਰਟਾ 'ਚ ਸਭ ਤੋਂ ਜ਼ਿਆਦਾ ਕਿਰਤੀ ਤਾਕਤ ਵਜੋਂ ਉਭਰ ਕੇ ਸਾਹਮਣੇ ਆਉਣ ਵਾਲੀ ਹੈ। ਇਸ ਸੂਬੇ 'ਚ ਔਰਤਾਂ ਅਤੇ ਪੁਰਸ਼ਾਂ ਦੀ ਗਿਣਤੀ ਵੀ ਚਰਚਾ ਦਾ ਵਿਸ਼ਾ ਹੈ। ਇਥੇ ਔਰਤਾਂ ਦੀ ਗਿਣਤੀ ਪੁਰਸ਼ਾਂ ਦੇ ਮੁਕਾਬਲੇ ਜ਼ਿਆਦਾ ਹੈ। ਡੇਲ ਮੁਤਾਬਕ ਇਹ ਰੁਝਾਨ ਉੱਤਰੀ ਅਲਬਰਟਾ ਵਿਚ ਜ਼ਿਆਦਾ ਹੈ।

# ਅਨੰਦ ਮੈਰਿਜ ਐਕਟ 'ਤੇ ਸੰਸਦ ਨੇ ਲਾਈ ਮੋਹਰ

ਨਵੀਂ ਦਿੱਲੀ, 22 ਮਈ (ਨਦਬ)- ਅਨੰਦ ਕਾਰਜ ਨਾਲ ਹੁੰਦੇ ਵਿਆਹਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਵਾਉਣ ਲਈ ਅਨੰਦ ਮੈਰਿਜ ਐਕਟ 1909 ਵਿਚ ਸੋਧ ਕਰਨ ਦੀ ਮੰਗ ਵਾਲੇ ਬਿੱਲ ਨੂੰ ਸੰਸਦ ਨੇ ਪਾਸ ਕਰ ਦਿੱਤਾ ਹੈ। ਰਾਜ ਸਭਾ ਇਸ ਬਿੱਲ ਨੂੰ ਪਹਿਲਾਂ ਹੀ ਪਾਸ ਕਰ ਚੁੱਕੀ ਹੈ, ਜਦਕਿ ਲੋਕ ਸਭਾ ਨੇ ਵੀ ਸਰਬ-ਸੰਮਤੀ ਨਾਲ ਇਸ ਨੂੰ ਪਾਸ ਕੀਤਾ। ਲੋਕ ਸਭਾ ਵਿਚ ਅੱਜ ਬਿੱਲ 'ਤੇ ਬਹਿਸ ਦਾ ਉਤਰ ਦਿੰਦਿਆਂ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਜਿਸ ਤਰ੍ਹਾਂ ਦੀ ਸਹਿਮਤੀ ਭਰੀ ਪਹੁੰਚ ਸਦਨ ਦੇ ਹਰੇਕ ਮੈਂਬਰ ਨੇ ਬਿੱਲ ਦੀ ਹਮਾਇਤ ਕਰਨ 'ਚ ਦਿਖਾਈ ਹੈ ਉਸ ਨਾਲ ਦੇਸ਼ ਨੂੰ ਇਹ ਸੁਨੇਹਾ ਜਾਵੇਗਾ ਕਿ ਨਾਗਰਿਕਾਂ ਦੇ ਹਰੇਕ ਵਰਗ ਦੀਆਂ ਭਾਵਨਾਵਾਂ ਮਹੱਤਵਪੂਰਣ ਹਨ ਅਤੇ ਉਨ੍ਹਾਂ ਦਾ ਸਤਿਕਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਿੱਲ ਨੇ ਸਿੱਖ ਭਾਈਚਾਰੇ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਪੂਰੀ ਕਰ ਦਿੱਤੀ ਹੈ। ਇਸ ਬਿੱਲ ਵਿਚ ਇਹ ਤਜਵੀਜ਼ ਕੀਤਾ ਗਿਆ ਹੈ ਕਿ ਜਿਨ੍ਹਾਂ ਵਿਅਕਤੀਆਂ ਦੇ ਵਿਆਹ ਇਸ ਕਾਨੂੰਨ ਤਹਿਤ ਦਰਜ ਹੋਣਗੇ ਉਨ੍ਹਾਂ ਨੂੰ ਜਨਮ ਅਤੇ ਮੌਤ ਸਬੰਧੀ ਕਾਨੂੰਨ 1969 ਜਾਂ ਹਾਲ ਦੀ ਘੜੀ ਲਾਗੂ ਕਿਸੇ ਕਾਨੂੰਨ ਤਹਿਤ ਰਜਿਸਟਰੇਸ਼ਨ ਕਰਵਾਉਣ ਦੀ ਲੋੜ ਨਹੀਂ। ਚਰਚਾ 'ਚ ਹਿੱਸਾ ਲੈਂਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸਿੱਖ ਭਾਈਚਾਰੇ ਦੇ ਹਿੱਤਾਂ ਦਾ ਧਿਆਨ ਰੱਖਦੇ ਹੋਏ ਪਹਿਲੀ ਵਾਰ ਕੋਈ ਬਿੱਲ ਸੰਸਦ ਵਿਚ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਸਿੱਖਾਂ ਦੀ ਵੱਖਰੀ ਪਛਾਣ ਸੀ ਪਰ ਸੰਵਿਧਾਨ ਵਿਚ ਇਸ ਨੂੰ ਹਿੰਦੂ ਧਰਮ ਨਾਲ ਜੋੜ ਦਿੱਤਾ ਗਿਆ। ਉਨ੍ਹਾਂ ਸੰਵਿਧਾਨ ਦੀ ਧਾਰਾ 25 ਵਿਚ ਸੋਧ ਕਰਕੇ ਸਿੱਖ ਧਰਮ ਨੂੰ ਵੱਖਰੀ ਪਛਾਣ ਪ੍ਰਦਾਨ ਕਰਨ ਦੀ ਮੰਗ ਕੀਤੀ। ਅਕਾਲੀ ਦਲ ਦੀ ਹੀ ਮੈਂਬਰ ਪਰਮਜੀਤ ਕੌਰ ਗੁਲਸ਼ਨ ਨੇ ਕਿਹਾ ਕਿ ਸਿੱਖ ਲੰਬੇ ਸਮੇਂ ਤੋਂ ਕਾਨੂੰਨ ਵਿਚ ਤਬਦੀਲੀ ਦੀ ਮੰਗ ਕਰ ਰਹੇ ਹਨ ਅਤੇ ਅੱਜ ਉਹ ਬਹੁਤ ਖੁਸ਼ ਹਨ। ਕਾਂਗਰਸ ਦੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਿਰਫ ਅਕਾਲੀ ਦਲ ਹੀ ਨਹੀਂ ਸਗੋਂ ਕਾਂਗਰਸ ਦੇ ਸਾਰੇ ਮੰਤਰੀਆਂ ਖਾਸਕਰ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦਾ ਇਸ ਵਿਚ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਸਾਂਝਾ ਪ੍ਰਗਤੀਸ਼ਲੀ ਗਠਜੋੜ ਸਰਕਾਰ ਦੀ ਇਹ ਮਹੱਤਵਪੂਰਣ ਪਹਿਲ ਹੈ ਅਤੇ ਇਸ ਤੋਂ ਪਹਿਲਾਂ ਵੀ ਇਕ ਕਾਬਲ ਸਿੱਖ ਨੂੰ ਪ੍ਰਧਾਨ ਮੰਤਰੀ ਬਣਾ ਕੇ ਸਰਕਾਰ ਨੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਮਾਨਤਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿਵੇਂ ਦੂਜੀਆਂ ਕੌਮਾਂ ਦੇ ਵੱਖਰੇ ਮੈਰਿਜ ਐਕਟਾਂ ਨੂੰ ਮਾਨਤਾ ਦਿੱਤੀ ਗਈ ਹੈ, ਉਸੇ ਤਰ੍ਹਾਂ ਸਿੱਖਾਂ ਦੇ ਅਨੰਦ ਮੈਰਿਜ ਐਕਟ ਨੂੰ ਵੱਖਰੀ ਪਛਾਣ ਦਿੱਤੀ ਜਾਵੇਗੀ। ਬੀਜੂ ਜਨਤਾ ਦਲ ਦੇ ਭਰਤਰੂਹਰੀ ਮਹਿਤਾਬ ਨੇ ਕਿਹਾ ਕਿ ਹੁਣ ਜਦੋਂ ਲੋਕ ਵੱਖ-ਵੱਖ ਕੰਮਾਂ ਲਈ ਵਿਦੇਸ਼ ਜਾ ਰਹੇ ਹਨ ਤਾਂ ਉਸ ਸਮੇਂ ਸਿੱਖਾਂ ਦੇ ਵਿਆਹਾਂ ਦੀ ਰਜਿਸਟਰੇਸ਼ਨ ਦੀ ਵੱਖਰੀ ਵਿਵਸਥਾ ਬਹੁਤ ਹੀ ਜ਼ਰੂਰੀ ਹੋ ਗਈ ਸੀ। ਕਾਂਗਰਸ ਦੇ ਅਜੇ ਕੁਮਾਰ ਅਤੇ ਰੋਨਿਤ ਸਿੰਘ ਤੋਂ ਇਲਾਵਾ ਮਾਰਕਸੀ ਪਾਰਟੀ ਦੀ ਸੁਸ਼ਮਿਤਾ ਪਵਈ ਅਤੇ ਆਜ਼ਾਦ ਮੈਂਬਰ ਕੁਮਾਰ ਪੁਤੁਲ ਕੁਮਾਰੀ ਨੇ ਵੀ ਬਿੱਲ ਦੀ ਹਮਾਇਤ ਕਰਦੇ ਹੋਏ ਕਿਹਾ ਕਿ ਸਿੱਖ ਲੰਬੇ ਸਮੇਂ ਤੋਂ ਇਹ ਤਬਦੀਲੀਆਂ ਕਰਨ ਦੀ ਮੰਗ ਕਰ ਰਹੇ ਸਨ। ਅਕਾਲੀ ਦਲ ਦੇ ਸ਼ੇਰ ਸਿੰਘ ਘੁਬਾਇਆ, ਕਾਂਗਰਸ ਦੇ ਰਵਨੀਤ ਸਿੰਘ ਬਿੱਟੂ, ਸਮਾਜਵਾਦੀ ਪਾਰਟੀ ਦੇ ਸ਼ੈਲੇਂਦਰ ਕੁਮਾਰ, ਝਾਰਖੰਡ ਵਿਕਾਸ ਮੋਰਚਾ ਦੇ ਅਜੇ ਕੁਮਾਰ ਨੇ ਵੀ ਚਰਚਾ 'ਚ ਹਿੱਸਾ ਲੈਂਦਿਆਂ ਬਿੱਲ ਦੀ ਹਮਾਇਤ ਕੀਤੀ। ਬੋਡੋਲੈਂਡ ਪੀਪਲਜ਼ ਫਰੰਟ ਦੇ ਮੈਂਬਰ ਐਸ. ਕੇ. ਵਿਸਮੁਥੀਐਰੀ ਨੇ ਕਿਹਾ ਕਿ ਬੋਡੋ ਲੋਕਾਂ ਲਈ ਵੀ ਵੱਖਰਾ ਪਰਸਨਲ ਲਾਅ ਅਤੇ ਵੱਖਰਾ ਬੋਡੋ ਮੈਰਿਜ ਐਕਟ ਹੋਣਾ ਚਾਹੀਦਾ ਹੈ।



# ਜੀਨ ਜਵੈਜਡੈਸਕੀ ਅਲਬਰਟਾ ਵਿਧਾਨ ਸਭਾ ਦੇ ਸਪੀਕਰ ਬਣੇ

ਐਡਮਿੰਟਨ (ਨਦਬ)- ਅਲਬਰਟਾ ਸਰਕਾਰ ਵਿਚ ਕੈਬਨਿਟ ਮੰਤਰੀ ਰਹਿ ਚੁੱਕੇ ਜੀਨ ਜਵੈਜਡੈਸਕੀ ਸਪੀਕਰ ਦੀ ਪਦਵੀ ਲਈ ਹੋਈ ਚੋਣ ਵਿਚ ਭਾਰੀ ਬਹੁਮਤ ਹਾਸਿਲ ਕਰਕੇ ਸੂਬੇ ਕੇ ਸਪੀਕਰ ਚੁਣੇ ਗਏ। ਇਸ ਚੋਣ ਵਿਚ ਜਵੈਜਡੈਸਕੀ ਨੇ ਲਿਬਰਲ ਪਾਰਟੀ ਦੀ ਲੌਰੀ ਬਲੈਕਮੈਨ ਨੂੰ ਹਰਾਇਆ। ਚੋਣ ਜਿੱਤਣ ਉਪਰੰਤ ਪ੍ਰੀਮੀਅਰ ਐਲੀਸਨ ਰੈਡਫੋਰਡ ਅਤੇ



ਵਿਰੋਧੀ ਧਿਰ ਦੀ ਆਗੂ ਡੈਨੀਅਲ ਸਮਿੱਥ ਨੇ ਜੀਨ ਨੂੰ ਸਪੀਕਰ ਦੀ ਕੁਰਸੀ 'ਤੇ ਬਿਠਾਇਆ। ਇਸ ਮੌਕੇ ਨਵੇਂ ਬਣੇ ਸਪੀਕਰ ਜੀਨ ਨੇ ਵਿਧਾਨ ਸਭਾ 'ਚ ਮੰਤਰੀਆਂ ਅਤੇ ਵਿਧਾਇਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਨਿਰਪੱਖ ਰਹਿ ਕੇ ਸਦਨ ਦੀ ਕਾਰਵਾਈ ਚਲਾਉਣਗੇ ਅਤੇ ਦੁਨੀਆ ਭਰ ਵਿਚ ਅਲਬਰਟਾ ਦਾ ਹੋਰ ਚੰਗਾ ਅਕਸ ਪੇਸ਼ ਕਰਨਗੇ।

# ਰੇਡੀਓ ਰੈਡ.ਐਫ.ਐਮ. ਦਾ ਇੱਕ ਹੋਰ ਮਾਰਕਾ

## ਮਿਆਰੀ ਤੇ ਉਸਾਰੂ ਪ੍ਰੋਗਰਾਮਾਂ ਨਾਲ ਕੈਲਗਰੀ ਵਿੱਚ ਜਲਦ ਸ਼ੁਰੂ ਹੋ ਰਿਹਾ ਹੈ ਰੈਡ.ਐਫ.ਐਮ.

ਐਡਮਿੰਟਨ, (ਨਦਬ) : ਕੈਲਗਰੀ ਵਾਲਿਆਂ ਨੂੰ ਹੁਣ ਕਾਰਾਂ ਜਾਂ ਘਰਾਂ ਵਿੱਚ ਰੇਡੀਓ ਉੱਪਰ ਪੰਜਾਬੀ ਪ੍ਰੋਗਰਾਮ ਸੁਣਨ ਲਈ ਕਿਸੇ ਵਿਸ਼ੇਸ਼ ਰੇਡੀਓ ਜਾਂ ਰੇਡੀਓ ਵਿੱਚ ਚਿੱਪ ਲਗਵਾਉਣ ਦੀ ਜਰੂਰਤ ਨਹੀਂ ਰਹੇਗੀ, ਕਿਉਂਕਿ "ਕਨੇਡੀਅਨ ਰੇਡੀਓ/ਟੈਲੀਵੀਯਨ ਟੈਲੀਕਮਿਊਨੀਕੇਸ਼ਨ ਕਮਿਸ਼ਨ" (ਸੀ.ਆਰ.ਟੀ.ਸੀ.) ਵੱਲੋਂ ਬ੍ਰਿਟਿਸ ਕਲੰਬੀਆ ਦੇ ਸ਼ਹਿਰਾਂ ਸਰੀ ਤੇ ਵੈਨਕੂਅਰ ਵਿੱਚ ਪਹਿਲਾਂ ਤੋਂ ਬੜੀ ਕਾਮਯਾਬੀ ਚੱਲ ਰਹੇ ਰੇਡੀਉ ਰੈਡ.ਐਫ.ਐਮ. (ਰੀਫ਼ਲੈਕਟਿੰਗ ਐਥਨਕ ਡਾਇਵਰਸਟੀ) ਰੇਡੀਓ ਸਟੇਸ਼ਨ ਨੂੰ ਵੱਲੋਂ 24 ਘੰਟੇ ਦੇ ਪ੍ਰਸਾਰਣ ਲਈ ਲਾਇਸੈਂਸ ਦੇ ਦਿੱਤਾ ਹੈ। ਲਾਇਸੈਂਸ ਦੇਣ ਵਾਲੀ ਅਥਾਰਟੀ ਸੀ.ਆਰ.ਟੀ.ਸੀ. ਦਾ ਕਹਿਣਾ ਹੈ ਕਿ ਬਹੁਪੱਖੀ ਸੱਭਿਆਚਾਰ ਦੇ ਪ੍ਰਸਾਰਣ ਲਈ ਰੈਡ.ਐਫ.ਐਮ. ਕੋਲ ਮਜਬੂਤ ਮਾਲੀ

"REFLECTING eTHNIC DIVERSITY" RED 106.7 FM

ਹਾਲਤ ਅਤੇ ਕੰਮ ਦਾ ਤਜ਼ਰਬਾ ਹੈ ਅਤੇ ਉਮੀਦ ਹੈ ਕਿ ਉਹ ਕੈਲਗਰੀ ਦੀ ਰੇਡੀਓ ਮਾਰਕੀਟ ਨੂੰ ਸਥਾਪਿਤ ਕਰਨ ਵਿੱਚ ਸਹਾਈ ਹੋਵੇਗਾ। ਰੈਡ.ਐਫ.ਐਮ. ਦੇ ਪ੍ਰੈਜੀਡੈਂਟ ਕੁਲਵਿੰਦਰ ਸੰਗੇੜਾ ਨੇ 'ਨਵੀਂ ਦੁਨੀਆ' ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਿਵੇਂ ਉਹ ਵੈਨਕੂਵਰ ਤੇ ਸਰੀ ਸਮੇਤ ਕਨੇਡਾ ਦੇ ਹੋਰ ਸ਼ਹਿਰਾਂ 'ਚ ਰੈਡ.ਐਫ.ਐਮ. ਰਾਹੀਂ ਮਿਆਰੀ ਤੇ ਉਸਾਰੂ ਪ੍ਰੋਗਰਾਮਾਂ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਦੇ ਆ ਰਹੇ ਹਨ ਉਵੇਂ ਹੀ ਹੁਣ ਉਹ ਅਲਬਰਟਾ ਦੇ ਕੈਲਗਰੀ ਸ਼ਹਿਰ ਵਾਸੀਆਂ ਦੀ ਸੇਵਾ ਕਰਨਗੇ। ਉਨਾਂ ਅੱਗੇ ਕਿਹਾ ਕਿ ਰੈਡ.ਐਫ.ਐਮ. ਕੋਲ ਉੱਚ ਮਿਆਰੀ, ਤਕਨੀਕੀ ਤੇ ਤਜ਼ਰਬੇਕਾਰ ਟੀਮ ਹੋਣ ਕਰਕੇ ਇਸ ਨੇ ਸਫ਼ਲਤਾ ਦੀਆਂ ਬੁਲਦੀਆਂ ਨੂੰ ਸੂਹਿਆ ਹੈ। ਸਮੁੱਚੇ ਕੈਲਗਰੀ ਵਾਸੀਆਂ ,ਜਿਹਨਾਂ ਨੇ ਇਸ ਪ੍ਰੋਗਰਾਮ ਦੀ ਪ੍ਰਾਪਤੀ ਲਈ ਆਪਣਾ ਵੱਡਮੁਲਾ ਯੋਗਦਾਨ ਪਾਇਆ, ਦਾ ਧੰਨਵਾਦ ਕਰਦੇ ਤੇ ਮੁਬਾਰਕਬਾਦ ਭੇਜਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਵਿਸਵਾਸ ਦਿਵਾਉਂਦੀ ਹੈ ਕਿ ਇਹ ਰੇਡੀਓ ਪ੍ਰੋਗਰਾਮ ਦਿਨ ਦੇ 24 ਘੰਟੇ ਕੈਲਗਰੀ ਵਾਸੀਆਂ ਦੀ ਰੋਜ਼ਾਨਾਂ ਜਿੰਦਗੀ ਦੇ ਜਜ਼ਬਾਤਾਂ ਦੀ ਤਰਜ਼ਮਾਨੀ ਕਰੇਗਾ। ਰੈਡ.ਐਫ.ਐਮ. ਦੇ ਜਨਰਲ ਮੈਨੇਜ਼ਰ ਬਿਜੋਏ ਸੈਮੂਅਲ ਦਾ ਕਹਿਣਾ ਹੈ ਕਿ ਕੈਲਗਰੀ ਵਿਖੇ ਬਹੁਤ ਜਲਦੀ ਸਥਾਪਤ ਹੋਣ ਜਾ ਰਿਹਾ ਰੈਡ.ਐਫ.ਐਮ. 106.7 ਐਫ.ਐਮ. 'ਤੇ ਸੁਣਿਆਂ ਜਾ ਸਕੇਗਾ। ਇਥੇ ਜਿਕਰਯੋਗ ਹੈ ਕਿ ਇਸੇ ਟੀਮ ਵੱਲੋਂ 'ਵਿਜ਼ਨ' ਟੀ.ਵੀ. 'ਤੇ ਹਰ ਸ਼ਨੀਵਾਰ ਸ਼ਾਮ ਨੂੰ 'ਦੇਸ਼-ਪ੍ਰਦੇਸ਼' ਦੇ ਨਾਂ ਹੇਠ ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਹੈ, ਜਿਸ ਵਿੱਚ ਹੋਸਟ ਹਰਜਿੰਦਰ ਥਿੰਦ ਤੇ ਬਲਜਿੰਦਰ ਅਟਵਾਲ ਵੱਲੋਂ ਮਿਆਰੀ, ਉਸਾਰੂ, ਤੇ ਆਗਾਹਵਧੂ ਵਿਸ਼ਿਆਂ ਨੂੰ ਉਭਾਰਿਆ ਜਾਂਦਾ ਹੈ।

# ਸੀ.ਪੀ. ਰੇਲਵੇ ਹੜਤਾਲ : ਬੈਕ ਟੂ ਵਰਕ ਬਿੱਲ ਲਿਬਰਲਾਂ ਨੇ ਸੈਨੇਟ ਵਿੱਚ ਰੋਕਿਆ

ਓਟਵਾ, (ਨਦਬ) : ਹਾਊਸ ਆਫ ਕਾਮਨਜ਼ ਵਿੱਚ ਬੈਕ ਟੂ ਵਰਕ ਬਿੱਲ ਲਿਆ ਕੇ ਸੀ.ਪੀ. ਰੇਲ ਦੇ ਕਾਮਿਆਂ ਨੂੰ ਕੰਮ ਉੱਤੇ ਮੁੜਨ ਦਾ ਹੁਕਮ ਦੇਣ ਤੋਂ ਮਹਿਜ 12 ਘੰਟਿਆਂ ਮਗਰੋਂ ਹੀ ਕਿਰਤ ਮੰਤਰੀ ਲੀਜ਼ਾ ਰਾਇਤ ਨੇ ਯੂਨੀਅਨ ਨਾਲ ਜੁੜੇ ਕਾਮਿਆਂ ਨੂੰ ਸਵੈਇੱਛਾ ਨਾਲ ਆਪਣੀ ਹੜਤਾਲ ਖ਼ਤਮ ਕਰਨ ਲਈ ਆਖਿਆ ਹੈ। ਇਹ ਫੇਰ ਬਦਲ ਉਦੋਂ ਹੋਇਆ ਜਦੋਂ ਕੰਜ਼ਰਵੇਟਿਵ ਸਰਕਾਰ ਵੱਲੋਂ ਲਿਆਂਦੇ ਗਏ ਬੈਕ ਟੂ ਵਰਕ ਬਿੱਲ (ਬਿੱਲ ਸੀ-39) ਨੂੰ ਸੈਨੇਟ ਵਿੱਚ ਰੋਕ ਲਿਆ ਗਿਆ। ਇਸ ਬਿੱਲ ਨੂੰ ਪਾਸ ਕਰਨ ਤੋਂ ਪਹਿਲਾਂ ਸੈਨੇਟ ਵੱਲੋਂ ਚਸ਼ਮਦੀਦ ਗਵਾਹਾਂ ਦਾ ਪੱਖ ਸੁਣਨ ਦੀ ਸੰਭਾਵਨਾ ਹੈ। ਇਸ ਲਈ ਕਾਮਿਆਂ ਕੋਲ ਕੰਮ ਉੱਤੇ ਪਰਤਣ ਲਈ ਕੁੱਝ ਦਿਨਾਂ ਤੱਕ ਦਾ ਸਮਾਂ ਹੋਵੇਗਾ। ਕੰਜ਼ਰਵੇਟਿਵਾਂ ਨੇ ਦਾਅਵਾ ਕੀਤਾ ਹੈ ਕਿ ਇਸ ਹੜਤਾਲ ਕਾਰਨ ਕੈਨੇਡੀਅਨ ਅਰਥਚਾਰੇ ਨੂੰ ਰੋਜ਼ਾਨਾ 75 ਤੋਂ 80 ਮਿਲੀਅਨ ਡਾਲਰ ਦਾ ਨੁਕਸਾਨ ਹੋ ਰਿਹਾ ਹੈ। ਰਾਇਤ ਨੇ ਸੈਨੇਟ ਵਿੱਚ ਰੋਕੇ ਗਏ ਬੈਕ ਟੂ ਵਰਕ ਬਿੱਲ ਲਈ ਲਿਬਰਲਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਆਖਿਆ ਕਿ ਉਹ ਚਾਹੁੰਦੀ ਹੈ ਕਿ ਹੜਤਾਲ ਉੱਤੇ ਗਏ ਟੀਮਸਟਰਜ਼ ਯੂਨੀਅਨ ਤੇ ਸੀ.ਪੀ. ਰੇਲ ਦੇ 4,800 ਮੈਂਬਰ ਤੁਰੰਤ ਆਪਣੀ ਮਰਜ਼ੀ ਨਾਲ ਕੰਮ ਉੱਤੇ ਪਰਤ ਆਉਣ।

ਜਿਕਰਯੋਗ ਹੈ ਕਿ ਕੈਨੇਡੀਅਨ ਪੈਸੇਫਿਕ ਰੇਲਵੇ (ਸੀ.ਪੀ. ਰੇਲ) ਦੇ 4,800 ਕਰਮਚਾਰੀਆਂ ਵੱਲੋਂ ਕੀਤੀ ਗਈ ਹੜਤਾਲ ਨੂੰ ਖ਼ਤਮ ਕਰਨ ਲਈ ਕਿਰਤ ਮੰਤਰੀ ਲੀਜ਼ਾ ਰਾਇਤ ਨੇ ਬੈਕ ਟੂ ਵਰਕ ਬਿੱਲ ਸੰਸਦ ਵਿੱਚ ਪੇਸ਼ ਕੀਤਾ ਸੀ। ਰਾਇਤ ਨੇ ਹਾਊਸ ਆਫ ਕਾਮਨਜ਼ ਵਿੱਚ ਆਖਿਆ ਸੀ ਕਿ ਉਹ ਹੜਤਾਲ ਨੂੰ ਇਸ ਤਰ੍ਹਾਂ ਜਾਰੀ ਨਹੀਂ ਰਹਿਣ ਦੇ ਸਕਦੇ। ਉਨ੍ਹਾਂ ਆਖਿਆ ਸੀ ਕਿ ਸਰਕਾਰ ਨੂੰ ਕੌਮਾਂਤਰੀ ਕਾਰੋਬਾਰੀ ਭਾਈਵਾਲ ਵਜੋਂ ਕੈਨੇਡਾ ਦੇ ਅਕਸ ਨੂੰ ਬਰਕਰਾਰ ਰੱਖਣਾ ਹੋਵੇਗਾ ਤੇ ਇਸ ਲਈ ਇਸ ਤਰ੍ਹਾਂ ਦੀ ਹੜਤਾਲ ਨੂੰ ਖ਼ਤਮ ਕਰਵਾਇਆ ਜਾਣਾ ਜ਼ਰੂਰੀ ਹੈ। ਉਨ੍ਹਾਂ ਆਖਿਆ ਸੀ ਕਿ ਕੰਮ ਬੰਦ ਕੀਤੇ ਜਾਣ ਨਾਲ ਵਸਤਾਂ ਤੇ ਹੋਰ ਸਾਜ਼ੋ ਸਮਾਨ ਕੈਨੇਡਾ ਤੋਂ ਅੰਦਰ ਬਾਹਰ ਆ ਜਾ ਨਹੀਂ ਸਕਦਾ ਤੇ ਇਸ ਨਾਲ ਕਾਰੋਬਾਰ ਕਰਨ ਲਈ ਕੈਨੇਡਾ ਦੇ ਬਿਹਤਰੀਨ ਭਾਈਵਾਲ ਹੋਣ ਦੇ ਅਕਸ ਨੂੰ ਵੀ ਢਾਹ ਲੱਗੇਗੀ। ਰਾਇਤ ਨੇ ਪਿਛਲੇ ਹਫਤੇ ਹੀ ਇਹ ਸੰਕੇਤ ਦਿੱਤਾ ਸੀ ਕਿ ਜੇ ਯੂਨੀਅਨ ਤੇ ਕੰਪਨੀ ਕਿਸੇ ਕਰਾਰ ਉੱਤੇ ਨਹੀਂ ਪਹੁੰਚ ਸਕੀਆਂ ਤਾਂ ਸਰਕਾਰ ਦਖਲ ਦੇਵੇਗੀ।

ਉਨ੍ਹਾਂ ਆਖਿਆ ਸੀ ਕਿ ਇਸ ਤਰ੍ਹਾਂ ਦੀ ਹੜਤਾਲ ਕਾਰਨ ਕਣਕ, ਕੋਲਾ ਤੇ ਪੋਟਾਸ਼ ਵਰਗੀਆਂ ਚੀਜ਼ਾਂ ਸਮੇਂ ਸਿਰ ਆਪਣੇ ਟਿਕਾਣੇ ਉੱਤੇ ਨਹੀਂ ਪਹੁੰਚਣਗੀਆਂ ਤੇ ਇਸ ਨਾਲ ਕੈਨੇਡੀਅਨ ਅਰਥਚਾਰੇ ਨੂੰ ਹਰ ਹਫਤੇ 540 ਮਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਇਸ ਤੋਂ ਇਲਾਵਾ ਸੈਂਕੜੇ ਹੋਰਨਾਂ ਕਾਰੋਬਾਰਾਂ ਉੱਤੇ ਵੀ ਨਕਾਰਾਤਮਕ ਅਸਰ ਪਵੇਗਾ ਤੇ ਕਈ ਕੈਨੇਡੀਅਨ ਨੂੰ ਦਿੱਕਤ ਪੇਸ਼ ਆਵੇਗੀ। ਇਥੇ ਇਹ ਵੀ ਜਿਕਰਯੋਗ ਹੈ ਕਿ ਟੀਮਸਟਰਜ਼ ਕੈਨੇਡਾ ਯੂਨੀਅਨ ਦੇ ਨੁਮਾਇੰਦਿਆਂ ਤੇ ਸੀ.ਪੀ. ਮੈਨੇਜਮੈਂਟ ਵਿਚਾਲੇ ਗੱਲਬਾਤ ਟੁੱਟ ਗਈ ਸੀ। ਸਰਕਾਰ ਵੱਲੋਂ ਨਿਯੁਕਤ ਸਾਲਸ ਵੱਲੋਂ ਸੁਝਾਏ ਗਏ ਪ੍ਰਸਤਾਵ ਨੂੰ ਦੋਵਾਂ ਧਿਰਾਂ ਨੇ ਹੀ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਮਗਰੋਂ ਰਾਇਤ ਨੇ ਆਖਿਆ ਕਿ ਹੁਣ ਉਹ ਜਾਣਦੀ ਹੈ ਕਿ ਦੋਵਾਂ ਧਿਰਾਂ ਵਿਚਾਲੇ ਕੋਈ ਸਮਝੌਤਾ ਨਹੀਂ ਹੋਣ ਜਾ ਰਿਹਾ ਤੇ ਦੂਜੇ ਪਾਸੇ ਆਰਥਿਕ ਮੁੱਦਿਆਂ ਵੱਲ ਨਜ਼ਰ ਮਾਰਨ ਮਗਰੋਂ ਹੀ ਸਾਨੂੰ ਇਸ ਫੈਸਲੇ ਉੱਤੇ ਪਹੁੰਚਣਾ ਪਿਆ ਹੈ।

**ਕਾਮਿਆਂ ਦੇ ਹੱਕਾਂ ਤੇ ਅਧਿਕਾਰਾਂ 'ਤੇ ਡਾਕਾ:**

ਉਧਰ ਇਸ ਉੱਤੇ ਵਿਰੋਧੀ ਧਿਰ ਦੇ ਆਗੂ ਟੌਮ ਮਲਕੇਅਰ ਨੇ ਸਰਕਾਰ ਉੱਤੇ ਦੋਸ਼ ਲਾਇਆ ਕਿ ਉਹ ਇੰਪਲਾਇਰਜ਼ ਨਾਲ ਰਲ ਕੇ ਕਾਮਿਆਂ ਦੇ ਹੱਕਾਂ ਤੇ ਅਧਿਕਾਰਾਂ ਵਿੱਚ ਕਟੌਤੀ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਅਜਿਹਾ ਕਰਕੇ ਕੰਜ਼ਰਵੇਟਿਵ ਇੰਪਲਾਇਰਜ਼ ਨੂੰ ਇਹ ਸ਼ਹਿ ਵੀ ਦੇ ਰਹੇ ਹਨ ਕਿ ਗੱਲਬਾਤ ਦੀ ਬਹੁਤੀ ਪਰਵਾਹ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਲੋਕਾਂ ਨੂੰ ਧੱਕੇ ਨਾਲ ਕੰਮ ਉੱਤੇ ਵਾਪਿਸ ਧੱਕਣ ਲਈ ਬੈਕ ਟੂ ਵਰਕ ਬਿੱਲ ਤਾਂ ਅਖੀਰ ਉਨ੍ਹਾਂ ਦੇ ਹੀ ਕੰਮ ਆਉਣਾ ਹੈ। ਮਲਕੇਅਰ ਨੇ ਆਖਿਆ ਕਿ ਇਸ ਤਰ੍ਹਾਂ ਕਿਸੇ ਵੀ ਮੁੱਦੇ ਦੇ ਨਤੀਜੇ ਕਾਮਿਆਂ ਨੂੰ ਹੀ ਭੁਗਤਣੇ ਪੈਂਦੇ ਹਨ। ਦੂਜੇ ਪਾਸੇ ਸੀਪੀ ਨੇ ਆਖਿਆ ਕਿ ਕਾਮਿਆਂ ਨਾਲ ਕਿਸੇ ਕਰਾਰ ਉੱਤੇ ਨਾ ਪਹੁੰਚ ਸਕਣ ਦਾ ਉਨ੍ਹਾਂ ਨੂੰ ਅਫਸੋਸ ਹੈ ਤੇ ਕਿਰਤ ਮੰਤਰੀ ਤੇ ਸੰਸਦ ਵੱਲੋਂ ਜੋ ਵੀ ਫੈਸਲਾ ਦਿੱਤਾ ਜਾਵੇਗਾ ਉਹ ਉਸ ਨਾਲ ਪੂਰੀ ਤਰ੍ਹਾਂ ਸਹਿਯੋਗ ਕਰਨਗੇ।

## ਰੂ-ਬ-ਰੂ ਇੱਕ ਅਣਥੱਕ ਔਰਤ ਨਾਲ

# ਨਾਰਕੁਐਸਟ ਕਾਲਜ ਦੀ ਚੀਫ਼ ਐਗਜ਼ੀਕਿਊਟਿਵ ਅਤੇ ਮੁਖੀ : ਜੁਡੀ ਅਬੱਾਟ



ਉਸ ਨੇ ਕਿਹਾ ਹੈ: 'ਕਿਸੇ ਚੀਜ਼ ਲਈ ਆਪਣੀ ਗਤੀਸ਼ੀਲਤਾ ਦੀ ਰਫ਼ਤਾਰ ਨੂੰ ਬਣਾਈ ਰੱਖਣਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਕੋਈ ਹੋਰ ਸ਼ਕਤੀ ਆ ਕੇ ਹਾਵੀ ਹੋ ਜਾਂਦੀ ਹੈ।' ਜੁਡੀ ਅਬੱਾਟ ਉਹ ਵਸਤੂ ਅਤੇ ਉਹ ਤਾਕਤ ਹੈ।

ਭਾਵੇਂ ਉਸ ਨੂੰ ਤੁਸੀਂ ਕਦੇ ਮਿਲੇ ਨਾ ਹੋਏ ਹੋਵੋ ਤੇ ਨਾ ਹੀ ਉਸ ਬਾਰੇ ਕਦੇ ਕੁਝ ਸੁਣਿਆ ਹੋਵੇ ਪਰ ਇਸ ਦੇ ਬਾਵਜੂਦ ਪਿਛਲੇ 30 ਸਾਲਾਂ ਤੋਂ ਤੁਹਾਡੇ ਕਿਸੇ ਜਾਣ-ਪਛਾਣ ਵਾਲੇ ਦੀ ਉਸ ਨੇ ਮਦਦ ਕੀਤੀ ਹੋਵੇਗੀ ਜਾਂ ਜਨਤਕ ਫੰਡਾਂ ਲਈ ਆਪਣੀ ਆਵਾਜ਼ ਬੁਲੰਦ ਕੀਤੀ ਹੋਵੇਗੀ। ਹਾਲ ਦੀ ਘੜੀ, ਉਹ ਨਾਰਕੁਐਸਟ ਕਾਲਜ ਦੀ ਚੀਫ਼ ਐਗਜ਼ੀਕਿਊਟਿਵ ਅਤੇ ਮੁਖੀ ਹੈ। ਆਪਣੀ ਇਸ ਕਰਮਭੂਮੀ ਦੇ ਸੁਨਿਹਰੇ ਭਵਿੱਖ ਤੋਂ ਪਹਿਲਾਂ ਹੀ ਉਸ ਦੀ ਆਮਦ ਦੀ ਤਿਆਰੀ ਵਜੋਂ ਉਹ ਪਲੇਟਫਾਰਮ ਤਿਆਰ ਕਰਨ ਲਈ ਵਚਨਬੱਧ ਹੈ।

ਜਦੋਂ ਇਸ ਬੁੱਧੀਮਾਨ, ਅਣਥੱਕ ਔਰਤ ਨਾਲ ਰੂ-ਬ-ਰੂ ਹੁੰਦੇ ਹਾਂ ਤਾਂ ਆਪ ਮੁਹਾਰੇ ਹੀ 'ਦ ਸਾਊਂਡ ਆਫ਼ ਮਿਊਜ਼ਿਕ' 'ਚੋਂ 'ਮਾਰੀਆ' ਗੀਤ ਮੂੰਹ 'ਤੇ ਆ ਜਾਂਦਾ ਹੈ। ਕਿਤੇ ਚੰਦਰਮਾ ਦੀਆਂ ਕਿਰਨਾਂ ਨੂੰ ਆਪਣੀ ਮੁੱਠੀ 'ਚ ਕੈਦ ਕੀਤਾ ਜਾ ਸਕਦਾ ਹੈ? ਚੰਗਾ ਹੈ ਕਿ ਇਸ ਬਾਰੇ ਕੋਸ਼ਿਸ਼ ਵੀ ਨਾ ਕੀਤੀ ਜਾਵੇ। ਉਸ ਦੀ 108ਵੀਂ ਸਟ੍ਰੀਟ ਵਿਖੇ ਇਮਾਰਤ ਦੀ ਅੱਠਵੀਂ ਮੰਜ਼ਿਲ 'ਤੇ ਬਣੇ ਦਫ਼ਤਰ ਦੀ ਦੀਵਾਰ 'ਤੇ ਆਡ੍ਰੂਰੇ ਹੈਪਬਰਨ ਦਾ ਸਕਰੀਨ ਪ੍ਰਿੰਟ ਲੱਗਿਆ ਹੋਇਆ ਹੈ ਜੋ ਇਕ ਸ਼ਾਨਦਾਰ ਔਰਤ ਦੀ ਤਸਵੀਰ ਹੈ, ਜੋ ਦੂਸਰੀ ਔਰਤ ਨੂੰ ਦੇਖ ਰਹੀ ਹੈ।

ਜੁਡੀ ਅਬੱਾਟ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਉਹ ਮੁਕਾਮ ਹਾਸਲ ਕਰ ਲਿਆ ਹੈ, ਜਿਸ ਦੀ ਉਹ ਹੱਕਦਾਰ ਹੈ। ਉਹ ਆਪਣੀ ਇਸ ਸਫ਼ਲਤਾ ਦਾ ਸਿਹਰਾ ਆਪਣੀ ਮਾਂ, ਫ੍ਰਾਂਸਿਸ, ਨੂੰ ਦਿੰਦੀ ਹੈ, ਜਿਸ ਨੇ ਆਪਣੇ ਬੱਚਿਆਂ ਨੂੰ ਇਹ ਸਿੱਖਿਆ ਦਿੱਤੀ ਕਿ ਮਿਹਨਤ ਨਾਲ ਜ਼ਿੰਦਗੀ 'ਚ ਸਭ ਕੁਝ ਹਾਸਲ ਕੀਤਾ ਜਾ ਸਕਦਾ ਹੈ। ਉਹ ਐਡਸਨ ਵਿਖੇ ਆਪਣੇ ਛੇ ਭੈਣ ਭਰਾਵਾਂ 'ਚੋਂ ਇਕ ਹੈ। ਉਨ੍ਹਾਂ ਦੇ ਪਿਤਾ ਦੀ ਗੈਲਮਿਕੀ ਨਾਂ ਦੀ ਸੁਨਿਆਰੇ ਦੀ ਦੁਕਾਨ ਸੀ ਅਤੇ ਨਾਲ ਹੀ ਰੀਅਲ ਅਸਟੇਟ ਦਾ ਵਪਾਰ ਵੀ ਸੀ। ਉਸ ਦੀ ਮਾਂ ਪੱਕੇ ਜਿਗਰੇ ਵਾਲੀ ਤੇ ਸੁਘੜ ਗ੍ਰਹਿਣੀ ਸੀ। ਉਹ ਬਰਫ਼ 'ਤੇ ਫਿਰਕੀ ਵਾਂਗ ਘੁੰਮਦੀ ਸੀ, ਸਖ਼ਤ ਮਿਹਨਤ ਕਰਦੀ ਸੀ, ਸਿੱਖਣ ਲਈ ਹਮੇਸ਼ਾਂ ਤਿਆਰ ਰਹਿੰਦੀ ਸੀ ਤੇ ਸੂਬਾਈ ਪੱਧਰ 'ਤੇ ਉਸ ਨੇ ਕਈ ਮੁਕਾਬਲੇ ਵੀ ਲੜੇ। ਪਰ ਛੇਤੀ ਹੀ ਉਸ ਨੂੰ ਸਮਝ ਆ ਗਈ ਕਿ ਇਹ ਉਸ ਦੀ ਮੰਜ਼ਿਲ ਨਹੀਂ ਹੈ। ਉਸ ਨੇ ਆਪਣੇ ਆਪ ਨੂੰ ਕਿਹਾ , 'ਮੈਂ ਸਟਾਰ ਨਹੀਂ ਹਾਂ। ਮੈਂ ਬਹੁਤ ਮਿਹਨਤ ਕਰਦੀ ਹਾਂ ਪਰ ਮੈਨੂੰ ਪਤਾ ਹੈ ਕਿ ਮੈਂ ਕੈਨੇਡੀਅਨ ਚੈਂਪੀਅਨ ਨਹੀਂ ਬਣ ਸਕਦੀ। ਨਾਕਾਮਯਾਬੀ ਨਾਲ ਸਹਿਜ ਹੋਣਾ ਸਿੱਖਣਾ ਸਭ ਤੋਂ ਔਖਾ ਹੈ।

ਜਦੋਂ ਉਹ 19 ਸਾਲ ਦੀ ਸੀ ਤਾਂ ਉਸ ਨੇ ਆਪਣੇ ਤੋਂ ਕਈ ਸਾਲ ਸੀਨੀਅਰ ਬ੍ਰਿਟਿਸ਼ ਸਕੇਟਿੰਗ ਕੋਚ ਨਾਲ ਵਿਆਹ ਕਰਵਾ ਲਿਆ। ਉਸ ਤੋਂ ਬਾਅਦ ਉਹ ਵੈਨਕੂਵਰ ਆ ਗਏ। ਇਥੇ ਇਕ ਦਿਨ ਉਹ ਕਲਾਸਾਂ ਸ਼ੁਰੂ ਹੋਣ ਤੋਂ ਹਫ਼ਤਾ ਪਹਿਲਾਂ ਕੈਪੀਲਾਨੋ ਕਾਲਜ ਆਈ, ਜਿਥੇ ਉਸ ਨੇ ਕਾਨੂੰਨ ਦੀ ਪੜ੍ਹਾਈ ਸ਼ੁਰੂ ਕਰਨ ਦੀ ਲੰਬੀ ਸੜਕ 'ਤੇ ਸਫ਼ਰ ਸ਼ੁਰੂ ਕਰਨਾ ਸੀ। ਇਹ ਸੜਕ ਬੜੀ ਘੁਮਾਵਦਾਰ ਸੀ। ਉਸ ਦਾ ਹੁਣ ਮਕਸਦ ਬਦਲ ਗਿਆ ਸੀ।

ਇਸ ਤੋਂ ਬਾਅਦ ਉਹ ਕੈਲਗਰੀ ਆ ਗਏ, ਜਿਥੇ ਉਹਨੇ ਆਪਣੀ ਬਦਲੀ ਯੂਨੀਵਰਸਿਟੀ 'ਚ ਕਰਵਾ ਲਈ ਅਤੇ ਇਥੇ ਉਸ ਨੇ ਮਨੋਵਿਗਿਆਨ ਦੀ ਡਿਗਰੀ ਹਾਸਲ ਕੀਤੀ। ਇਸ ਤੋਂ ਬਾਅਦ ਉਹ ਐਡਮਿੰਟਨ ਆ ਗਏ। ਉਸ ਦੇ ਪਤੀ ਨੇ ਇਕ ਐਡ ਏਜੰਸੀ ਖਰੀਦ ਲਈ ਅਤੇ ਉਸ ਨੇ ਕੈਨੇਡੀਅਨ ਪਾਰਾਪਲੈਜਿਕ ਐਸੋਸੀਏਸ਼ਨ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੰਜ ਸਾਲਾਂ ਤੱਕ ਉਸ ਨੇ ਆਪਣੀਆਂ ਗਰਦਨਾਂ ਜਾਂ ਪਿੱਠਾਂ 'ਤੇ ਸੱਟਾਂ ਲੁਆ ਚੁੱਕੇ ਲੋਕਾਂ, ਜਿਨ੍ਹਾਂ ਨੂੰ ਇਹ ਕਹਿ ਦਿੱਤਾ ਗਿਆ ਸੀ ਕਿ ਉਹ ਹੁਣ ਕਦੇ ਨਹੀਂ ਤੁਰ ਫਿਰ ਸਕਦੇ, ਉਨ੍ਹਾਂ ਦੇ ਮਨੋਬਲਾਂ ਨੂੰ ਉਤਸ਼ਾਹਤ ਕਰਨ ਅਤੇ ਉਨ੍ਹਾਂ ਦੀ ਮਦਦ ਲਈ ਕੰਮ ਕਰ ਰਹੀ ਹੈ। ਉਸ ਦਾ ਕਹਿਣਾ ਹੈ, 'ਇਹ ਉਸ ਲਈ ਸਭ ਤੋਂ ਔਖਾ ਕੰਮ ਰਿਹਾ ਹੈ।' ਉਸ ਨੇ ਆਪਣੀ ਨੌਕਰੀ ਦੇ ਨਾਲ-ਨਾਲ ਦੋ ਸਾਲਾਂ 'ਚ ਹੀ ਆਪਣੀ ਸਾਇਕੋਲਾਜੀ ਦੀ ਮਾਸਟਰ ਡਿਗਰੀ ਮੁਕੰਮਲ ਕਰ ਲਈ ਸੀ। ਇਸ ਤੋਂ ਬਾਅਦ ਉਸ ਨੇ ਪੀ.ਐਚ.ਡੀ. ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਇਕ ਵਾਰ ਕੈਤੋਲਿਕ ਸਰਵਿਸਿਜ਼ ਨਾਲ ਮੀਤ-ਪ੍ਰਧਾਨ ਵਜੋਂ ਕੰਮ ਕੀਤਾ, ਜਿਸ 'ਚ ਉਸ ਨੇ ਮਾਨਸਿਕ ਵਿਕਾਰਾਂ ਨਾਲ ਸਬੰਧਤ ਲੋਕਾਂ ਦੀ ਮਦਦ ਕੀਤੀ। ਇਸ ਤੋਂ ਬਾਅਦ ਉਸ ਨੇ ਪੈਰੇਰੀ ਖੇਤਰ ਕੈਨੇਡੀਅਨ ਡਾਇਬੇਟਿਸ ਐਸੋਸੀਏਸ਼ਨ ਦੀ ਕਾਰਜਕਾਰੀ ਡਾਇਰੈਕਟਰ ਵਜੋਂ ਕੰਮ ਕੀਤਾ। ਫੇਰ ਉਹ ਅਲਬਰਟਾ ਸਿਹਤ ਸੇਵਾਵਾਂ ਨਾਲ ਜੁੜੀ ਜਿਥੇ ਉਸ ਨੇ ਤਿੰਨ ਸਾਲਾਂ 'ਚ ਤਿੰਨ ਅਹੁਦਿਆਂ ਦੀ ਜ਼ਿੰਮੇਵਾਰੀ ਨਿਭਾਈ ਅਤੇ ਅੰਤ 'ਚ ਗੁਣਵੱਤਾ 'ਚ ਸੁਧਾਰ ਸਬੰਧੀ ਮੀਤ ਪ੍ਰਧਾਨ ਵਜੋਂ ਸੇਵਾ ਨਿਭਾਈ। ਫੇਰ ਉਹ ਨਾਰਕੁਐਸਟ ਬੋਰਡ 'ਚ ਇਕ ਸਾਲ ਲਈ ਸ਼ਾਮਲ ਹੋਈ, ਉਥੇ ਉਸ ਨੇ ਅਰਜ਼ੀ ਦਿੱਤੀ ਤੇ 2010 'ਚ ਮੁਖੀ ਵਜੋਂ ਅਹੁਦਾ ਮਿਲ ਗਿਆ। ਹੁਣ ਉਹ 9,000 ਵਿਦਿਆਰਥੀਆਂ ਦੀ ਗਿਣਤੀ ਵਾਲੇ ਕਾਲਜ਼ ਦੇ 78 ਮੀਲੀਅਨ ਡਾਲਰ ਦਾ ਸਾਲਾਨਾ ਬਜਟ ਸਭੰਾਲਦੀ ਹੈ। ਇਸ ਸਕੂਲ 'ਚ ਅੱਧੇ ਤੋਂ ਜ਼ਿਆਦਾ ਵਿਦਿਆਰਥੀ ਕੈਨੇਡਾ ਤੋਂ ਬਾਹਰ ਦੇ ਹਨ ਅਤੇ 11 ਫ਼ੀਸਦੀ ਮੂਲ ਵਾਸੀ ਹਨ।

(ਨਦਬ)

# ਪੰਜਾਬੀ ਕਲਚਰ ਐਸੋਸੀਏਸ਼ਨ ਆਫ਼ ਐਲਬਰਟਾ ਨੇ ਮਨਾਇਆਂ 'ਮੇਲਾ ਮਾਵਾਂ-ਧੀਆਂ' ਦਾ



ਐਡਮਿੰਟਨ (ਨਦਬ)-ਅੱਜ ਦੀ ਤੇਜ਼ ਰਫ਼ਤਾਰ ਜਿੰਦਗੀ 'ਚ ਵੱਧ ਰਹੇ ਪੀੜ੍ਹੀ ਪਾੜੇ ਨੂੰ ਮੇਲਣ ਦੀ ਕੋਸ਼ਿਸ਼ ਲਈ ਯਤਨਸ਼ੀਲ ਪੰਜਾਬੀ ਕਲਚਰ ਐਸੋਸੀਏਸ਼ਨ ਆਫ਼ ਐਲਬਰਟਾ ਵਲੋਂ 13 ਮਈ ਨੂੰ 'ਮਦਰ ਡੇ' ਵਾਲੇ ਦਿਨ ਕੈਪੀਲੈਨੋ ਕਾਨਫ਼ਰੈਸ ਸੈਂਟਰ ਵਿਖੇ ਸੰਸਥਾ ਦੀ ਸਭਿਆਚਾਰਕ ਨਿਰਦੇਸ਼ਕਾ ਸ੍ਰੀਮਤੀ ਬਖਸ਼ ਸੰਘਾ ਦੀ ਅਣਥੱਕ ਮਿਹਨਤ ਤੇ ਸਭਿਆਚਾਰਕ ਨਿਰਦੇਸ਼ਕ ਸੁਖਦੇਵ ਧੰਨੋਆ ਦੀ ਸਰਪਰਸਤੀ ਹੇਠ 'ਮੇਲਾ ਮਾਵਾਂ-ਧੀਆਂ' ਦਾ ਕਰਵਾਇਆ ਗਿਆ। ਇਸ ਮੇਲੇ ਦਾ ਮਕਸਦ ਸੀ ਕਿ ਮਾਵਾਂ-ਧੀਆਂ, ਸੱਸਾਂ-ਨੂੰਹਾਂ, ਭੂਆ, ਚਾਚੀ, ਤਾਈ, ਮਾਮੀ, ਮਾਸੀ ਅਤੇ ਭਤੀਜੀ-ਭਾਣਜੀ ਦੇ ਰਿਸ਼ਤਿਆਂ ਨੂੰ ਮਾਵਾਂ-ਧੀਆਂ ਤੌਰ ਤੇ ਮਨਾਇਆਂ ਜਾਵੇ ਤਾਂ ਕਿ ਨਵੀਂ ਅਤੇ ਪੁਰਾਣੀ ਪੀੜ੍ਹੀ ਦੀਆਂ ਔਰਤਾਂ ਵਿਚ ਪਿਆਰ ਅਤੇ ਸਤਿਕਾਰ ਦੀ ਭਾਵਨਾ ਨੂੰ ਬਰਕਰਾਰ ਰੱਖਿਆ ਜਾ ਸਕੇ। ਇਹ ਉਪਰਾਲਾ ਸੰਸਥਾ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਸਾਲ ਭਰ ਕੀਤੇ ਜਾਂਦੇ ਕਈ ਪ੍ਰੋਗਰਾਮਾਂ ਵਿਚੋਂ ਇੱਕ ਹੈ।ਪਹਿਲਾਂ ਇਹ ਮੇਲਾ ਸੰਸਥਾ ਵੱਲੋਂ "ਮੇਲਾ ਮੁਟਿਆਰਾਂ" ਦੇ ਨਾਂ ਤੇ ਮਨਾਇਆ ਜਾਂਦਾ ਸੀ, ਪਰ ਪਿਛਲੇ ਸਾਲ ਤੋਂ ਇਹ ਮੇਲਾ ਮਾਵਾਂ-ਧੀਆਂ ਦੇ ਨਾਂ ਤੇ ਮਨਾਇਆਂ ਜਾਂਦਾ ਹੈ ਤਾਂ ਕਿ ਹਰ ਉਮਰ ਦੀਆਂ ਔਰਤਾਂ ਇਸ ਵਿਚ ਭਾਗ ਲੈ ਸਕਣ।

ਕਰੀਬ 4 ਘੰਟੇ ਚੱਲੇ ਇਸ ਮੇਲੇ ਦੀ ਖਾਸੀਅਤ ਇਹ ਰਹੀ ਕਿ ਇਸ ਵਾਰ ਮੇਲੇ ਵਿੱਚ ਛੋਟੀ ਉਮਰ ਦੀ ਧੀ ਤੋਂ ਲੈ ਕੇ ਵੱਡੀ ਉਮਰ ਦੀ ਮਾਂ ਤਕ ਕਰੀਬ 800 ਔਰਤਾਂ ਨੇ ਭਾਗ ਲਿਆ। ਇਸ ਮੇਲੇ ਵਿੱਚ ਜਿਥੇ ਲੋਕ ਬੋਲੀਆਂ, ਘੋੜੀਆਂ, ਸੁਹਾਗ ਖਾਸ ਰਹੇ ਉਥੇ ਹੀ ਸੰਸਥਾ ਦੀ ਸਭਿਆਚਾਰਕ ਨਿਰਦੇਸ਼ਕਾ ਸ੍ਰੀਮਤੀ ਬਖਸ਼ ਸੰਘਾ ਵਲੋਂ ਪੂਰੇ ਮੇਲੇ ਹਾਜ਼ਰ ਔਰਤਾਂ ਨੂੰ ਸਟੇਜ਼ ਤੋਂ ਵਾਰ-ਵਾਰ ਭਰੂਣ ਹੱਤਿਆ, ਦਾਜ, ਭਰੇਲੂ ਕਲੇਸ਼ ਦੇ ਖ਼ਿਲਾਫ਼ ਜੰਗ ਵਿਢਣ ਲਈ ਵੀ ਬੇਨਤੀ ਕੀਤੀ ਗਈ। ਇਸੇ ਤਰ੍ਹਾਂ ਸ੍ਰੀਮਤੀ ਬਖਸ਼ ਸੰਘਾ, ਅਰਵਿੰਦ ਸੇਖੋਂ, ਟਿੰਪੀ ਗਿੱਲ, ਕੁਲਦੀਪ ਧਾਲੀਵਾਲ, ਮੈਡਮ ਸ਼ਾਲੂ ਵਲੋਂ ਬੇਹਤਰ ਢੰਗ ਨਾਲ ਸਮਾਗਮ ਨੂੰ ਚਲਾਇਆ।

# ਘਰ ਦੇ ਵਿਹੜੇ 'ਚ ਅਰਾਮ ਫਰਮਾ ਰਿਹਾ ਸੀ ਘੜਿਆਲ

ਟੋਰਾਂਟੋ(ਨਦਬ): ਕਦੇ ਤੁਸੀਂ ਸੁਣਿਆ ਕਿ ਤੁਹਾਡੇ ਵੇਹੜੇ ਘੜਿਆਲ ਨੇ ਆ ਡੇਰਾ ਲਾਇਆ ਹੈ! ਹੈਰਾਨ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਚੈਲਸੀ ਦੇ ਵਿਹੜੇ ਤਾਂ ਇਸ ਤਰ੍ਹਾਂ ਹੋਇਆ ਹੈ। ਸੱਚਮੁੱਚ ਹੀ ਤਿੰਨ ਫੁੱਟ ਲੰਬਾ ਘੜਿਆਲ ਉਨ੍ਹਾਂ ਦੇ ਬ੍ਰਹੰਪਟਨ ਵਿਖੇ ਘਰ ਦੇ ਵਿਹੜੇ 'ਚ ਲੱਗੇ ਦਰਖ਼ਤ ਹੇਠਾਂ ਆਰਾਮ ਫਰਮਾ ਰਿਹਾ ਸੀ। ਚੈਲਸੀ ਮੁਤਾਬਕ ਉਹ ਆਪਣੇ ਦੋਸਤ ਨਾਲ ਪਿਛਲੇ ਵੇਹੜੇ 'ਚ ਖੇਡ ਰਹੀ ਸੀ ਕਿ ਅਚਾਨਕ ਉਸ ਦੀ ਨਿਗਾਹ ਘੜਿਆਲ 'ਤੇ ਪਈ। ਉਨ੍ਹਾਂ ਨੇ ਤੁਰੰਤ ਪੁਲੀਸ ਅਤੇ ਬ੍ਰਹੰਪਟਨ ਐਨੀਮਲ ਸਰਵਿਸਿਜ਼ ਵਾਲਿਆਂ ਨੂੰ ਸੱਦਿਆ,



ਜਿਨ੍ਹਾਂ ਨੇ ਉਸ ਨੂੰ ਫੜ ਕੇ ਉਸ ਲਈ ਬਣੇ ਵਿਸ਼ੇਸ਼ ਥਾਂ 'ਤੇ ਪਹੁੰਚਾ ਦਿੱਤਾ।

# ਪੂਨਮ ਲਿੱਟ ਕਤਲ ਮਾਮਲੇ 'ਚ ਸਿਕੰਦਰ ਗ੍ਰਿਫ਼ਤਾਰ

ਟੋਰਾਂਟੋ, (ਨਦਬ) : ਪੀਲ ਰੀਜਨ ਪੁਲਿਸ ਵਲੋਂ 5 ਫਰਵਰੀ 2009 ਵਿਚ ਬਰੈਂਪਟਨ ਨਿਵਾਸੀ 27 ਸਾਲਾ ਪੂਨਮ ਲਿੱਟ ਦੀ ਗੁੰਮਸ਼ੁਦਗੀ ਤੋਂ ਕਤਲ ਵਿਚ ਤਬਦੀਲ ਹੋਏ ਕੇਸ ਵਿਚ ਉਸ ਦੇ ਨਣਦੋਈਏ ਤੇ ਇਸ ਕਤਲ ਨਾਲ ਸਬੰਧਤ ਤੀਜੇ ਦੋਸ਼ੀ 42 ਸਾਲਾ ਸਿਕੰਦਰ ਸਿੰਘ ਪੂਨੀਆ ਨੂੰ ਵੀ ਗ੍ਰਿਫ਼ਤਾਰ ਕਰ ਲਿਆ, ਸਿਕੰਦਰ ਸਿੰਘ ਪੂਨੀਆ ਦੀ ਗ੍ਰਿਫ਼ਤਾਰੀ ਬਾਰੇ ਜਾਰੀ ਪੀਲ ਪੁਲਿਸ ਦੇ ਪ੍ਰੈਸ ਨੋਟ ਵਿਚ ਇਸ ਕਤਲ ਸਬੰਧੀ ਲੋਕਾਂ ਤੋਂ ਹੋਰ ਸਹਿਯੋਗ ਦੀ ਮੰਗ ਕੀਤੀ ਹੈ ਜਿਸ ਤੋਂ ਇੰਜ ਜਾਪਦਾ ਹੈ ਕਿ ਪੀਲ ਪੁਲਿਸ ਨੂੰ ਤਿੰਨ ਸਾਲ ਪਹਿਲਾਂ ਹੋਏ ਪੂਨਮ ਲਿੱਟ ਦੇ ਕਤਲ ਲਈ ਜ਼ਿੰਮੇਦਾਰ ਹੋਰ ਦੋਸ਼ੀਆਂ ਦੀ ਜਾਂਚ ਨੂੰ ਮੁਕੰਮਲ ਕਰਨ ਲਈ ਅਜੇ ਲੋੜ ਹੈ। ਚੇਤੇ ਰਹੇ ਕਿ 5 ਫਰਵਰੀ 2009 ਨੂੰ ਬਰੈਂਪਟਨ ਦੀ 21 ਡਵੀਜ਼ਨ ਨੂੰ ਇਹ ਰਿਪੋਰਟ ਦਰਜ ਕਰਵਾਈ ਗਈ ਸੀ ਕਿ ਪੂਨਮ ਲਿੱਟ ਜੋ ਕਿ ਬਰੈਂਪਟਨ ਦੀ ਹੀ ਇਕ ਦੰਦਾਂ ਦੀ ਡਾਕਟਰ ਰੂਪਾਲੀ ਸ਼ਰਮਾ ਕੋਲ ਕੰਮ ਕਰਦੀ ਸੀ ਤੇ ਘਰੋਂ ਕੰਮ 'ਤੇ ਜਾਣ ਤੋਂ ਬਾਅਦ ਉਥੇ ਨਹੀਂ ਪਹੁੰਚੀ ਅਤੇ ਨਾ ਹੀ ਉਸ ਦਾ ਕੋਈ ਥਹੁ ਪਤਾ ਲੱਗ ਰਿਹਾ ਹੈ। ਇਸ ਸਮੇਂ ਪੂਨਮ ਲਿੱਟ ਦਾ ਪਤੀ ਮਨਜਿੰਦਰ ਲਿੱਟ ਭਾਰਤ ਗਿਆ ਹੋਇਆ ਸੀ ਤੇ ਪੂਨਮ ਅਪਣੀ ਦੋ ਸਾਲਾ ਬੇਟੀ ਨਣਾਣ ਤੇ ਸਹੁਰਾ ਪਰਿਵਾਰ ਨਾਲ ਰਹਿ ਰਹੀ ਸੀ। ਪੁਲਿਸ ਵਲੋਂ ਇਸ ਕੇਸ ਦੀ ਗੁੱਥੀ ਨੂੰ ਸੁਲਝਾਉਣ ਲਈ ਵੱਡੀ ਪੱਧਰ ਦੇ ਯਤਨ ਕੀਤੇ ਇੱਥੋਂ ਤੱਕ ਪੂਨਮ ਲਿੱਟ ਦੇ ਪਤੀ ਮਨਜਿੰਦਰ ਲਿੱਟ ਦੇ ਸਹਿਯੋਗ ਨਾਲ ਇਸ ਗੁੰਮਸ਼ੁਦਗੀ ਬਾਰੇ ਜਾਂ ਪੂਨਮ ਲਿੱਟ ਦੇ ਜ਼ਿੰਦਾ ਜਾਂ ਮੁਰਦਾ ਹੋਣ ਬਾਰੇ ਕੋਈ



ਸੁਰਾਗ ਦੇਣ ਵਾਲੇ ਨੂੰ 25 ਹਜ਼ਾਰ ਡਾਲਰ ਇਨਾਮ ਵੀ ਐਲਾਨਿਆ ਗਿਆ ਸੀ। 22 ਫਰਵਰੀ 2012 ਨੂੰ ਇਸ ਗੁੰਮਸ਼ੁਦਗੀ ਦੇ ਕੇਸ ਨੇ ਉਦੋਂ ਨਵਾਂ ਮੋੜ ਲੈ ਲਿਆ ਜਦੋਂ ਬਰੈਂਪਟਨ ਨੇੜਲੇ ਸ਼ਹਿਰ ਕੈਲਾਡੋਨ ਦੇ ਬਾਹਰਵਾਰ ਪੈਂਦੇ ਇਲਾਕੇ ਵਿਚੋਂ ਉਨਟਾਰੀਓ ਸੂਬਾਈ ਪੁਲਿਸ ਨੂੰ ਇਕ ਮਨੁੱਖੀ ਪਿੰਜਰ ਮਿਲਿਆ ਜਿਸ ਨੂੰ ਸੂਬੇ ਦੇ ਫੋਰੈਂਸਿਕ ਮਾਹਰਾਂ ਨੇ ਜਾਂਚ ਪਿੱਛੋਂ ਦਿੱਤੀ ਰਿਪੋਰਟ ਵਿਚ ਇਹ ਮਨੁੱਖੀ ਪਿੰਜਰ ਪੂਨਮ ਲਿੱਟ ਦਾ ਹੋਣ ਬਾਰੇ ਇੰਕਸਾਫ਼ ਕੀਤਾ ਤੇ ਇਸੇ ਰਿਪੋਰਟ ਦੇ ਆਧਾਰ 'ਤੇ ਹੀ ਇਹ ਫਾਈਲ ਗੁੰਮਸ਼ੁਦਗੀ ਤੋਂ ਕਤਲ ਕੇਸ ਵਿਚ ਤਬਦੀਲ ਹੋ ਗਈ। ਪੁਲਿਸ ਵਲੋਂ ਕੀਤੀ ਗਈ ਜਾਂਚ ਮੁਤਾਬਕ ਘਟਨਾ ਵਾਲੀ ਸਵੇਰ ਪੂਨਮ ਲਿੱਟ ਨੂੰ ਘਰ ਵਿਚ ਹੀ ਮਾਰ ਮੁਕਾਉਣ ਤੋਂ ਬਾਅਦ ਉਸ ਨੂੰ ਇਕ ਵੈਨ ਵਿਚ ਉਸ ਦੀ ਲਾਸ਼ ਨੂੰ ਬਰੈਂਪਟਨ ਤੋਂ 10-12 ਕਿਲੋਮੀਟਰ ਦੂਰ ਕੈਲਾਡਨ ਕਸਬੇ ਦੇ ਬਾਹਰਵਾਰ ਜੰਗਲੀ ਇਲਾਕੇ ਵਿਚ ਉਸ ਦੀ ਲਾਸ਼ ਸੁੱਟ ਦਿੱਤੀ ਗਈ। 13 ਫਰਵਰੀ 2012 ਨੂੰ ਪੀਲ ਪੁਲਿਸ ਨੇ ਇਸ ਕਤਲ ਲਈ ਜ਼ਿੰਮੇਦਾਰ ਪੂਨਮ ਲਿੱਟ ਦੀ ਨਨਾਣ 35 ਸਾਲਾ ਮਨਦੀਪ ਪੂਨੀਆ ਤੇ ਪੂਨਮ ਲਿੱਟ ਦੇ 63 ਸਾਲਾ ਸਹੁਰੇ ਕੁਲਵੰਤ ਸਿੰਘ ਲਿੱਟ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕਰਨ ਪਿੱਛੋਂ ਜੇਲ੍ਹ ਭੇਜਿਆ ਸੀ ਅਤੇ ਹੁਣ ਇਸੇ ਕਤਲ ਦੇ ਸਬੰਧ ਵਿਚ ਮਨਦੀਪ ਪੂਨੀਆ ਦੇ ਪਤੀ ਤੇ ਪੂਨਮ ਲਿੱਟ ਦੇ ਨਣਦੋਈਏ ਸਿਕੰਦਰ ਸਿੰਘ ਪੂਨੀਆ ਨੂੰ ਵੀ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਇਹ ਇਸ ਕਤਲ ਦੀ ਤੀਜੀ ਗ੍ਰਿਫ਼ਤਾਰੀ ਹੈ।



Now More Locations To Serve You Better

Preparing you for a safe & healthy journey

Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

Atlas Immunization Services

Phone: 780 465 5150

www.atlasimmunization.com

Suite 104, 7633-50 St. Edmonton (Meridian Place)

# ਟੀ.ਵੀ. ਨੇ ਵਿਗਾੜੀਆਂ ਬੱਚਿਆਂ ਦੀਆਂ ਖਾਣ-ਪੀਣ ਦੀਆਂ ਆਦਤਾਂ



ਐਡਮਿੰਟਨ(ਨਦਬ):ਜਿਹੜੇ ਬੱਚੇ ਬਹੁਤ ਜ਼ਿਆਦਾ ਟੀ.ਵੀ. ਦੇਖਦੇ ਹਨ, ਉਨ੍ਹਾਂ 'ਚ ਸਿਹਤਮੰਦ ਖਾਣੇ ਵੱਲ ਰੁਝਾਨ ਘੱਟ ਹੁੰਦਾ ਹੈ। ਉਨ੍ਹਾਂ ਨੂੰ ਸਿਰਫ਼ ਜੰਕ ਖਾਣੇ ਜਿਵੇਂ ਕੈਂਡੀ, ਸੋਡਾ ਆਦਿ ਚੀਜ਼ਾਂ ਵਧੇਰੇ ਚੰਗੀਆਂ ਲੱਗਦੀਆਂ ਹਨ। ਇਹ ਤੱਥ 13,000 ਅਮਰੀਕੀ ਵਿਦਿਆਰਥੀਆਂ 'ਤੇ ਕੀਤੇ ਸਰਵੇਖਣ ਦੌਰਾਨ ਸਾਹਮਣੇ ਆਇਆ ਹੈ। ਆਰਕਾਇਵਸ ਆਫ਼ ਪੇਡ੍ਰਿਏਟਿਕਸ ਐਂਡ ਏਡੋਲਿਸੈਂਟਮੈਡਿਸਿਨ 'ਚ ਛਪੇ ਸਰਵੇਖਣ ਦੇ ਆਧਾਰ 'ਤੇ ਮਾਹਰਾਂ ਨੇ ਕਈ ਸੁਧਾਰਕ ਕਦਮ ਬੱਚਿਆਂ ਲਈ ਨਿਰਧਾਰਤ ਕੀਤੇ ਹਨ, ਜਿਸ 'ਚ ਬੱਚਿਆਂ ਨੂੰ ਕਿੰਨੀ ਕੁ ਕਸਰਤ ਕਰਨੀ ਚਾਹੀਦੀ ਹੈ, ਕਿੰਨਾ ਟੀ.ਵੀ. ਦੇਖਣਾ ਚਾਹੀਦਾ ਹੈ ਅਤੇ ਕਿੰਨੇ ਕੁ ਸਨੈਕਸ ਖਾਣੇ ਉਨ੍ਹਾਂ ਲਈ ਠੀਕ ਹਨ। ਭਾਵੇਂ ਇਸ ਸਰਵੇਖਣ ਦੇ ਇਹ ਨਤੀਜੇ ਐਨੇ ਵੀ ਹੈਰਾਨੀਜਨਕ ਨਹੀਂ ਹਨ ਕਿਉਂਕਿ ਮਾਹਰ ਇਹ ਦੱਸਣ 'ਚ ਅਸਮਰਥ ਹਨ ਕਿ ਬੱਚਿਆਂ ਲਈ ਕਿਹੜੀ ਗੱਲ ਪਹਿਲੇ ਨੰਬਰ 'ਤੇ ਮਾੜੀ ਹੈ। ਉਨ੍ਹਾਂ ਦਾ ਟੀ.ਵੀ. ਦੇਖਣਾ ਜਾਂ ਖਾਣ-ਪੀਣ ਸਬੰਧੀ ਮਾੜੀਆਂ ਆਦਤਾਂ। ਇਸ ਆਧਾਰ 'ਤੇ ਪੱਕੇ ਤੌਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਟੀ.ਵੀ. ਹੀ ਬੱਚਿਆਂ 'ਚ ਖਾਣ-ਪੀਣ ਸਬੰਧੀ ਮਾੜੀਆਂ ਆਦਤਾਂ ਨੂੰ ਹੱਲਾਸ਼ੇਰੀ ਦਿੰਦੇ ਹਨ। ਪਰ ਇਸ ਸਰਵੇਖਣ ਤੋਂ ਪਹਿਲਾਂ ਕੀਤੇ ਸਰਵੇਖਣਾਂ ਦੇ ਅਧਾਰ 'ਤੇ ਮਾਹਰ ਇਸ ਪਾਸੇ ਜ਼ਰੂਰ ਚਾਨਣਾਂ ਪਾਉਂਦੇ ਸਨ ਕਿ ਜਦੋਂ ਬੱਚੇ ਘੱਟ ਟੀ.ਵੀ. ਦੇਖਦੇ ਹਨ ਤਾਂ ਉਹ ਘੱਟ ਖਾਂਦੇ ਹਨ ਅਤੇ ਉਨ੍ਹਾਂ ਦਾ ਭਾਰ ਵੀ ਨਹੀਂ ਵੱਧਦਾ। ਇਸ 'ਚ ਅੱਗੇ ਦੱਸਿਆ ਗਿਆ ਸੀ ਕਿ ਜਿਹੜੇ ਵੱਡੇ ਬੱਚੇ ਜ਼ਿਆਦਾ ਟੀ.ਵੀ. ਦੇਖਦੇ ਸਨ, ਉਨ੍ਹਾਂ 'ਚ ਮੋਟੇ ਹੋਣ ਦੀਆਂ ਸੰਭਾਵਨਾਵਾਂ ਵਧੇਰੇ ਵੱਧ ਜਾਂਦੀਆਂ ਸਨ। ਮਾਹਰਾਂ ਦਾ ਮੰਨਣਾ ਹੈ ਕਿ ਜਦੋਂ ਬੱਚਿਆਂ ਦੇ ਪ੍ਰੋਗਰਾਮ ਚਲਦੇ ਹਨ ਤਾਂ ਉਸ ਦੌਰਾਨ ਗਲਤ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਮਸ਼ਹੂਰੀਆਂ ਆਉਂਦੀਆਂ ਹਨ, ਜਿਸ ਨਾਲ ਉਨ੍ਹਾਂ ਵਿਚ ਗੈਰ ਸਿਹਤਮੰਦ ਖਾਣਾ ਖਾਣ ਦਾ ਰੁਝਾਨ ਵੱਧਦਾ ਹੈ।

ਇਹ ਸਰਵੇਖਣ ਪੂਰੇ ਦੇਸ਼ ਦੇ ਨਿਜੀ ਅਤੇ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ 12,642 ਸਕੂਲੀ ਬੱਚਿਆਂ 'ਤੇ ਕੀਤਾ ਗਿਆ ਸੀ, ਜਿਸ 'ਚ ਬੱਚੇ ਰੋਜ਼ਾਨਾ ਔਸਤਨ ਢਾਈ ਘੰਟੇ ਟੀ.ਵੀ. ਦੇਖਦੇ ਸਨ। ਮਾਹਰਾਂ ਨੇ ਇਸ 'ਚੋਂ ਇਹ ਤੱਥ ਸਾਹਮਣੇ ਕੱਢੇ ਕਿ ਅੰਦਾਜ਼ਨ 10 ਤੋਂ 16 ਸਾਲ ਦੀ ਉਮਰ ਵਾਲੇ ਬੱਚੇ ਰੋਜ਼ਾਨਾ ਇਕ ਘੰਟਾ ਵੱਧ ਟੀ.ਵੀ. ਦੇਖਦੇ ਸਨ, ਉਨ੍ਹਾਂ 'ਚੋਂ 5 ਫ਼ੀਸਦੀ ਘੱਟ ਸਬਜ਼ੀਆਂ ਖਾਂਦੇ ਸਨ ਅਤੇ 8 ਫ਼ੀਸਦੀ ਇਹੋ ਜਿਹੇ ਸਨ ਜੋ ਘੱਟ ਫਲ ਖਾਣ ਵੱਲ ਰੂਚੀ ਰੱਖਦੇ ਸਨ। ਰੋਜ਼ਾਨਾ ਇਕ ਘੰਟਾ ਵੱਧ ਟੀ.ਵੀ. ਦੇਖਣ ਦਾ ਮਤਲਬ ਹੈ ਕਿ ਬੱਚਿਆਂ 'ਚ 18 ਫ਼ੀਸਦੀ ਜ਼ਿਆਦਾ ਮੌਕੇ ਵੱਧ ਜਾਂਦੇ ਸਨ ਕਿ ਉਹ ਰੋਜ਼ਾਨਾ ਕੈਂਡੀਆਂ ਖਾਣ। 24 ਫ਼ੀਸਦੀ ਇਹੋ ਜਿਹੇ ਸਨ ਜੋ ਤਕਰੀਬਨ ਰੋਜ਼ਾਨਾ ਸੋਡਾ ਪੀਣਾ ਪਸੰਦ ਕਰਦੇ ਸਨ ਅਤੇ 14 ਫ਼ੀਸਦੀ ਉਹ ਸਨ ਜੋ ਹਫ਼ਤੇ 'ਚ ਇਕ ਜਾਂ ਇਸ ਤੋਂ ਵੱਧ ਰੇਸਤਰਾਂ ਜਾਣਾ ਪਸੰਦ ਕਰਦੇ ਸਨ।

# ਮੁਕਾਬਲੇ 'ਚ ਕੀਬਲ ਅਤੇ ਸਾਇਮਨਸ ਨੇ ਦੂਜਾ ਸਥਾਨ ਹਾਸਲ ਕੀਤਾ

ਐਡਮਿੰਟਨ (ਨਦਬ): ਏਂਜਲੀਨਾ ਕੀਬਲ ਬਹੁਤ ਬੜਬੋਲੀ ਅਤੇ ਹੱਸਮੁੱਖ ਹੈ। ਸ਼ੈਰੀ ਸਾਈਮਨਸ ਜ਼ਿਆਦਾ ਵਿਸ਼ਲੇਸ਼ਣੀ ਹੈ। ਇਸੇ ਕਰਕੇ ਅਲਬਰਟਾ ਯੂਨੀਵਰਸਿਟੀ ਦੇ ਲਾਅ ਸਕੂਲ ਦੀਆਂ ਵਿਦਿਆਰਥਣਾਂ ਦਾ ਇਹ ਜੋੜਾ, ਜੋ ਕੇ ਜਵਾਨ ਬੱਚਿਆਂ ਦੀਆਂ ਮਾਵਾਂ ਵੀ ਹਨ, ਰਲ ਕੇ ਇਕ ਇਹੋ ਜਿਹੀ ਅਭੇਦ ਟੀਮ ਬਣਾਉਂਦੀਆਂ ਹਨ, ਜਿਸ ਨੇ ਬੀਤੇ ਮਹੀਨੇ ਆਇਰਲੈਂਡ ਵਿਖੇ ਹੋਏ ਮੁਕਾਬਲੇ 'ਚ ਕੈਨੇਡਾ ਦੀ ਨੁਮਾਇੰਦਗੀ ਕੀਤੀ ਸੀ। ਰੈਡ ਡੀਅਰ ਵਿਖੇ ਕੰਮ ਕਰ ਰਹੀ 33 ਸਾਲਾ ਕੀਬਲ ਦਾ ਕਹਿਣਾ ਹੈ, 'ਮੈਨੂੰ ਬਹੁਤ ਹੈਰਾਨੀ ਹੋਈ। ਮੈਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਸਾਡਾ ਐਨਾ ਸ਼ਾਨਦਾਰ ਪ੍ਰਦਰਸ਼ਨ ਹੋਏਗਾ।'

ਜ਼ਿਕਰਯੋਗ ਹੈ ਕਿ ਕੀਬਲ ਅਤੇ ਸਾਇਮੰਡਸ ਨੇ ਕੈਨੇਡੀਅਨ ਨੈਸ਼ਨਲ ਕਲਾਇੰਟ ਕੰਸਲਟੇਸ਼ਨ ਮੁਕਾਬਲੇ ਨੂੰ ਜਿੱਤਣ ਲਈ ਕੈਨੇਡਾ ਦੇ ਹੋਰਨਾਂ ਹਿੱਸਿਆਂ ਤੋਂ ਆਈਆਂ 11 ਟੀਮਾਂ ਨੂੰ ਹਰਾਇਆ। ਇਸ ਤੋਂ ਬਾਅਦ ਉਹ ਆਇਰਲੈਂਡ ਵਿਖੇ ਚਾਰ ਰੋਜ਼ਾ ਮੁਕਾਬਲੇ 'ਚ ਭਾਗ ਲੈਣ ਲਈ ਗਈਆਂ। ਇਸ 'ਚ ਉਨ੍ਹਾਂ ਨੇ ਭਾਰਤ, ਜਰਮਨੀ, ਚੀਨ, ਟਰਕੀ, ਸਕਾਟਲੈਂਡ ਅਤੇ ਅਮਰੀਕਾ ਸਮੇਤ ਹੋਰਨਾਂ ਦੇਸ਼ਾਂ ਤੋਂ ਆਈਆਂ 22 ਟੀਮਾਂ ਨਾਲ ਮੁਕਾਬਲਾ ਕੀਤਾ। ਇਸ 'ਚ ਉਹ ਦੂਜੇ ਸਥਾਨ 'ਤੇ ਰਹੀਆਂ। ਮੁਕਾਬਲੇ 'ਚ ਨਿਊਜ਼ੀਲੈਂਡ ਦੀ ਝੰਡੀ ਰਹੀ।

ਉਨ੍ਹਾਂ ਦੋਨਾਂ ਲਈ ਇਹ ਮੁਕਾਮ ਹਾਸਲ ਕਰਨਾ ਕੋਈ ਐਨਾ ਆਸਾਨ ਨਹੀਂ ਸੀ। ਇਸ ਸਾਲ ਲਾਅ ਸਕੂਲ 'ਚ ਦਾਖ਼ਲਾ ਲੈਣ ਲਈ ਕੀਬਲ ਆਪਣੇ ਰੈਡ ਡੀਅਰ ਵਿਖੇ ਘਰ ਤੋਂ ਕਲਾਸਾਂ ਲਗਾਉਣ ਲਈ ਐਡਮਿੰਟਨ ਪਹੁੰਚਦੀ ਹੈ, ਜਿਥੇ ਉਹ ਆਪਣੀ ਇਕ ਰਿਸ਼ਤੇਦਾਰ ਕੋਲ ਰਹਿੰਦੀ ਹੈ। ਫੇਰ ਉਹ ਵੀਰਵਾਰ ਨੂੰ ਜਲਦੀ ਘਰ ਪਹੁੰਚਦੀ ਹੈ ਤਾਂ ਕੇ ਬੱਚਿਆਂ ਨੂੰ ਵੱਧ ਤੋਂ ਵੱਧ ਸਮਾਂ ਦੇ ਸਕੇ। ਇਨ੍ਹਾਂ ਛੁੱਟੀਆਂ 'ਚ ਉਹ ਆਪਣੇ 6 ਸਾਲਾ ਧੀ ਅਤੇ ਚਾਰ ਸਾਲਾ ਪੁੱਤਰ ਨਾਲ ਸਮਾਂ ਬਿਤਾਉਂਦੀ ਹੈ, ਕੱਪੜੇ ਧੋਂਦੀ, ਰਾਸ਼ਨ ਲਿਆਉਂਦੀ ਹੈ ਅਤੇ ਪਰਿਵਾਰ ਲਈ ਰੋਟੀ ਵੀ ਬਣਾਉਂਦੀ ਹੈ।

ਇਸੇ ਤਰ੍ਹਾਂ ਦੀਆਂ ਹੀ ਕੁਝ ਮਿਸਾਲਾਂ ਸਾਇਮਨਸ ਦੀ ਜ਼ਿੰਦਗੀ ਤੋਂ ਮਿਲ ਜਾਣਗੀਆਂ ਜਦੋਂ ਪੜ੍ਹਾਈ ਉੱਤੇ ਬੱਚਿਆਂ ਦੀ ਜ਼ਿੰਮੇਵਾਰੀ ਜ਼ਿਆਦਾ ਭਾਰੂ ਹੋ ਜਾਂਦੀਆਂ ਹਨ। ਖਾਸ ਕਰਕੇ ਉਦੋਂ ਜਦੋਂ ਉਸ ਦਾ ਇਕ ਸਾਲਾ ਜਾਂ ਪੰਜ ਸਾਲਾ ਪੁੱਤਰ ਬਿਮਾਰ ਪੈ ਜਾਂਦੇ ਹਨ।

ਸਾਇਮਨਸ ਆਪਣੇ ਪਤੀ ਦੀ ਬਹੁਤ ਧੰਨਵਾਦੀ ਹੈ, ਜਿਸ ਨੇ ਹਰ ਚੰਗੀਆਂ-ਮਾੜੀਆਂ ਸਥਿਤੀਆਂ 'ਚ ਉਸ ਦਾ ਸਾਥ ਨਿਭਾਇਆ ਹੈ।

# 75 ਫ਼ੀਸਦੀ ਅਲਬਰਟਾ ਨਿਵਾਸੀ ਕਰਜ਼ਿਆਂ ਹੇਠ

ਕੈਲਗਰੀ (ਨਦਬ): ਇਕ ਮੁੱਖ ਬੈਂਕ ਲਈ ਕੀਤੇ ਸਰਵੇਖਣ ਤਹਿਤ ਜ਼ਿਆਦਾ ਤਰ ਕੈਨੇਡੀਅਨ ਨਾਗਰਿਕ ਕਰਜ਼ਿਆਂ 'ਚ ਡੁੱਬੇ ਪਏ ਹਨ ਅਤੇ ਇਨ੍ਹਾਂ 'ਚੋਂ ਲਗਪਗ ਅੱਧੀ ਗਿਣਤੀ ਦੇ ਲੋਕ ਸਮੇਂ ਤੋਂ ਪਹਿਲਾਂ ਆਪਣੇ ਬਕਾਏ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਸਰਵੇਖਣ ਮੁਤਾਬਕ 75 ਫ਼ੀਸਦੀ ਅਲਬਰਟਾ ਨਿਵਾਸੀ ਕਿਸੇ ਨਾ ਕਿਸੇ ਤਰੀਕੇ ਦੇ ਕਰਜ਼ਿਆਂ ਹੇਠ ਦਬੇ ਪਏ ਹਨ। ਇਨ੍ਹਾਂ 'ਚੋਂ 52 ਫ਼ੀਸਦੀ ਲੋਕ ਪਿਛਲੇ 12 ਮਹੀਨਿਆਂ 'ਚ ਆਪਣੇ ਬਕਾਇਆਂ ਨੂੰ ਬਰਾਬਰੀ 'ਤੇ ਲਿਆਉਣ ਲਈ ਇਕ ਮੁਸ਼ਤ 'ਚ ਅਦਾਇਗੀ ਕਰ ਦਿੰਦੇ ਹਨ।

ਸੀ.ਬੀ.ਆਈ.ਸੀ. ਵਲੋਂ ਕੀਤੇ ਸਰਵੇਖਣ ਦੌਰਾਨ 72 ਫ਼ੀਸਦੀ ਜਵਾਬ ਦੇਣ ਵਾਲਿਆਂ ਦਾ ਮੰਨਣਾ ਸੀ ਕਿ ਉਹ ਕਿਸੇ ਨਾ ਕਿਸੇ ਤਰੀਕੇ ਦੇ ਕਰਜ਼ੇ ਜਿਵੇਂ ਕਿ ਮਾਰਟਗੇਜ਼, ਵਿਦਿਆਰਥੀਆਂ ਲਈ ਕਰਜ਼ੇ ਜਾਂ ਕ੍ਰੈਡਿਟ ਕਾਰਡ ਆਦਿ ਵਿਚ ਉਲਝੇ ਹੋਏ ਹਨ। ਇਸ ਤੋਂ ਇਲਾਵਾ 49 ਫ਼ੀਸਦੀ ਲੋਕਾਂ ਦਾ ਮੰਨਣਾ ਸੀ ਕਿ ਪਿਛਲੇ ਸਾਲ ਆਪਣੇ ਕਰਜ਼ੇ ਖ਼ਤਮ ਕਰਨ ਲਈ ਵਾਧੂ ਇਕ ਮੁਸ਼ਤ ਕਿਸ਼ਤ ਦੀ ਅਦਾਇਗੀ ਨਾਲ ਕਰਜ਼ੇ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੀ.ਆਈ.ਬੀ.ਸੀ. ਦੀ ਕਾਰਜਕਾਰੀ ਮੀਤ ਪ੍ਰਧਾਨ ਕ੍ਰਿਸਟਿਨਾ ਕ੍ਰੇਮਰ ਦਾ ਕਹਿਣਾ ਹੈ ਕਿ ਇਸ ਸਰਵੇਖਣ ਦੇ ਨਤੀਜੇ ਇਸ ਪਾਸੇ ਰੌਸ਼ਨੀ ਪਾਉਂਦੇ ਹਨ ਕਿ ਵੱਧ ਰਹੇ ਘਰੇਲੂ ਕਰਜ਼ਿਆਂ ਦੇ ਵਾਧੇ ਸਬੰਧੀ ਚਿਤਾਵਨੀਆਂ ਦੇ ਦੌਰਾਨ ਹੀ ਕੈਨੇਡੀਅਨ ਲੋਕ ਆਪਣੇ ਕਰਜ਼ਿਆਂ ਨੂੰ ਘਟਾਉਣ ਲਈ ਕਿਸ ਤਰ੍ਹਾਂ ਦੇ ਕਦਮ ਚੁੱਕ ਰਹੇ ਹਨ।

ਬੈਂਕ ਆਫ਼ ਕੈਨੇਡਾ ਅਤੇ ਕੁਝ ਅਰਥਸ਼ਾਸਤਰੀਆਂ ਨੇ ਚੇਤਾਵਨੀ ਦਿੱਤੀ ਸੀ ਕਿ ਵਿਆਜ਼ ਦੀ ਦਰ 'ਚ ਕਮੀ ਹੋਣ ਕਰਕੇ ਕੈਨੇਡੀਅਨ ਕੋਲ ਬਹੁਤ ਜ਼ਿਆਦਾ ਕਰਜ਼ਾਈ ਹੋ ਰਹੇ ਹਨ। ਇਸ ਗੱਲ ਦਾ ਖਦਸ਼ਾ ਹੈ ਕਿ ਵਿਆਜ਼ ਦਰ 'ਚ ਤੇਜ਼ੀ ਆਉਣ ਨਾਲ ਹੋ ਸਕਦਾ ਹੈ ਕਿ ਇਹ ਲੋਕ ਆਪਣੇ ਘਰਾਂ ਲਈ ਅਸਮਰਥ ਹੋ ਜਾਣ। ਸੀ.ਆਈ.ਬੀ.ਸੀ. ਦਾ ਕਹਿਣਾ ਹੈ ਕਿ ਇਸ ਵਾਰ ਦੇ ਸਰਵੇਖਣ ਦੇ ਨਤੀਜੇ ਇਸ ਗੱਲ ਵਲ ਰੌਸ਼ਨੀ ਪਾਉਂਦੇ ਹਨ ਕਿ ਲੋਕ ਆਪਣੇ ਕਰਜ਼ਿਆਂ ਨੂੰ ਖ਼ਤਮ ਕਰਨ ਲਈ ਜ਼ਿਆਦਾ ਸੁਚੇਤ ਹਨ ਜਦੋਂ ਕਿ ਇਸ ਤੋਂ ਪਹਿਲਾਂ ਕੀਤੇ ਗਏ ਸਰਵੇਖਣਾਂ ਮੁਤਾਬਕ ਕਰਜ਼ੇ ਲੈਣ ਤੋਂ ਪਹਿਲਾਂ ਆਪਣੀ ਸੇਵਾਮੁਕਤੀ ਸਬੰਧੀ ਯੋਜਨਾ ਲਈ ਲੋਕ ਸਲਾਹ-ਮਸ਼ਵਰਾ ਕਰਦੇ ਸਨ।

# ਦੁੱਧ ਲਈ ਬਦਲ ਰਹੇ ਨੇ ਗਾਂ 'ਚ ਹਾਰਮੋਨ

ਚੰਡੀਗੜ੍ਹ, (ਨਦਬ) : ਜ਼ਿਆਦਾ ਦੁੱਧ ਰਾਹੀਂ ਆਮਦਨ ਵਧਾਉਣ ਦੀ ਕੋਸ਼ਿਸ਼ ਤਹਿਤ ਪੰਜਾਬ ਦੇ ਵੱਡੇ ਡੇਅਰੀ ਮਾਲਕਾਂ ਨੇ ਨਵਾਂ ਤਰੀਕਾਂ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਤਹਿਤ ਗਾਵਾਂ ਦੇ ਹਾਰਮੋਨ ਵਿਚ ਬਦਲਾਅ ਕਰਕੇ ਆਪਣੀ ਮਰਜ਼ੀ ਨਾਲ ਉਸ ਦੀ ਡਿਲੀਵਰੀ ਕਰਾਉਣ ਵਿਚ ਕਾਮਯਾਬੀ ਹਾਸਲ ਕਰ ਲਈ ਗਈ ਹੈ। ਦੁੱਧ ਉਤਪਾਦਕ ਗਰਮੀ ਦੀ ਬਜਾਏ ਸਰਦੀ ਵਿਚ ਜ਼ਿਆਦਾ ਦੁੱਧ ਚਾਹੁੰਦੇ ਹਨ, ਜਿਸ ਨਾਲ ਦੁੱਧ ਦੇ ਉਤਪਾਦਨ ਵਿਚ ਤੀਹ ਫੀਸਦੀ ਦੇ ਕਰੀਬ ਵਾਧਾ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਉਧਰ ਇਸ ਤਕਨੀਕ ਤੋਂ ਬਾਅਦ ਗਰਮੀਆਂ ਵਿਚ ਦੁੱਧ ਦੀ ਕਿੱਲਤ ਹੋਣ ਦੇ ਅਨੁਮਾਨ ਵੀ ਲਗਾਏ ਜਾ ਰਹੇ ਹਨ।

ਜਾਣਕਾਰੀ ਅਨੁਸਾਰ ਆਮ ਤੌਰ 'ਤੇ ਗਾਵਾਂ ਦੀ ਡਿਲੀਵਰੀ ਅਪ੍ਰੈਲ ਮਹੀਨੇ ਵਿਚ ਹੁੰਦੀ ਹੈ। ਇਸ ਨਾਲ ਦੁੱਧ ਦਾ ਉਨ੍ਹਾਂ ਦਾ ਸਮਾਂ ਗਰਮੀਆਂ ਦਾ ਰਹਿੰਦਾ ਹੈ। ਗਰਮੀ ਦੇ ਪ੍ਰਕੋਪ ਤੋਂ ਗਾਂ ਦੀ ਸਿਹਤ 'ਤੇ ਪੈਣ ਵਾਲੇ ਅਸਰ ਦੇ ਚਲਦਿਆਂ ਦੁੱਧ ਦੀ ਮਾਤਰਾ ਪ੍ਰਤੀ ਗਾਂ ਚਾਲੀ ਫੀਸਦੀ ਤੱਕ ਘੱਟ ਹੋ ਜਾਂਦੀ ਹੈ। ਪੰਜਾਬ ਦੇ ਡਾਇਰੀ ਮਾਲਕਾਂ ਦੀ ਐਸੋਸੀਏਸ਼ਨ ਨੇ ਸਿੰਕ੍ਰੀਨਾਈਜੇਸ਼ਨ ਦਾ ਤਰੀਕਾ ਅਪਣਾਇਆ ਹੈ। ਇਸ ਨਾਲ ਡੇਅਰੀ ਮਾਲਕ ਸਬੰਧਿਤ ਗਾਂ ਨੂੰ ਹਰਮੋਨ ਦਿੰਦੇ ਹਨ, ਜਿਸ ਦੇ ਚਲਦਿਆਂ ਡਾਇਰੀ ਮਾਲਕ ਦੀ ਇੱਛਾ ਨਾਲ ਹੀ ਗਾਂ ਪ੍ਰੈਗਨੈਂਟ ਹੁੰਦੀ ਹੈ ਅਤੇ ਦੁੱਧ ਵੀ ਉਸ ਦੀ ਮੰਗ ਅਨੁਸਾਰ ਸਮੇਂ ਵਿਚ ਹੀ ਦਿੰਦੀ ਹੈ। ਪੰਜਾਬ ਵਿਚ ਫਿਲਹਾਲ ਪਸ਼ੂਆਂ ਲਈ ਬਣਾਏ ਜਾਣ ਵਾਲੇ ਸ਼ੈਡ ਗਰਮੀ ਦਾ ਅਸਰ ਘੱਟ ਕਰਨ ਵਿਚ ਨਾਕਾਫੀ ਹਨ। ਮਿਲਕਫੈਡ ਦੇ ਇਕ ਸੀਨੀਅਰ ਅਧਿਕਾਰੀ ਅਨੁਸਾਰ ਗਰਮੀ ਵਿਚ ਦੁੱਧ ਦੀ ਕਿੱਲਤ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

"ਗਰਮੀ ਵਿਚ ਦੁੱਧ ਦੀ ਕਿੱਲਤ ਨੂੰ ਘੱਟ ਕਰਨ ਲਈ ਡਾਇਰੀ ਮਾਲਕਾਂ ਨੂੰ ਏ.ਸੀ ਸ਼ੈਡ ਬਣਾਉਣ ਲਈ ਸਬਸਿਡੀ ਆਦਿ ਦਾ ਕੋਈ ਰਸਤਾ ਅਪਣਾਉਣਾ ਪਵੇਗਾ। ਇਸ ਨਾਲ ਉਹ ਹਾਰਮੋਨ ਵਾਲਾ ਤਰੀਕਾ ਨਹੀਂ ਅਪਣਾਉਣਗੇ। ਅਜਿਹਾ ਕਰਨ ਨਾਲ ਗਰਮੀਆਂ ਵਿਚ ਵੀ ਦੁੱਧ ਸਰਦੀਆਂ ਦੇ ਬਰਾਬਰ ਮਿਲਣਾ ਸੰਭਵ ਹੋ ਸਕੇਗਾ। ਸੰਗਠਿਤ ਡਾਇਰੀ ਖੇਤਰ ਵਿਚ ਇਹ ਤਕਨੀਕ ਵੱਡੇ ਪੱਧਰ 'ਤੇ ਵਰਤਣ ਨਾਲ ਸਮੱਸਿਆ ਹੋਰ ਵੀ ਵਧ ਜਾਵੇਗੀ।"


Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&

* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705

908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ 'ਚ ਪ੍ਰਗਤੀਸ਼ੀਲ ਲੇਖਕ ਮੰਚ ਦੀ ਵੱਡੀ ਜਿੱਤ

## ਸੜਕਨਾਮਾ ਪ੍ਰਧਾਨ, ਸਰਹੱਦੀ ਸੀਨੀਅਰ ਮੀਤ ਪ੍ਰਧਾਨ ਤੇ ਤਲਵਿੰਦਰ ਜਨਰਲ ਸਕੱਤਰ ਬਣੇ



ਲੁਧਿਆਣਾ : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਦੋ ਸਾਲਾ ਚੋਣ ਵਿਚ ਸਰਬਸ੍ਰੀ ਹਰਭਜਨ ਸਿੰਘ ਹੁੰਦਲ, ਬਲਦੇਵ ਸਿੰਘ ਸੜਕਨਾਮਾ, ਸੁਲੱਖਣ ਸਰਹੱਦੀ, ਤਲਵਿੰਦਰ ਸਿੰਘ, ਡਾ. ਕਰਮਜੀਤ, ਮੱਖਣ ਕੁਹਾੜ ਅਤੇ ਸੁਸ਼ੀਲ ਦੁਸਾਂਝ ਦੀ ਅਗਵਾਈ ਵਿਚ ਬਣੇ ਪ੍ਰਗਤੀਸ਼ੀਲ ਲੇਖਕ ਮੰਚ ਦੇ ਉਮੀਦਵਾਰਾਂ ਨੇ ਵੱਡੀਆਂ ਜਿੱਤਾਂ ਹਾਸਲ ਕੀਤੀਆਂ ਹਨ।ਇਸ ਮੰਚ ਨੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਮੁੱਖ ਅਹੁਦੇ ਤਾਂ ਵੱਡੇ ਫਰਕ ਨਾਲ ਜਿੱਤੇ ਹੀ, ਨਾਲ ਹੀ ਕੁਲ 12 ਅਹੁਦਿਆਂ ਵਿਚੋਂ 9 ਅਹੁਦਿਆਂ ਤੇ ਸ਼ਾਨਦਾਰ ਜਿੱਤ ਹਾਸਲ ਕੀਤੀ। ਨਤੀਜਿਆਂ ਮੁਤਾਬਕ ਨਾਮਵਰ ਲੇਖਕ ਬਲਦੇਵ ਸਿੰਘ ਸੜਕਨਾਮਾ ਪ੍ਰਧਾਨ ਚੁਣੇ ਗਏ ਹਨ। ਉਨ੍ਹਾਂ ਨੇ ਸਿੱਧੇ ਮੁਕਾਬਲੇ ਵਿਚ ਕਰਨੈਲ ਸਿੰਘ ਨਿੱਝਰ ਨੂੰ ਵੱਡੇ ਫ਼ਰਕ ਨਾਲ ਹਰਾਇਆ। ਸੜਕਨਾਮਾ ਨੇ 1037 ਵੋਟਾਂ ਪ੍ਰਾਪਤ ਕੀਤੀਆਂ ਜਦਕਿ ਨਿੱਝਰ ਨੂੰ 390 ਵੋਟਾਂ ਹੀ ਮਿਲ ਸਕੀਆਂ।ਚੋਣ ਲਈ ਸਭਾ ਦੇ ਕੁੱਲ 3000 ਦੇ ਕਰੀਬ ਮੈਂਬਰਾਂ 'ਚੋਂ 1442 ਮੈਂਬਰਾਂ ਨੇ ਵੋਟਾਂ ਪਾਈਆਂ। ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਸੁਲੱਖਣ ਸਰਹੱਦੀ 710 ਵੋਟਾਂ ਲੈ ਕੇ ਜੇਤੂ ਰਹੇ ਜਿਨ੍ਹਾਂ ਨੇ ਤਿਕੋਣੇ ਮੁਕਾਬਲੇ ਵਿਚ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਹਰਮੀਤ ਵਿਦਿਆਰਥੀ (544) ਨੂੰ 166 ਵੋਟਾਂ ਦੇ ਫ਼ਰਕ ਨਾਲ ਹਰਾਇਆ। ਤੀਜੇ ਉਮੀਦਵਾਰ ਸੁਖਪਾਲ ਸਿੰਘ ਦੁਬਈ ਨੂੰ ਸਿਰਫ਼ 155 ਵੋਟਾਂ ਨਾਲ ਹੀ ਸਬਰ ਕਰਨਾ ਪਿਆ। ਜਨਰਲ ਸਕੱਤਰ ਦੇ ਅਹੁਦੇ ਲਈ ਵੀ ਮੁਕਾਬਲਾ ਤਿਕੋਣਾ ਸੀ। ਤਲਵਿੰਦਰ ਸਿੰਘ ਅੰਮ੍ਰਿਤਸਰ 664 ਵੋਟਾਂ ਲੈ ਕੇ ਜੇਤੂ ਰਹੇ, ਲਾਭ ਸਿੰਘ ਖੀਵਾ ਨੂੰ 593 ਅਤੇ ਜਰਨੈਲ ਸਿੰਘ ਭੁੱਲਰ ਨੂੰ ਸਿਰਫ਼ 146 ਵੋਟਾਂ ਹੀ ਮਿਲੀਆਂ। ਬਾਕੀ ਨਤੀਜਿਆਂ ਮੁਤਾਬਕ ਮੀਤ ਪ੍ਰਧਾਨ ਲਈ ਮਦਨਵੀਰਾ (1034), ਤ੍ਰੈਲੋਚਨ ਲੋਚੀ (769), ਕਰਮ ਸਿੰਘ ਵਕੀਲ (679) ਅਤੇ ਸ਼ਬਦੀਸ਼ (629) ਜੇਤੂ ਰਹੇ ਜਦਕਿ ਸਕੱਤਰ ਦੇ ਅਹੁਦੇ ਲਈ ਤਰਲੋਚਨ ਝਾਂਡੇ (661), ਸੁਰਿੰਦਰ ਪ੍ਰੀਤ ਘਣੀਆਂ (660), ਸੁਖਦੇਵ ਪ੍ਰੇਮੀ (689) ਅਤੇ ਸਿਮਰਤ ਸੁਮੈਰਾ (849) ਜੇਤੂ ਐਲਾਨੇ ਗਏ।

ਸ: ਬਲਦੇਵ ਸਿੰਘ ਸੜਕਨਾਮਾ ਨੇ ਦਰਜਨ ਦੇ ਕਰੀਬ ਨਾਵਲ, ਕਹਾਣੀਆਂ ਦੀਆਂ ਕਿਤਾਬਾਂ ਤੇ ਸਫ਼ਰਨਾਮੇ ਲਿਖੇ ਹਨ। ਉਨ੍ਹਾਂ ਦੇ ਨਾਵਲ 'ਸੜਕਨਾਮਾ' ਅਤੇ 'ਲਾਲ ਬੱਤੀ' ਪੰਜਾਬੀ ਪਾਠਕਾਂ ਵਿਚ ਬੇਹੱਦ ਮਕਬੂਲ ਹੋਏ ਹਨ। ਹਾਲ ਹੀ 'ਚ ਉਨ੍ਹਾਂ ਦੇ ਨਾਵਲ 'ਢਾਵਾਂ ਦਿੱਲੀ ਦੇ ਕਿੰਗਰੇ' ਨੂੰ ਪੰਜਾਬੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਸਰਬੋਤਮ ਨਾਵਲ ਦਾ ਐਵਾਰਡ ਵੀ ਦਿੱਤਾ ਗਿਆ ਹੈ।

ਵੋਟਾਂ ਪੈਣ ਦਾ ਕੰਮ ਸਵੇਰੇ ਗਿਆਰਾਂ ਵਜੇ ਦੇ ਕਰੀਬ ਸ਼ੁਰੂ ਹੋਇਆ ਅਤੇ ਦੇਰ ਸ਼ਾਮ 5 ਵਜੇ ਤੱਕ ਸ਼ਾਂਤੀ ਨਾਲ ਨੇਪਰੇ ਚੜ੍ਹਿਆ। ਰਿਟਰਨਿੰਗ ਅਫ਼ਸਰ ਜਨਮੇਜਾ ਸਿੰਘ ਜੌਹਲ ਅਨੁਸਾਰ 11 ਵੋਟਾਂ ਤਕਨੀਕੀ ਖਾਮੀ ਕਾਰਨ ਰੱਦ ਕੀਤੀਆਂ ਗਈਆਂ। ਬੀਬੀ ਗੁਰਚਰਨ ਕੌਰ ਕੋਚਰ ਬਿਨਾ ਮੁਕਾਬਲਾ ਪਹਿਲਾਂ ਹੀ ਮੀਤ ਪ੍ਰਧਾਨ ਚੁਣੇ ਜਾ ਚੁੱਕੇ ਹਨ।

ਇਸੇ ਦੌਰਾਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਾਬਕਾ ਪ੍ਰਧਾਨ ਅਨੂਪ ਵਿਰਕ, ਸ਼੍ਰੋਮਣੀ ਲੇਖਕ ਦਰਸ਼ਨ ਬੁੱਟਰ, ਮਨਮੋਹਨ ਦਾਊਂ, ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਗੁਰਭਜਨ ਸਿੰਘ ਗਿੱਲ ਅਤੇ ਸਾਬਕਾ ਜਨਰਲ ਸਕੱਤਰ ਪ੍ਰੋ: ਰਵਿੰਦਰ ਭੱਠਲ ਨੇ ਸੜਕਨਾਮਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਸ ਸ਼ਾਨਦਾਰ ਜਿੱਤ 'ਤੇ ਮੁਬਾਰਕਬਾਦ ਦਿੱਤੀ ।

## ਪਿੱਟਬੁਲ ਨਸਲ ਦੇ ਕੁੱਤਿਆਂ 'ਤੇ ਰੋਕ ਲਗਾਉਣ ਦੀ ਮੰਗ

ਵਿਨੀਪੈਗ(ਨਦਬ): ਵਿਨੀਪੈਗ ਦੇ ਜਾਨਵਰਾਂ ਦੀ ਸੇਵਾ ਸਬੰਧੀ ਏਜੰਸੀ ਦੇ ਮੁਖੀ ਪਿੱਟਬੁਲ ਨਸਲ ਦੇ ਕੁੱਤਿਆਂ 'ਤੇ ਲੱਗੀ ਪਾਬੰਦੀ ਨੂੰ ਹਟਾਉਣ ਦੀ ਹਮਾਇਤ ਨਹੀਂ ਕਰਦੇ ਹਨ। ਪਿਛਲੇ ਸਾਲ ਜਾਨਵਰਾਂ ਸਬੰਧੀ ਵਕੀਲ ਨੇ ਅਦਾਲਤ 'ਚ ਜਿਰ੍ਹਾ ਦੌਰਾਨ ਪਿੱਟਬੁਲ ਨਸਲ ਦੇ ਕੁੱਤਿਆਂ 'ਤੇ ਲੱਗੀ ਰੋਕ ਹਟਾਉਣ ਲਈ ਮੁੜ ਤੋਂ ਅਪੀਲ ਕੀਤੀ। ਉਸ ਦਾ ਤਰਕ ਸੀ ਕਿ ਕੁੱਤੇ ਰੱਖਣ ਵਾਲੇ ਮਾਲਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਨ੍ਹਾਂ ਨੇ ਕੁੱਤੇ ਨੂੰ ਕਿਵੇਂ ਰੱਖਣਾ ਜਾਂ ਆਪਣੇ ਕਾਬੂ 'ਚ ਰੱਖਣਾ ਹੈ। ਵਕੀਲ ਦਾ ਮੰਨਣਾ ਸੀ ਕਿ ਕੁੱਤਿਆਂ ਦੀ ਬਜਾਏ ਮਾਲਕ ਆਪਣੇ ਕੁੱਤਿਆਂ ਦੇ ਵਤੀਰੇ ਲਈ ਵਧੇਰੇ ਜ਼ਿੰਮੇਵਾਰ ਹੁੰਦੇ ਹਨ। ਜ਼ਿਕਰਯੋਗ ਹੈ ਕਿ 1990 'ਚ ਵਿਨੀਪੈਗ ਸਿਟੀ ਕੌਂਸਲ ਨੇ ਕੁੱਤਿਆਂ ਸਬੰਧੀ ਕਈ ਹਾਦਸੇ ਵਾਪਰਨ ਕਰਕੇ, ਜਿਨ੍ਹਾਂ 'ਚ ਜ਼ਿਆਦਾਤਰ ਪਿੱਟਬੁਲ ਸ਼ਾਮਲ ਸਨ, ਇਹ ਪਾਬੰਦੀ ਲਗਾਈ ਸੀ। ਐਨੀਮਲ ਏਜੰਸੀ ਦੇ ਮੁਖੀ ਲੀਲੈਂਡ ਗਾਰਡਨ ਦਾ ਕਹਿਣਾ ਹੈ ਕਿ ਇਸ ਨਸਲ ਦੇ ਕੁੱਤਿਆਂ 'ਤੋਂ ਰੋਕ ਹਟਾਉਣਾ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ ਪਹਿਲਾਂ ਤੋਂ ਹੀ ਐਨੇ ਕੁੱਤੇ ਹਨ ਕਿ ਸਾਡੇ ਲਈ ਉਨ੍ਹਾਂ ਵਾਸਤੇ ਨਵੇਂ ਘਰ ਲੱਭਣੇ ਬਹੁਤ ਮੁਸ਼ਕਲ ਹੋ ਜਾਂਦੇ ਹਨ।

## ਕਨੇਡਾ ਅਕਾਲੀ ਦਲ ਦੇ ਇੱਕ ਧੜੇ ਦੀਆਂ ਨਿਯੁਕਤੀਆਂ ਰੱਖੜਾ ਵਲੋਂ ਰੱਦ

ਟੋਰਾਂਟੋ (ਨਦਬ) : ਸ਼੍ਰੋਮਣੀ ਅਕਾਲੀ ਦਲ (ਬਾਦਲ) ਕਨੇਡਾ ਇਕਾਈ ਵੱਲੋਂ ਪਾਰਟੀ ਹਾਈ ਕਮਾਨ ਦਾ ਨਾਂਅ ਵਰਤ ਕੇ ਕੁੱਝ ਆਗੂਆਂ ਵੱਲੋਂ ਥੋਕ 'ਚ ਕੀਤੀਆਂ ਗਈਆਂ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਅਕਾਲੀ ਦਲ ਦੇ ਐਨ.ਆਰ.ਆਈ. ਵਿੰਗ ਦੇ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਵੱਲੋਂ ਰੱਦ ਕਰ ਦੇਣ ਨਾਲ ਜਿੱਥੇ ਇਸ ਦੀ ਚਰਚਾ ਸਥਾਨਕ ਪੰਜਾਬੀ ਮੀਡੀਆ 'ਚ ਹੋ ਰਹੀ ਹੈ, ਉਥੇ ਲੋਕਾਂ 'ਚ ਇਹ ਸਵਾਲ ਖੜਾ ਹੋ ਗਿਆ ਹੈ ਕਿ ਕਿਸ ਪਾਰਟੀ ਹਾਈ ਕਮਾਨ ਦੀ ਪ੍ਰਵਾਨਗੀ ਨਾਲ ਇਹ ਨਿਯੁਕਤੀਆਂ ਕੀਤੀਆਂ ਗਈਆਂ ਸਨ, ਜਿਨ੍ਹਾਂ ਨੂੰ ਕੁੱਝ ਘੰਟਿਆਂ ਬਾਅਦ ਹੀ ਰੱਦ ਕੀਤਾ ਗਿਆ।

ਬੀਤੇ ਦਿਨੀਂ ਕਨੇਡਾ ਯੂਥ ਅਕਾਲੀ ਦਲ ਦੇ ਨਵ ਨਿਯੁਕਤ ਪ੍ਰਧਾਨ ਬਿੱਟੂ ਸਹੋਤਾ ਦਾ ਸਨਮਾਨ ਕਰਨ ਮੌਕੇ ਵੱਖ-ਵੱਖ ਆਗੂਆਂ ਨੇ ਆਪਣੇ ਸੰਬੋਧਨ 'ਚ ਪਾਰਟੀ ਹਾਈ ਕਮਾਨ ਦੀ ਪ੍ਰਵਾਨਗੀ ਦਾ ਵਾਰ-ਵਾਰ ਹਵਾਲਾ ਦੇ ਕੇ ਸੀਰਨੀ ਵਾਂਗ ਯੂਥ ਵਿੰਗ ਤੇ ਅਕਾਲੀ ਦਲ ਦੀਆ ਅਹੁਦੇਦਾਰੀਆਂ ਵੰਡੀਆਂ ਤੇ ਇਸ ਸਬੰਧੀ ਖ਼ਬਰਾਂ ਨੂੰ ਮੀਡੀਆ ਤੇ ਸੋਸ਼ਲ ਸਾਈਟਾਂ 'ਤੇ ਪ੍ਰਚਾਰਿਆ ਗਿਆ, ਪਰ ਹੁਣ ਸੁਰਜੀਤ ਸਿੰਘ ਰੱਖੜਾ ਵੱਲੋਂ ਇਹ ਨਿਯੁਕਤੀਆਂ ਰੱਦ ਕਰਨ ਬਾਰੇ ਜਾਰੀ ਕੀਤੇ ਗਏ ਪੱਤਰ ਨੇ ਉਕਤ ਆਗੂਆਂ ਦੀ ਸਥਿਤੀ ਹਾਸੋਹੀਣੀ ਬਣਾ ਦਿੱਤੀ ਹੈ।

## ਸੁੱਤੇ ਵਿਅਕਤੀ 'ਤੇ ਰਿੱਛ ਨੇ ਹਮਲਾ ਕੀਤਾ

ਵਿਨੀਪੈਗ (ਨਦਬ): ਬੀਤੇ ਦਿਨੀਂ ਇਕ ਘਰ ਦੇ ਬਾਹਰ ਬਣੇ ਛੋਟੇ ਘਰ 'ਚ ਸੁੱਤੇ ਪਏ ਵਿਅਕਤੀ 'ਤੇ ਅਚਾਨਕ ਰਿੱਛ ਨੇ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਡਨਬਰ ਝੀਲ ਨੇੜੇ ਓਂਟਾਰੀਓ ਦੇ ਸਿਓਕਸ ਲੁਕਆਊਟ ਦੇ ਉੱਤਰ 'ਚ 60 ਕਿਲੋਮੀਟਰ ਦੀ ਦੂਰੀ 'ਤੇ ਕ੍ਰਾਊਨ ਲੈਂਡ ਵਿਖੇ ਕੈਂਪ ਸਾਈਟ 'ਤੇ 65 ਸਾਲਾ ਗਾਰਡਨ ਸੁਰਵਡੈਲ ਆਪਣੇ 63 ਸਾਲਾ ਦੋਸਤ ਨਾਲ ਗਿਆ ਸੀ। ਸਵੇਰੇ 6 ਵਜੇ ਅਚਾਨਕ ਰਿੱਛ ਨੇ ਹਮਲਾ ਕਰ ਦਿੱਤਾ। ਪੁਲੀਸ ਮੁਤਾਬਕ ਜਦੋਂ ਸੁਰਵੈਲ ਆਪਣੇ ਲੱਕੜ ਦੇ ਬਣੇ ਛੋਟੇ ਘਰ 'ਚ ਗਿਆ ਤਾਂ ਉਸ ਕੋਲੋਂ ਦਰਵਾਜ਼ਾ ਖੁੱਲ੍ਹਾ ਰਹਿ ਗਿਆ ਜਿਸ ਦੇ ਨਤੀਜੇ ਵਜੋਂ ਅਚਾਨਕ ਰਿੱਛ ਅੰਦਰ ਆ ਗਿਆ ਤੇ ਉਸ ਨੂੰ ਉਸ ਦੀ ਬਾਂਹ ਤੋਂ ਘੜੀਸਦਾ ਹੋਇਆ ਲੈ ਗਿਆ। ਰਿੱਛ ਨੇ ਉਸ 'ਤੇ ਹਮਲਾ ਕਰਦਿਆਂ ਉਸ ਦੀ ਗਰਦਨ ਤੇ ਸਿਰ ਦੇ ਪਿਛਲੇ ਹਿੱਸੇ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਰਿੱਛ ਨੇ ਉਸ ਦੀ ਬਾਂਹ ਨੂੰ ਵੀ ਪਾੜ ਦਿੱਤਾ। ਇਹ ਹਮਲਾ ਘੱਟੋ-ਘੱਟ ਇਕ ਮਿੰਟ ਤੱਕ ਚਲਿਆ ਤੇ ਏਨੇ ਨੂੰ ਸੁਰਵੈਲ ਦੇ ਮਿੱਤਰ ਅਲੈਗਜ਼ੈਂਡਰ ਨੇ ਆ ਕੇ ਰਿੱਛ 'ਤੇ ਗੋਲੀ ਚਲਾਈ ਤੇ ਰਿੱਛ ਨੂੰ ਮਾਰ ਦਿੱਤਾ। ਫੇਰ ਉਸ ਨੇ ਆਪਣੇ ਮਿੱਤਰ ਨੂੰ ਹਸਪਤਾਲ ਪਹੁੰਚਾ ਦਿੱਤਾ। ਸੁਰਵੈਲ ਦੇ ਪੁੱਤਰ ਦਾ ਕਹਿਣਾ ਹੈ ਕਿ ਉਹ ਇਕ ਭਿਆਨਕ ਮੰਜ਼ਰ ਸੀ ਜਿਸ 'ਚੋਂ ਉਸ ਦੇ ਪਿਤਾ ਨੂੰ ਉਨ੍ਹਾਂ ਦੇ ਮਿੱਤਰ ਨੇ ਬਚਾਇਆ ਸੀ। ਗੰਭੀਰ ਜ਼ਖ਼ਮੀ ਹੋਇਆ ਸੁਰਵੈਲ ਹੁਣ ਇਲਾਜ ਤੋਂ ਬਾਅਦ ਘਰ ਵਾਪਸ ਆ ਗਿਆ ਹੈ। ਪੁਲੀਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਵੀ ਲੋਕਾਂ ਤੋਂ ਰਿੱਛ ਬਾਰੇ ਫੋਨ ਆਏ ਸਨ ਪਰ ਕਿਉਂਕਿ ਇਹ ਜਾਨਵਰ ਹਮਲਾ ਨਹੀਂ ਕਰਦੇ ਇਸ ਕਰਕੇ ਉਹ ਹਰਕਤ 'ਚ ਨਹੀਂ ਆਏ ਸਨ।



# ਕੈਨੇਡਾ ਵੱਲੋਂ 'ਕਾਮਾਗਾਟਾਮਾਰੂ' ਲਈ ਮਾਫ਼ੀਓਂ ਇਨਕਾਰ

ਵੈਨਕੂਵਰ : 98 ਸਾਲ ਪਹਿਲਾਂ ਵੈਨਕੂਵਰ ਤੋਂ ਧੱਕੇ ਨਾਲ ਵਾਪਸ ਮੋੜੇ ਗਏ 'ਕਾਮਾਗਾਟਾਮਾਰੂ' ਸਮੁੰਦਰੀ ਜਹਾਜ਼ ਦੇ ਵਿਤਕਰੇ ਲਈ ਕੈਨੇਡਾ ਸਰਕਾਰ ਨੇ ਪਾਰਲੀਮੈਂਟ ਵਿਚ ਭਾਰਤੀ ਭਾਈਚਾਰੇ ਪਾਸੋਂ ਮਾਫ਼ੀ ਮੰਗਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਉਸ ਦੀ ਟੋਰੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ ਦੇ ਸਰੀ-ਵੈਨਕੂਵਰ ਤੇ ਪੰਜਾਬੀ ਸੰਸਦ ਮੈਂਬਰ ਜਗਬੀਰ ਸਿੰਘ ਸੰਧੂ ਦਾ ਉਹ ਮਤਾ ਰੱਦ ਕਰ ਦਿੱਤਾ, ਜਿਸ ਵਿਚ 'ਕਾਮਾਗਾਟਾਮਾਰੂ' ਦੁਖਾਂਤ ਲਈ ਪਾਰਲੀਮੈਂਟ ਵੱਲੋਂ ਮੁਆਫ਼ੀ ਮੰਗੇ ਜਾਣ ਦੀ ਤਜਵੀਜ਼ ਰੱਖੀ ਗਈ ਸੀ।





ਸੰਸਦ ਮੈਂਬਰ ਜਸਬੀਰ ਸਿੰਘ ਸੰਧੂ ਅਤੇ ਟਿਮ ਉਪਲ

ਸੰਧੂ ਵੱਲੋਂ ਰੱਖੇ ਮਤੇ ਵਿਚ ਕਿਹਾ ਗਿਆ ਸੀ ਕਿ ਜੇਕਰ ਸਰਕਾਰ ਚੀਨੀ ਮੂਲ ਦੇ ਲੋਕਾਂ ਉਪਰ ਸਦੀ ਪਹਿਲਾਂ ਲਗਾਏ ਹੈਡ ਟੈਕਸ ਲਈ ਪਾਰਲੀਮੈਂਟ ਵਿਚ ਮੁਆਫ਼ੀ ਮੰਗ ਸਕਦੀ ਹੈ ਤਾਂ ਫਿਰ ਭਾਰਤੀ ਭਾਈਚਾਰੇ ਤੋਂ 'ਕਾਮਾਗਾਟਾਮਾਰੂ' ਦੀ ਧੱਕੇਸ਼ਾਹੀ ਲਈ ਮੁਆਫ਼ੀ ਕਿਉਂ ਨਹੀਂ ਮੰਗੀ ਜਾ ਸਕਦੀ? ਇਸ ਮਤੇ ਨੂੰ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ ਦੇ ਸੰਸਦ ਮੈਂਬਰਾਂ ਤੋਂ ਇਲਾਵਾ ਲਿਬਰਲ ਪਾਰਟੀ ਦੇ ਆਗੂ ਬੌਬ ਚੇਅ ਦੀ ਹਮਾਇਤ ਵੀ ਹਾਸਲ ਸੀ, ਪਰ ਸਰਕਾਰੀ ਧਿਰ ਨੇ ਇਸ ਮਤੇ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਕੈਨੇਡਾ ਦੇ ਮੌਜੂਦਾ ਬਹੁ-ਸਭਿਆਚਾਰਕ ਢਾਂਚੇ ਅੰਦਰ ਹੁਣ ਅਜਿਹੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਮੁੱਦੇ ਨੂੰ ਲੈ ਕੇ ਪਾਰਲੀਮੈਂਟ ਅੰਦਰ ਹੋਈ ਬਹਿਸ ਦਾ ਦਿਲਚਸਪ ਪਹਿਲੂ ਇਹ ਸੀ ਕਿ ਸੰਸਦ ਵਿਚ ਪੰਜਾਬੀ ਸੰਸਦ ਮੈਂਬਰ ਆਪਸ ਵਿਚ ਉਲਝ ਪਏ।

ਨਿਊ ਡੈਮੋਕਰੈਟਿਕ ਪਾਰਟੀ ਦੇ ਸਰੀ ਤੋਂ ਸੰਸਦ ਮੈਂਬਰ ਜਸਬੀਰ ਸਿੰਘ ਸੰਧੂ ਅਤੇ ਜੋਗਿੰਦਰ ਕੌਰ 'ਜਿੰਨੀ' ਸਿਮਸ ਜਿਥੇ ਸਰਕਾਰ ਉਪਰ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਉਂਦੇ ਰਹੇ, ਉਥੇ ਸੰਵਿਧਾਨਕ ਮਾਮਲਿਆਂ ਦੇ ਰਾਜ ਮੰਤਰੀ ਤੇ ਟੋਰੀ ਸੰਸਦ ਮੈਂਬਰ ਟਿਮ ਉਪਲ ਸਰਕਾਰੀ ਧਿਰ ਦੇ ਸਟੈਂਡ ਦੀ ਪ੍ਰੋੜਤਾ ਕਰਦੇ ਰਹੇ।

23 ਮਈ, 1914 ਨੂੰ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿਚ 376 ਮੁਸਾਫਰਾਂ ਨੂੰ ਲੈ ਕੇ ਵੈਨਕੂਵਰ ਪਹੁੰਚੇ 'ਕਾਮਾਗਾਟਾਮਾਰੂ' ਜਹਾਜ਼ ਨੂੰ ਉਸ ਸਮੇਂ ਦੀ ਸਰਕਾਰ ਨੇ ਬੰਦਰਗਾਹ ਨੇੜੇ ਢੁਕਣ ਨਹੀਂ ਦਿੱਤਾ ਸੀ ਅਤੇ ਤਾਕਤ ਦੇ ਜ਼ੋਰ ਨਾਲ 23 ਜੁਲਾਈ 1914 ਨੂੰ ਵਾਪਸ ਮੋੜ ਦਿੱਤਾ ਸੀ। ਕੇਵਲ 20 ਮੁਸਾਫਰਾਂ ਨੂੰ ਹੀ ਵੈਨਕੂਵਰ ਉਤਰਨ ਦਿੱਤਾ ਗਿਆ ਸੀ। ਚੀਨੀਆਂ ਉਪਰ ਲਗਾਏ 'ਹੈਡ ਟੈਕਸ' ਪਿੱਛੋਂ ਇਹ ਭਾਰਤੀ ਲੋਕਾਂ ਨਾਲ ਟੋਰੀ ਸਰਕਾਰ ਵੱਲੋਂ ਕੀਤੀ ਗਈ ਨਸਲੀ ਵਿਤਕਰੇ ਦੀ ਵੱਡੀ ਘਟਨਾ ਸੀ।

ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਸੇ ਸਾਲ ਸਰੀ ਵਿਖੇ 'ਗਦਰੀ ਬਾਬਿਆਂ ਦੇ ਮੇਲੇ' ਵਿਚ ਕਾਮਾਗਾਟਾਮਾਰੂ ਲਈ ਜਨਤਕ ਤੌਰ 'ਤੇ ਗਲਤੀ ਸਵੀਕਾਰ ਲਈ ਸੀ, ਪਰ ਸਰਕਾਰ ਅੱਜ ਤੱਕ ਪਾਰਲੀਮੈਂਟ 'ਚ ਮੁਆਫ਼ੀ ਮੰਗਣ ਲਈ ਤਿਆਰ ਨਹੀਂ। ਹਾਲਾਂਕਿ ਪਾਰਲੀਮੈਂਟ 'ਚ ਕਾਮਾਗਾਟਾਮਾਰੂ ਦਾ ਮੁੱਦਾ ਸਭ ਤੋਂ ਪਹਿਲਾਂ ਟੋਰੀ ਸੰਸਦ ਮੈਂਬਰ ਗੁਰਮੰਤ ਗਰੇਵਾਲ ਨੇ ਉਠਾਇਆ।

ਨਸਲੀ ਵਿਤਕਰੇ ਦੇ ਇਸ ਵਰਤਾਰੇ ਲਈ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚਾਰ ਸਾਲ ਪਹਿਲਾਂ ਮੁਆਫ਼ੀ ਮੰਗ ਚੁੱਕੀ ਹੈ, ਪਰ ਕੇਂਦਰ ਸਰਕਾਰ ਇਸ ਗਲਤੀ ਨੂੰ ਪਾਰਲੀਮੈਂਟ ਵਿਚ ਸਵੀਕਾਰ ਕਰਨ ਲਈ ਤਿਆਰ ਨਹੀਂ, ਹਾਲਾਂਕਿ ਸਰਕਾਰ ਨੇ 'ਕਾਮਾਗਾਟਾਮਾਰੂ' ਅਜਾਇਬ ਘਰ ਅਤੇ ਯਾਦਗਾਰ ਲਈ ਸਾਢੇ 12 ਕਰੋੜ ਰੁਪਏ ਦੀ ਗਰਾਂਟ ਵੀ ਜਾਰੀ ਕੀਤੀ ਹੈ।

## ਐਨ.ਡੀ.ਪੀ ਵਿਚ ਫੈਲੀ ਨਿਰਾਸ਼ਾ

ਕਾਮਾਗਾਟਾਮਾਰੂ ਤ੍ਰਾਸਦੀ ਲਈ ਕੰਜ਼ਰਵੇਟਿਵਾਂ ਵੱਲੋਂ ਮੁਆਫ਼ੀ ਮੰਗੇ ਜਾਣ ਤੋਂ ਇਨਕਾਰ ਕੀਤੇ ਜਾਣ ਨਾਲ ਕੈਨੇਡਾ ਦੀ ਪਾਰਲੀਮੈਂਟ ਵਿਚ ਮੁੱਖ ਵਿਰੋਧੀ ਧਿਰ ਐਨ.ਡੀ.ਪੀ ਵਿਚਲੇ ਖੇਮੇ ਤੋਂ ਇਲਾਵਾ ਸਾਊਥ ਏਸ਼ੀਅਨ ਭਾਈਚਾਰੇ ਵਿਚ ਵੀ ਨਿਰਾਸ਼ਾ ਪਾਈ ਜਾ ਰਹੀ ਹੈ। ਇਹ ਬੜੇ ਹੀ ਅਫਸੋਸ ਵਾਲੀ ਗੱਲ ਹੈ ਕਿ ਸਾਊਥ ਏਸ਼ੀਅਨ ਭਾਈਚਾਰੇ ਵੱਲੋਂ ਕੀਤੀ ਬੇਨਤੀ ਨੂੰ ਕੰਜ਼ਰਵੇਟਿਵਾਂ ਨੇ ਠੁਕਰਾ ਦਿੱਤਾ ਅਤੇ ਇਹ ਬਿਲ 118 ਵੋਟਾਂ ਦੇ ਮੁਕਾਬਲੇ ਵਿਰੋਧ ਵਿਚ ਪਈਆਂ 147 ਵੋਟਾਂ ਕਾਰਨ ਪਾਸ ਨਾ ਹੋ ਸਕਿਆ। ਜਾਣਕਾਰੀ ਅਨੁਸਾਰ ਇਸ ਬਿੱਲ ਦੇ ਵਿਰੋਧ ਵਿਚ ਵੋਟ ਪਾਉਣ ਵਾਲਿਆਂ ਵਿਚ ਪੰਜਾਬੀ ਪਾਈਚਾਰੇ ਨਾਲ ਸਬੰਧਤ ਬੱਲ ਗੋਸਲ, ਦੀਪਕ ਓਬਰਾਏ, ਦਵਿੰਦਰ ਸ਼ੋਰੀ, ਪਰਮ ਗਿੱਲ ਅਤੇ ਟਿੱਪ ਉਪਲ ਆਦਿ ਸ਼ਾਮਲ ਸਨ। ਐਨ.ਡੀ.ਪੀ ਨੂੰ ਆਸ ਸੀ ਕਿ ਕੰਜ਼ਰਵੇਟਿਵ ਸਹੀ ਸਮਾਂ ਆਉਣ ਉਤੇ ਸਹੀ ਕਦਮ ਚੁੱਕਣਗੇ, ਪਰ ਅਜਿਹਾ ਹੋ ਨਹੀਂ ਸਕਿਆ। ਸਾਰੇ ਹੀ ਚਾਹੁੰਦੇ ਸਨ ਕਿ ਕੈਨੇਡੀਅਨ ਇਤਿਹਾਸ ਦੇ ਇਸ ਕਾਲੇ ਪੰਨੇ ਨੂੰ ਬੰਦ ਕਰ ਦਿੱਤਾ ਜਾਵੇ। ਇਸ ਦਾ ਇਕ ਰਾਹ ਇਹ ਹੈ ਕਿ ਇਸ ਤ੍ਰਾਸਦੀ ਨੂੰ ਪਛਾਣਦਿਆਂ ਕੰਜ਼ਰਵੇਟਿਵ ਹਾਊਸ ਆਫ਼ ਕਾਮਨਜ਼ ਵਿਚ ਮੁਆਫ਼ੀ ਮੰਗ ਲੈਣ ਤੇ ਇਸ ਨਾਲ ਸਾਊਥ ਏਸ਼ੀਅਨ ਭਾਈਚਾਰੇ ਦੇ ਜ਼ਖ਼ਮਾਂ ਉਤੇ ਵੀ ਮੱਲ੍ਹਮ ਲੱਗ ਜਾਵੇਗੀ।

# ਕਨੇਡਾ 'ਚ ਤੇਜ਼ੀ ਨਾਲ ਵਧ ਰਹੀ ਹੈ ਬਿਮਾਰ ਬਜ਼ੁਰਗਾਂ ਦੀ ਗਿਣਤੀ

ਔਟਵਾ (ਨਦਬ) : ਪਹਿਲਾਂ ਵੀ ਕਈ ਵਾਰ ਇਹ ਦੱਸਿਆ ਜਾ ਚੁੱਕਾ ਹੈ ਕਿ ਕਨੇਡਾ ਵਿੱਚ ਬਜ਼ੁਰਗਾਂ ਦੀ ਗਿਣਤੀ ਹੁਣ ਤੇਜ਼ੀ ਨਾਲ ਵਧਦੀ ਚਲੀ ਜਾ ਰਹੀ ਹੈ। ਸਾਲ 2011 'ਚ ਹੋਈ ਮਰਦਮਸ਼ੁਮਾਰੀ ਦੇ ਅੰਕੜਿਆਂ ਅਤੇ ਹਾਊਸ ਆਫ਼ ਕਾਮਨਜ਼ ਦੀ ਸਿਹਤ ਮਾਮਲਿਆਂ ਬਾਰੇ ਕਮੇਟੀ ਦੀ ਰਿਪੋਰਟ ਮੁਤਾਬਕ 1900ਵਿਆਂ ਦੇ ਮੁਕਾਬਲੇ ਹੁਣ ਕੈਨੇਡੀਅਨਾਂ ਦੀ ਉਮਰ ਵਿੱਚ 30 ਤੋਂ ਵੀ ਵੱਧ ਸਾਲ ਦਾ ਵਾਧਾ ਹੋ ਚੁੱਕਾ ਹੈ। ਹੁਣ ਕਨੇਡਾ ਵਿੱਚ ਇੱਕ ਮਰਦ ਦੀ ਔਸਤ ਉਮਰ 78 ਸਾਲ ਅਤੇ ਔਰਤ ਦੀ 83 ਵਰ੍ਹੇ ਹੈ। 1996 ਤੱਕ ਤਾਂ ਬਜ਼ੁਰਗਾਂ ਦੀ ਸਿਹਤ ਚੰਗੀ ਹੁੰਦੀ ਸੀ ਪਰ ਉਸ ਤੋਂ ਬਾਅਦ ਸਿਹਤ ਵਿੱਚ ਕੁੱਝ ਵਿਗਾੜ ਆਉਂਦੇ ਵਿਖਾਈ ਦਿੱਤੇ ਹਨ। ਸਾਲ 2031 ਤੱਕ 22.8 ਫ਼ੀ ਸਦੀ ਆਬਾਦੀ 65 ਸਾਲ ਜਾਂ ਉਸ ਤੋਂ ਵੱਧ ਉਮਰ ਦੀ ਹੋ ਜਾਵੇਗੀ। ਬਹੁ-ਗਿਣਤੀ ਬਜ਼ੁਰਗਾਂ ਨੂੰ ਕੋਈ ਨਾ ਕੋਈ ਪੁਰਾਣਾ ਜ਼ਰੂਰ ਹੈ। ਚਾਰ ਵਿਚੋਂ ਦੋ ਜਾਂ ਇਸ ਤੋਂ ਵੀ ਵੱਧ ਬਜ਼ੁਰਗ ਕਿਸੇ ਨਾ ਕਿਸੇ ਪੁਰਾਣੀ ਬੀਮਾਰੀ ਦੇ ਸ਼ਿਕਾਰ ਜ਼ਰੂਰ ਹਨ। ਸ਼ੂਗਰ ਰੋਗ, ਪੁਰਾਣੇ ਦਰਦ, ਹੱਡੀਆਂ ਨਾਲ ਸਬੰਧਤ ਰੋਗ ਅਤੇ ਕੁੱਝ ਕੈਂਸਰ ਰੋਗ ਬਹੁਤ ਜ਼ਿਆਦਾ ਵਧਦੇ ਵੇਖੇ ਜਾ ਰਹੇ ਹਨ। 5 ਲੱਖ ਬਜ਼ੁਰਗ ਤਾਂ ਯਾਦ ਸ਼ਕਤੀ ਖ਼ਤਮ ਹੋਣ ਦੇ ਰੋਗ ਨਾਲ ਜੂਝ ਰਹੇ ਹਨ ਅਤੇ ਉਨ੍ਹਾਂ ਦੀ ਗਿਣਤੀ ਸਾਲ 2038 ਤੱਕ ਵਧ ਕੇ 10 ਲੱਖ ਹੋਣ ਦੀ ਸੰਭਾਵਨਾ ਹੈ। 60 ਸਾਲ ਤੋਂ ਵੱਧ ਦੀ ਉਮਰ ਦੇ ਵਿਅਕਤੀਆਂ ਵਿਚੋਂ 80 ਫ਼ੀ ਸਦੀ ਨੂੰ ਫੇਫੜਿਆਂ ਦਾ ਕੈਂਸਰ ਰੋਗ ਹੈ ਅਤੇ 65 ਤੋਂ 75 ਸਾਲ ਦੀ ਉਮਰ ਦੇ ਵਿਚਕਾਰਲਿਆਂ ਨੂੰ ਦਮਾ ਰੋਗ ਵੀ ਹੈ। ਹੁਣ ਸਮੁੱਚੇ ਪੱਛਮੀ ਦੇਸ਼ਾਂ ਵਿੱਚ ਹੀ ਬਜ਼ੁਰਗਾਂ ਦਾ ਇੱਕ ਹੜ੍ਹ ਜਿਹਾ ਆਉਣ ਵਾਲਾ ਹੈ। ਸਾਲ 2011 ਦੀ ਮਰਦਮਸ਼ੁਮਾਰੀ ਮੁਤਾਬਕ ਕੈਨੇਡਾ ਵਿੱਚ 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਗਿਣਤੀ 49 ਲੱਖ 45 ਹਜ਼ਾਰ 60 ਹੈ। ਸਾਲ 2006 ਦੀ ਮਰਦਮਸ਼ੁਮਾਰੀ ਦੇ ਮੁਕਾਬਲੇ ਇਹ 14 ਫ਼ੀ ਸਦੀ ਵਾਧਾ ਹੈ। ਐਟਲਾਂਟਿਕ ਕਨੇਡਾ ਅਤੇ ਕਿਊਬਕ 'ਚ ਬਜ਼ੁਰਗਾਂ ਦੀ ਗਿਣਤੀ ਉਂਝ ਭਾਵੇਂ ਜ਼ਿਆਦਾ ਹੈ ਪਰ ਪੱਛਮੀ ਕੈਨੇਡਾ 'ਚ ਸਭ ਤੋਂ ਵੱਧ ਤੇਜ਼ੀ ਨਾਲ ਬਜ਼ੁਰਗ ਬ੍ਰਿਟਿਸ਼ ਕੋਲੰਬੀਆ 'ਚ ਵਧ ਰਹੇ ਹਨ। ਇਸ ਸੂਬੇ ਦੀਆਂ 10 ਨਗਰ ਪਾਲਿਕਾਵਾਂ ਵਿਚੋਂ 7 ਵਿੱਚ ਬਜ਼ੁਰਗਾਂ ਦੀ ਗਿਣਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਕੁਆਲੀਕਲਮ ਬੀਚ ਵਿਖੇ ਬਜ਼ੁਰਗਾਂ ਦੀ ਗਿਣਤੀ 47.2 ਫ਼ੀ ਸਦੀ ਹੈ ਭਾਵ ਹਰੇਕ ਦੋ ਵਿਅਕਤੀਆਂ ਵਿਚੋਂ ਇੱਕ ਵਿਅਕਤੀ ਬਜ਼ੁਰਗ ਹੈ। ਇੰਨੇ ਬਜ਼ੁਰਗ ਕਨੇਡਾ ਦੇ ਕਿਸੇ ਵੀ ਹੋਰ ਨਗਰ ਪਾਲਿਕਾ ਖੇਤਰ 'ਚ ਨਹੀਂ ਰਹਿ ਰਹੇ। ਪਾਰਕਸਵਿਲੇ 'ਚ ਇਹ ਗਿਣਤੀ 37.1 ਫ਼ੀ ਸਦੀ, ਸਿਡਨੀ 'ਚ 36.9 ਫ਼ੀ ਸਦੀ ਹੈ; ਇਸੇ ਤਰ੍ਹਾਂ ਕ੍ਰੈਸਟਨ, ਨਨਾਇਮੋ ਤੇ ਵ੍ਹਾਈਟ ਰੌਕ ਜਿਹੇ ਸ਼ਹਿਰ ਵੀ ਬ੍ਰਿਟਿਸ਼ ਕੋਲੰਬੀਆ ਦੇ ਪਹਿਲੇ 10 ਅਜਿਹੇ ਸ਼ਹਿਰਾਂ ਵਿੱਚ ਹਨ, ਜਿੱਥੇ 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਪੱਛਮੀ ਕਨੇਡਾ ਦੇ ਇਸ ਸੂਬੇ ਵਿੱਚ ਬਜ਼ੁਰਗਾਂ ਦੀ ਗਿਣਤੀ 15.7 ਫ਼ੀ ਸਦੀ ਹੈ, ਜੋ ਕਿ ਸਾਲ 2011 ਦੀ ਰਾਸ਼ਟਰੀ ਔਸਤ 14.8 ਫ਼ੀ ਸਦੀ ਤੋਂ ਵੱਧ ਹੈ। ਉਂਝ ਇਹ ਗਿਣਤੀ ਕਿਊਬਕ ਸੂਬੇ ਤੋਂ ਘੱਟ ਹੈ। ਸਟੈਟਿਸਟਿਕਸ ਕਨੇਡਾ ਦੇ ਅਧਿਕਾਰੀਆਂ ਅਨੁਸਾਰ ਜੀ-8 ਸਮੂਹ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਕਨੇਡਾ ਵਿੱਚ 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗਾਂ ਦੀ ਗਿਣਤੀ ਸਭ ਤੋਂ ਘੱਟ ਹੈ।

# ਤੇਜ਼ ਰਫ਼ਤਾਰ ਬੱਸ ਸੇਵਾ ਕਰਕੇ ਲੋਕਾਂ ਦੇ ਘਰ ਕੰਬੇ

ਵਿਨੀਪੈਗ (ਨਦਬ): ਨਵੀਂਆਂ ਤੇਜ਼ ਰਫ਼ਤਾਰ ਆਵਾਜਾਈ ਬੱਸ ਸੇਵਾਵਾਂ ਸ਼ੁਰੂ ਹੋਣ ਨਾਲ ਟਾਮ ਹਾਇਨਸ ਅਤੇ ਜਿਮ ਸਪੈਲਮੈਨ ਦੀਆਂ ਰਾਤਾਂ ਦੀ ਨੀਂਦ ਹੀ ਜਿਵੇਂ ਉੱਡ ਗਈ ਹੈ। ਜਦੋਂ ਇਹ ਤੇਜ਼ ਰਫ਼ਤਾਰ ਬੱਸਾਂ ਉਨ੍ਹਾਂ ਦੇ ਘਰਾਂ ਦੇ ਲਾਗਿਓਂ ਨਿਕਲਦੀਆਂ ਹਨ ਤਾਂ ਉਨ੍ਹਾਂ ਦੇ ਮਕਾਨ ਬੁਰੀ ਤਰ੍ਹਾਂ ਕੰਬਣੇ ਸ਼ੁਰੂ ਹੋ ਜਾਂਦੇ ਹਨ। ਭਾਵੇਂ ਇਹ ਲੋਕ ਇਸ ਬੱਸ ਸੇਵਾ ਦੇ ਹੱਕ 'ਚ ਹਨ ਪਰ ਇਸ ਨਾਲ ਉਹ ਥਿਰਕ ਜ਼ਰੂਰ ਗਏ ਹਨ। ਹਾਇਨਸ ਦਾ ਕਹਿਣਾ ਹੈ ਕਿ ਜਦੋਂ ਤੋਂ ਇਹ ਬੱਸ ਸੇਵਾ ਸ਼ੁਰੂ ਹੋਈ ਹੈ, ਉਦੋਂ ਤੋਂ ਜੁਬਲੀ ਅਵੈਨਿਊ ਵਿਖੇ ਉਸ ਦੇ ਘਰ ਦੇ ਲਾਗੋਂ ਹਰ ਘੰਟੇ ਲੰਘਦੀਆਂ ਬੱਸਾਂ ਨਾਲ ਉਸ ਦਾ 90 ਸਾਲ ਪੁਰਾਣਾ ਘਰ ਹਿਲਣ ਲੱਗ ਪੈਂਦਾ ਹੈ। ਉਸ ਨੇ ਅੱਗੇ ਕਿਹਾ ਕਿ ਘਰ ਏਨੀ ਬੁਰੀ ਤਰ੍ਹਾਂ ਹਿੱਲ ਜਾਂਦਾ ਹੈ ਕਿ ਉਸ ਨੂੰ ਹੁਣ ਆਪਣੀਆਂ ਦੀਵਾਰਾਂ ਤੋਂ ਲੱਗੀਆਂ ਫੋਟੋਆਂ ਨੂੰ ਲਾਹੁਣਾ ਪਿਆ ਹੈ। ਜਦੋਂ ਉਹ ਉਪਰਲੀ ਮੰਜ਼ਿਲ 'ਤੇ ਜਾਂਦੇ ਹਨ ਤਾਂ ਇਹ ਕੰਬਣੀ ਜ਼ਿਆਦਾ ਮਹਿਸੂਸ ਹੁੰਦੀ ਹੈ। ਸਿਰਫ਼ ਉਹ ਹੀ ਨਹੀਂ ਹੈ ਜੋ ਇਸ ਸੱਮਸਿਆ ਨਾਲ ਜੂਝ ਰਹੇ ਹਨ। ਉਨ੍ਹਾਂ ਦੇ ਗੁਆਂਢ 'ਚ ਰਹਿੰਦੇ ਜਿਮ ਸਪੈਲਮੈਨ ਦਾ ਵੀ ਇਹੀ ਹਾਲ ਹੈ। ਜਦੋਂ ਵੀ ਘਰ ਦੇ ਲਾਗਿਓਂ ਯਾਤਰੀਆਂ ਨਾਲ ਭਰੀ ਹੋਈ ਬੱਸ ਲੰਘਦੀ ਹੈ ਤਾਂ ਉਨ੍ਹਾਂ ਦੇ ਦਫ਼ਤਰ ਦੀਆਂ ਸ਼ੈਲਫਾਂ ਤੋਂ ਸਾਮਾਨ ਡਿੱਗਣਾ ਸ਼ੁਰੂ ਹੋ ਜਾਂਦਾ ਹੈ। ਸਵੇਰੇ ਵੇਲੇ ਤਾਂ ਬਹੁਤ ਜ਼ਿਆਦਾ ਪ੍ਰੇਸ਼ਾਨੀ ਹੁੰਦੀ ਹੈ, ਕਿਉਂਕਿ ਉਸ ਵੇਲੇ ਜ਼ਿਆਦਾ ਲੋਕੀਂ ਆਪਣੇ ਕੰਮਾਂ ਕਾਰਾਂ ਲਈ ਜਾਂਦੇ ਹਨ। ਭਾਵੇਂ ਇਹ ਹਾਲਾਤ ਹਮੇਸ਼ਾ ਨਹੀਂ ਰਹਿਣੇ ਪਰ ਜਦੋਂ ਤੱਕ ਪੈਮਬਿਨਾ ਹਾਈਵੇ 'ਤੇ ਇਹ ਬੱਸ ਸੇਵਾ ਸਥਾਈ ਰੂਪ 'ਚ ਸ਼ੁਰੂ ਨਹੀਂ ਹੋ ਜਾਂਦੀ ਉਦੋਂ ਤਕ ਇਹ ਸਭ ਝਲਣਾ ਪਵੇਗਾ। ਹਾਇਨਸ ਤੇ ਸਪੈਲਮੈਨ ਨੂੰ ਖ਼ਦਸਾ ਹੈ ਕਿ ਰੋਜ਼ਾਨਾ ਦੇ ਇਨ੍ਹਾਂ ਝਟਕਿਆਂ ਨਾਲ ਉਨ੍ਹਾਂ ਦੇ ਘਰਾਂ ਦਾ ਕੀ ਬਣੇਗਾ, ਇਹ ਰਬ ਹੀ ਜਾਣਦਾ ਹੈ। ਉਨ੍ਹਾਂ ਨੇ ਇਸ ਸਬੰਧੀ ਅਧਿਕਾਰੀਆਂ ਨਾਲ ਵੀ ਸੰਪਰਕ ਕੀਤਾ। ਉਨ੍ਹਾਂ ਦੀ ਸ਼ਿਕਾਇਤ ਨੂੰ ਦੂਰ ਕਰਨ ਲਈ ਸ਼ਹਿਰ ਦੇ ਇੰਜਨੀਅਰ ਭੇਜ ਦਿੱਤੇ ਗਏ, ਜਿਨ੍ਹਾਂ ਨੇ ਉਨ੍ਹਾਂ ਦੇ ਘਰ ਦੇ ਨੇੜੇ ਬਣੇ ਗਟਰ ਦੇ ਆਲੇ ਦੁਆਲਿਓਂ ਮਿੱਟੀ ਜਿਹੀ ਪੁੱਟ ਦਿੱਤੀ। ਉਨ੍ਹਾਂ ਦਾ ਮੰਨਣਾ ਸੀ ਕਿ ਗਟਰ ਦੇ ਲਾਗਿਓਂ ਬੱਸਾਂ ਦੇ ਲੰਘਣ ਕਰਕੇ ਇਹ ਝਟਕੇ ਲੱਗਦੇ ਹਨ। ਪਰ ਹਾਇਨਸ ਨੂੰ ਇਸ ਨਾਲ ਕੋਈ ਫ਼ਰਕ ਮਹਿਸੂਸ ਨਹੀਂ ਜਾਪਿਆ। ਉਨ੍ਹਾਂ ਨੇ ਇਸ ਦੇ ਹੱਲ ਵਜੋਂ ਇਹ ਸੁਝਾਅ ਦਿੱਤਾ ਹੈ ਕਿ ਜਦੋਂ ਬੱਸਾਂ ਪੈਮਬਿਨਾਂ ਤੋਂ ਸੱਜੇ ਮੁੜਕੇ ਜੂਬਲੀ ਵਿਖੇ ਆਉਂਦੀਆਂ ਹਨ ਤਾਂ ਉਨ੍ਹਾਂ ਦੀ ਰਫ਼ਤਾਰ ਨੂੰ ਘੱਟ ਕਰ ਦੇਣਾ ਚਾਹੀਦਾ ਹੈ। ਹਾਇਨਸ ਤੇ ਸਪੈਲਮੈਨ ਦਾ ਮੰਨਣਾ ਹੈ ਕਿ ਸ਼ਹਿਰ ਨੂੰ ਉਨ੍ਹਾਂ ਦੀ ਇਸ ਸੱਮਸਿਆ ਨਾਲ ਜ਼ਰੂਰ ਇਤਫ਼ਾਕ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਇਸ ਯੋਜਨਾ 'ਤੇ ਕੰਮ ਚਲ ਰਿਹਾ ਸੀ ਤਾਂ ਇਸ ਦੇ ਪ੍ਰਭਾਵਾਂ ਬਾਰੇ ਕਿਉਂ ਨਹੀਂ ਸੋਚਿਆ ਗਿਆ? ਜੇਕਰ ਸਾਨੂੰ ਇਸ ਨਾਲ ਆਸ ਪਾਸ ਦੀਆਂ ਇਮਾਰਤਾਂ 'ਤੇ ਪ੍ਰਭਾਵ ਪੈਂਦਾ ਹੈ ਤਾਂ ਕੀ ਅਸੀਂ ਲੋਕ ਇਸ ਸੇਵਾ ਨੂੰ ਖੁੱਲ੍ਹ ਕੇ ਵਰਤ ਸਕਦੇ ਹਾਂ? ਜਾਂ ਫੇਰ ਪ੍ਰਸ਼ਾਸਨ ਕੋਈ ਨੁਕਸਾਨ ਹੋਣ 'ਤੇ ਸਿਰਫ਼ ਮੁਆਫ਼ੀ ਮੰਗ ਕੇ ਆਪਣਾ ਪੱਲਾ ਝਾੜ ਲਵੇਗਾ?

# ਅਮਰੀਕੀ ਕਾਂਗਰਸ ਨੇ ਗਰਭਪਾਤ ਬਿੱਲ ਨੂੰ ਕੀਤਾ ਖਾਰਜ

ਵਾਸ਼ਿੰਗਟਨ (ਨਦਬ) ਭਰੂਣ ਦੇ ਲਿੰਗ ਦੇ ਆਧਾਰ ਉਤੇ ਗਰਭਪਾਤ ਨੂੰ ਰੋਕਣ ਲਈ ਅਮਰੀਕੀ ਕਾਂਗਰਸ (ਸੰਸਦ) ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਵਿੱਚ ਪੇਸ਼ ਬਿੱਲ ਪਾਸ ਨਹੀਂ ਹੋ ਸਕਿਆ। ਸਦਨ ਨੇ ਇਸ ਬਿੱਲ ਨੂੰ 246-168 ਵੋਟਾਂ ਦੇ ਵੱਡੇ ਫਰਕ ਨਾਲ ਰੱਦ ਕਰ ਦਿੱਤਾ ਹੈ। ਇਸ ਬਿੱਲ ਵਿੱਚ ਬੱਚੇ ਦਾ ਲਿੰਗ ਪਤਾ ਲਾਉਣ ਤੋਂ ਬਾਅਦ ਲਿੰਗ ਆਧਾਰਤ ਗਰਭਪਾਤ ਕਰਨ ਵਾਲੇ ਡਾਕਟਰਾਂ ਨੂੰ ਜੁਰਮਾਨੇ ਤੇ ਕੈਦ ਕਰਨ ਦਾ ਪ੍ਰਬੰਧ ਸੀ। ਪੇਰੈਂਟਲ ਨਾਨ ਡਿਸਕ੍ਰਿਮੀਨੇਸ਼ਨ ਐਕਟ (ਪ੍ਰੇਨਡਾ) ਦਾ ਮਨੁੱਖੀ ਅਧਿਕਾਰਾਂ ਅਤੇ ਔਰਤਾਂ ਸਬੰਧੀ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਸੀ। ਵ੍ਹਾਈਟ ਹਾਊਸ ਨੇ ਵੀ ਬਿੱਲ ਦਾ ਵਿਰੋਧ ਕੀਤਾ ਸੀ। ਦੂਜੇ ਪਾਸੇ ਬਿੱਲ ਦੇ ਹਮਾਇਤਿਆਂ ਦਾ ਕਹਿਣਾ ਸੀ ਕਿ ਏਸ਼ੀਆ ਖਾਸਕਰ ਚੀਨ ਅਤੇ ਭਾਰਤ ਨਾਲ ਸਬੰਧਤ ਪਰਵਾਸੀ ਲਿੰਗ ਆਧਾਰਤ ਗਰਭਪਾਤ (ਦੂਜੇ ਸ਼ਬਦਾਂ ਵਿੱਚ ਮਾਦਾ ਭਰੂਣ ਹੱਤਿਆ) ਕਰਾਉਂਦੇ ਹਨ, ਜਿਸ ਨੂੰ ਰੋਕਣ ਦੀ ਲੋੜ ਹੈ। ਵ੍ਹਾਈਟ ਹਾਊਸ ਦੇ ਤਰਜਮਾਨ ਜੇਅ ਕਾਰਨੀ ਨੇ ਕਿਹਾ, ''ਪ੍ਰਸ਼ਾਸਨ ਹਰ ਤਰ੍ਹਾਂ ਦੇ ਲਿੰਗ ਭਿੰਨ ਭੇਦ ਦਾ ਵਿਰੋਧ ਕਰਦਾ ਹੈ, ਪਰ ਇਸ ਕਾਨੂੰਨ ਦਾ ਸਿੱਟਾ ਇਹ ਨਿਕਲੇਗਾ ਕਿ ਜੇ ਡਾਕਟਰ ਗਰਭਪਾਤ ਦੇ ਅਸਲ ਮਕਸਦ ਨੂੰ ਨਹੀਂ ਜਾਣ ਸਕੇਗਾ ਤਾਂ ਉਹ ਖਾਹਮਖਾਹ ਕਾਨੂੰਨੀ ਸ਼ਿਕੰਜੇ ਵਿੱਚ ਫਸ ਜਾਵੇਗਾ।'' ਦੂਜੇ ਪਾਸੇ ਬਿੱਲ ਪੇਸ਼ ਕਰਨ ਵਾਲੇ ਕਾਂਗਰਸਮੈਨ ਟਰੈਂਟ ਫਰੈਂਕ ਨੇ ਕਿਹਾ ਬਹੁਤ ਸਾਰੀਆਂ ਅਜਿਹੀਆਂ ਰਿਪੋਰਟਾਂ ਤੇ ਖੋਜ ਪੱਤਰ ਸਾਹਮਣੇ ਆ ਚੁੱਕੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਵਿੱਚ ਲਿੰਗ ਆਧਾਰਤ ਗਰਭਪਾਤਾਂ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ, ਜੋ ਹੋਰ ਭਾਈਚਾਰਿਆਂ ਦੇ ਨਾਲ-ਨਾਲ ਏਸ਼ਿਆਈ ਪਰਵਾਸੀਆਂ ਵਿੱਚ ਬਹੁਤ ਵੱਧ ਹੈ। ਉਨ੍ਹਾਂ ਕਿਹਾ, ''ਮੈਂ ਸਿਰਫ ਇੰਨਾ ਚਾਹੁੰਦਾ ਹਾਂ ਕਿ ਭਰੂਣ ਦੇ ਲਿੰਗ ਟੈਸਟ ਦੀ ਰਿਪੋਰਟ ਵਿੱਚ ਇਹ ਪਤਾ ਲਗਣਾ ਕਿ ਇਹ ਇਕ ਕੁੜੀ ਹੈ; ਉਸ ਅਣਜੰਮੀ ਬੱਚੀ ਲਈ ਸਜ਼ਾ-ਏ-ਮੌਤ ਨਾ ਬਣੇ।''ਇਕ ਹੋਰ ਕਾਂਗਰਸਮੈਨ ਕ੍ਰਿਸ ਸਮਿਥ ਨੇ ਕਿਹਾ ਕਿ ਇਹ ਅਮਰੀਕਾ ਲਈ ਇਕ ਦੁਖਦਾਈ ਗੱਲ ਹੈ ਕਿ ਜਦੋਂ ਖੁਦ ਅਮਰੀਕਾ ਦੇ ਰਾਸ਼ਟਰਪਤੀ ਨੇ ਮਾਦਾ ਭਰੂਣ ਹੱਤਿਆ ਦੀ ਹਮਾਇਤ ਕੀਤੀ ਹੈ।

# ਅਲਬਰਟਾ ਹਾਈ ਸਕੂਲਾਂ ਲਈ ਪੰਜਾਬੀ ਭਾਸ਼ਾ ਦੇ ਕੋਰਸਾਂ ਦਾ ਵਿਧਾਇਕ ਭੁੱਲਰ ਵਲੋਂ ਸਵਾਗਤ




ਕੈਲਗਰੀ (ਨਦਬ)-ਜਿਹੜੇ ਵਿਦਿਆਰਥੀ ਪੰਜਾਬੀ ਸਿੱਖਣਾ ਚਾਹੁੰਦੇ ਹਨ, ਉਨ੍ਹਾਂ ਲਈ ਖੁਸ਼ਖਬਰੀ ਹੈ ਕਿ ਹੁਣ ਲੈਸਟਰ ਬੀ. ਪੀਅਰਸਨ ਤੇ ਜੇਮਸ ਫੋਲੋਅਰ ਹਾਈ ਸਕੂਲਾਂ ਵਿਚ ਨਵੇਂ ਭਾਸ਼ਾ ਕੋਰਸਾਂ ਨੂੰ ਮਨਜ਼ੂਰੀ ਮਿਲ ਗਈ ਹੈ। ਅਸੰਬਲੀ ਦੇ ਸਥਾਨਕ ਮੈਂਬਰ ਤੇ ਪੀ.ਸੀ. ਪਾਰਟੀ ਕੈਬਨਿਟ ਦੇ ਸੀਨੀਅਰ ਮੈਂਬਰ ਮਨਮੀਤ ਭੁੱਲਰ ਨੇ ਕਿਹਾ, 'ਸਾਡੇ ਭਾਈਚਾਰੇ ਵਲੋਂ ਇਨ੍ਹਾਂ ਕੋਰਸਾਂ ਨੂੰ ਲਾਗੂ ਕਰਾਉਣ ਵਿਚ ਕਾਫੀ ਮਿਹਨਤ ਕਰਨੀ ਪਈ ਹੈ ਤੇ ਮੈਂ ਇਸ ਵਿਚ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ ਖੁਸ਼ੀ ਮਹਿਸੂਸ ਕਰਾਂਗਾ।' ਇਹ ਅਜਿਹਾ ਪ੍ਰਾਜੈਕਟ ਹੈ ਜਿਸ ਨਾਲ ਸਾਡੇ ਵਿਦਿਆਰਥੀਆਂ ਤੇ ਭਵਿੱਖ ਦੇ ਆਗੂਆਂ ਨੂੰ ਅੱਗੇ ਵਿਚਰਨ ਵਿਚ ਮਦਦ ਮਿਲੇਗੀ ਤੇ ਸਾਡੇ ਭਾਈਚਾਰੇ ਨੂੰ ਅਜਿਹੀਆਂ ਕੋਸ਼ਿਸ਼ਾਂ ਜਾਰੀ ਰੱਖਣੀਆਂ ਚਾਹੀਦੀਆਂ ਹਨ। ਇਹ ਕੋਰਸ ਸਕੂਲ ਦੇ ਨਵੇਂ ਵਰ੍ਹੇ ਦੇ ਸ਼ੁਰੂ ਵਿਚ ਸਤੰਬਰ ਵਿਚ ਸ਼ੁਰੂ ਹੋਣਗੇ। ਤੁਹਾਡੀ ਸ਼ਮੂਲੀਅਤ ਇਸ ਪ੍ਰੋਗਰਾਮ ਦੀ ਸਫਲਤਾ ਹੋਵੇਗੀ, ਇਸ ਲਈ ਇਹ ਬਹੁਤ ਅਹਿਮੀਅਤ ਰੱਖਦਾ ਹੈ ਕਿ ਸਾਰੇ ਇੱਛੁਕ ਵਿਦਿਆਰਥੀਆਂ ਨੂੰ ਇਨ੍ਹਾਂ ਸਕੂਲਾਂ ਵਿਚ ਦਾਖ਼ਲਾ ਲੈਣਾ ਚਾਹੀਦਾ ਹੈ। ਸਾਡੇ ਭਾਈਚਾਰੇ ਵਿਚ ਇਸ ਗੱਲ ਦੀ ਬੇਹੱਦ ਖੁਸ਼ੀ ਪਾਈ ਜਾ ਰਹੀ ਹੈ। ਆਪਣੇ ਬੱਚਿਆਂ ਨੂੰ ਆਪਣੇ ਸਭਿਆਚਾਰ ਤੇ ਵਿਰਸੇ ਨਾਲ ਜੋੜਨਾ ਬਹੁਤ ਮਹੱਤਵ ਰੱਖਦਾ ਹੈ। ਇਸ ਕੋਰਸ ਤਹਿਤ ਜਿਥੇ ਪੰਜਾਬੀ ਭਾਸ਼ਾ ਸਿਖਾਈ ਜਾਵੇਗੀ, ਉਥੇ ਪੰਜਾਬੀ ਸਭਿਆਚਾਰ ਨੂੰ ਪ੍ਰਫੁੱਲਤ ਕੀਤਾ ਜਾਵੇਗਾ। ਇੰਡੋ-ਕੈਨੇਡੀਅਨ ਐਕਸ-ਟੀਚਰਜ਼ ਐਸੋਸੀਏਸ਼ਨ ਦੇ ਮੁਖੀ ਤੇ ਪੰਜਾਬੀ ਭਾਸ਼ਾ ਕੋਰਸਾਂ ਦੇ ਵਕੀਲ ਗੁਰਦੇਵ ਸਿੰਘ ਪੁੰਨੀ ਨੇ ਕਿਹਾ, 'ਸਾਡੇ ਭਾਈਚਾਰੇ ਲਈ ਇਸ ਪ੍ਰੋਗਰਾਮ ਦੀ ਬਹੁਤ ਅਹਿਮੀਅਤ ਹੈ। ਮਨਮੀਤ ਭੁੱਲਰ ਦੀ ਮਦਦ ਤੋਂ ਬਿਨਾਂ ਇਨ੍ਹਾਂ ਪ੍ਰੋਗਰਾਮਾਂ ਨੂੰ ਲਾਗੂ ਕਰਨਾ ਸੰਭਵ ਨਹੀਂ ਸੀ।'

ਹੋਰਨਾਂ ਭਾਈਚਾਰੇ ਦੇ ਮੈਂਬਰਾਂ ਨੇ ਵੀ ਇਸ ਨਵੇਂ ਪ੍ਰੋਗਰਾਮ ਤੇ ਭਾਈਚਾਰੇ ਦੇ ਆਗੂਆਂ ਦੀ ਇਸ ਉਦਮ ਲਈ ਸ਼ਲਾਘਾ ਕੀਤੀ। ਇੰਡੋ-ਕੈਨੇਡੀਅਨ ਐਕਸ-ਟੀਚਰਜ਼ ਐਸੋਸੀਏਸ਼ਨ ਦੀ ਮੈਂਬਰ ਤੇ ਇਸ ਪ੍ਰੋਗਰਾਮ ਦੀ ਵਕੀਲ ਡਾ. ਗੁਰਜਿੰਦਰ ਕੌਰ ਢਿਲੋਂ ਨੇ ਕਿਹਾ, 'ਅਸੀਂ ਆਪਣੇ ਸਭਿਆਚਾਰ ਨੂੰ ਮੌਜੂਦਾ ਸਮੇਂ ਤੇ ਆਪਣੀ ਅਗਲੀ ਪੀੜ੍ਹੀ ਲਈ ਕਾਇਮ ਰੱਖਣ ਦੀਆਂ ਚੁਣੌਤੀਆਂ ਨੂੰ ਜਾਣਦੇ ਹਾਂ। ਇਸ ਪ੍ਰੋਗਰਾਮ ਲਈ ਉਦਮ ਕਰਨ ਵਾਲਿਆਂ, ਖਾਸ ਤੌਰ 'ਤੇ ਮਨਮੀਤ ਭੁੱਲਰ ਵਲੋਂ ਕੀਤੀ ਮਿਹਨਤ ਦੀ ਪ੍ਰੰਸਸਾ ਕਰਨੀ ਬਣਦੀ ਹੈ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਹ ਪ੍ਰੋਗਰਾਮ ਸਾਡੇ ਬੱਚਿਆਂ ਤੇ ਅਗਲੀ ਪੀੜ੍ਹੀ ਲਈ ਬਹੁਤ ਲਾਹੇਵੰਦ ਹੋਵੇਗਾ। ਇਨ੍ਹਾਂ ਵਿਚੋਂ ਕੁਝ ਬੱਚੇ ਮਨਮੀਤ ਦੀ ਉਦਾਹਰਣ ਨੂੰ ਅਪਨਾਉਣਗੇ ਤੇ ਆਪਣੇ ਭਾਈਚਾਰੇ ਦੀ ਪ੍ਰਤੀਨਿਧਤਾ ਕਰਨਗੇ। ਉਹ ਇਹ ਸਭ ਤਾਂ ਹੀ ਕਰ ਸਕਣਗੇ ਜੇਕਰ ਆਪਣੀ ਭਾਸ਼ਾ ਤੇ ਸਭਿਆਚਾਰ ਨੂੰ ਜਾਣਦੇ ਹੋਣਗੇ।' ਇੱਛੁਕ ਵਿਦਿਆਰਥੀਆਂ ਦੇ ਮਾਪੇ ਵੀ ਵਧੇਰੇ ਜਾਣਕਾਰੀ ਲਈ ਇਨ੍ਹਾਂ ਸਕੂਲਾਂ ਨਾਲ ਸੰਪਰਕ ਕਰ ਸਕਦੇ ਹਨ।

# ਕਾਂਉਸਿਲ ਆਫ ਇੰਡੀਆਂ ਸੋਸਾਈਟੀਜ਼ ਨੇ ਲਗਾਇਆ ਮਹਾਤਮਾ ਗਾਂਧੀ ਦਾ ਬੁੱਤ



ਐਡਮਿੰਟਨ (ਨਦਬ)- ਕਾਂਉਸਿਲ ਆਫ ਇੰਡੀਆਂ ਸੋਸਾਈਟੀਜ਼ ਆਫ ਐਡਮਿੰਟਨ ਨੇ ਪੁਰਾਣੀ ਇਮਾਰਤ ਦੀ ਜਗ੍ਹਾ ਨਵਾਂ ਭਵਨ 2011 ਵਿਚ ਤਿਆਰ ਕਰ ਲਿਆ ਸੀ ਅਤੇ ਇਸ ਭਵਨ ਨੂੰ ਇੰਡੀਆ ਸੈਂਟਰ ਵੀ ਕਿਹਾ ਜਾਂਦਾ ਹੈ। ਇੰਡੀਆ ਸੈਂਟਰ ਦੇ ਸਾਹਮਣੇ ਦੱਖਣ ਵਾਲੇ ਪਾਸੇ ਮਹਾਤਮਾ ਗਾਂਧੀ ਦਾ ਬੁੱਤ ਲਗਾਇਆ ਗਿਆ ਹੈ ਅਤੇ ਇਸ ਬੁੱਤ ਨੂੰ ਗੌਰਮਿੰਟ ਆਫ ਇੰਡੀਆ ਵੱਲੋਂ ਭੇਂਟ ਕੀਤਾ ਗਿਆ ਸੀ। 8 ਜੂਨ ਦਿਨ ਸੋਮਵਾਰ ਸ਼ਾਮ ਦੇ ਸੱਤ ਵਜੇ ਇਸ ਬੁੱਤ ਦਾ ਉਦਘਾਟਨੀ ਸਮਾਰੋਹ ਕੀਤਾ ਗਿਆ। ਬੁੱਤ ਤੋਂ ਪਰਦਾ ਉਠਾਉਣ ਦੀ ਰਸਮ ਇੰਡੀਆ ਦੇ ਕਨੇਡਾ ਵਿਚਲੇ ਹਾਈ ਕਮਿਸ਼ਨਰ ਐਸ.ਐਮ.ਗਵਾਈ ਨੇ ਕੀਤੀ। ਹਾਈ ਕਮਿਸ਼ਨਰ ਆਪਣੇ ਭਾਸ਼ਣ ਵਿਚ ਹਿੰਦੋਸਤਾਨ ਦੀ ਅਜ਼ਾਦੀ ਮੁਹਿੰਮ ਵਿਚ ਮਹਾਤਮਾ ਗਾਂਧੀ ਵੱਲੋ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨਾਂ ਦੀਆਂ ਸਿਖਆਵਾਂ ਤੇ ਚੱਲਣ ਦਾ ਸੰਦੇਸ਼ ਵੀ ਦਿੱਤਾ। ਹਾਈ ਕਮਿਸ਼ਨਰ ਨੇ ਕਨੇਡਾ ਅਤੇ ਭਾਰਤ ਵਿਚਲੇ ਆਪਸੀ ਸਬੰਧਾਂ ਤੇ ਝਾਤ ਮਾਰਦਿਆ ਕਿਹਾ ਕਿ ਦੋਵਾਂ ਮੁਲਕਾਂ ਦਰਮਿਆਨ ਬਹੁੱਤ ਸਾਰੇ ਸਮਝੋਤਿਆਂ ਤੇ ਸਹਿਮਤੀ ਹੋਈ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤਕਰੀਬਨ 37 ਸਾਲਾਂ ਦੇ ਵਕਫੇ ਤੋਂ ਬਾਅਦ ਕਨੇਡਾ ਦੇ ਦੌਰੇ ਤੇ ਆਏ ਸਨ। ਉਨਾਂ ਕਿਹਾ ਕਿ ਪਰਸਪਰ ਦੋਵਾਂ ਮੁਲਕਾਂ ਵਿਚ ਦੋਸਤੀ ਦਾ ਭਾਈਚਾਰਾ ਕਾਇਮ ਹੋ ਰਿਹਾ ਹੈ।ਸੰਨ 2007 ਵਿਚ ਕਨੇਡਾ ਵਿਚ ਤਕਰੀਬਨ ਚਾਰ ਸੌ ਭਾਰਤੀ ਵਿਦਿਆਰਥੀ ਸਿੱਖਿਆ ਲੈਣ ਆਏ ਸਨ।ਸਾਲ 2012 ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀਹ ਹਜ਼ਾਰ ਤੋਂ ਵੱਧ ਹੈ।ਇਥੋਂ ਪਤਾ ਲਗਦਾ ਹੈ ਕਿ ਭਾਰਤ ਅਤੇ ਕਨੇਡਾ ਵਿਚਲਾ ਸਬੰਧ ਆਏ ਸਾਲ ਗੂੜਾ ਹੋ ਰਿਹਾ ਹੈ। ਦੋਵੇ ਦੇਸ਼ਾ ਵਿਚਕਾਰ ਆਏ ਸਾਲ ਤਕਰੀਬਨ ਪੰਜ ਬਿਲੀਅਨ ਡਾਲਰ ਦਾ ਵਿਉਪਾਰ ਹੁੰਦਾ ਹੈ ਅਤੇ ਇਸ ਨੂੰ ਵਧਾਉਣ ਲਈ ਬਹੁੱਤ ਸਾਰੇ ਉਪਰਾਲੇ ਕੀਤੇ ਜਾ ਰਹੇ ਹਨ।ਹਾਈ ਕਮਿਸ਼ਨਰ ਦੇ ਸਨਮਾਨ ਵਿਚ ਇਕੱਠੇ ਹੋਏ ਐਡਮਿੰਟਨ ਨਿਵਾਸੀਆਂ ਨੇ ਤਾੜੀਆਂ ਨਾਲ ਉਨਾਂ ਦਾ ਸਵਾਗਤ ਕੀਤਾ। ਕਾਂਉਸਿਲ ਦੇ ਪ੍ਰਧਾਨ ਪੀ.ਆਰ.ਪਾਨੀਕਰ ਨੇ ਇਥਨਿਕ ਮੀਡੀਆ, ਐਡਮਿੰਟਨ ਜਰਨਲ ਅਤੇ ਕਮਉਨਿਟੀ ਦੋਸਤਾਂ ਦਾ ਧੰਨਵਾਦ ਕੀਤਾ। ਅਲਬਰਟਾ ਅਸੈਂਬਲੀ ਦੇ ਸਪੀਕਰ ਜੀਨ ਜ਼ੋਡਵੈਸਕੀ ਨੇ ਆਪਣੇ ਭਾਸ਼ਣ ਵਿਚ ਵੀ ਮਹਾਤਮਾ ਗਾਂਧੀ ਦੇ ਅਜ਼ਾਦੀ ਪ੍ਰਤੀ ਪਾਏ ਰੋਲ ਅਤੇ ਸੰਸਾਰਕਿ ਪੱਧਰ ਤੇ ਅਹਿੰਸਾ ਦੀ ਦਿੱਤੀ ਚੇਤਨਾ ਨੂੰ ਯਾਦ ਕੀਤਾ ਗਿਆ। ਭਾਰਤ ਅਤੇ ਕਨੇਡਾ ਦੇ ਰਾਸ਼ਟਰੀ ਗੀਤ ਗਾਉਣ ਤੋਂ ਬਾਅਦ ਬੁੱਤ ਤੋਂ ਪਰਦਾ ਉਠਾਇਆ ਗਿਆ ਅਤੇ ਫੁੱਲਾਂ ਦੇ ਹਾਰ ਪਾਏ ਗਏ।ਐਡਮਿੰਟਨ ਵਿਚ ਇਹ ਮਹਾਤਮਾ ਗਾਂਧੀ ਦਾ ਵੱਡ ਅਕਾਰ ਦਾ ਇਹ ਪਹਿਲਾ ਬੁੱਤ ਹੈ। ਛੋਟਾ ਬੁੱਤ ਐਡਮਿੰਟਨ ਪਬਲਿਕ ਲਾਇਬਰੇਰੀ ਵਿਚ ਸਥਿਤ ਹੈ।

# ਤਿੰਨ ਸਾਲ ਅਤੇ ਸਵਾਲ ਹੀ ਸਵਾਲ



ਨਵੀਂ ਦਿੱਲੀ : ਯੂ.ਪੀ.ਏ ਸਰਕਾਰ ਨੇ ਭਾਵੇਂ 21 ਮਈ ਨੂੰ ਤਿੰਨ ਸਾਲ ਪੂਰੇ ਕਰ ਲਏ ਹੋਣ, ਪਰ ਜਨਤਾ ਇਸ ਦੇ ਰਾਜ ਤੋਂ ਨਾਖੁਸ਼ ਹੈ। ਦਾਲ-ਸਬਜ਼ੀਆਂ ਅਤੇ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਸਰਕਾਰ ਦਾ ਇਨ੍ਹਾਂ 'ਤੇ ਕੰਟਰੋਲ ਨਹੀਂ ਹੈ। ਖੁਰਾਕੀ ਤੇਲ, ਡੀਜ਼ਲ ਅਤੇ ਘਰੇਲੂ ਗੈਸ 'ਤੇ ਸਬਸਿਡੀ ਵਿਚ ਭਾਰੀ ਕਟੌਤੀ ਦੀ ਤਲਵਾਰ ਜਨਤਾ ਦੇ ਸਿਰ 'ਤੇ ਲਟਕੀ ਹੈ। ਜਦੋਂ ਕਿ ਇਕ ਸਾਲ ਵਿਚ ਛੇ ਵਾਰ ਪੈਟਰੋਲ ਦੀਆ ਕੀਮਤਾਂ ਵਿਚ ਵਾਧਾ ਹੋ ਚੁੱਕਾ ਹੈ। ਮਹਿੰਗਾਈ ਦੀ ਮਾਰ ਤੋਂ ਬੇਹਾਲ ਜਨਤਾ ਤ੍ਰਾਹ-ਤ੍ਰਾਹ ਕਰ ਰਹੀ ਹੈ। ਸਰਕਾਰ ਮੰਤਰੀਆਂ ਦੇ ਸਫ਼ਾਈ ਦੇਣ, ਆਪਸੀ ਅੰਤਰ ਵਿਰੋਧਾਂ ਅਤੇ ਸੰਸਦ ਵਿਚ ਬੇਵਜ੍ਹਾ ਬਹਿਸਾਂ ਵਿਚ ਫਸੀ ਹੈ। ਸਰਕਾਰ ਸਾਹਮਣੇ ਸਹਿਯੋਗੀ ਪਾਰਟੀਆਂ ਅਤੇ ਵਿਰੋਧੀਆਂ ਦੀਆਂ ਚੁਣੌਤੀਆਂ ਵੀ ਹਨ। ਉਸ ਨੂੰ ਆਪਣੀ ਸਾਖ਼ ਬਹਾਲ ਰੱਖਣ ਲਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਈ ਅਹਿਮ ਬਿਲ ਸੰਸਦ ਵਿਚ ਲਟਕੇ ਹੋਏ ਹਨ। ਸਰਕਾਰ ਦੇ ਹਾਲੇ ਦੋ ਸਾਲ ਬਾਕੀ ਹਨ, ਪਰ ਵਿਚ-ਵਿਚਾਲੇ ਮੱਧਕਾਲੀ ਚੋਣਾਂ ਦੇ ਚਰਚੇ ਵੀ ਹਨ।

## ਯੂ.ਪੀ.ਏ ਦੇ ਪ੍ਰੇਸ਼ਾਨੀ ਭਰੇ ਤਿੰਨ ਸਾਲ, ਪਰ ਉਮੀਦ ਕਾਇਮ

**ਤਿੰਨ ਮੁਸੀਬਤਾਂ**

1 ਅੰਨਾ ਭ੍ਰਿਸ਼ਟਾਚਾਰ ਤੋਂ ਨਾਰਾਜ਼, ਲੋਕਾਂ ਦੇ ਹੀਰੋ ਬਣੇ। ਜਨ-ਲੋਕਪਾਲ 'ਤੇ ਅੜੇ। ਸਰਕਾਰ ਦਾ ਬਿਲ ਨਾਮਨਜ਼ੂਰ।

2 ਕਾਲੇਧਨ 'ਤੇ ਬਾਬਾ ਰਾਮੇਦਵ ਨਿਸ਼ਾਨਾ ਬਣਾ ਰਹੇ ਹਨ। ਰਾਮਲੀਲਾ ਮੈਦਾਨ ਕਾਰਵਾਈ 'ਤੇ ਅਦਾਲਤ ਦੀ ਝਾੜ।

3 2ਜੀ ਮਾਮਲੇ ਵਿਚ ਸੁਬ੍ਰਾਮਣੀਅਮ ਸਵਾਮੀ ਦੀਆਂ ਅਦਾਲਤਾਂ ਵਿਚ ਪਟੀਸ਼ਨਾਂ ਨੇ ਸਰਕਾਰ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ।

**ਤਿੰਨ ਕਾਮਯਾਬੀਆਂ**

1 ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਕਰਨਾ ਵੱਡੀ ਕਾਮਯਾਬੀ। ਹਾਲਾਂਕਿ ਇਸ ਦੀ ਹਕੀਕਤ ਦੇਖਣਾ ਬਾਕੀ।

2 ਲੋਕਪਾਲ ਬਿਲ ਲੋਕਸਭਾ ਕੋਲ, ਪਰ ਰਾਜ ਸਭਾ 'ਚ ਲਟਕਿਆ। ਜਿਥੇ ਸਰਕਾਰ ਕੋਲ ਬਹੁਮਤ ਨਹੀਂ।

3 ਮਹਿਲਾ ਰਾਖਵਾਂ ਬਿਲ 'ਤੇ ਸਥਿਤੀ ਉਲਟੀ। ਰਾਜ ਸਭਾ 'ਚ ਪਾਸ, ਪਰ ਲੋਕ ਸਭਾ 'ਚ ਵਿਰੋਧ।

**ਤਿੰਨ ਘੁਟਾਲੇ**

1 2ਜੀ ਸਪੈਕਟ੍ਰਮ ਘੁਟਾਲਾ ਵੱਡੀ ਨਮੋਸ਼ੀ। ਏ. ਰਾਜਾ ਸਮੇਤ ਕਈ ਵੱਡੇ ਸਰਕਾਰੀ ਅਫਸਰਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ।

2 ਰਾਸ਼ਟਰ ਮੰਡਲ ਖੇਡ ਘੁਟਾਲਾ ਮੁਸ਼ਕਲਾਂ ਵਧਾਉਣ ਵਾਲਾ ਰਿਹਾ। ਮੰਤਰੀ ਜੇਲ੍ਹ ਗਏ। ਜਾਂਚ ਜਾਰੀ। ਰਾਹਤ ਦੀ ਉਮੀਦ ਨਹੀਂ।

3 ਐਂਟ੍ਰਿਕਸ ਦੇਵਾਸ ਡੀਲ ਘੁਟਾਲੇ ਵਿਚ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਸਵਾਲ। ਕੈਗ ਰਿਪੋਰਟ ਨੇ ਵੀ ਨਹੀਂ ਬਖਸ਼ਿਆ।

**ਤਿੰਨ ਚੁਣੌਤੀਆਂ**

1 ਰਿਟੇਲ ਵਿਚ ਐਫ.ਡੀ.ਆਈ ਬਿਲ ਸਰਕਾਰ ਨੂੰ ਆਪਣੀ ਹੀ ਸਹਿਯੋਗੀ ਪਾਰਟੀਆਂ ਦੇ ਵਿਰੋਧ ਕਾਰਨ ਵਾਪਸ ਲੈਣਾ ਪਿਆ।

2 ਸਰਕਾਰ ਦੇ ਕੌਮੀ ਅੱਤਵਾਦ ਵਿਰੋਧੀ ਕੇਂਦਰ ਨੂੰ ਰਾਜਾਂ ਦੇ ਅਧਿਕਾਰਾਂ ਵਿਚ ਦਖ਼ਲ ਮੰਨਿਆ ਜਾ ਰਿਹਾ ਹੈ।

3 ਰਾਸ਼ਟਰਪਤੀ ਚੋਣਾਂ ਸਾਹਮਣੇ। ਮੱਧਕਾਲੀ ਚੋਣਾਂ ਦੇ ਖ਼ਦਸ਼ੇ ਦੌਰਾਨ ਆਪਣੇ ਉਮੀਦਵਾਰ ਨੂੰ ਜਿਤਾਉਣਾ।

## ਆਰਥਿਕ ਮੋਰਚੇ 'ਤੇ ਪੱਛੜੇ

ਪਿਛਲੇ ਤਿੰਨ ਸਾਲਾਂ ਵਿਚ ਅਰਥ ਵਿਵਸਥਾ ਹੇਠਲੇ ਪੱਧਰ 'ਤੇ ਹੈ। ਯੂ.ਪੀ.ਏ ਦੇ ਦੁਬਾਰਾ ਸੱਤਾ ਵਿਚ ਆਉਣ ਸਮੇਂ ਆਰਥਕ ਵਿਕਾਸ ਦਰ 9 ਫੀਸਦੀ ਸੀ, ਪਰ ਹੁਣ ਇਹ 6.9 ਫੀਸਦੀ 'ਤੇ ਆ ਚੁੱਕੀ ਹੈ। ਬਜਟ ਅਤੇ ਵਪਾਰ ਘਾਟਾ ਵੀ ਵਧਿਆ ਹੈ।

# ਡਿੱਗਦੇ ਰੁਪਏ ਨੇ ਮਹਿੰਗੀ ਕੀਤੀ ਵਿਦੇਸ਼ 'ਚ ਪੜ੍ਹਾਈ

ਚੰਡੀਗੜ੍ਹ, (ਰਵੀ ਸ਼ਰਮਾ) ਡਾਲਰ ਦੇ ਮੁਕਾਬਲੇ ਰੁਪਏ ਦੀ ਡਿੱਗਦੀ ਕੀਮਤ ਨੇ ਅਰਥ ਸ਼ਾਸਤਰੀਆਂ ਤੋਂ ਜ਼ਿਆਦਾ ਉਨ੍ਹਾਂ ਮਾਂ-ਬਾਪ ਨੂੰ ਆਰਥਕ ਮਾਹਿਰ ਬਣਾ ਦਿੱਤਾ ਹੈ, ਜਿਨ੍ਹਾਂ ਦੇ ਬੱਚੇ ਵਿਦੇਸ਼ਾਂ ਵਿਚ ਪੜ੍ਹ ਰਹੇ ਹਨ। ਰੁਪਏ ਦੇ ਖਿਸਕਣ ਨੇ ਮਾਂ-ਬਾਪ ਦੀਆਂ ਆਪਣੇ ਬਚਿਆਂ ਲਈ ਵਿਦਿਅਕ ਯੋਜਨਾਵਾਂ ਨੂੰ ਵਿਗਾੜ ਦਿੱਤਾ ਹੈ। ਇਕ ਸਾਲ ਵਿਚ ਹੀ ਵਿਦੇਸ਼ ਵਿਚ ਪੜ੍ਹਾਈ ਦਾ ਖਰਚ 25 ਤੋਂ 30 ਫੀਸਦੀ ਵਧ ਗਿਆ ਹੈ।

**ਇਕ ਸਾਲ ਵਿਚ ਫੀਸ ਵਧ ਗਈ 30 ਫੀਸਦੀ :** ਬੱਚਿਆਂ ਦੇ ਖੁਦ ਦੇ ਖਰਚ ਲਈ ਹਰ ਮਹੀਨੇ ਭੇਜੀ ਜਾਣ ਵਾਲੀ ਰਕਮ ਵਿਚ ਤਾਂ ਕਿਸੇ ਨਾ ਕਿਸੇ ਤਰ੍ਹਾਂ ਸਮਝੌਤਾ ਕਰਨ ਦੀ ਤਿਆਰੀ ਹੋ ਗਈ ਹੈ, ਪਰ ਸਿੱਖਿਆ ਸੰਸਥਾਵਾਂ ਦੀ ਫੀਸ ਨੇ ਭਾਰਤੀ ਮਾਂ-ਬਾਪ ਦੀ ਹਾਲਤ ਪਤਲੀ ਕਰ ਦਿੱਤੀ ਹੈ। ਕਮਜ਼ੋਰ ਹੁੰਦੇ ਰੁਪਏ ਕਾਰਨ ਪਿਛਲੇ ਇਕ ਸਾਲ ਵਿਚ ਵਿਦੇਸ਼ੀ ਸਿੱਖਿਆ ਸੰਸਥਾਵਾਂ ਦੀਆਂ ਫੀਸਾਂ ਵਿਚ ਘੱਟੋ ਘੱਟ 30 ਫੀਸਦੀ ਵਾਧਾ ਹੋ ਗਿਆ ਹੈ। ਨਾਲ ਹੀ ਹੋਰ ਖਰਚ ਵੀ ਵਧੇ ਹਨ।

**ਸਾਲ 'ਚ 1.32 ਲੱਖ ਜ਼ਿਆਦਾ** : ਚੰਡੀਗੜ੍ਹ ਦੇ ਸੈਕਟਰ 46 ਵਿਚ ਰਹਿਣ ਵਾਲੇ ਤਰੁਣ ਕੁਮਾਰ ਦੱਸਦੇ ਹਨ ਕਿ ਭਤੀਜਾ ਰਿਸ਼ਭ ਦੋ ਸਾਲ ਪਹਿਲਾਂ ਹਾਇਰ ਐਜੂਕੇਸ਼ਨ ਲਈ ਯੂ.ਐਸ. ਗਿਆ ਸੀ। ਤਦ ਉਸ ਦੀ ਪੜ੍ਹਾਈ ਲਈ ਤੈਅ ਕੀਤੇ ਗਏ ਬਜਟ ਤੋਂ ਹੁਣ ਹਰ ਮਹੀਨੇ ਲਗਪਗ 200 ਡਾਲਰ (ਸਾਲ ਦੇ 1.32 ਲੱਖ ਰੁਪਏ) ਜ਼ਿਆਦਾ ਖਰਚਾ ਆ ਰਿਹਾ ਹੈ। ਉਥੋਂ ਦੀ ਯੂਨੀਵਰਸਿਟੀ ਨੇ ਤਾਂ ਫੀਸ ਵਿਚ ਕੋਈ ਖਾਸ ਵਾਧਾ ਨਹੀਂ ਕੀਤਾ, ਪਰ ਡਾਲਰ ਦਾ ਐਕਸਚੇਂਜ ਰੇਟ ਵਧ ਜਾਣ ਕਾਰਨ ਹੁਣ ਇਥੋਂ ਜ਼ਿਆਦਾ ਰੁਪਏ ਭੇਜਣੇ ਪੈਂਦੇ ਹਨ।

# ਹਾਈਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਤੋਂ ਮੰਗਿਆ ਜਵਾਬ - ਕਿਥੇ ਗਏ 2233 ਬੱਚੇ

ਚੰਡੀਗੜ੍ਹ, (ਸੁਮੇਸ਼ ਠਾਕੁਰ) ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ 2233 ਗੁੰਮਸ਼ੁਦਾ ਬੱਚੇ, ਆਖਿਰ ਕਿਥੇ ਗਵਾਚ ਗਏ ਹਨ। ਹਾਈਕੋਰਟ ਨੇ ਇਹ ਸਵਾਲ ਉਠਾਉਂਦੇ ਹੋਏ ਪੰਜਾਬ, ਹਰਿਆਣਾ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਸਖ਼ਤ ਝਾੜ ਪਾਈ। ਹਾਈਕੋਰਟ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਇਹ ਬੱਚੇ ਲੱਭ ਨਹੀਂ ਰਹੇ ਹਨ। ਇਹ ਬੇਹੱਦ ਮੰਦਭਾਗੀ ਗੱਲ ਹੈ। ਮਾਮਲੇ ਦੀ ਸੁਣਵਾਈ ਦੌਰਾਨ ਕਾਰਜਕਾਰੀ ਚੀਫ ਜਸਟਿਸ ਐਮ.ਐਮ. ਕੁਮਾਰ ਅਤੇ ਜਸਟਿਸ ਆਲੋਕ ਸਿੰਘ ਦੀ ਬੈਂਚ ਨੇ ਪੰਜਾਬ, ਹਰਿਆਣਾ ਸਰਕਾਰਾਂ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਕ ਹਫ਼ਤੇ ਵਿਚ ਸਟੇਟਸ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਨਾਲ ਹੀ ਹਾਈਕੋਰਟ ਨੇ ਸੀ.ਬੀ.ਆਈ ਨੂੰ ਵੀ ਜਵਾਬ ਦੇਣ ਲਈ ਕਿਹਾ ਹੈ ਕਿ ਕੇਂਦਰੀ ਜਾਂਚ ਏਜੰਸੀ ਅਜਿਹੇ ਗੰਭੀਰ ਮਾਮਲਿਆਂ 'ਤੇ ਕੀ ਕਰ ਰਹੀ ਹੈ? ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਨੇ ਆਪਣੀ-ਆਪਣੀ ਰਿਪੋਰਟ ਪੇਸ਼ ਕਰਕੇ ਪਿਛਲੇ ਤਿੰਨ ਸਾਲ ਦਾ ਰਿਕਾਰਡ ਵੀ ਹਾਈਕੋਰਟ ਵਿਚ ਪੇਸ਼ ਕੀਤਾ। ਹਰਿਆਣਾ ਵੱਲੋਂ ਆਪਣੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2009 ਤੋਂ ਲੈ ਕੇ 2011 ਤੱਕ ਸੂਬੇ ਵਿਚੋਂ 3,227 ਬੱਚੇ ਗਾਇਬ ਹੋਏ ਸਨ। ਇਨ੍ਹਾਂ ਵਿਚੋਂ 1557 ਬੱਚੇ ਹਾਲੇ ਤੱਕ ਲੱਭੇ ਨਹੀਂ ਹਨ। ਪੰਜਾਬ ਸਰਕਾਰ ਨੇ ਹਾਈਕੋਰਟ ਵਿਚ ਪੇਸ਼ ਕੀਤੀ ਗਈ ਰਿਪੋਰਟ ਵਿਚ ਕਿਹਾ ਹੈ ਕਿ 2009 ਤੋਂ 11 ਤੱਕ ਕੁੱਲ 599 ਬੱਚਿਆਂ ਦੇ ਗੁੰਮਸ਼ੁਦਾ ਹੋਣ ਦੇ ਮਾਮਲੇ ਦਰਜ ਕੀਤੇ ਗਏ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ ਵਿਚੋਂ 544 ਬੱਚੇ ਹਾਲੇ ਤੱਕ ਗੁੰਮਸ਼ੁਦਾ ਹਨ।

# 'ਪੈਸੇ ਦਿਓ ਤੇ ਸਕੂਲ ਪੁਰਖਿਆਂ ਨੂੰ ਸਮਰਪਿਤ ਕਰੋ' ਸਕੀਮ ਦਾ ਵਿਰੋਧ

ਲੁਧਿਆਣਾ (ਨਦਬ) : ਪਿਛਲੇ ਦਿਨੀ ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਬਿਆਨ ਲੱਗਿਆ ਹੈ ਕਿ ਪੈਸੇ ਦਿਓ ਤੇ ਸਕੂਲ ਪੁਰਖਿਆਂ ਨੂੰ ਸਮਰਪਿਤ ਕਰਵਾਓ। ਇਸ ਤਰਕਹੀਣ ਐਲਾਨ ਦਾ ਸੇਵਾ ਮੁਕਤ ਸੀਨੀਅਰ ਸਿਟੀਜ਼ਨ ਗਦਰ ਮੈਮੋਰੀਅਲ ਸੋਸਾਇਟੀ ਹੈਡ ਕੁਆਰਟਰ ਢੁੱਡੀਕੇ ਨੇ ਪੁਰਜ਼ੋਰ ਵਿਰੋਧ ਕੀਤਾ ਹੈ। ਸੁਸਾਇਟੀ ਦੇ ਪ੍ਰਧਾਨ ਅਮਰਜੀਤ ਸਿੰਘ ਢੁੱਡੀਕੇ ਨੇ ਕਿਹਾ ਹੈ ਕਿ ਇਸ ਪ੍ਰਕਾਰ ਗਲਤ ਤਰੀਕਿਆਂ ਨਾਲ ਸਮਾਜ ਦੇ ਜਿਸ ਅਨਸਰ ਨੇ ਵੀ ਮਾਇਆ ਇਕੱਠੀ ਕੀਤੀ ਹੈ, ਉਹ ਪ੍ਰਾਇਮਰੀ ਸਕੂਲ ਲਈ 10 ਲੱਖ, ਮਿਡਲ ਲਈ 20 ਲੱਖ, ਸੀਨੀਅਰ ਸੈਕੰਡਰੀ ਲਈ 25 ਲੱਖ ਅਤੇ ਕਾਲਜ ਲਈ 75 ਲੱਖ ਰੁਪਏ ਦਾਨ ਦੇ ਕੇ ਆਪਣੇ ਕਿਸੇ ਵੀ ਬਜ਼ੁਰਗ ਦੇ ਨਾਂਅ 'ਤੇ ਸਕੂਲ ਦਾ ਨਾਂਅ ਰਖਵਾ ਸਕਣਗੇ, ਜੋ ਕਿਸੇ ਵੀ ਸੂਰਤ ਵਿਚ ਵਾਜਬ ਨਹੀਂ ਹੋਵੇਗਾ। ਅਮਰਜੀਤ ਸਿੰਘ ਢੁੱਡੀਕੇ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਦੇ ਸਲਾਹਕਾਰ ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੂੰ ਇਕ ਚਿੱਠੀ ਭੇਜੀ ਹੈ। ਉਨ੍ਹਾਂ ਦੱਸਿਆ ਕਿ ਚਿੱਠੀ ਵਿਚ ਸਾਫ਼ ਤੌਰ 'ਤੇ ਲਿਖਿਆ ਗਿਆ ਹੈ ਕਿ ਪੰਜਾਬ ਸਰਕਾਰ ਦੀ ਇਹ ਸਕੀਮ ਸਮੁੱਚੇ ਪੰਜਾਬੀਆਂ ਲਈ ਇਕ ਗਲਤ ਮਿਸਾਲ ਪੈਦਾ ਕਰੇਗੀ ਅਤੇ ਮੁਲਕ ਲਈ ਕੁਰਬਾਨ ਹੋਏ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਮਿੱਟੀ ਘੱਟੇ ਰੋਲਣ ਦਾ ਕੰਮ ਕਰੇਗੀ। ਉਨ੍ਹਾਂ ਇਸ ਐਲਾਨ 'ਤੇ ਅਮਲ ਕਰਨ ਤੋਂ ਰੁਕ ਜਾਣ ਦੀ ਅਪੀਲ ਪੰਜਾਬ ਸਰਕਾਰ ਨੂੰ ਕੀਤੀ ਹੈ।




# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## 'ਹੇਠਲੇ ਪੱਧਰ' ਦਾ ਲੋਕਤੰਤਰ

ਪੰਜਾਬ ਵਿਚ ਇਕ ਵਾਰ ਫਿਰ ਰਾਜਸੀ ਹਲਚਲ ਸ਼ੁਰੂ ਹੋ ਗਈ ਹੈ। ਇਸ ਵਾਰ ਇਹ ਰਾਜਸੀ ਹਲਚਲ ਲੋਕਲ ਬਾਡੀਜ਼ ਚੋਣਾਂ ਨੂੰ ਲੈ ਕੇ ਹੈ। ਪੰਜਾਬ ਵਿਚ ਨਗਰ ਪੰਚਾਇਤਾਂ ਅਤੇ ਚਾਰ ਮਹਾਂਨਗਰਾਂ ਦੀਆਂ ਚੋਣਾਂ ਕ੍ਰਮਵਾਰ 7 ਜੂਨ ਅਤੇ 10 ਜੂਨ ਨੂੰ ਹੋਣ ਜਾ ਰਹੀਆਂ ਹਨ। ਪੰਜਾਬ ਦੀਆਂ ਦੋਵੇਂ ਪ੍ਰਮੁੱਖ ਰਾਜਸੀ ਪਾਰਟੀਆਂ ਨੇ ਇਹ ਚੋਣਾਂ ਆਪੋ ਆਪਣੇ ਨਿਰਧਾਰਿਤ ਚੋਣ ਨਿਸ਼ਾਨ 'ਤੇ ਲੜਣ ਦਾ ਐਲਾਨ ਕੀਤਾ ਹੋਇਆ ਹੈ। ਵਿਧਾਨ ਸਭਾ ਚੋਣਾਂ ਸਮੇਂ ਗਠਿਤ ਤੀਜੇ ਮੋਰਚੇ ਨੇ ਵੀ ਪਹਿਲਾਂ ਵਾਲੀ ਰਣਨੀਤੀ ਤਹਿਤ ਲੋਕਲ ਬਾਡੀਜ਼ ਚੋਣਾਂ ਵਿਚ ਆਪਣੀ ਮੌਜੂਦਗੀ ਦਰਸਾਉਣ ਦਾ ਇਰਾਦਾ ਜ਼ਾਹਿਰ ਕੀਤਾ ਹੈ। ਭਾਰਤ ਵਿਚ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਇਸ ਨੂੰ ਹੇਠਲੇ ਪੱਧਰ ਤੱਕ ਮਜ਼ਬੂਤ ਕਰਨ ਦੀ ਗੱਲ ਆਮ ਕੀਤੀ ਜਾਂਦੀ ਹੈ। ਹੇਠਲੇ ਪੱਧਰ 'ਤੇ ਇਹ ਲੋਕਲ ਬਾਡੀਜ਼ ਹੀ ਹਨ, ਜਿਨ੍ਹਾਂ ਦੁਆਰਾ ਲੋਕਾਂ ਨੂੰ ਸਥਾਨਕ ਪੱਧਰ 'ਤੇ ਸਵੈ ਸ਼ਾਸਨ ਦਾ ਅਧਿਕਾਰ ਦਿੱਤਾ ਗਿਆ ਹੈ। ਹੇਠਲੇ ਪੱਧਰ ਤੱਕ ਲੋਕਤੰਤਰ ਨੂੰ ਕਿੰਨਾ ਕੁ ਮਜ਼ਬੂਤ ਕੀਤਾ ਜਾ ਰਿਹਾ ਹੈ ਤੇ ਕਿੰਨਾ ਕੁ ਸਵੈ-ਸ਼ਾਸਨ ਦਾ ਅਧਿਕਾਰ ਆਮ ਆਦਮੀ ਨੂੰ ਸਥਾਨਕ ਪੱਧਰ 'ਤੇ



ਹਾਸਲ ਹੈ, ਇਸ ਦੀ ਝਲਕ ਲੋਕਲ ਬਾਡੀਜ਼ ਚੋਣਾਂ ਮੌਕੇ ਹੀ ਮਿਲਣੀ ਸ਼ੁਰੂ ਹੋ ਜਾਂਦੀ ਹੈ। ਖ਼ੈਰ, ਨਗਰ ਪੰਚਾਇਤਾਂ ਤੇ ਮਿਉਂਸਪਲ ਕਾਰਪੋਰੇਸ਼ਨਾਂ ਲਈ ਪ੍ਰਮੁੱਖ ਪਾਰਟੀਆਂ ਨੇ ਆਪਣੀਆਂ ਟਿਕਟਾਂ ਵੰਡ ਦਿੱਤੀਆਂ ਹਨ, ਚੋਣ ਅਮਲ ਸ਼ੁਰੂ ਹੁੰਦਿਆਂ ਹੀ ਬਾਗੀ ਸੁਰਾਂ ਵੀ ਉਭਰ ਆਈਆਂ ਹਨ। ਹੁਣ ਬਾਗੀ ਵੀ ਬਕਾਇਦਾ ਆਪਣਾ ਇਕ ਮੰਚ ਬਣਾਉਂਦੇ ਹਨ। ਇਨ੍ਹਾਂ ਨੂੰ ਕਿਸੇ ਨੇ ਸੁਝਾਅ ਦਿੱਤਾ ਹੈ ਕਿ ਇਹ ਆਪਣੀਆਂ ਵੱਖਰੀਆਂ ਪਾਰਟੀਆਂ ਹੀ ਆਪਣੀ ਮਾਂ ਪਾਰਟੀ ਦੇ ਬਰਾਬਰ ਰਜਿਸਟਰ ਕਰਵਾ ਲਿਆ ਕਰਨ ਅਤੇ ਆਪਣੀ ਨਵੀਂ ਪਾਰਟੀ ਲਈ ਚੋਣ ਕਮਿਸ਼ਨ ਤੋਂ ਪੁੱਠਾ ਪੰਜਾ, ਪੁੱਠੀ ਤੱਕੜੀ ਜਾਂ ਪੁੱਠਾ ਕਮਲ ਚੋਣ ਨਿਸ਼ਾਨ ਅਲਾਟ ਕਰਵਾਉਣ ਕਿਉਂਕਿ ਚੋਣਾਂ 'ਚ ਇਨ੍ਹਾਂ ਦਾ ਇਕ ਨੁਕਾਤੀ ਮੰਤਵ ਆਪਣੀ ਮਾਂ ਪਾਰਟੀ ਦੇ ਉਮੀਦਵਾਰ ਨੂੰ ਪੁੱਠਾ ਪਲਟਾ ਦੇਣਾ ਹੀ ਹੁੰਦਾ ਹੈ। ਇਹ ਵਰਤਾਰਾ ਮਹਾਂਨਗਰਾਂ ਦੀਆਂ ਚੋਣਾਂ 'ਚ ਦੇਖਣ ਨੂੰ ਮਿਲ ਰਿਹਾ ਹੈ। ਲੋਕਲ ਬਾਡੀਜ਼ ਚੋਣਾਂ 'ਚ ਦੂਸਰਾ ਰੁਝਾਨ ਵਿਰੋਧੀਆਂ ਦੇ ਕਾਗਜ਼ ਰੱਦ ਕਰਵਾਉਣ ਦਾ ਹੁੰਦਾ ਹੈ। ਇਹ ਚੋਣਾਂ ਕਿਉਂਕਿ ਸੂਬਾ ਸਰਕਾਰ ਦੇ ਚੋਣ ਕਮਿਸ਼ਨ ਦੁਆਰਾ ਕਰਵਾਈਆਂ ਜਾਂਦੀਆਂ ਹਨ, ਇਸ ਲਈ ਸੂਬਾ ਸਰਕਾਰ ਦੀ ਸ਼ਹਿ 'ਤੇ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਦੀ ਕੋਸ਼ਿਸ਼ ਇਹੋ ਰਹਿੰਦੀ ਹੈ ਕਿ ਉਹ ਬਿਨਾਂ ਮੁਕਾਬਲਾ ਹੀ ਜੇਤੂ ਰਹਿਣ। ਸੋ, ਹਰ ਹਰਬਾ ਵਰਤ ਕੇ ਵਿਰੋਧੀ ਉਮੀਦਵਾਰਾਂ ਦੇ ਨਾਮਜ਼ਦਗੀ ਪਰਚੇ ਰੱਦ ਕਰਵਾਉਣ ਦਾ ਯਤਨ ਕੀਤਾ ਜਾਂਦਾ ਹੈ। ਇਹ ਸਿਲਸਿਲਾ ਵੀ ਪੰਜਾਬ ਦੀ ਲੋਕਲ ਬਾਡੀਜ਼ ਚੋਣਾਂ ਵਿਚ ਆਰੰਭ ਹੋ ਗਿਆ ਹੈ। ਦਾਰੂ-ਭੁੱਕੀ ਦੀ ਸਪਲਾਈ ਤੇ ਧਨ ਦੀ ਵਰਤੋਂ ਇਨ੍ਹਾਂ ਚੋਣਾਂ ਵਿਚ ਬੜੇ ਆਰਾਮ ਨਾਲ ਬੇਰੋਕ-ਟੋਕ ਕੀਤੀ ਜਾਂਦੀ ਹੈ ਤੇ ਇਸ ਸਮੇਂ ਚੋਣ ਜ਼ਾਬਤਾ ਵੀ ਕਿਧਰੇ ਕੋਈ ਦਿਖਾਈ ਨਹੀਂ ਦੇ ਰਿਹਾ। ਚੋਣਾਂ ਦੇ ਆਖਰੀ ਗੇੜ ਵਿਚ ਤਾਂ ਹਨ੍ਹੇਰਗਰਦੀ ਹੀ ਮਚ ਜਾਂਦੀ ਹੈ। ਪੋਲਿੰਗ ਬੂਥਾਂ ਉਪਰ ਤਾਇਨਾਤ ਸੁਰੱਖਿਆ ਦਲਾਂ ਦੀ ਸਹਾਇਤਾ ਨਾਲ ਸੱਤਾਧਾਰੀ ਪਾਰਟੀ ਦੇ ਵਰਕਰਾਂ ਦੁਆਰਾ ਕਬਜ਼ਾ ਕਰਕੇ ਮਸ਼ੀਨਾਂ ਦੇ ਬਟਨ ਦਬਾਉਣੇ ਆਮ ਜਿਹੀ ਗੱਲ ਹੈ। ਇਥੋਂ ਤੱਕ ਵੀ ਗੱਲ ਅਗਾਂਹ ਵਧ ਜਾਂਦੀ ਹੈ ਕਿ ਮੌਕੇ 'ਤੇ ਰਿਟਰਨਿੰਗ ਅਫ਼ਸਰ ਨੂੰ ਸੱਤਾਧਾਰੀ ਪਾਰਟੀ ਦੇ ਉਮੀਦਵਾਰਾਂ ਨੂੰ ਹੀ ਜੇਤੂ ਐਲਾਨ ਕਰਨ ਦਾ ਹੁਕਮ ਸੁਣਾਇਆ ਜਾਂਦਾ ਹੈ, ਵੋਟਾਂ ਦੀ ਗਿਣਤੀ ਵਿਚ ਭਾਵੇਂ ਉਸ ਦੀ ਸਥਿਤੀ ਕੋਈ ਵੀ ਕਿਉਂ ਨਾ ਹੋਵੇ। ਸੋ, ਇਸ ਤਰ੍ਹਾਂ ਮਜ਼ਬੂਤ ਕੀਤਾ ਜਾਂਦਾ ਹੈ ਹੇਠਲੇ ਪੱਧਰ 'ਤੇ ਲੋਕਤੰਤਰ ਨੂੰ, ਇਸ ਤਰ੍ਹਾਂ ਦਿੱਤਾ ਜਾਂਦਾ ਹੈ ਆਮ ਜਨਤਾ ਨੂੰ ਸਵੈ-ਸ਼ਾਸਨ ਦਾ ਅਧਿਕਾਰ। ਦੇਖਿਆ ਜਾਵੇ ਤਾਂ ਸੱਤਾਧਾਰੀ ਪਾਰਟੀ/ਪਾਰਟੀਆਂ ਨੇ ਲੋਕਲ ਬਾਡੀਜ਼ ਨੂੰ ਵਿਅੰਗਆਤਮਿਕ ਅਰਥਾਂ ਵਿਚ 'ਹੇਠਲੇ ਪੱਧਰ' ਦਾ ਲੋਕਤੰਤਰ ਬਣਾ ਦਿੱਤਾ ਹੈ।

## ਸਾਰੀ ਤੇਰੀ ਹਾਂ ਮੁਲਾਹਜ਼ੇਦਾਰਾ

ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਨਅਤੀ ਘਰਾਣਿਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਇਹ ਸੱਦਾ ਚੋਟੀ ਦੇ ਸਨਅਤਕਾਰਾਂ ਦੀ ਨਵੀਂ ਦਿੱਲੀ ਦੇ ਕਪੂਰਥਲਾ ਹਾਊਸ ਵਿਖੇ ਹੋਈ ਮੀਟਿੰਗ ਵਿਚ ਦਿੱਤਾ ਗਿਆ। ਇਸ ਮੀਟਿੰਗ ਵਿਚ ਉਨ੍ਹਾਂ ਪ੍ਰਸਤਾਵਿਤ ਯੋਜਨਾਵਾਂ ਤੇ ਖੇਤਰਾਂ ਦਾ ਵੇਰਵਾ ਵੀ ਦਿੱਤਾ ਗਿਆ, ਜਿਨ੍ਹਾਂ ਵਿਚ ਨਿਵੇਸ਼ ਕਰਨ ਦਾ ਬੁਲਾਵਾ ਦਿੱਤਾ ਗਿਆ ਹੈ। ਇਹ ਯੋਜਨਾਵਾਂ ਸਿੱਖਿਆ ਅਤੇ ਡਾਕਟਰੀ ਨਾਲ ਸਬੰਧਤ ਹਨ ਅਤੇ ਇਸ ਤੋਂ ਇਲਾਵਾ ਸੈਰ ਸਪਾਟੇ ਅਤੇ ਸੂਚਨਾ ਤਕਨਾਲੋਜੀ ਦੀਆਂ ਯੋਜਨਾਵਾਂ ਦਾ ਉਲੇਖ ਵੀ ਇਸ ਮੀਟਿੰਗ ਵਿਚ ਕੀਤਾ ਗਿਆ। ਇਹ ਸਭ ਯੋਜਨਾਵਾਂ ਸਨਅਤਕਾਰਾਂ ਲਈ ਚੋਖੀ ਕਮਾਈ ਦਾ ਜ਼ਰੀਆ ਬਣਨ ਵਾਲੀਆਂ ਹਨ। ਜੇਕਰ ਇਹ ਯੋਜਨਾਵਾਂ ਸਿਰੇ ਚੜ੍ਹ ਜਾਂਦੀਆਂ ਹਨ ਤਾਂ ਸਨਅਤਕਾਰ ਇਨ੍ਹਾਂ ਤੋਂ ਚੰਗਾ ਮੁਨਾਫ਼ਾ ਕਮਾਉਣਗੇ ਹੀ, ਜੇਕਰ ਇਹ ਸਿਰੇ ਨਹੀਂ ਵੀ ਚੜ੍ਹਦੀਆਂ ਤਦ ਵੀ ਇਹ ਸਨਅਤੀ ਘਰਾਣਿਆਂ ਲਈ ਘਾਟੇਵੰਦਾ ਸੌਦਾ ਸਾਬਤ ਨਹੀਂ ਹੋਣਗੀਆਂ ਕਿਉਂਕਿ ਪੰਜਾਬ ਵਿਚ ਨਿਵੇਸ਼ ਦਾ ਪਿਛਲਾ ਰਿਕਾਰਡ ਕੁਝ ਇਹੋ ਹੀ ਦਰਸਾਉਂਦਾ ਹੈ। ਕਹਿਣ ਨੂੰ ਤਾਂ ਨਿੱਜੀ ਨਿਵੇਸ਼ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਦੇ ਹੱਲ ਅਤੇ ਸੂਬੇ ਦੇ ਵਿਕਾਸ ਦਾ



ਮਾਮਲਾ ਜੋੜਿਆ ਜਾਂਦਾ ਹੈ, ਪਰ ਅਜਿਹਾ ਹਕੀਕਤ ਵਿਚ ਵਾਪਰਦਾ ਨਹੀਂ। ਹੁਣੇ-ਹੁਣੇ ਮੁਕੰਮਲ ਹੋਈ ਬਠਿੰਡਾ ਰਿਫਾਈਨਰੀ ਦਾ ਤਜ਼ਰਬਾ ਵੀ ਇਹੋ ਦਰਸਾਉਂਦਾ ਹੈ। ਇਸ ਰਿਫਾਈਨਰੀ ਨੇ ਸਰਕਾਰੀ ਛੋਟਾਂ ਤਹਿਤ ਪੰਜਾਬੀਆਂ ਦੇ ਕਰੋੜਾਂ ਰੁਪਏ ਲੈ ਲਏ ਹਨ, ਪਰ ਬੇਰੁਜ਼ਗਾਰੀ ਦਾ ਮਸਲਾ ਜਿਉਂ ਦਾ ਤਿਉਂ ਹੈ। ਕਹਿਣ ਤੋਂ ਭਾਵ ਇਹ ਹੈ ਕਿ ਰਿਫਾਈਨਰੀ ਨੇ ਪੰਜਾਬੀਆਂ ਨੂੰ ਉਸ ਪੈਸੇ ਦੀ ਤੁਲਨਾ ਵਿਚ ਰੱਤੀ ਭਰ ਹੀ ਰੁਜ਼ਗਾਰ ਦਿੱਤਾ ਹੈ, ਜਿਹੜਾ ਪੈਸਾ ਇਹ ਸਰਕਾਰ ਤੋਂ ਛੋਟਾਂ ਦੇ ਨਾਂ 'ਤੇ ਹਾਸਲ ਕਰ ਰਹੀ ਹੈ। ਇਸ ਤੋਂ ਪਹਿਲਾਂ ਵੀ ਕਈ ਕੰਪਨੀਆਂ ਐਗਰੋ ਇੰਡਸਟਰੀ ਦੇ ਨਾਂ 'ਤੇ ਪੰਜਾਬ ਵਿਚ ਬੁਲਾਈਆਂ ਗਈਆਂ, ਇਨ੍ਹਾਂ ਨੇ ਜਾਂ ਤਾਂ ਆਪਣੇ ਪ੍ਰਾਜੈਕਟ ਮੁਕੰਮਲ ਹੀ ਨਹੀਂ ਕੀਤੇ ਜਾਂ ਫਿਰ ਉਨ੍ਹਾਂ ਸਰਕਾਰੀ ਸਬਸਿਡੀਆਂ ਹੜੱਪ ਕੇ ਛੇਤੀ ਹੀ ਬੰਦ ਕਰ ਦਿੱਤਾ ਤੇ ਕੀਮਤੀ ਅਥਵਾ ਵਧੀਆ ਜ਼ਮੀਨਾਂ ਆਪਣੇ ਕਬਜ਼ੇ ਹੇਠ ਕਰ ਲਈਆਂ। ਰਿਲਾਇੰਸ ਨੇ ਆਪਣੇ ਸਾਰੇ ਪੈਟਰੋਲ ਪੰਪ ਬੰਦ ਕਰ ਦਿੱਤੇ, ਪਰ ਜਰਨੈਲੀ ਮਾਰਗਾਂ ਤੇ ਉਹ ਜ਼ਮੀਨਾਂ ਰੋਕ ਲਈਆਂ ਜਿਹੜੀਆਂ ਅੱਜ ਅਰਬਾਂ ਰੁਪਏ ਦੀਆਂ ਹਨ। ਇਸ ਤਰ੍ਹਾਂ ਨਿੱਜੀ ਨਿਵੇਸ਼ਕਾਰਾਂ ਦਾ ਅਸਲ ਨਿਸ਼ਾਨਾ ਸਰਕਾਰ ਕੋਲ ਇਕੱਤਰ ਲੋਕਾਂ ਦਾ ਪੈਸਾ ਅਤੇ ਚੰਗੀਆਂ-ਮਹਿੰਗੀਆਂ ਜ਼ਮੀਨਾਂ ਹਨ, ਜੋ ਇਨ੍ਹਾਂ ਨੂੰ ਸਸਤੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਸਨਅਤੀ ਘਰਾਣੇ 'ਹਿੰਗ ਲੱਗੇ ਨਾ ਫਟਕੜੀ' ਦੀ ਧਾਰਨਾ ਨੂੰ ਸੱਚ ਕਰਕੇ ਵਿਖਾ ਰਹੇ ਹਨ। ਦੂਜੇ ਪਾਸੇ ਸਰਕਾਰ ਬਾਰੇ ਇਹ ਧਾਰਨਾ ਬਣੀ ਹੋਈ ਸੀ ਕਿ ਇਹ ਹੇਠਾਂ ਲੋਕਾਂ ਨਾਲ ਤੇ ਉਪਰ ਸਰਮਾਏਦਾਰਾਂ ਨਾਲ ਹੁੰਦੀ ਹੈ ਅਰਥਾਤ 'ਅੱਧੀ ਤੇਰੀ ਹਾਂ ਮੁਲਾਹਜ਼ੇਦਾਰਾ, ਅੱਧੀ ਹਾਂ ਗਰੀਬ ਜੱਟ ਦੀ' ਪਰ ਸਰਕਾਰ ਦੇ ਨਵੇਂ ਰੂਪ ਤੋਂ ਲਗਦਾ ਹੈ ਕਿ ਇਹ ਸਾਰੀ ਦੀ ਸਾਰੀ ਹੀ ਆਪਣੇ ਮੁਲਾਹਜ਼ੇਦਾਰ ਸਰਮਾਏਦਾਰਾਂ ਦੀ ਹੈ, ਐਵੇਂ ਕਹਿਣ ਨੂੰ ਹੀ ਇਹ ਗਰੀਬ ਜੱਟ ਦੀ ਹੈ।

## ਬੰਪਰ ਫਸਲ ਦੀਆਂ ਦੁਸ਼ਵਾਰੀਆਂ

ਪੰਜਾਬ ਵਿਚ ਇਸ ਵਾਰ ਕਣਕ ਦੀ ਬੰਪਰ ਫਸਲ ਹੋਈ ਹੈ। ਬੰਪਰ ਫਸਲ ਦਾ ਅਰਥ ਇਹ ਨਹੀਂ ਕਿ ਕਣਕ ਦਾ ਉਤਪਾਦਨ ਉਹ ਹੱਦ ਪਾਰ ਕਰ ਗਿਆ ਹੈ, ਜਿਸ ਨਾਲ ਪੰਜਾਬ ਦੇ ਖੇਤੀ ਖੇਤਰ ਵਿਚ ਉਤਪਾਦਨ ਵਿਚ



ਆਈ ਖੜੋਤ ਨੂੰ ਟੁੱਟ ਗਿਆ ਸਮਝ ਲਿਆ ਜਾਵੇ। ਫਿਰ ਵੀ ਕਣਕ ਦਾ ਉਤਪਾਦਨ ਭਰਵਾਂ ਹੈ ਤੇ ਇਹ ਭਰਵਾਂ ਉਤਪਾਦਨ ਨਵੀਆਂ ਚੁਣੌਤੀਆਂ ਪੇਸ਼ ਕਰ ਰਿਹਾ ਹੈ। ਇਨ੍ਹਾਂ ਚੁਣੌਤੀਆਂ ਵੱਲ ਧਿਆਨ ਦਿੱਤੇ ਬਗ਼ੈਰ ਹੀ ਪੰਜਾਬ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਕਿਸਾਨਾਂ ਨੂੰ ਵਧਾਈ ਦੇ ਦਿੱਤੀ ਹੈ। ਫਿਰ ਜਦੋਂ ਚੁਣੌਤੀਆਂ ਸਰਕਾਰ ਦੇ ਬੂਹੇ ਆਣ ਢੁਕੀਆਂ ਹਨ ਤਾਂ ਮੁੱਖ ਮੰਤਰੀ ਸਾਹਿਬ ਨੇ ਸਾਰਾ ਦੋਸ਼ ਕੇਂਦਰ ਸਿਰ ਮੜ੍ਹ ਦਿੱਤਾ ਹੈ, ਜੋ ਕਿ ਕੇਂਦਰ ਵੱਲੋਂ ਖਿੜ੍ਹੇ ਮੱਥੇ ਨਹੀਂ ਕਬੂਲਿਆ ਗਿਆ, ਸਗੋਂ ਪੰਜਾਬ ਸਰਕਾਰ ਨੂੰ ਮੋੜਵਾਂ ਜਵਾਬ ਦੇ ਕੇ ਆਮ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਇਆ ਗਿਆ। ਆਉ ਪਹਿਲਾਂ ਦੇਖੀਏ ਕਿ ਕਣਕ ਦੀ ਬੰਪਰ ਫਸਲ ਦੀਆਂ ਦੁਸ਼ਵਾਰੀਆਂ ਕੀ ਹਨ। ਇਸ ਦੀ ਪਹਿਲੀ ਸਮੱਸਿਆ ਭੰਡਾਰਨ ਦੀ ਸਮੱਸਿਆ ਹੈ। ਪੰਜਾਬ ਸਰਕਾਰ ਨੇ ਵਾਰ-ਵਾਰ ਦੁਹਰਾਇਆ ਕਿ ਕੇਂਦਰ ਸਰਕਾਰ ਲੋੜੀਂਦੇ ਗੁਦਾਮਾਂ ਦਾ ਪ੍ਰਬੰਧ ਨਹੀਂ ਕਰ ਰਹੀ। ਇਸ ਦੇ ਜਵਾਬ ਵਿਚ ਕੇਂਦਰ ਨੇ ਦੱਸਿਆ ਕਿ ਉਸ ਦੀ ਸਹਾਇਤਾ ਨਾਲ ਸੂਬੇ ਵਿਚ ਕਈ ਲੱਖ ਟਨ ਸਮਰੱਥਾ ਵਾਲੇ ਗੁਦਾਮਾਂ ਦੀ ਉਸਾਰੀ ਹੋ ਚੁੱਕੀ ਹੈ, ਪਰ ਪੰਜਾਬ ਸਰਕਾਰ ਅਨਾਜ ਗੁਦਾਮਾਂ ਵਿਚ ਰਖਵਾਉਣ ਦੀ ਥਾਂ ਖੁੱਲ੍ਹੇ ਆਸਮਾਨ ਹੇਠ ਰੱਖ ਛੱਡਦੀ ਹੈ ਤਾਂ ਕਿ ਇਹ ਸਹਿਜੇ ਹੀ ਖਰਾਬ ਹੋ ਜਾਵੇ ਤੇ ਫਿਰ ਗਿਣੀ-ਮਿੱਥੀ ਸਕੀਮ ਹੇਠ ਇਹ ਖਰਾਬ ਕਣਕ ਸਸਤੇ ਭਾਅ ਸ਼ਰਾਬ ਦੇ ਕਾਰਖਾਨੇਦਾਰਾਂ ਨੂੰ ਚੁਕਾ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸ਼ਰਾਬ ਫੈਕਟਰੀਆਂ ਨੂੰ ਸ਼ਰਾਬ ਬਣਾਉਣ ਲਈ ਕੱਚਾ ਮਾਲ ਕੌਡੀਆਂ ਦੇ ਭਾਅ ਮਿਲ ਜਾਂਦਾ ਹੈ। ਕੇਂਦਰ ਬਨਾਮ ਪੰਜਾਬ ਸਰਕਾਰ ਬਹਿਸ ਕਈ ਦਿਨ ਮੀਡੀਆ 'ਚ ਚਲਦੀ ਰਹੀ ਤੇ ਦੂਜੇ ਪਾਸੇ ਕਣਕ ਮੰਡੀਆਂ ਤੋਂ ਲੈ ਕੇ ਖੁੱਲ੍ਹੇ ਆਸਮਾਨ ਹੇਠ ਲਗਾਈਆਂ ਧਾਕਾਂ 'ਚ ਰੁਲਦੀ ਰਹੀ। ਕਣਕ ਲਈ ਵਿਸ਼ਵ ਮੰਡੀ ਦਾ ਰਾਹ ਖੋਲ੍ਹਣ ਲਈ ਇਸ ਨੂੰ ਬਰਾਮਦ ਕਰਨ ਦੀ ਵਿਵਸਥਾ ਵੀ ਚਰਚਾ ਵਿਚ ਆਈ, ਪਰ ਸਾਡੀ ਕਣਕ ਦਾ ਵਿਸ਼ਵ ਮੰਡੀ ਵਿਚ ਵੀ ਕੋਈ ਖਰੀਦਦਾਰ ਨਹੀਂ ਹੈ। ਇਕ ਤਾਂ ਇਹ ਖਰੀਦਣ ਵਾਲਿਆਂ ਨੂੰ ਮਹਿੰਗੀ ਪੈਂਦੀ ਹੈ। ਦੂਜੇ, ਵਿਸ਼ਵ ਮੰਡੀ ਵਿਚ ਪਹਿਲਾਂ ਹੀ ਕਣਕ ਦੇ ਵਿਕਰੇਤਾ ਮੌਜੂਦ ਹਨ। ਸੋ ਵਾਫ਼ਰ ਉਤਪਾਦਨ ਦਾ ਸੰਕਟ ਪੰਜਾਬ ਲਈ ਇਕ ਸੰਤਾਪ ਬਣਿਆ ਹੋਇਆ ਹੈ। ਘਰੇਲੂ ਖਪਤ ਲਈ ਜਨਤਾ ਦੇ ਵੱਡੇ ਹਿੱਸੇ ਲਈ ਦਾਲ-ਆਟਾ ਸਕੀਮ ਚੱਲ ਰਹੀ ਹੈ। ਇਹ ਸਕੀਮ ਵੀ ਹਾਲ ਦੀ ਘੜੀ ਕਣਕ ਦੀ ਖੁੱਲ੍ਹੀ ਮੰਡੀ (ਘਰੇਲੂ) ਵਿਚ ਕਣਕ ਦੀ ਮੰਗ ਨੂੰ ਵਧਣ ਨਹੀਂ ਦੇਵੇਗੀ, ਜਿਸ ਕਾਰਨ ਕਣਕ ਦਾ ਭਾਅ ਵਧਣ ਦੀਆਂ ਬਹੁਤ ਘੱਟ ਸੰਭਾਵਨਾਵਾਂ ਹਨ।

ਦਰਅਸਲ, ਪੰਜਾਬ ਦੇ ਹੁਕਮਰਾਨ ਖੇਤੀ ਸੈਕਟਰ ਨੂੰ ਵਧੇਰੇ ਗੰਭੀਰਤਾ ਨਾਲ ਨਹੀਂ ਲੈ ਰਹੇ। ਪੰਜਾਬ ਦੇ ਉਪ ਮੁੱਖ ਮੰਤਰੀ ਜਦੋਂ ਸਨਅਤਕਾਰਾਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਦਾ ਸੱਦਾ ਦਿੰਦੇ ਹਨ, ਉਦੋਂ ਉਨ੍ਹਾਂ ਨੂੰ ਬਿਲਕੁਲ ਵਿੱਸਰ ਜਾਂਦਾ ਹੈ ਕਿ ਖੇਤੀ ਅਧਾਰਤ ਸਨਅਤਾਂ ਵੀ ਹੁੰਦੀਆਂ ਹਨ। ਡੀ.ਐਲ.ਐਫ ਵਾਲਿਆਂ ਨੂੰ ਇਸ ਵਿਚ ਨਿਵੇਸ਼ ਕਰਨ ਲਈ ਵੀ ਕਿਹਾ ਜਾ ਸਕਦਾ ਹੈ। ਉਨ੍ਹਾਂ ਨੂੰ ਗੁਦਾਮਾਂ ਦੇ ਨਿਰਮਾਣ ਵਿਚ ਨਿਵੇਸ਼ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ, ਪਰ ਇਹ ਸਭ ਗੱਲਾਂ ਤੇ ਨੇਕ ਨੀਅਤੀ ਦੀਆਂ ਹਨ ਤੇ ਨੇਕ ਨੀਅਤੀ ਸ਼ਾਇਦ ਹਾਕਮਾਂ ਨੂੰ ਵਾਰਾ ਨਹੀਂ ਖਾਂਦੀ।

## ਖ਼ੁਦਕੁਸ਼ੀਆਂ ਦਾ ਕਹਿਰ

ਪੰਜਾਬ ਵਿਚ ਪਿਛਲੇ ਦਹਾਕੇ ਦੌਰਾਨ ਹੋਈਆਂ ਖ਼ੁਦਕੁਸ਼ੀਆਂ ਦੀ ਤਿੰਨ ਯੂਨੀਵਰਸਿਟੀਆਂ, ਪੀ.ਏ.ਯੂ, ਪੰਜਾਬੀ ਯੂਨੀਵਰਸਿਟੀ ਤੇ ਗੁਰੂ ਨਾਨਕ



ਦੇਵ ਯੂਨੀਵਰਸਿਟੀ ਵੱਲੋਂ ਤਿਆਰ ਕੀਤੀ ਗਈ ਸਾਂਝੀ ਸਰਵੇ ਰਿਪੋਰਟ ਪੰਜਾਬ ਦੇ ਵਿੱਤ ਵਿਭਾਗ ਨੂੰ ਸੌਂਪ ਦਿੱਤੀ ਗਈ ਹੈ। ਇਸ ਰਿਪੋਰਟ ਦੌਰਾਨ ਪਿਛਲੇ ਦਹਾਕੇ ਦੌਰਾਨ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਪੰਜ ਹਜ਼ਾਰ ਖ਼ੁਦਕੁਸ਼ੀਆਂ ਦੇ ਮਾਮਲੇ ਸਾਹਮਣੇ ਆਏ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿਚੋਂ ਕੁਝ ਇਕ ਨੂੰ ਛੱਡ ਕੇ ਬਾਕੀ ਸਭ ਕਰਜ਼ੇ ਦੇ ਬੋਝ ਹੇਠਾਂ ਦਬੇ ਹੋਏ ਸਨ। ਰਿਪੋਰਟ ਅਨੁਸਾਰ ਇਸ ਸਮੇਂ ਪੰਜਾਬ ਦੇ 89 ਫੀਸਦੀ ਕਿਸਾਨਾਂ ਸਿਰ ਕਰਜ਼ਾ ਹੈ। ਇਹ ਕਰਜ਼ਾ ਵਧੇਰੇ ਕਰਕੇ ਆੜ੍ਹਤੀਆਂ ਅਤੇ ਵਿੱਤੀ ਅਦਾਰਿਆਂ ਦਾ ਹੈ। ਜ਼ਾਹਿਰ ਹੈ ਕਿ ਦੋਵਾਂ ਦਾ ਵਤੀਰਾ ਕਿਸਾਨਾਂ ਪ੍ਰਤੀ ਲਿਹਾਜ਼ ਵਾਲਾ ਨਹੀਂ।

ਜ਼ਿਕਰਯੋਗ ਹੈ ਕਿ ਆੜ੍ਹਤ ਦੇ ਕਾਰੋਬਾਰ ਉਪਰ ਧਨੀ ਜੱਟ ਕਿਸਾਨੀ ਛਾਈ ਹੋਈ ਹੈ ਤੇ ਵਿੱਤੀ ਅਦਾਰਿਆਂ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਹੈ। ਇਸ ਸਥਿਤੀ ਵਿਚ ਬੇਲਿਹਾਜ਼ੀ ਅਤੇ ਬੇਇਨਸਾਫ਼ੀ ਅਸਿੱਧੇ ਤੌਰ 'ਤੇ ਕਿਸ ਦੁਆਰਾ ਹੋ ਰਹੀ ਹੈ, ਇਸ ਗੱਲ ਦਾ ਅੰਦਾਜ਼ਾ ਅਸੀਂ ਸਹਿਜੇ ਹੀ ਲਗਾ ਸਕਦੇ ਹਾਂ। ਰਿਪੋਰਟ ਅਨੁਸਾਰ ਜਿਸ ਖੇਤਰ ਵਿਚ ਖ਼ੁਦਕੁਸ਼ੀਆਂ ਦੀ ਸਥਿਤੀ ਵਧੇਰੇ ਗੰਭੀਰ ਹੈ, ਉਹ ਪੰਜਾਬ ਦਾ ਮਾਲਵਾ ਖੇਤਰ ਹੈ। ਬਠਿੰਡਾ, ਮਾਨਸਾ, ਸੰਗਰੂਰ, ਬਰਨਾਲਾ, ਮੁਕਤਸਰ ਤੇ ਮੋਗਾ ਵਿਚ ਕਿਸਾਨੀ ਦੀ ਹਾਲਤ ਵਧੇਰੇ ਚਿੰਤਾਜਨਕ ਹੈ।

ਮਾਝਾ ਤੇ ਦੁਆਬਾ ਵਿਚ ਸਥਿਤੀ ਮਾਲਵੇ ਨਾਲੋਂ ਬਿਹਤਰ ਹੈ। ਯੂਨੀਵਰਸਿਟੀ ਦੀਆਂ ਟੀਮਾਂ ਨੇ ਜ਼ਿਲ੍ਹਾਵਾਰ ਖ਼ੁਦਕੁਸ਼ੀਆਂ ਦੀ ਗਣਨਾ ਕਰਕੇ ਵੱਖ-ਵੱਖ ਜ਼ਿਲ੍ਹਿਆਂ ਵਿਚ ਹੋਈਆਂ ਖ਼ੁਦਕੁਸ਼ੀਆਂ ਦੇ ਅੰਕੜੇ ਨਸ਼ਰ ਕੀਤੇ ਹਨ। ਕੁਝ ਖ਼ੁਦਕੁਸ਼ੀਆਂ ਘਰੇਲੂ ਕਾਰਨਾਂ ਕਰਕੇ ਵੀ ਹੋਈਆਂ ਹਨ। ਇਸ ਰਿਪੋਰਟ 'ਤੇ ਸਰਕਾਰ ਕੀ ਕਾਰਵਾਈ ਕਰੇਗੀ, ਇਸ ਬਾਰੇ ਬਹੁਤਾ ਆਸ਼ਾਵਾਦੀ ਨਹੀਂ ਹੋਇਆ ਜਾ ਸਕਦਾ। ਹਾਂ, ਇਹ ਜ਼ਰੂਰ ਸੰਕੇਤ ਮਿਲ ਰਹੇ ਹਨ ਕਿ ਬਾਜ਼ਾਰ (ਮੁਕਤ) ਦਿਓ-ਕੱਦ ਆਰਥਿਕ ਸ਼ਕਤੀਆਂ ਪੰਜਾਬ ਦੇ ਕਿਸਾਨਾਂ ਨੂੰ ਆਰਥਿਕ ਸੰਕਟ ਦੇ ਜਾਲ ਵਿਚ ਫਸਾ ਕੇ ਵੱਡੇ ਉਜਾੜੇ ਵੱਲ ਧਕੇਲ ਰਹੀਆਂ ਹਨ।

## ਛੋਕੜਲੀ ਗੱਲ

ਬਾਣੀਏ ਨੂੰ ਉਦਾਸ ਬੈਠਾ ਦੇਖ, ਹੱਟੀ ਲਾਗਿਓਂ ਲੰਘਦੇ ਕਿਸੇ ਜਣੇ ਨੇ ਪੁੱਛਿਆ "ਕਰੋੜੀ ਮੱਲਾ ਬੜਾ ਸੋਚੀਂ ਡੁੱਬਿਆ ਹੋਇਐਂ, ਮਖਾਂ ਕੀ ਗੱਲ ਐ?" ਅੱਗੋਂ ਕਰੋੜੀ ਮੱਲ ਬੋਲਿਆ, "ਜਾਗਰ ਸਿਆਂ ਕੀ ਦੱਸਾਂ, ਮੈਂ ਆਪਣੀਆਂ ਗਿਆਰਾਂ ਪੁਸ਼ਤਾਂ ਜੋਗਾ ਤਾਂ ਜੋੜ ਲਿਆ, ਸੋਚਦਾਂ ਕਿ ਬਾਰ੍ਹਵੀਂ ਕੀ ਕਰੂ?"

ਚੰਡੀਗੜ੍ਹ ਲਾਗੇ ਜਿਹੜੇ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਫਾਰਮ ਹਨ, ਉਨ੍ਹਾਂ ਵਿਚ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਦਾ ਵੀ ਇਕ ਫਾਰਮ ਹੈ। ਵੱਡੀਆਂ ਟਰਾਂਸਪੋਰਟ ਕੰਪਨੀਆਂ, ਟੀ.ਵੀ ਚੈਨਲਾਂ, ਹੋਟਲਾਂ ਤੇ ਫਾਰਮਾਂ ਦੇ ਮਾਲਕ ਦਾ ਜਾਇਦਾਦਾਂ ਇਕੱਠੀਆਂ ਕਰਨ ਦਾ ਵਤੀਰਾ ਤੁਹਾਨੂੰ ਕਰੋੜੀ ਮੱਲ ਨਾਲ ਮੇਲ ਖਾਂਦਾ ਨਹੀਂ ਜਾਪਦਾ?




## Progressive Peoples Foundation of Edmonton
And
## Punjab United Sports & Heritage Association of Edmonton
*Organize*

# 5th Shaheed Bhagat Singh Sports Tournament

Dedicated to Shaheed Bhagat Singh and his co-patriots Raj Guru and Sukhdev

**To provide a platform for our youth to play Soccer with a mission to strengthen community participation and infuse leadership spirit among them**

## Saturday July 7, 2012 & Sunday July 8, 2012

**@Pollard Meadows School 1751 48 St. Edmonton,AB**








**Security Deposit: $ 200 per Adult Team**

**Please register your teams with the following Program Co-ordinators:**

Sonny Gill: 780-497-8801, Mohinder Banga: 780-913-1820, Harjinder Badesha: 780-265-1920 ,Kamaljit Sidhu: 780-499-9913
Iqbal Mahal: 780-995-7035, Kashmir Gill: 780-951-2772 , Surinder Deol: 780-239-9038, Bakhsh Sangha: 780-461-7528
Raju Virk: 780-298-4499

**For Further Information, please call:**

Dr. P. R. Kalia: 780-440-2766 , Gurcharan Brar:780-265-3752 , Navtej Bains:780-200-2872
Joginder Randhawa:780-266-1757, Dalbir Sangione: 780-995-5475, Kirtmeet Kohar: 780-200-5328
Jagdev Sohi:780-940-9941 Jasvir Deol: 780-906-4497

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**



### What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ◈ ਕਾਰ, ਮੋਟਰਸਾਈਕਲ ਇੰਸ਼ੋਰੈਂਸ
- ◈ ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ◈ ਟਰੱਕ: ਲੌਂਗਹਾਲ ਅਤੇ ਗਰੈਵਲ
- ◈ ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ◈ ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

**We Provide Services In English, Punjabi, Gujrati, Hindi & Urdu**

| Edmonton: 780-465-6900 | Calgary: 403-775-2100 |
| --- | --- |
| ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਸਿੰਘ, ਦੀਪਕ ਸ਼ਾਹ, ਰਮਨ ਗਿੱਲ | ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ |

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates




Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
**(780) 463-6320, Fax : (780) 450-0365**

# Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

**Ph. 780-996-2873**

# DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

# PIZZA 99

*Serving for over 16 years*





**Call (780) 450-9900**

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

ਪਰਮਜੀਤ ਸਿੰਘ ਬਾਠ

www.pizza99.com

FREE DELIVERY Millwoods ONLY

*Buy any Pizza at regular price & get Second Pizza of equal or less value Free or Chicken wings Free and 3rd Pizza Half Price.*

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE — 1543 Millwoods Road East, Edmonton AB.



# KOPY CENTRE & PRINTING

**"On Time ~ Every Time"**

Digital Printing & Photo Copy

• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...

*We do Art Work as well...*

Tel: (780) 437-0200
Fax: (780) 437-0227 • kopycent@telus.net

9126B - 51 Ave. Edmonton, AB T6E 5L8

EconoLodge BY CHOICE HOTELS

# Red Deer Econo Lodge Inn & Suites

www.choicehotels.com

Reservations 1-877-424-6423



403-346-4188
Cell: 403-505-4188

Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

# $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

**FINANCING AVAILABLE**

No Down Payment, No Problem

Call Rennie @ 780-966-1688
rennie1688@gmail.com

ਕਾਮਾਗਾਟਾਮਾਰੂ, ਅਜੀਤਰਾਮ, ਰਿਸ਼ਤਿਆਂ ਦਾ ਕੀ ਰੱਖੀਏ ਨਾਂ, ਫ਼ਰੀਡਮ ਫ਼ਾਈਟਰ, ਕੁਦੇਸਣ, ਗਾਨੀ, ਕੈਮਲੂਪਸ ਦੀਆਂ ਮੱਛੀਆਂ,ਪੁਨਰ ਜਨਮ ਵਰਗੇ ਨਾਟਕਾਂ ਦੀ ਸਫ਼ਲ ਪੇਸ਼ਕਾਰੀ ਤੋਂ ਬਾਅਦ

# ਪੰਜਾਬੀ ਆਰਟ ਐਸੋਸ਼ੀਏਸ਼ਨ ਆਫ਼ ਐਡਮਿੰਟਨ

## ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਦੇ ਸਹਿਯੋਗ ਨਾਲ

## ਉਘੇ ਰੰਗਕਰਮੀ ਤੇ ਨਿਰਦੇਸ਼ਕ ਜਸਪਾਲ ਢਿਲੋਂ ਦੀ ਨਿਰਦੇਸ਼ਨਾ ਹੇਠ ਪੇਸ਼ ਕਰਦੀ ਹੈ

ਸ਼ਹੀਦ ਭਗਤ ਸਿੰਘ ਦੇ ਜੇਲ੍ਹ ਦੌਰਾਨ ਆਖ਼ਰੀ ਦਿਨਾਂ ਦੇ ਘਟਨਾਕ੍ਰਮ ਨੂੰ ਦਰਸਾਉਂਦਾ ਦਵਿੰਦਰ ਦਮਨ ਦਾ ਲਿਖਿਆ ਤੇ ਉਂਕਾਰਪ੍ਰੀਤ ਦੇ ਲਿਖੇ ਗੀਤਾਂ ਨਾਲ ਸ਼ੰਗਾਰਿਆ ਨਾਟਕ

# 'ਛਿਪਣ ਤੋਂ ਪਹਿਲਾਂ'



**ਅਤੇ** ਅਜ਼ਾਦੀ ਤੋਂ ਬਾਅਦ ਦੇ ਭਾਰਤੀ ਸਰਕਾਰੀ-ਤੰਤਰ ਦਾ ਹਾਲ ਦਰਸਾਉਂਦਾ ਜਤਿੰਦਰ ਬਰਾੜ ਦਾ ਲਿਖਿਆ ਤੇ ਉਂਕਾਰਪ੍ਰੀਤ ਦੇ ਲਿਖੇ ਗੀਤ ਨਾਲ ਸ਼ੰਗਾਰਿਆ ਨਾਟਕ

# 'ਫ਼ਾਈਲ ਚਲਦੀ ਰਹੀ...'



ਟਿਕਟ $10

**ਪ੍ਰੋਗਰਾਮ**

## 9 ਜੂਨ 2012

ਬਾਅਦ ਦੁਪਹਿਰ 3 ਤੋਂ 5 ਵਜੇ ਤੱਕ

ਵਿਕਟੋਰੀਆ ਸਕੂਲ ਆਫ਼ ਆਰਟਸ
10210-108 ਐਵੀਨਿਊ ਐਡਮਿੰਟਨ
Victoria School of Arts
10210-108 Ave T5H 1A8

ਸਹਿਯੋਗੀ ਸੰਸਥਾਵਾਂ: ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ, ਮੈਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਸੈਕੂਲਰ ਪੀਪਲਜ਼ ਐਸੋਸੀਏਸ਼ਨ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਜੋਗਿੰਦਰ ਰੰਧਾਵਾ 780-914-6251, ਨਵਤੇਜ ਬੈਂਸ 780-200-2872, ਕਸ਼ਮੀਰ ਬਦੇਸ਼ਾ 780-462-3071, ਬਖ਼ਸ਼ ਸੰਘਾ 780-660-7520, ਕਿਰਤਮੀਤ ਕੁਹਾੜ 780-200-5328, ਲਾਡੀ ਸੂਸ 780-297-6105, ਜਸਬੀਰ ਸੰਘਾ 780-863-4055, ਸੁਰਿੰਦਰ ਦਿਓਲ 780-239-9038, ਗੁਰਤੇਜ ਬਰਾੜ 780-906-0371, ਵਰਿੰਦਰ ਭੁੱਚੂ 780-299-5301, ਹਰਜਿੰਦਰ ਬਦੇਸ਼ਾ 780-265-1920, ਗੁਰਮੇਲ ਧਾਲੀਵਾਲ 780-265-6990, ਗੁਰਚਰਨ ਸ਼ਰਮਾ 780-554-2570, ਸੋਨੀ ਗਿੱਲ 780-497-8801, ਦਲਬੀਰ ਸਾਂਗਿਆਂਣ 780-995-5475, ਡਾ. ਪੀ.ਆਰ. ਕਾਲੀਆ 780-485-2989, ਗੁਰਚਰਨ ਬਰਾੜ 780-265-3752, ਰਵਿੰਦਰ ਸ਼ਾਹੀ 780-267-0452, ਗੁਰਜੀਤ ਕੰਗ 780-271-1699, ਅਨੰਤਬੀਰ ਥਿੰਦ 780-200-1791, ਸਨੀ ਧਾਲੀਵਾਲ 780-885-8380, ਜਗਦੇਵ ਸੋਹੀ 780-940-9941, ਗੁਰਸੇਵਕ ਮਾਨ 780-710-3710,

# ਇਤਿਹਾਸਕ ਪੈੜਾਂ ਛੱਡ ਗਿਆ ਅਰਪਨ ਲਿਖਾਰੀ ਸਭਾ ਕੈਲਗਰੀ ਦਾ ਸਾਲਾਨਾ ਸਮਾਗਮ



ਅਰਪਨ ਲਿਖਾਰੀ ਸਭਾ ਦਾ ਸਾਲਾਨਾ ਸਮਾਗਮ 2 ਜੂਨ 2012 ਨੂੰ ਖ਼ਚਾ ਖ਼ਚ ਭਰੇ ਟੈਂਪਲ ਕੁਮਿਊਨਟੀ ਹਾਲ ਵਿੱਚ ਹੋਇਆ।ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਸਟੇਜ ਸੰਭਾਲਦਿਆਂ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ, ਮੁਖ ਮਹਿਮਾਨ ਰਵਿੰਦਰ ਰਵੀ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਸੁਖਦੇਵ ਸਿੰਘ ਜਨਰਲ ਸਕੱਤਰ 'ਪੰਜਾਬੀ ਸਾਹਿਤ ਐਕਾਡਮੀ ਲੁਧਿਆਣਾ', ਮਨਜੀਤ ਮੀਤ ਕੇਂਦਰੀ ਪੰਜਾਬੀ ਲੇਖਕ ਸਭਾ ਵੈਨਕੋਵਰ, ਡਾ. ਮੇਹਿਰਬਾਨ ਬਟਾਲਵੀ, ਪ੍ਰਿਥਵੀ ਰਾਜ ਕਾਲੀਆ, ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਸ਼ੋਭਤ ਹੋਣ ਲਈ ਬੇਨਤੀ ਕੀਤੀ।ਸਭਾ ਦੇ ਮੀਤ ਪ੍ਰਧਾਨ ਕੇਸਰ ਸਿੰਘ ਨੀਰ ਨੇ ਸਾਰਿਆ ਨੂੰ "ਜੀ ਆਇਆਂ" ਨੂੰ ਕਹਿਦਿਆਂ ਸਭਾ ਦੇ ਕੰਮਾ ਬਾਰੇ ਸੰਖ਼ੇਪ ਜਾਣਕਾਰੀ ਦਿੱਤੀ ਅਤੇ ਸਪੌਂਸਰਾਂ ਅਤੇ ਸਮੁਚੇ ਪੰਜਾਬੀ ਮੀਡੀਆ ਦਾ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

ਕੈਲਗਰੀ ਦੇ ਉਭਰ ਰਹੇ ਕਲਾਕਾਰ ਨਿੰਮਾਂ ਖੈਹਰਾ ਨੇ ਪੰਜਾਬੀ ਬੋਲੀ ਬਾਰੇ ਗੀਤ ਸੁਰੀਲੀ ਆਵਾਜ਼ ਵਿੱਚ ਗਾ ਕੇ ਰੰਗ ਬੰਨ ਦਿੱਤਾ। ਸਰੂਪ ਸਿੰਘ ਮੰਡੇਰ ਅਤੇ ਜਸਵੰਤ ਸਿੰਘ ਸੇਖੋਂ ਦੀ ਕਵੀਸ਼ਰ-ਜੋੜੀ ਨੇ ਭਰੂਣ-ਹਤਿਆ ਬਾਰੇ ਹੰਸਾਂ ਸਿੰਘ ਦਾ ਲਿਖਿਆ ਸੁੰਦਰ ਛੰਦ ਪੇਸ਼ ਕੀਤਾ। ਦਲਬੀਰ ਸਾਂਗਿਆਣ ਨੇ ਪਟਨੇ ਕੋ.ਲੋ ਜਮਨਾ ਨਦੀ ਦੇ ਸ਼ਾਤ ਹੋ ਲੰਘਣ ਬਾਰੇ ਆਪਣਾ ਨਜ਼ਰੀਆ ਪੇਸ਼ ਕੀਤਾ। ਅਜੈਬ ਸਿੰਘ ਸੇਖੋਂ ਨੇ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਲਈ ਨੁਖ਼ਸੇ ਭਰਪੂਰ ਕਵਿਤਾ ਪੜ੍ਹੀ। ਡਾ. ਸੁਖਦੇਵ ਸਿੰਘ ਨੇ ਰਾਵਿੰਦਰ ਰਵੀ ਨੂੰ ਕੈਨੇਡਾ ਦੇ ਤਿੰਨ ਵੱਡੇ ਕਵੀਆਂ ਵਿੱਚ ਸ਼ੁਮਾਰ ਕਰਦਿਆਂ ਰਵੀ ਦੀ ਪ੍ਰਯੋਗਸ਼ੀਲ ਕਵਿਤਾ ਬਾਰੇ ਅਤੇ ਰਵੀ ਦੀ ਸਮੁਚੀ ਸਾਹਿਤਕ ਦੇਣ ਬਾਰੇ ਰੋਸ਼ਨੀ ਪਾਈ।

ਅਲਬਰਟਾ ਸੂਬੇ ਦੇ ਕੈਲਗਰੀ ਤੋਂ ਮਨਿਸਟਰ ਆਫ਼ ਸਰਵਸ ਅਲਬਰਟਾ, ਮਨਮੀਤ ਸਿੰਘ ਭੱਲਰ ਨੂੰ ਇਕਬਾਲ ਖ਼ਾਨ ਨੇ 'ਜੀ ਆਇਆ' ਆਖਦਿਆਂ ਸਟੇਜ ਆਉਣ ਦਾ ਸੱਦਾ ਦਿੱਤਾ। ਮਨਮੀਤ ਸਿੰਘ ਭੁਲੱਰ ਨੇ ਕੈਲਗਰੀ ਦੇ ਦੋ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਸ਼ੁਰੂ ਹੋਣ ਦੀ ਜਾਣਕਾਰੀ ਦਿੰਦਿਆਂ ਪੰਜਾਬੀ ਮਾਪਿਆਂ ਨੂੰ ਇਨ੍ਹਾਂ ਸਕੂਲਾਂ ਵਿੱਚ ਬੱਚੇ ਦਾਖ਼ਲ ਕਰਾਉਣ ਲਈ ਅਪੀਲ ਕੀਤੀ। ਸ੍ਰ. ਭੁੱਲਰ ਨੇ ਅਰਪਨ ਲਿਖਾਰੀ ਸਭਾ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਅਲਬਰਟਾ ਸਰਕਾਰ ਵੱਲੋਂ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੂੰ ਜਦੋਂ 10 ਹਜ਼ਾਰ ਡਾਲਰ ਦਾ ਚੈਕ ਭੇਟ ਕੀਤਾ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ।ਸਭਾ ਦੇ ਪ੍ਰਧਾਨ ਨੇ ਮਨਮੀਤ ਭੁੱਲਰ ਦਾ ਹਾਰਦਿਕ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਪ੍ਰੇਮੀਆਂ ਦੀਆਂ ਆਸਾਂ ਤੇ ਖਰਾ ਉੱਤਰਨ ਦੀ ਕੋਸ਼ਿਸ਼ ਕਰਾਂਗੇ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਪੰਜਾਬੀ ਬੋਲੀ ਦੇ ਵਿਕਾਸ ਅਤੇ ਫੈਲਾਅ ਲਈ ਹਰ ਸਭੰਵ ਯਤਨ ਕਰਾਗੇ।

ਇਸ ਤੋਂ ਪਿੱਛੋਂ ਕੈਲਗਰੀ ਦੇ ਸੁਰੀਲੇ ਗਾਇਕ ਹਰਜੀਤ ਗਿੱਲ ਨੇ ਸ਼ਿਵ ਕਮਾਰ ਬਟਾਲਵੀ ਦਾ ਗੀਤ 'ਕੀ ਪੁੱਛਦੇ ਹੋ ਹਾਲ ਫ਼ਕੀਰਾਂ ਦਾ' ਗਾ ਕੇ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ। ਡਾ. ਰਘਬੀਰ ਸਿੰਘ ਸਿਰਜਣਾ ਨੇ ਰਾਵਿੰਦਰ ਰਵੀ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਪ੍ਰਭਾਵਸ਼ਾ.ਲੀ ਸ਼ਬਦਾਂ ਵਿੱਚ ਵਿਸਥਾਰ ਨਾਲ ਗੱਲ ਕੀਤੀ ਅਤੇ ਅਰਪਨ ਲ਼ਿਖਾਰੀ ਸਭਾ ਵੱਲੋਂ ਉਨ੍ਹਾਂ ਦੀ ਕੀਤੀ ਸੁਚਜੀ ਚੋਣ ਦੀ ਸ਼ਲਾਘਾ ਕੀਤੀ। ਰਾਵਿੰਦਰ ਰਵੀ ਨੂੰ ਸਨਮਾਨਿਤ ਕਰਨ ਤੋਂ ਪਹਿਲਾਂ ਡਾ. ਹਰਭਜਨ ਸਿੰਘ ਢਿੱਲੋਂ ਨੇ ਬਹੁਤ ਹੀ ਭਾਵਪੁਰਤ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਰਵੀ ਦੀ ਸਮੁਚੀ ਰਚਨਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਤੋ ਬਾਅਦ ਇਕਬਾਲ ਖ਼ਾਨ ਨੇ ਰਵੀ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਸੱਦਾ ਦਿੱਤਾ। ਰਵਿੰਦਰ ਰਵੀ ਨੇ ਬਹੁਤ ਹੀ ਸੁੰਦਰ ਢੰਗ ਨਾਲ ਆਪਣ੍ਹੇ ਜੀਵਨ, ਆਪਣੀ ਰਚਨਾ, ਆਪਣੇ ਨਾਟਕਾਂ ਦੇ ਖੇਡੇ ਜਾਣ ਬਾਰੇ ਦੱਸਦਿਆਂ; ਪੁਸਤਕਾਂ ਦੇ ਦੋਹਾਂ ਪੰਜਾਬਾਂ ਦੀਆਂ ਯੂਨੀਵਸਿਟੀਆਂ ਦੇ ਕੋਰਸਾਂ 'ਚ ਲੱਗੇ ਹੋਣ ਅਤੇ ਆਪਣੇ ਕਵਿ ਨਾਟਕ "ਮਨ ਦੇ ਹਾਣੀ" ਵਿਚੋਂ ਕਵਿ ਟੁਕੜੀਆਂ ਸੁਣਾਕੇ ਬਹੁਤ ਹੀ ਥੋੜੇ ਸਮੇਂ ਵਿਚ ਬਹੁਤ ਵੱਡੀ ਜਾਣਕਰੀ ਦੇ ਕੇ ਸਰੋਤਿਆਂ ਤੇ ਜਾਦੂ-ਮਈ ਪ੍ਰਭਾਵ ਛੱਡਿਆ।

ਸਨਮਾਨ ਦੀ ਰਸਮ ਆਰੰਭ ਕਰਦਿਆਂ ਅਰਪਨ ਲਿਖਾਰੀ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਅ ਨੇ ਪਲੈਕ, ਸਭਾ ਦੇ ਖ਼ਜ਼ਾਨਚੀ, ਹਰਭਜਨ ਸਿੰਘ ਢਿੱਲੋਂ ਨੇ ਇੱਕ ਹਜ਼ਾਰ ਡਾਲਰ ਨਕਦ, ਸਭਾ ਦੇ ਮੀਤ ਪ੍ਰਧਾਨ ਕੇਸਰ ਸਿੰਘ ਨੀਰ ਅਤੇ ਜਨਰਲ ਸਕੱਤਰ ਇਕਬਾਲ ਖ਼ਾਨ ਨੇ ਸਭਾ ਦੀਆਂ ਕਿਤਬਾਂ ਦਾ ਸੈਟ ਅਤੇ ਇੱਕ ਲੋਈ ਭੇਟ ਕਰਕੇ ਭਰਪੂਰ ਤਾੜੀਆਂ ਦੀ ਗੂੰਜ ਵਿੱਚ ਉਨ੍ਹਾਂ ਨੂੰ "ਇਕਬਾਲ ਅਰਪਨ ਯਾਦਗਾਰੀ ਪੁਰਸਕਾਰ" ਨਾਲ ਸਨਮਾਨਿਤ ਕੀਤਾ।ਇਸੇ ਸਮੇਂ ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਸਿੰਘ ਜਨਾਗਨ ਨੇ ਰਾਵਿੰਦਰ ਰਵੀ ਦਾ ਬਣਾਇਆ ਸੁੰਦਰ ਚਿੱਤਰ ਵੀ ਭੇਟ ਕੀਤਾ। ਰਾਵਿੰਦਰ ਰਵੀ ਨੇ ਅਰਪਨ ਲਿਖਾਰੀ ਸਭਾ ਨੂੰ ਆਪਣੀਆਂ ਸਾਰੀਆਂ ਪਾਸਤਕਾਂ ਦਾ ਸੈਟ ਭੇਟ ਕੀਤਾ। ਉਨ੍ਹਾਂ ਨੇ ਸਭਾ ਦਾ ਅਤੇ ਚਿੱਤਰਕਾਰ ਹਰਪ੍ਰਕਾਸ਼ ਜਨਾਗਲ ਦਾ ਤਹਿ-ਦਿਲੋਂ ਧੰਨਵਾਦ ਕੀਤਾ।ਸਨਮਾਨ ਦੀ ਰਸਮ ਸਮੇਂ ਸਮਾਗਮ ਪੂਰੇ ਜੋਬਨ 'ਤੇ ਪੁੰਹਚ ਗਿਆ।

ਭਾਰਤ ਤੋਂ ਉਚੇਚੇ ਤੌਰ ਪੁਹੰਚੇ ਮਹਿਮਾਨ ਲੇਖਕਾਂ ਡਾ. ਮੇਹਿਰਬਾਨ ਬਟਾਲਵੀ, ਸੁਰਿੰਦਰ ਕੈਲੇ, ਕਾਂ. ਰਣਧੀਰ ਗਿੱਲ ਅਤੇ ਨਾਵਲਿਸਟ ਅਵਤਾਰ ਸਿੰਘ ਬਿਲਿੰਗ ਨੂੰ ਪਲੈਕਾਂ ਭੇਟ ਕਰਕੇ ਸਨਮਾਨਿਤ ਕੀਤਾ। ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜਨਾਗਨ ਨੂੰ ਵੀ ਪਲੈਕ ਦੇ ਕੇ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ।ਬੀ. ਸੀ. ਤੋਂ ਆਏ ਨਛੱਤਰ ਸਿੰਘ ਗਿੱਲ ਨੇ ਆਪਣਾ ਨਵਾਂ ਲਿਖਿਆ ਨਾਵਲ 'ਪ੍ਰਿਜ਼ਮ' ਪ੍ਰਧਾਨਗੀ ਮੰਡਲ ਵਿੱਚ ਬੈਠੇ ਵਿਦਵਾਨਾਂ ਨੂੰ ਭੇਟ ਕੀਤਾ। ਕੁਲਵੰਤ ਸਿੰਘ ਸਰਾਂ ਅਤੇ ਪ੍ਰੋ. ਮਨਜੀਤ ਸਿੰਘ ਸਿੱਧੂ ਨੇ ਰਵਿੰਦਰ ਰਵੀ ਨੂੰ ਆਪਣੀਆਂ ਕਿਤਾਬਾਂ ਭੇਟ ਕੀਤੀਆ।ਕੇਂਦਰੀ ਪੰਜਾਬੀ ਲੇਖਕ ਸਭਾ ਦੇ ਡਾਇਰੈਕਟਰ ਚਰਨ ਸਿੰਘ ਵਿਰਦੀ, ਅਤੇ ਸਭਾ ਦੇ ਪ੍ਰਧਾਨ ਮਨਜੀਤ ਮੀਤ ਨੇ ਵੀ ਆਪਣੀਆ ਕਿਤਾਬਾਂ ਅਰਪਨ ਲਿਖਾਰੀ ਸਭਾ ਨੂੰ ਭੇਟ ਕੀਤੀਆ।

ਇਸ ਸਮਾਗਮ ਤੇ ਐਮ.ਐਲ .ਏ. ਦਰਸ਼ਣ ਸਿੰਘ ਕੰਗ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਇਕਬਾਲ ਅਰਪਨ ਦੀ ਆਪਣੇ ਭਾਈਚਾਰੇ ਪ੍ਰਤੀ ਕੀਤੀ ਸੇਵਾ ਅਤੇ ਅਰਪਨ ਲਿਖਾਰੀ ਸਭਾ ਦੇ ਕੀਤੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸੁਝਾ ਦਿਦਿਆਂ ਆਖਿਆ ਕਿ ਵਧ ਤੋਂ ਵੱਧ ਨਵੀਂ ਪੀੜੀ ਨੂੰ ਵੀ ਇਨ੍ਹਾਂ ਪ੍ਰੋਗਰਾਮ ਵਿੱਚ ਕੀਤਾ ਜਾਵੇ।।ਮਾ. ਬਚਿੱਤਰ ਸਿੰਘ ਗਿੱਲ ਨੇ ਕਵੀਸ਼ਰ ਕਰਨੈਲ ਸਿੰਘ ਰਾਮੂਵਾਲੀਆ ਦੀ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਅੰਤਮ ਸਮੇਂ ਦੇ ਦ੍ਰਿਸ਼ ਨੂੰ ਪੇਸ਼ ਕਰਦੀ ਕਵੀਸ਼ਰੀ ਪੂਰੇ ਜਲੌ ਵਿੱਚ ਪੇਸ਼ ਕਰਕੇ ਸਰੋਤਿਆਂ ਨੂੰ ਕੀਲ ਲਿਆ। ਕੈਲਗਰੀ ਤੋਂ ਐਮ. ਪੀ. ਦਵਿੰਦਰ ਸ਼ੋਰੀ ਨੇ ਵੀ ਸ਼ਿਰਕਤ ਕੀਤੀ ਅਤੇ ਆਪਣੇ ਵਿਚਾਰ ਪਰਗਟ ਕਰਦਿਆ ਇਕਬਾਲ ਅਰਪਨ ਦੀ ਸ਼ਖ਼ਸੀਅਤ ਬਾਰੇ ਅਤੇ ਉਨ੍ਹਾਂ ਦੀਆਂ ਪਾਈਆਂ ਲੀਹਾ ਉਪਰ ਚੱਲ ਰਹੀ ਅਰਪਨ ਲਿਖਾਰੀ ਸਭਾ ਦੇ ਕੰਮਾਂ ਦੀ ਸਰਾਨਾ ਕੀਤੀ ਅਤੇ ਆਪਣੇ ਵੱਲੋਂ ਵੀ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਤੋਂ ਬਾਅਦ ਐਡਮਿੰਟਨ ਤੋ ਏਸ਼ੀਅਨ ਟਾਈਮ ਦੇ ਐਡੀਟਰ ਪੀ. ਆਰ. ਕਾਲੀਆ ਨੇ ਆਪਣੀ ਪ੍ਰਸਿੱਧ ਕਵਿਤਾ 'ਰਾਮਦਾਸ ਉਦਾਸ ਹੈ' ਸੁਣਾ ਕੇ ਵਾਹ ਵਾਹ ਖੱਟੀ।ਵੈਨਕੋਵਰ ਤੋਂ ਚਰਨ ਸਿੰਘ ਵਿਰਦੀ, ਸੂਫ਼ੀ ਅਮਰਜੀਤ ਨੇ ਆਪਣੀਆਂ ਕਵਿਤਾਵਾਂ ਆਨੋਖੇ ਅੰਦਾਜ਼ ਵਿੱਚ ਪੇਸ਼ ਕੀਤੀਆਂ।

ਮਾ. ਭਜਨ ਗਿੱਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਮਿਆਰੀ ਪੁਸਤਕ ਦੀ ਪ੍ਰਦਰਸ਼ਨੀ ਵੀ ਲਾਈ। ਬਹੁਤ ਸਾਰੇ ਪਾਠਕਾਂ ਨੇ ਆਪਣੇ ਮਨ ਪੰਸਦ ਦੀਆਂ ਕਿਤਾਬਾਂ ਲੈ ਕੇ ਖ਼ੁਸ਼ੀਆਂ ਪ੍ਰਾਪਤ ਕੀਤੀਆਂ।ਉਨ੍ਹਾਂ ਨੇ 23 ਸਤੰਬਰ ਨੂੰ ਤਰਕਸ਼ੀਲਤਾ ਬਾਰੇ ਸਮਾਗਮ ਕਰਾਉਣ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਆਉਣ ਵਾਲੇ ਸਮਾਗਮ ਵਿੱਚ ਰਵਿੰਦਰ ਰਵੀ ਦਾ ਨਾਟਕ 'ਮਨ ਦੇ ਹਾਣੀ' ਕੈਲਗਰੀ ਵਿੱਚ ਖੇਡਣ ਦਾ ਉਪਰਾਲਾ ਕਰਾਂਗੇ। ਜ਼ਿਕਰ ਯੋਗ ਹੈ ਕਿ ਬੀ.ਸੀ. ਤੋਂ ਤਰਕਸ਼ੀਲ ਆਗੂ ਅਵਤਾਰ ਗਿੱਲ ਵੀ ਸਮਾਗਮ ਵਿੱਚ ਸ਼ਾਮਲ ਹੋਏ।ਐਡਮਿੰਟਨ ਤੋਂ ਨਵੀਂ ਦੁਨੀਆਂ ਅਖ਼ਬਾਰ ਵੱਲੋਂ ਨਵਤੇਜ ਬੈਂਸ, ਜਸਬੀਰ ਦਿਉਲ ਅਤੇ ਵੈਨਕੋਵਰ ਤੋਂ ਜਸਪਾਲ ਸੰਧੂ ਨੇ ਵੀ ਇਸ ਸਮਾਗਮ ਵਿੱਚ ਆਪਣੀ ਭਰਪੂਰ ਹਾਜ਼ਰੀ ਲਗਵਾਈ।ਗੁਰਚਰਨ ਟੱਲੇਵਾਲੀਆ ਨੇ ਕੈਨੇਡੀਅਨ ਜੀਵਨ ਦੀ ਦਾਸਤਾਨ ਪੇਸ਼ ਕਰਦੀਆਂ ਬੋਲੀਆਂ ਸੁਣਾ ਕੇ ਚੰਗਾ ਰੰਗ ਬੰਨਿਆ। ਕੈਲਗਰੀ ਦੇ ਉੱਭਰਦੇ ਨੌਜਵਾਨ ਕਵੀ ਪ੍ਰਦੀਪ ਕੰਗ ਨੇ ਇਕ ਵਿਲਖਣ ਅੰਦਾਜ਼ ਵਿੱਚ ਕਵਿਤਾ ਪੇਸ਼ ਕੀਤੀ।

ਅਖ਼ੀਰ ਤੇ ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੇ ਕੈਲਗਰੀ ਦੀਆਂ ਸਾਰੀਆਂ ਸੰਸਥਾਵਾਂ, ਜਿਨ੍ਹਾਂ ਨੇ ਇਸ ਸਮਾਗਮ ਤੇ ਹਾਜ਼ਰੀ ਲਗਵਾਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇੰਡੀਆ ਤੋਂ ਅਤੇ ਕੈਨੇਡਾ ਭਰ



ਤੋਂ ਆਏ ਹੋਏ ਉੱਘੇ ਵਿਦਵਾਨ ਸਾਹਿਤਕਾਰਾਂ, ਸਮੁਚੇ ਪੰਜਾਬੀ ਭਾਈਚਾਰੇ, ਸਾਰੇ ਸਪੌਂਸਰਜ਼ ਅਤੇ ਸਮੁਚੇ ਹੀ ਮੀਡੀਆ(ਪ੍ਰਿੰਟ ਅਤੇ ਇਲੈਕਟ੍ਰੌਨਿਕ) ਦਾ ਧੰਨਵਾਦ ਕੀਤਾ।ਕੈਲਗਰੀ ਅਤੇ ਐਡਮਿੰਟਨ ਦੇ ਮੀਡੀਆ ਤੋਂ ਇਲਾਵਾ ਟੰਰਟੋ ਅਤੇ ਵੈਨਕੋਵਰ ਅਤੇ ਪੰਜਾਬ ਭਰ ਦੇ ਮੀਡਆ ਤੋ ਮਿਲੇ ਸਹਿਯੋਗ ਦਾ ਵੀ ਉਚੇਚਾ ਧੰਨਵਾਦ ਕੀਤਾ ਗਿਆ।ਅਰਪਨ ਲਿਖਾਰੀ ਸਭਾ ਦੇ ਸਮਾਗਮ ਨੂੰ ਸਫ਼ਲ ਬਣਾਉਣ ਲਈ ਵਲੰਟੀਅਰਾਂ ਦਾ ਜ਼ਿਕਰ ਵੀ ਮਾਣ ਨਾਲ ਕੀਤਾ। ਬੱਚਿਆਂ ਵਿੱਚ ਪੰਜਾਬੀ ਭਾਸ਼ਾ ਸਿਖਣ ਦਾ ਉਤਸ਼ਾਹ ਪੈਦਾ ਕਰਨ ਲਈ 'ਅਰਪਨ ਲਿਖਾਰੀ ਸਭਾ ਕੈਲਗਰੀ' ਵਲੋਂ ਕਾਇਦੇ ਵੰਡੇ ਗਏ।ਸ੍ਰ. ਢਾਅ ਨੇ ਕਿਹਾ ਹੋਰ ਵੀ ਜਿੰਨੇ ਕਾਇਦੇ ਚਾਹੀਦੇ ਹੋਣ ਅਸੀਂ ਮੁਫ਼ਤ ਦਿਆਂਗੇ। ਅਸੀਂ ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਤੁਸੀਂ ਸਾਰੇ ਹੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋਗੇ ਅਤੇ ਅਸੀਂ ਇਸ ਤੋਂ ਵੀ ਵੱਧ ਕੰਮ ਕਰਨ ਦੀ ਕੋਸ਼ਿਸ ਕਰਦੇ ਰਹਾਗੇ।

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph : 780 469 2677 Fax : 780 469 2026

# ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਜਨਵਾਦੀ ਲੇਖਕ ਸੰਘ ਅਤੇ ਵਿਰਸਾ ਵਿਹਾਰ ਅੰਮ੍ਰਿਤਸਰ ਵਲੋਂ ਸਨਮਾਨਿਤ



ਅੰਮ੍ਰਿਤਸਰ, (ਨਦਬ) – ਜਨਵਾਦੀ ਲੇਖਕ ਸੰਘ ਅਤੇ ਵਿਰਸਾ ਵਿਹਾਰ ਅੰਮ੍ਰਿਤਸਰ ਨੇ ਪਰਵਾਸੀ ਗ਼ਜ਼ਲਗੋ ਕੈਲਗਰੀ ਨਿਵਾਸੀ ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਦੇ ਸਨਮਾਨ ਵਿਚ ਮਈ ਦੇ ਪਹਿਲੇ ਐਤਵਾਰ ਨੂੰ ਇਕ ਸ਼ਾਨਦਾਰ ਸਮਾਰੋਹ ਦਾ ਪ੍ਰਬੰਧ ਕੀਤਾ ਜਿਸ ਵਿਚ ਅੰਮ੍ਰਿਤਸਰ ਜ਼ਿਲ੍ਹੇ ਤੋਂ ਇਲਾਵਾ ਤਰਨਤਾਰਨ ਜ਼ਿਲ੍ਹੇ ਦੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਭਾਰੀ ਗਿਣਤੀ ਵਿਚ ਹਿੱਸਾ ਲਿਆ। ਇਸ ਸਮੇਂ ਇਕ ਕਵੀ ਦਰਬਾਰ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਬਹੁਤ ਸਾਰੇ ਕਵੀਆਂ ਨੇ ਹਿੱਸਾ ਲਿਆ। ਪ੍ਰਸਿੱਧ ਸ਼ਾਇਰ ਅਤੇ ਵਕੀਲ ਅਜਾਇਬ ਸਿੰਘ ਹੁੰਦਲ ਨੇ ਇਸ ਦੀ ਸਦਾਰਤ ਕੀਤੀ। ਸਟੇਜ ਸੰਚਾਲਨ ਸ਼ਾਇਰ ਦੇਵ ਦਰਦ ਨੇ ਕੀਤਾ। ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਬਾਰੇ ਜਾਣਕਾਰੀ ਦੇਂਦਿਆਂ ਉਹਨਾ ਦੱਸਿਆ ਕਿ ਪ੍ਰੋ. ਸੰਧੂ ਨੇ 65 ਸਾਲ ਦੇ ਹੋਣ ਪਿਛੋਂ ਪੰਜਾਬੀ ਗ਼ਜ਼ਲ ਵੱਲ ਮੁਹਾਰਾਂ ਮੋੜੀਆਂ ਤੇ ਗ਼ਜ਼ਲ ਲਿਖਣੀ ਸ਼ੁਰੂ ਕੀਤੀ। ਹੁਣ 75 ਸਾਲ ਦੇ ਹੋਣ ਤਕ ਉਹਨਾਂ ਨੇ 500 ਤੋਂ ਵੱਧ ਮਿਆਰੀ ਗ਼ਜ਼ਲਾਂ ਲਿਖੀਆਂ ਹਨ। ਉਹਨਾਂ ਦੀਆਂ ਸੱਤ ਕਿਤਾਬਾਂ ਛਪ ਚੁਕੀਆਂ ਹਨ।

ਪ੍ਰੋ. ਸੰਧੂ ਨੇ ਬੜੇ ਮਾਣ ਨਾਲ ਦੱਸਿਆ ਕਿ ਸੰਗਤਾਂ ਦੇ ਸਹਿਯੋਗ ਨਾਲ ਕੈਲਗਰੀ ਵਿਚ ਖਾਲਸਾ ਸਕੂਲ ਵੀ ਚਲ ਰਿਹਾ ਹੈ ਜਿਥੇ ਹੋਰ ਵਿਸ਼ਿਆਂ ਦੇ ਨਾਲ ਨਾਲ ਬੱਚਿਆਂ ਨੂੰ ਪੰਜਾਬੀ ਵੀ ਪੜ੍ਹਾਈ ਜਾਂਦੀ ਹੈ। ਇਸ ਤੋਂ ਇਲਾਵਾ ਜਿਥੇ ਪੰਜਾਬੀ ਦੇ ਪਰਸਾਰ ਲਈ ਦਸ਼ਮੇਸ਼ ਕਲਚਰ ਸੈਂਟਰ ਵੀ ਭਰਪੂਰ ਯਤਨ ਕਰ ਰਿਹਾ ਹੈ ਓਥੇ ਰਾਈਟਰਜ਼ ਫੋਰਮ, ਪੰਜਾਬੀ ਸਾਹਿਤ ਸਭਾ ਅਤੇ ਲਿਖਾਰੀ ਸਭਾ ਵੀ ਯੋਗਦਾਨ ਪਾ ਰਹੀਆਂ ਹਨ। ਮੈਗਜ਼ੀਨ ਸਿੱਖ ਵਿਰਸਾ, ਰੇਡੀਓ ਸੁਰ ਸੰਗਮ, ਰੇਡੀਓ ਸਭ ਰੰਗ ਅਤੇ ਰੇਡੀਓ ਸਪਾਈਸ ਤੇ ਹੋਰ ਕਈ ਸੰਸਥਾਵਾਂ ਵੀ ਪੂਰੀ ਤਰ੍ਹਾਂ ਸਰਗਰਮ ਹਨ। ਪ੍ਰਸਿੱਧ ਕਹਾਣੀਕਾਰ ਤਲਵਿੰਦਰ ਸਿੰਘ ਨੇ ਇਸ ਗੱਲ ਦੀ ਭਰਪੂਰ ਸ਼ਲਾਘਾ ਕੀਤੀ ਕਿ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਵੀ ਆਪਣੀ ਮਾਂ ਬੋਲੀ ਪੰਜਾਬੀ ਨੂੰ ਨਹੀਂ ਵਿਸਾਰਿਆ। ਦੇਵ ਦਰਦ, ਅਜਾਇਬ ਸਿੰਘ ਹੁੰਦਲ, ਜਗਦੀਸ਼ ਸਚਦੇਵਾ, ਤਲਵਿੰਦਰ ਸਿੰਘ, ਭੁਪਿੰਦਰ ਸਿੰਘ ਸੰਧੂ, ਪ੍ਰੋ. ਬਿਕਰਮਜੀਤ ਸਿੰਘ ਘੁਮਨ, ਰਾਜ ਕੁਮਾਰ ਅਤੇ ਹੋਰ ਪਤਵੰਤਿਆਂ ਵਲੋਂ ਪ੍ਰੋ. ਸੰਧੂ ਦੀਆਂ ਪੰਜਾਬੀ ਗ਼ਜ਼ਲ ਵਿਚ ਪ੍ਰਾਪਤੀਆਂ ਲਈ, ਸਨਮਾਨ ਚਿੰਨ੍ਹ ਵਜੋਂ ਇਕ ਸ਼ਾਨਦਾਰ ਟਰਾਫੀ ਭੇਂਟ ਕੀਤੀ ਗਈ। ਪ੍ਰੋ. ਸੰਧੂ ਨੇ ਜਨਵਾਦੀ ਲੇਖਕ ਸੰਘ ਅਤੇ ਵਿਰਸਾ ਵਿਹਾਰ ਅੰਮ੍ਰਿਤਸਰ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਇਸ ਕਵੀ ਦਰਬਾਰ ਵਿਚ ਬੋਲਦਿਆਂ ਆਪਣੀਆਂ ਕੁਛ ਗ਼ਜ਼ਲਾਂ ਸੁਣਾਈਆਂ ਤੇ ਵਧੀਆ ਸਮਾਗਮ ਲਈ ਸਭ ਦਾ ਧੰਨਵਾਦ ਕੀਤਾ।

# ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ




ਕੈਲਗਰੀ, (ਨਦਬ): ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਹੋਈ। ਫੋਰਮ ਦੇ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਸੁਰਜੀਤ ਸਿੰਘ ਸੀਤਲ 'ਪੰਨੂੰ' ਅਤੇ ਜਸਵੀਰ ਸਿੰਘ ਸਿਹੋਤਾ ਹੋਰਾਂ ਨੂੰ ਪ੍ਰੋ. ਸ਼ਮਸ਼ੇਰ ਸਿੰਘ ਸੰਧੂ (ਪ੍ਰੈਜ਼ੀਡੈਂਟ) ਦੇ ਨਾਲ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਜਸਵੀਰ ਸਿੰਘ ਸਹੋਤਾ ਹੋਰਾਂ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਚੁਣੇ ਜਾਣ ਦੀ ਵਧਾਈ ਦੇ ਬਾਦ ਸਕੱਤਰ ਨੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹਕੇ ਸੁਣਾਈ ਜੋ ਕਿ ਸਭਾ ਵਲੋਂ ਪਰਵਾਨ ਕੀਤੀ ਗਈ।

ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਹੋਰਾਂ ਅਪਣੀ ਭਾਰਤ ਫੇਰੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ 'ਜ਼ੌਕ' ਦੀ ਇਕ ਗ਼ਜ਼ਲ ਪੜ੍ਹੀ।

ਜਤਿੰਦਰ ਸਿੰਘ 'ਸਵੈਚ' ਨੇ ਅਪਣੀ ਕਵਿਤਾ 'ਮਾਂ ਬੋਲੀ ਪੰਜਾਬੀ' ਜ਼ਰੀਏ ਹਾਜ਼ਰੀ ਲਵਾਈ। ਬੀਬੀ ਸੁਰਿੰਦਰ ਗੀਤ ਨੇ ਕਵਿਤਾ 'ਸੁਪਨਾ' ਤੇ ਇਕ ਗੀਤ ਸਾਂਝਾ ਕੀਤਾ। ਮੋਹਨ ਸਿੰਘ ਮਿਨਹਾਸ ਨੇ ਲਾਲ ਬਹਾਦੁਰ ਸ਼ਾਸਤ੍ਰੀ ਬਾਰੇ ਰੋਚਕ ਜਾਣਕਾਰੀ ਸਾਂਝੀ ਕਰਦਿਆਂ ਇਕਬਾਲ ਦਾ ਇਹ ਸ਼ੇਅਰ ਵੀ ਪੜ੍ਹਿਆ–

'ਨ ਸਮਝੋਗੇ ਤੋ ਮਿਟ ਜਾਓਗੇ ਐ ਹਿੰਦੁਸਤਾਂ ਵਾਲੋ

ਤੁਮਹਾਰੀ ਦਾਸਤਾਂ ਤਕ ਭੀ ਨ ਹੋਗੀ ਦਾਸਤਾਨੋਂ ਮੇਂ"

ਸੁਰਜੀਤ ਸਿੰਘ ਪੰਨੂੰ ਨੇ ਪੰਜਾਬੀ ਅਤੇ ਉਰਦੂ ਦੀਆਂ ਕੁਝ ਖ਼ੂਬਸੂਰਤ ਰੁਬਾਈਆਂ ਸੁਣਾਕੇ ਖ਼ੁਸ਼ ਕਰ ਦਿੱਤਾ। ਬੀਜਾ ਰਾਮ ਨੇ ਅਪਣੀ ਸੁਰੀਲੀ ਅਵਾਜ਼ ਵਿੱਚ ਇਕ ਗੀਤ ਸੁਣਾਕੇ ਹਾਜ਼ਰੀ ਲਗਵਾਈ। ਜੱਸ ਚਾਹਲ, ਨੇ ਪ੍ਰੋ. ਨੀਰਜ ਦੀ ਇੱਕ ਉਰਦੂ ਗ਼ਜ਼ਲ ਸਾਂਝੀ ਕੀਤੀ। ਤਾਰਿਕ ਮਲਿਕ ਨੇ ਕਮਰ ਜਲਾਲਵੀ ਦੇ ਕੁਝ ਖ਼ੂਬਸੂਰਤ ਸ਼ਿਅਰ ਸੁਣਾਏ। ਡਾ. ਮਨਮੋਹਨ ਸਿੰਘ ਬਾਠ ਨੇ ਤਰੱਨਮ ਵਿੱਚ ਦੋ ਹਿੰਦੀ ਗੀਤ ਗਾ ਕੇ ਤਾਲੀਆਂ ਖੱਟ ਲਈਆਂ। ਸੁਰਿੰਦਰ ਸਿੰਘ ਢਿਲੋਂ ਨੇ ਭਾਰਤ ਦੀ ਤਰੱਕੀ ਦੀ ਗੱਲ ਕਰਦਿਆਂ ਹਾਲ ਵਿੱਚ ਹੀ ਟੈਸਟ ਕੀਤੀ ਗਈ ਬਲਿਸਟਿੱਕ ਮਿਜ਼ਾਈਲ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ। ਗੁਰੁ ਕਾਲੀਆ ਨੇ ਅਪਣੀ ਵੈਬਸਾਈਟ 'ਕੈਲਗਰੀ ਪੰਜਾਬੀਜ਼. ਕਾਮ' ਬਾਰੇ ਜਾਣਕਾਰੀ ਸਾਂਝੀ ਕਰਕੇ ਹਾਜ਼ਰੀ ਲਗਵਾਈ। ਜਸਵੀਰ ਸਿੰਘ ਸਹੋਤਾ ਨੇ ਨਸ਼ਿਆਂ 'ਤੇ ਲਿਖੀ ਅਪਣੀ ਕਵਿਤਾ ਸੁਣਾਈ।

ਉਪਰੰਤ ਅਮਰੀਕ ਸਿੰਘ ਸਰੋਆ ਅਤੇ ਮਨੋਹਰ ਲਾਲ ਨੇ ਵੀ ਹਾਜ਼ਰੀ ਲਵਾਈ। ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਨੇ ਆਪਣੀ ਭਾਰਤ ਫੇਰੀ ਦੋਰਾਨ, ਪਿਛੋਂ ਸਭਾ ਨੂੰ ਕਾਮਯਾਬੀ ਨਾਲ ਚਲਦੇ ਰੱਖਣ ਲਈ ਸਭਾ ਦੇ ਸਾਰੇ ਮੈਂਬਰਾਂ ਅਤੇ ਸਕੱਤਰ ਦਾ ਧੰਨਵਾਦ ਕੀਤਾ ਅਤੇ ਅਪਣੀ ਇਕ ਗ਼ਜ਼ਲ ਸੁਣਾਈ।

# ਪੰਜਾਬੀ ਲਿਖ਼ਾਰੀ ਸਭਾ ਦਾ ਸਾਲਾਨਾ ਸਮਾਗਮ ਦੇ 13ਵੇਂ ਸਲਾਨਾ ਸਮਾਗਮ ਵਿਚ ਸਾਧੂ ਬਿਨਿੰਗ ਦਾ ਸਨਮਾਨ



ਕੈਲਗਰੀ, (ਨਦਬ)–ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ 13ਵਾਂ ਸਲਾਨਾ ਸਮਾਗਮ ਫਾਲਕਿਨਰਿੱਜ/ਕੈਸਲਰਿੱਜ ਕਮਿਊਨਟੀ ਹਾਲ ਵਿਚ ਹੋਇਆ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਪ੍ਰਧਾਨ ਮਹਿੰਦਰਪਾਲ ਐਸ.ਪਾਲ, ਮੁੱਖ ਮਹਿਮਾਨ ਸਾਧੂ ਬਿਨਿੰਗ ਜੀ, ਜਗਦੀਸ਼ ਕੌਰ ਬਿਨਿੰਗ, ਰਘਬੀਰ ਸਿੰਘ ਸਿਰਜਣਾ ਅਤੇ ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਸ਼ੁਰੂ ਵਿਚ ਬੱਚਿਆਂ ਵੱਲੋਂ ਭੰਗੜੇ ਰਾਹੀਂ ਪੰਜਾਬੀ ਸਭਿਆਚਾਰ ਦੀ ਰੰਗਾ-ਰੰਗ ਝਲਕ ਪੇਸ਼ ਕੀਤੀ ਗਈ। ਬਲਵੀਰ ਗੋਰੇ ਅਤੇ ਤਰਲੋਚਨ ਸੈਂਭੀ ਵੱਲੋਂ ਬੁਲੰਦ ਅਵਾਜ਼ ਵਿਚ ਬਲਵੀਰ ਗੋਰੇ ਦੀ ਰਚਨਾ ਸੁਣਾਕੇ ਸਮਾਗਮ ਦਾ ਆਰੰਭ ਕੀਤਾ ਗਿਆ। ਇਸਤੋਂ ਬਾਅਦ ਸਭਾ ਵੱਲੋਂ ਪਹਿਲਾ ਕਰਵਾਏ ਗਏ ਬੱਚਿਆਂ ਦੇ ਪ੍ਰੋਗਰਾਮ ਦੀ ਡੀ.ਵੀ.ਡੀ. ਸਾਧੂ ਬਿਨਿੰਗ, ਮਹਿੰਦਰਪਾਲ ਐਸ. ਪਾਲ, ਜ਼ੋਰਾਵਰ ਬਾਂਸਲ ਅਤੇ ਰਣਜੀਤ ਲਾਡੀ ਵੱਲੋਂ ਰਲੀਜ਼ ਕੀਤੀ ਗਈ। ਪ੍ਰਧਾਨ ਮਹਿੰਦਰਪਾਲ ਐਸ.ਪਾਲ ਨੇ ਦੂਰ-ਦੁਰਾਡੇ ਤੋਂ ਪਹੁੰਚੇ ਲੇਖਕਾਂ, ਸਭ ਦਰਸ਼ਕਾਂ ਅਤੇ ਸਹਿਯੋਗੀਆਂ ਨੂੰ ਜੀ ਆਇਆ ਆਖਿਆ। ਬਾਨੀ ਮੈਬਰਾਂ ਵਿਚੋਂ ਜਸਵੰਤ ਸਿੰਘ ਗਿੱਲ ਨੇ ਸਭਾ ਦੇ 12 ਸਾਲ ਦੇ ਕੀਤੇ ਕੰਮਾਂ 'ਤੇ ਝਾਤ ਪੁਆਈ। ਉਪਰੰਤ ਸਾਧੂ ਬਿਨਿੰਗ ਦਾ ਇਕਬਾਲ ਅਰਪਨ ਯਾਦਗਾਰੀ ਅਵਾਰਡ ਨਾਲ ਸਨਮਾਨ ਸਮਰੋਹ ਸ਼ੁਰੂ ਹੋਇਆ ਜਿਸ ਵਿਚ ਯਾਦਗਾਰੀ ਅਵਾਰਡ ਦੀ ਪਲੈਕ ਭੇਂਟ ਕੀਤੀ ਗਈ। ਸਭਾ ਦੇ ਖ਼ਜ਼ਾਨਚੀ ਬਲਵੀਰ ਗੋਰੇ ਵੱਲੋਂ ਇਕ ਹਜ਼ਾਰ ਕਨੇਡੀਅਨ ਡਾਲਰ ਦਾ ਚੈਕ, ਜੋਗਿੰਦਰ ਸਿੰਘ ਸੰਘਾ ਵੱਲੋਂ ਸਭਾ ਦੀਆਂ ਕਿਤਾਬਾਂ ਦਾ ਸੈਟ ਅਤੇ ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਵੱਲੋਂ ਉਹਨਾਂ ਦੁਅਰਾ ਬਣਾਈ ਸਾਧੂ ਬਿਨਿੰਗ ਦੀ ਤਸਵੀਰ ਭੇਂਟ ਕੀਤੀ ਗਈ। ਮੀਤ ਪ੍ਰਧਾਨ ਹਰੀਪਾਲ ਨੇ ਸਾਧੂ ਬਿਨਿੰਗ ਬਾਰੇ ਆਪਣਾ ਵਿਸਥਾਰਥ ਲੇਖ ਪੜਦਿਆਂ ਕਿਹਾ ਕਿ ਸਾਧੂ ਬਿਨਿੰਗ ਅਤੇ ਸੁਖਵੰਤ ਹੁੰਦਲ ਵੱਲੋਂ ਬਹੁਤ ਲੰਬੇ ਸਮੇਂ ਤੋਂ 'ਵਤਨ' ਮੈਗਜ਼ੀਨ ਬੜੀ ਸਫਲਤਾ ਨਾਲ ਚਲਾਇਆ ਜਾ ਰਿਹਾ ਹੈ ਅਤੇ ਸਾਧੂ ਬਿਨਿੰਗ ਪਿਛਲੇ ਦੋ ਦਹਾਕੇ ਤੋਂ ਪੰਜਾਬੀ ਬੋਲੀ ਨੂੰ ਕੈਨੇਡੀਅਨ ਭਾਸ਼ਾ ਦਾ ਦਰਜ਼ਾ ਦਿਵਾਉਣ ਲਈ ਯਤਨਸੀਲ ਹੈ। ਡਾ. ਸਾਧੂ ਸਿੰਘ ਨੇ ਬਿਨਿੰਗ ਜੀ ਦੀ ਜ਼ਿੰਦਗੀ ਦੇ ਸਮੁੱਚੇ ਦ੍ਰਿਸ਼ਟੀਕੋਣ ਬਾਰੇ ਵਿਸਥਾਰ ਨਾਲ ਦੱਸਦਿਆ ਕਿਹਾ ਹੈ ਕਿ ਉਹਨਾਂ ਦੀ ਸਮੁੱਚੀ ਜ਼ਿੰਦਗੀ ਪੰਜਾਬੀ ਬੋਲੀ ਦੇ ਵਿਕਾਸ ਨੂੰ ਸਮਰਪਿਤ ਹੈ ਅਤੇ ਰਘਬੀਰ ਸਿੰਘ ਸਿਰਜਣਾ ਨੇ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਰਾਹੀ ਸਾਧੂ ਬਿਨਿੰਗ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਜਰਨੈਲ ਸਿੰਘ ਆਰਟਿਸਟ ਨੇ ਆਪਣੇ ਵੱਲੋਂ ਅਤੇ ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਸਭਾ ਨੂੰ ਇਸ ਸਮਾਗਮ ਦੀ ਵਧਾਈ ਦਿੱਤੀ। ਸਭਾ ਦੇ ਸਕੱਤਰ ਸੁਖਪਾਲ ਪਰਮਾਰ ਨੇ ਇਸ ਸਮਾਗਮ ਦੇ ਗੀਤ, ਗਜ਼ਲਾਂ ਅਤੇ ਕਵਿਤਾਵਾਂ ਦੇ ਦੌਰ ਦੀ ਸ਼ੁਰੂਆਤ ਕੀਤੀ। ਜਿਸ ਵਿਚ ਅਵਨਿੰਦਰ ਨੂਰ, ਜ਼ੋਰਾਵਰ ਬਾਂਸਲ, ਸੁਰਿੰਦਰ ਗੀਤ, ਹਰਮਿੰਦਰ ਕੌਰ ਢਿੱਲੋਂ, ਸੁਰਜੀਤ ਸਿੰਘ ਪੰਨੂ, ਦਲਜੀਤ ਸੰਧੂ, ਮੰਗਾ ਬਾਸੀ, ਤਰਲੋਚਨ ਸੈਂਭੀ, ਜਗਜੀਤ ਸੰਧੂ, ਬਲਜਿੰਦਰ ਸੰਘਾ, ਮਹਿੰਦਰਪਾਲ ਐਸ. ਪਾਲ, ਗੁਰਮੀਤ ਸਰਪਾਲ (ਪ੍ਰਧਾਨ ਰੁਇਲ ਵੂਮੇਨ ਸੁਸਾਇਟੀ),ਸੁਖਵੰਤ ਹੁੰਦਲ ਆਦਿ ਨੇ ਭਾਗ ਲਿਆ। ਸਭਾ ਵਲੋਂ ਆਪਣੇ ਲੇਖਕਾਂ ਅਤੇ ਚੇਤਨਾ ਪ੍ਰਕਾਸ਼ਨ ਦੀਆਂ ਕਿਤਾਬਾਂ ਦੀ ਵਿਸ਼ਾਲ ਪ੍ਰਦਰਸ਼ਨੀ ਲਗਾਈ ਗਈ। ਹਰਪ੍ਰਕਾਸ਼ ਜ਼ਨਾਗਲ ਦੇ ਚਿੱਤਰਾਂ ਦੀ ਪ੍ਰਦਰਸ਼ਨੀ ਨੂੰ ਲੋਕਾਂ ਨੇ ਉਤਸ਼ਾਹ ਨਾਲ ਵੇਖਿਆ। ਮਾ.ਭਜਨ ਸਿੰਘ ਗਿੱਲ ਅਤੇ ਸੋਹਨ ਮਾਨ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵੱਲੋਂ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ।

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸਪਾਦਕੀ

# ਮਨੁੱਖੀ ਹੋਂਦ ਨੂੰ ਬਚਾਉਣ ਦਾ ਸਵਾਲ

ਪਿੱਛੇ ਜਿਹੇ ਵਾਤਾਵਰਣ ਨਾਲ ਸਬੰਧਤ ਕੌਮਾਂਤਰੀ ਜਥੇਬੰਦੀ ਵਿਸ਼ਵ ਵਣਜੀਵ ਸੰਗਠਨ (ਡਬਲਯੂ.ਡਬਲਯੂ.ਐਫ) ਦੀ ਰਿਪੋਰਟ ਪੜ੍ਹੀ। ਰਿਪੋਰਟ ਮੁਤਾਬਕ ਜੇਕਰ ਕੁਦਰਤੀ ਸਰੋਤਾਂ ਦਾ ਸੋਸ਼ਣ ਇਸੇ ਤਰ੍ਹਾਂ ਜਾਰੀ ਰਹਿੰਦਾ ਹੈ ਅਤੇ ਅਸੀਂ ਅਪਣੀ ਜੀਵਨ-ਸ਼ੈਲੀ ਵਿਚ ਕੁਦਰਤ-ਮੁਖੀ ਤਬਦੀਲੀ ਨਹੀਂ ਲਿਆਉਂਦੇ ਤਾਂ 2050 ਤੱਕ ਹਾਲਾਤ ਏਨੇ ਬੇਕਾਬੂ ਹੋ ਜਾਣਗੇ ਕਿ ਮਨੁੱਖੀ ਵਸੋਂ ਲਈ ਅਜਿਹੀ ਇਕ ਹੋਰ ਧਰਤੀ ਦੀ ਜ਼ਰੂਰਤ ਪਵੇਗੀ।

ਦੁਨੀਆ ਭਰ ਵਿਚ ਇਕੋ-ਜਿਹੀ ਜੀਵਨ ਸ਼ੈਲੀ ਨਹੀਂ ਹੈ। ਅਤਿ-ਵਿਕਸਤ, ਵਿਕਸਤ, ਵਿਕਾਸਸ਼ੀਲ ਅਤੇ ਗਰੀਬ ਮੁਲਕਾਂ ਦੀ ਜੀਵਨ ਸ਼ੈਲੀ ਵਿਚ ਮੀਲਾਂ ਦੇ ਫਾਸਲੇ ਹਨ ਪਰ ਜਿਸ ਕਿਸਮ ਦੇ ਸੰਸਾਰੀਕਰਨ ਦੀ ਹਨੇਰੀ ਵਿਚ ਸਾਰੇ ਸੰਸਾਰ ਨੂੰ ਹੀ ਉਡਾ ਕੇ ਲੈ ਜਾਣ ਦੇ ਯਤਨ ਹੋ ਰਹੇ ਹਨ, ਉਨ੍ਹਾਂ ਦੇ ਚਲਦਿਆਂ ਵਿਕਸਤ ਮੁਲਕਾਂ ਦੀ ਜੀਵਨ ਸ਼ੈਲੀ ਦੇ ਅਸਰ ਵਿਕਾਸਸ਼ੀਲ ਮੁਲਕਾਂ ਵਿਚ ਤਾਂ ਬੜੀ ਤੇਜ਼ੀ ਨਾਲ ਦਿਖਾਈ ਦੇ ਹੀ ਰਹੇ ਹਨ ਪਰ ਗਰੀਬ ਮੁਲਕਾਂ ਦੇ ਸ਼ਹਿਰੀ ਇਲਾਕਿਆਂ ਵਿਚ ਵੀ ਪੱਛਮੀ ਜੀਵਨ ਸ਼ੈਲੀ ਦੀ ਪਹਿਲੀ ਘੁਸਪੈਠ ਹੋ ਚੁੱਕੀ ਹੈ। 2050 ਤੱਕ ਰਹਿਣ ਲਈ ਇਕ ਹੋਰ ਧਰਤੀ ਦੀ ਲੋੜ ਦੀ ਜਿਹੜੀ ਗੱਲ ਕੀਤੀ ਗਈ ਹੈ ਉਹ ਸਾਰੇ ਸੰਸਾਰ ਦੇ ਪ੍ਰਸੰਗ ਵਿਚ ਔਸਤਨ ਰੂਪ ਵਿਚ ਕੀਤੀ ਗਈ ਹੈ। ਉਂਜ ਜਿਹੜੀ ਜੀਵਨ ਸ਼ੈਲੀ ਅੱਜ ਅਮਰੀਕੀਆਂ ਦੀ ਹੈ ਜੇ ਸਾਰਾ ਸੰਸਾਰ ਅੱਜ ਹੀ ਉਹ ਜੀਵਨ-ਸ਼ੈਲੀ ਅਪਨਾ ਲਵੇ ਤਾਂ ਪੰਜ ਧਰਤੀਆਂ ਵੀ ਘੱਟ ਪੈਣਗੀਆਂ। ਰਿਪੋਰਟ ਮੁਤਾਬਕ ਸੰਯੁਕਤ ਅਰਬ ਅਮੀਰਾਤ ਦੇ ਲੋਕ ਧਰਤੀ ਉਪਰ ਪ੍ਰਤੀ ਵਿਅਕਤੀ ਸਭ ਤੋਂ ਜ਼ਿਆਦਾ ਬੋਝ ਪਾਉਂਦੇ ਹਨ। ਉਸਤੋਂ ਬਾਅਦ ਅਮਰੀਕਾ, ਫਿਨਲੈਂਡ, ਕੈਨੇਡਾ ਅਤੇ ਆਸਟਰੇਲੀਆ ਦੀ ਜੀਵਨ-ਸ਼ੈਲੀ ਆਉਂਦੀਹੈ। ਭਾਰਤ ਵੀ ਸੰਸਾਰੀਕਰਨ ਦੀਆਂ ਨੀਤੀਆਂ ਜਿਵੇਂ-ਜਿਵੇਂ ਲਾਗੂ ਕਰ ਰਿਹਾ ਹੈ ਉਵੇਂ-ਉਵੇਂ ਹੀ ਭਾਰਤੀ ਜੀਵਨ-ਸ਼ੈਲੀ ਦੀਆਂ ਧੱਜੀਆਂ ਉਡਦੀਆਂ ਜਾ ਰਹੀਆਂ ਹਨ।

ਅੱਜ ਸਾਡੇ ਪਿੰਡਾਂ ਦੇ ਹਰ ਬੱਚੇ ਦੇ ਮੂੰਹ ਨੂੰ ਪੌਪਕਾਰਨ, ਬਰਗਰ, ਹਾਟ ਡਾਗ ਆਦਿ ਦਾ ਸਵਾਦ ਲੱਗ ਚੁੱਕਾ ਹੈ। ਦਾਣੇ ਭੁੰਨਣ ਵਾਲੀਆਂ ਭੱਠੀਆਂ ਦੇ ਖੰਡਰ ਵੀ ਕਿਧਰੇ ਨਜ਼ਰ ਨਹੀਂ ਆਉਂਦੇ। ਪਿਛਲੇ 20 ਕੁ ਸਾਲਾਂ ਵਿਚ ਏਨਾ ਕੁੱਝ ਏਨੀ ਤੇਜ਼ੀ ਨਾਲ ਬਦਲ ਚੁੱਕਾ ਹੈ ਅਤੇ ਬਦਲ ਰਿਹਾ ਹੈ ਜਿਸ ਨੇ ਭਾਰਤੀ ਜੀਵਨ-ਸ਼ੈਲੀ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਇਹ ਸਾਰੇ ਬਦਲਾਅ ਸਿਰਫ਼ ਸਾਨੂੰ ਹੀ ਨਵੇਂ ਸੰਸਾਰ ਵਿਚ ਨਹੀਂ ਲਿਜਾ ਰਹੇ ਸਗੋਂ ਦੁਨੀਆ ਦੇ ਹਰ ਮੁਲਕ ਵਿਚ ਇਸੇ ਤਰ੍ਹਾਂ ਵਾਪਰ ਰਿਹਾ ਹੈ। ਫਰਕ ਸਿਰਫ਼ ਏਨਾ ਹੈ ਕਿ ਸੰਸਾਰੀਕਰਨ ਦੀਆਂ ਸ਼ਕਤੀਆਂ ਮੰਡੀ ਦੇਖ ਕੇ ਅਪਨਾ ਮਾਲ ਸੁੱਟ ਰਹੀਆਂ ਹਨ। ਅੱਜ ਭਾਰਤ ਵਰਗੇ ਵਿਕਾਸਸ਼ੀਲ ਮੁਲਕ ਕੌਮਾਂਤਰੀ ਲੁਟੇਰਾ ਕੰਪਨੀਆਂ ਲਈ ਜਰਖੇਜ਼ ਮੰਡੀ ਹਨ, ਇਸੇ ਲਈ ਸਾਡੇ 'ਤੇ ਇਹਦੇ ਬੜੀ ਜਲਦੀ ਪ੍ਰਭਾਵ ਦੇਖਣ ਨੂੰ ਮਿਲ ਰਹੇ ਹਨ। ਕੌਮਾਂਤਰੀ ਲੁਟੇਰਿਆਂ ਵਲੋਂ ਅਪਣੀਆਂ ਤਿਜੌਰੀਆਂ ਨੂੰ ਮਾਲਾਮਾਲ ਕਰਨ ਦੇ ਯਤਨਾਂ ਵਜੋਂ ਹੀ ਹਰ ਜਾਇਜ਼-ਨਾਜਾਇਜ਼ ਤਰੀਕਾ ਅਪਨਾਇਆ ਜਾਂਦਾ ਹੈ ਤੇ ਇਸੇ ਲੋਟੂ ਖੇਡ ਨੂੰ ਜਾਰੀ ਰੱਖਣ ਲਈ ਉਸੇ ਧਰਤੀ ਦੀ ਹਿੱਕ ਨੂੰ ਲਹੂਲੁਹਾਨ ਕੀਤਾ ਜਾ ਰਿਹਾ ਹੈ, ਜਿਹਦੀ ਹੋਂਦ ਦੇ ਨਾਲ ਹੀ ਮਨੁੱਖੀ ਹੋਂਦ ਜੁੜੀ ਹੋਈ ਹੈ।

ਦਰਅਸਲ, ਅਪਣੀਆਂ ਲੋਟੂ ਪ੍ਰਵਿਰਤੀਆਂ ਨੂੰ ਪੱਠੇ ਪਾਉਣ ਲਈ ਬਹੁ-ਕੌਮੀ ਕੰਪਨੀਆਂ ਕੁਦਰਤੀ ਸਰੋਤਾਂ ਦਾ ਸੋਸ਼ਣ ਕਰਨ ਵਿਚ ਅਨੇਂਵਾਹ ਜੁਟੀਆਂ ਹੋਈਆਂ ਹਨ। ਸੱਚ ਇਹ ਹੈ ਕਿ ਪਿਛਲੇ ਕੋਈ 30 ਕੁ ਸਾਲਾਂ ਤੋਂ ਮਨੁੱਖ ਨੇ ਕੁਦਰਤ ਦੇ ਨਿਯਮਾਂ ਨੂੰ ਛਿੱਕੇ ਟੰਗਦੇ ਹੋਏ ਪਾਣੀ, ਲੱਕੜੀ, ਬਾਲਣ ਅਤੇ ਭੋਜਨ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਂਅ 'ਤੇ ਕੁਦਰਤੀ ਸਰੋਤਾਂ ਦਾ ਏਨੀ ਬੁਰੀ ਤਰ੍ਹਾਂ ਸੋਸ਼ਣ ਕੀਤਾ ਹੈ ਕਿ ਵਾਤਾਵਰਣ ਦਾ ਸੰਤੁਲਨ ਹੀ ਗੜਬੜਾ ਗਿਆ ਹੈ। ਕੁਦਰਤ ਨਾਲ ਲੜਨ ਦੀ ਪ੍ਰਵਿਰਤੀ ਭਾਰਤ ਦੇ ਪ੍ਰਸੰਗ ਵਿਚ ਹੋਰ ਵੀ ਜ਼ਿਆਦਾ ਗੰਭੀਰ ਨਤੀਜੇ ਕੱਢਣ ਵਾਲੀ ਹੈ ਕਿਉਂਕਿ ਅਪਣੇ ਮੁਲਕ ਦੇ ਤਾਂ ਕੋਈ 70 ਫੀਸਦੀ ਲੋਕਾਂ ਦਾ ਜੀਵਨ ਹੀ ਕੁਦਰਤੀ ਸਾਧਨਾਂ-ਸਰੋਤਾਂ ਉਪਰ ਟਿਕਿਆ ਹੋਇਆ ਹੈ। ਇਹ ਕੁਦਰਤ ਨਾਲ ਖੇਡਣ ਦਾ ਨਤੀਜਾ ਹੀ ਹੈ ਕਿ ਧਰਤੀ ਤੋਂ 12 ਫੀਸਦੀ ਪੰਛੀ, 25 ਫੀਸਦੀ ਥਣਧਾਰੀ ਜੀਵ ਅਤੇ 30 ਫੀਸਦੀ ਤੋਂ ਜ਼ਿਆਦਾ ਡੱਡੂਆਂ ਵਰਗੇ ਜੀਵ ਅਲੋਪ ਹੋਣ ਦੀ ਪ੍ਰਕਿਰਿਆ ਹੰਢਾ ਰਹੇ ਹਨ। ਜਿਹੜੇ ਸਮੁੰਦਰ ਧਰਤੀ ਉਪਰ ਪੌਣ-ਪਾਣੀ ਦਾ ਸੰਤੁਲਨ ਬਣਾਈ ਰੱਖਣ ਲਈ ਸਭ ਤੋਂ ਅਹਿਮ ਭੂਮਿਕਾ ਨਿਭਾਉਂਦੇ ਹਨ, ਉਨ੍ਹਾਂ 'ਤੇ ਵੀ ਕੌਮਾਂਤਰੀ ਲੁਟੇਰਿਆਂ ਦੀਆਂ ਬਾਜ਼ ਅੱਖਾਂ ਟਿਕੀਆਂ ਹੋਈਆਂ ਹਨ। ਭਾਵੇਂ ਇਹ ਅਜੀਬ ਲੱਗ ਸਕਦਾ ਹੈ ਪਰ ਇਹ ਸੱਚ ਹੈ ਕਿ ਸੰਸਾਰ ਦੇ ਹਰ ਕੋਨੇ ਵਿਚ ਪਾਣੀ ਨੂੰ ਲੈ ਕੇ ਲੜਾਈਆਂ ਹੋਣੀਆਂ ਹਨ ਅਤੇ ਦੁਨੀਆ ਅਰਾਜਕਤਾ ਦੇ ਮਾਹੌਲ ਵੱਲ ਵਧਣੀ ਹੈ।

ਧਰਤੀ 'ਤੇ ਸੰਕਟ ਦਾ ਮਸਲਾ ਏਨਾ ਵੱਡਾ ਹੋਣ ਦੇ ਬਾਵਜੂਦ ਇਸ ਪ੍ਰਤੀ ਕਿਧਰੇ ਕੋਈ ਹਲਚਲ ਨਾ ਹੋਣਾ ਹੋਰ ਵੀ ਫ਼ਿਕਰਮੰਦੀ ਪੈਦਾ ਕਰਦਾ ਹੈ। ਇਹ ਕਿਉਂਕਿ ਸਿਰਫ਼ ਇਕ ਬੰਦੇ ਜਾਂ ਇਕ ਮੁਲਕ ਦਾ ਨਹੀਂ ਸਗੋਂ ਅਪਣੀ ਧਰਤੀ ਨਾਲ ਜੁੜਿਆ ਹੋਇਆ ਮਾਮਲਾ ਹੈ, ਇਸ ਲਈ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਅਪਣੀ ਨਜ਼ਰ ਹੀ ਨਹੀਂ ਨਜ਼ਰੀਏ ਵਿਚ ਵੀ ਹਾਂ-ਪੱਖ ਤਬਦੀਲੀ ਲਿਆਉਣੀ ਪਵੇਗੀ। ਕੁਦਰਤ ਨਾਲ ਛੇੜਛਾੜ, ਕੁਦਰਤੀ ਪ੍ਰਕਿਰਿਆ ਵਿਚ ਦਖਲਅੰਦਾਜ਼ੀ ਜਾਂ ਕੁਦਰਤ ਨਾਲ ਲੜਨ ਦੀ ਬਜਾਏ ਕੁਦਰਤ ਨਾਲ ਜੁੜਨ ਅਤੇ ਉਸ ਨਾਲ ਇਕ-ਮਿਕ ਹੋ ਕੇ ਧਰਤੀ ਦੇ ਸਵਰਗ ਨੂੰ ਮਾਣਣ ਦੀ ਜ਼ਰੂਰਤ ਹੈ। ਇਹ ਹੀ ਜ਼ਿੰਦਗੀ ਦੀਆਂ ਤਾਰਾਂ ਨੂੰ ਸੰਗੀਤਮਈ ਟੁਣਕਾਰ ਬਖ਼ਸ਼ਣ ਦਾ ਇਕੋ-ਇਕ ਤਰੀਕਾ ਹੈ। ਆਮ ਬੰਦੇ ਦੀ ਸੋਚ ਅਤੇ ਵਤੀਰੇ ਵਿਚ ਇਸ ਤਬਦੀਲੀ ਲਈ ਸਰਕਾਰਾਂ ਦੇ ਨਾਲ-ਨਾਲ ਵਾਤਾਵਰਣ ਪ੍ਰੇਮੀਆਂ ਅਤੇ ਲੋਕ ਜਥੇਬੰਦੀਆਂ ਨੂੰ ਵੀ ਵਧੇਰੇ ਕਾਰਗਰ ਤਰੀਕੇ ਨਾਲ ਨਿਤਰਨਾ ਪਵੇਗਾ। ਇਹ ਸਭ ਕੁਝ ਧਰਤੀ ਦੀ ਤਬਾਹੀ ਲਈ ਜ਼ੁੰਮੇਵਾਰ ਸ਼ਕਤੀਆਂ ਦੀ ਪਛਾਣ ਕਰਦਿਆਂ ਉਨ੍ਹਾਂ ਵਿਰੁੱਧ ਨਿਸ਼ਾਨਾ ਸੇਧੇ ਬਿਨਾਂ ਸੰਭਵ ਨਹੀਂ ਹੈ।

| | |
|---|---|
| ਸੰਪਾਦਕੀ ਬੋਰਡ | ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ |
| ਸਲਾਹਕਾਰ ਬੋਰਡ | ਡਾ ਕਰਮਜੀਤ ਸਿੰਘ (ਕੁਰਕਸ਼ੇਤਰ) |
| | ਪ੍ਰੋ ਰਾਕੇਸ਼ ਰਮਨ (ਲੁਧਿਆਣਾ) |
| | ਸੁਲੱਖਣ ਸਰਹੱਦੀ (ਗੁਰਦਾਸਪੁਰ) |
| | ਜਸਬੀਰ ਦਿਓਲ (ਐਡਮਿੰਟਨ) |
| | ਜੈਸੀ ਸਿੰਘ (ਕੈਲਗਰੀ) |
| | ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ) |

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤ 'ਚ ਮੁੱਦਿਆਂ ਅਤੇ ਰਾਜਨੀਤੀ ਦਾ ਸਬੰਧ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਭਾਰਤ ਵਿਚ ਕੌਮੀ ਅਤੇ ਸੂਬਾਈ ਲਗਪਗ ਦੋਹਾਂ ਹੀ ਪੱਧਰਾਂ 'ਤੇ ਮੁੱਦਿਆਂ ਅਤੇ ਰਾਜਨੀਤੀ ਦਾ ਅਸਲ ਸਬੰਧ ਉਹੋ ਜਿਹਾ ਨਹੀਂ ਹੈ, ਜਿਹੋ ਜਿਹਾ ਇਹ ਖ਼ਿਆਲ ਕੀਤਾ ਜਾਂਦਾ ਹੈ ਤੇ ਉਪਰੋਂ-ਉਪਰੋਂ ਦਿਖਾਈ ਦਿੰਦਾ ਹੈ। ਖ਼ਿਆਲ ਤਾਂ ਇਹੋ ਕੀਤਾ ਜਾਂਦਾ ਹੈ ਕਿ ਰਾਜਨੀਤੀ ਮੁੱਦੇ ਉਠਾਉਣ ਦਾ ਇਕ ਮੰਚ ਹੈ ਤੇ ਇਸ ਤੋਂ ਅੱਗੇ ਜਾ ਕੇ ਮੁੱਦਿਆਂ ਨੂੰ ਸੁਲਝਾਉਣ ਦੀ ਇਕ ਵਿਧੀ ਹੈ। ਇਹ ਖ਼ਿਆਲ ਦਰਅਸਲ ਰਾਜਨੀਤੀ ਦੇ ਪ੍ਰਕਾਰਜ ਦਾ ਸਿਧਾਂਤਕ ਪੱਖ ਦਰਸਾਉਂਦਾ ਹੈ। ਇਸ ਨੂੰ ਅਮਲ ਵਿਚ ਵੀ ਲਿਆਇਆ ਜਾਂਦਾ ਹੈ, ਜੇਕਰ ਰਾਜਨੀਤਕ ਮਾਹੌਲ ਸਵੱਛ ਹੋਵੇ ਅਤੇ ਰਾਜਸੀ ਇੱਛਾ ਸ਼ਕਤੀ ਤੇ ਰਾਜਸੀ ਜਾਗਰੂਕਤਾ ਦੀ ਕੋਈ ਕਮੀ ਨਾ ਹੋਵੇ। ਪਰ ਇਨ੍ਹਾਂ ਦੋਵਾਂ ਦੀ ਕਮੀ ਦੀ ਸੂਰਤ ਵਿਚ ਮੁੱਦਿਆਂ ਤੇ ਰਾਜਨੀਤੀ ਵਿਚਾਲੇ ਇਕ ਬੜਾ ਬੇਤੁਕਾ ਜਿਹਾ ਸਬੰਧ ਬਣਿਆ ਰਹਿੰਦਾ ਹੈ। ਭਾਰਤੀ ਰਾਜਨੀਤੀ ਦੇ ਖੇਤਰ ਵਿਚ ਕੁਝ ਇਕ ਸਿਆਸੀ ਦਲਾਂ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਮੁੱਦਿਆਂ ਤੇ ਰਾਜਨੀਤੀ ਵਿਚਕਾਰਲੇ ਉਸੇ ਸਬੰਧ ਨੂੰ ਪਰਣਾਈਆਂ ਹੋਈਆਂ ਹਨ, ਜਿਨ੍ਹਾਂ ਨੂੰ ਅਸੀਂ ਉਪਰ ਬੇਤੁਕਾ ਸਬੰਧ ਕਿਹਾ ਹੈ। ਸਾਡੇ ਆਪਣੇ ਸੂਬੇ ਪੰਜਾਬ ਵਿਚ ਇਹ ਬੇਤੁਕਾਪਣ ਆਪਣੀ ਚਰਮ ਸੀਮਾ ਉਪਰ ਹੈ।

ਮੁੱਦਿਆਂ ਅਤੇ ਰਾਜਨੀਤੀ ਦੇ ਬੇਤੁਕੇ ਸਬੰਧ ਤਹਿਤ ਵਧੇਰੇ ਸਿਆਸੀ ਪਾਰਟੀਆਂ ਮੁੱਦਿਆਂ ਦੇ ਸਨਮੁੱਖ ਕੇਵਲ ਆਪਣੀ ਮੌਜੂਦਗੀ ਬਣਾਈ ਰੱਖਣਾ ਹੀ ਯੋਗ ਤੇ ਕਾਫੀ ਸਮਝਦੀਆਂ ਹਨ। ਇਸ ਤੋਂ ਇਲਾਵਾ ਮੁੱਦਿਆਂ ਨਾਲ ਆਪਣਾ ਕੋਈ ਸਰੋਕਾਰ ਨਹੀਂ ਰੱਖਦੀਆਂ। ਸਮੇਂ ਦੀ ਸਰਕਾਰ ਖਿਲਾਫ਼ ਜਿਹੜੇ ਮੁੱਦੇ ਵੱਖ-ਵੱਖ ਮੰਚਾਂ ਤੋਂ ਉਠ ਕੇ ਸਾਹਮਣੇ ਆਉਂਦੇ ਹਨ, ਇਹ ਉਨ੍ਹਾਂ ਨੂੰ ਆਪਣੇ ਵੋਟਾਂ ਪ੍ਰਾਪਤ ਕਰਨ ਦੇ ਵਕਤੀ ਮੰਤਵ ਲਈ ਉਛਾਲ ਲੈਂਦੀਆਂ ਹਨ। ਇਨ੍ਹਾਂ ਮੁੱਦਿਆਂ 'ਤੇ ਸਰਕਾਰ ਦੀ ਨਿੰਦਾ ਕਰਕੇ ਤੇ ਇਨ੍ਹਾਂ ਮੁੱਦਿਆਂ ਦਾ ਉਛਾਲਣਾ ਆਪਣੇ ਨਾਮ ਕਰਕੇ ਇਹ ਉਨ੍ਹਾਂ ਨੂੰ ਬਗੈਰ ਕਿਸੇ ਤਣ-ਪੱਤਣ ਲਾਇਆਂ ਤਿਆਗ ਦਿੰਦੀਆਂ ਹਨ ਤੇ ਫਿਰ ਕਿਸੇ ਹੋਰ ਮੁੱਦੇ ਨੂੰ ਉਛਾਲ ਲੈਂਦੀਆਂ ਹਨ। ਇਸ ਨਵੇਂ ਮੁੱਦੇ ਨਾਲ ਵੀ ਫਿਰ ਇਵੇਂ ਹੀ ਵਾਪਰਦਾ ਹੈ। ਰਾਜਸੀ ਪਾਰਟੀਆਂ ਦੇ ਇਸ ਵਤੀਰੇ ਨੇ ਜਿਥੇ ਸਮੁੱਚੇ ਸਿਆਸੀ ਮਾਹੌਲ ਵਿਚ ਖੜੋਤ ਲੈ ਆਂਦੀ ਹੈ, ਉਥੇ ਆਮ ਲੋਕਾਂ ਵਿਚ ਗ਼ਹਿਰੀ ਨਿਰਾਸਤਾ ਪੈਦਾ ਕਰ ਦਿੱਤੀ ਹੈ। ਅਤਿਕਥਨੀ ਨਹੀਂ ਹੋਵੇਗਾ ਜੇਕਰ ਕਿਹਾ ਜਾਵੇ ਕਿ ਜ਼ਿਆਦਾਤਰ ਸਿਆਸੀ ਪਾਰਟੀਆਂ ਦਾ ਇਸ ਸਮੇਂ ਮੁੱਖ ਕੰਮ ਕੇਵਲ ਲੋਕਾਂ ਨੂੰ ਬੁੱਧੂ ਬਣਾਉਣਾ ਹੀ ਹੈ।

ਮੁੱਦਿਆਂ ਅਤੇ ਰਾਜਨੀਤੀ ਦੇ ਅਸਲ ਸਬੰਧ ਨੂੰ ਵਿਗਾੜਨ ਵਾਲੀਆਂ ਸਿਆਸੀ ਪਾਰਟੀਆਂ ਤੇ ਆਗੂਆਂ ਦੀ ਜੇਕਰ ਤੁਲਨਾ ਕਰਨੀ ਹੋਵੇ ਤਾਂ ਭੱਠੀ ਦੇ ਬੋਕ (ਬੁੱਢਾ ਬੱਕਰਾ) ਨਾਲ ਕੀਤੀ ਜਾ ਸਕਦੀ ਹੈ। ਦਾਣੇ ਭੁੰਨਣ ਵਾਲੀ ਤੋਂ ਕੁਝ ਦਾਣੇ ਕੜਾਹੀ ਤੋਂ ਬਾਹਰ ਡਿੱਗ ਪੈਂਦੇ ਹਨ ਜਾਂ ਫਿਰ ਖਿੱਲਾਂ ਕੜਾਹੀ ਤੋਂ ਬਾਹਰ ਬੁੜਕ ਆਉਂਦੀਆਂ ਹਨ ਤਾਂ ਭੱਠੀ ਦਾ ਬੋਕ ਝਟ ਉਨ੍ਹਾਂ ਨੂੰ ਬੋਚ ਲੈਂਦਾ ਹੈ। ਇਉਂ ਉਹਦੀ ਭੁੱਖ ਵੀ ਮਿਟੀ ਰਹਿੰਦੀ ਹੈ ਤੇ ਉਹਨੂੰ ਖੁਰਾਕ ਲਈ ਕੋਈ ਵਾਧੂ ਖੇਚਲ ਵੀ ਨਹੀਂ ਕਰਨੀ ਪੈਂਦੀ ਅਰਥਾਤ ਬੈਠਿਆਂ-ਬਿਠਾਇਆਂ ਹੀ ਕੰਮ ਸਰ ਜਾਂਦਾ ਹੈ। ਸਿਆਸਤ ਵਿਚ ਅਜਿਹੇ ਬੋਕਾਂ ਦੀ ਕਮੀ ਨਹੀਂ ਹੈ, ਸਮਾਜ ਦੀ ਭੱਠੀ ਤਪਦੀ ਹੈ, ਕੜਾਹੀ 'ਚੋਂ ਮੁੱਦਿਆਂ ਦੀਆਂ ਖਿੱਲਾਂ ਬੁੜਕਦੀਆਂ ਹਨ ਤੇ ਇਹ ਬੋਕ ਸਿਆਸਤਦਾਨ ਮੂੰਹ ਹਿਲਾਉਣ ਲੱਗਦੇ ਹਨ। ਬੈਠੇ-ਬਿਠਾਇਆਂ ਹੱਥ ਲੱਗੇ ਮੁੱਦਿਆਂ ਨਾਲ ਇਹ ਆਪਣੀ ਸਿਆਸੀ ਹਵਸ ਪੂਰੀ ਕਰਨ ਦਾ ਆਹਰ ਕਰਨ ਲੱਗਦੇ ਹਨ। ਮੁੱਦਿਆਂ ਖਾਤਰ ਨਾ ਇਨ੍ਹਾਂ ਨੂੰ ਉਚੇਚਾ ਲੋਕਾਂ ਵਿਚ ਜਾਣ ਦੀ ਲੋੜ ਪੈਂਦੀ ਹੈ, ਨਾ ਚਿੰਤਨ ਕਰਨ ਦੀ ਤੇ ਨਾ ਕੋਈ ਖਾਸ ਵਿਸ਼ਲੇਸ਼ਣ ਕਰਨ ਦੀ।

ਇਸ ਸੁਖਾਲੇਪਣ ਕਾਰਨ ਹੀ ਅੱਜ-ਕੱਲ੍ਹ ਸਿਆਸਤਦਾਨਾਂ ਦਾ ਹੜ੍ਹ ਆਇਆ ਹੋਇਆ ਹੈ। ਹਰ ਖਾਂਦੇ-ਪੀਂਦੇ ਘਰ ਦਾ ਨੌਜਵਾਨ ਮੁੰਡਾ ਲੰਮਾ ਸਫ਼ੈਦ ਕੁੜਤਾ ਤੇ ਨਾਲ ਫੈਂਸੀ ਪਜਾਮਾ ਪਾ ਕੇ ਯੂਥ ਲੀਡਰ ਬਣਿਆ ਫਿਰਦਾ ਹੈ। ਇਕ ਅੰਦਾਜ਼ੇ ਮੁਤਾਬਕ ਇਸ ਸਮੇਂ ਨਾਮ ਨਿਹਾਦ ਸਿਆਸਤਦਾਨਾਂ ਅਤੇ ਪ੍ਰਾਪਰਟੀ ਡੀਲਰਾਂ ਦੀ ਗਿਣਤੀ ਬਰਾਬਰ-ਬਰਾਬਰ ਹੀ ਹੈ ਤੇ ਦੋਵਾਂ ਦਾ ਕੰਮ ਵੀ ਲਗਪਗ ਇਕੋ ਜਿਹਾ ਹੀ ਹੈ। ਜ਼ਰਾ ਸੋਚੋ ਜੇਕਰ ਸਿਆਸਤਦਾਨਾਂ ਦੀ ਇਹ ਕਿਸਮ, ਜੋ ਕਿ ਬਦਕਿਸਮਤੀ ਨਾਲ ਬਹੁਗਿਣਤੀ ਵਿਚ ਹੈ, ਮੁੱਦਿਆਂ ਪ੍ਰਤੀ ਗੰਭੀਰ ਹੋਵੇ ਤਾਂ ਫਿਰ ਦੇਸ਼ ਦੀਆਂ ਮਹਾਂਮਾਰੀ ਦਾ ਰੂਪ ਧਾਰਨ ਕਰਦੀਆਂ ਜਾ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਵੱਡੇ ਘੋਲ ਨਾ ਲੜੇ ਜਾਣ? ਤੇ ਜੇਕਰ ਇਸ ਕਿਸਮ ਦੇ ਸਿਆਸਤਦਾਨਾਂ ਨੂੰ ਆਪਣੀ ਯੋਗਤਾ ਦੀ ਪਰਖ ਕਰਵਾਉਣ ਲਈ ਸੰਘਰਸ਼ਾਂ ਵਿਚ ਕੁੱਦਣਾ ਪਵੇ ਤਾਂ ਕੀ ਇਹ ਸਿਆਸਤ ਦੇ ਪਿੜ ਵਿਚ ਟਿਕ ਸਕਣਗੇ? ਅਜਿਹਾ ਹੋਣ 'ਤੇ ਇਨ੍ਹਾਂ ਵਿਚੋਂ ਬਹੁਤੇ ਸ਼ਾਇਦ ਛੇਤੀ ਹੀ ਰਫ਼ੂ-ਚੱਕਰ ਹੋ ਜਾਣ।

ਇਹ ਲੋਕ (ਸਿਆਸੀ) ਜੇਕਰ ਕਿਸੇ ਲੋਕ ਮਸਲੇ 'ਤੇ ਪ੍ਰਤੀਕਰਮ ਪ੍ਰਗਟਾਉਂਦੇ ਵੀ ਹਨ, ਉਹ ਮਾਤਰ ਮੀਡੀਏ 'ਚ ਦਿਖਾਉਣ ਲਈ ਸ਼ੋਰ-ਸ਼ਰਾਬਾ ਮਾਤਰ ਹੁੰਦਾ ਹੈ, ਇਸ ਹੰਗਾਮੇ ਨੂੰ ਕੈਮਰੇ ਅੱਗੇ ਦਿਖਾਉਣ ਦੀਆਂ ਕੁਝ ਪ੍ਰਚੱਲਤ ਨਾਟ-ਜੁਗਤਾਂ ਹਨ, ਜਿਵੇਂ ਕਿ ਅਰਥੀ ਫੂਕਣਾ ਆਦਿ, ਜਿਸ ਨੂੰ ਮੁੜ-ਮੁੜ ਦੁਹਰਾਇਆ ਜਾਂਦਾ ਹੈ। ਇਹ ਕਦੇ ਨਹੀਂ ਕੀਤਾ ਜਾਂਦਾ ਕਿ ਮੁੱਦੇ ਸਮਝਣ ਵਾਲੇ ਕਿਸੇ ਵਿਅਕਤੀ ਨੂੰ ਅੱਗੇ ਕਰਕੇ, ਸਬੰਧਤ ਮੁੱਦੇ ਦੀਆਂ ਜੜ੍ਹਾਂ ਫਰੋਲੀਆਂ ਜਾਣ ਅਤੇ ਇਨ੍ਹਾਂ ਦੇ ਕਾਰਗਰ ਹੱਲ ਸੁਝਾਏ ਜਾਣ। ਦਰਅਸਲ, ਇਹ ਲੋਕ (ਸਿਆਸੀ) ਮੁੱਦਿਆਂ ਦੀ ਸ਼ਿੱਦਤ ਨੂੰ ਘਟਾਉਣ ਦਾ ਘ੍ਰਿਣਤ ਕੰਮ ਕਰਦੇ ਹਨ, ਇਹ ਮੁੱਦਿਆਂ ਨੂੰ ਰੋਲ ਕੇ ਰੱਖ ਦਿੰਦੇ ਹਨ ਤੇ ਆਮ ਲੋਕ ਮੁੱਦਿਆਂ ਪ੍ਰਤੀ ਭੰਬਲਭੂਸੇ ਦਾ ਸ਼ਿਕਾਰ ਹੋ ਕੇ ਅੰਤ ਨੂੰ ਨਿਰਾਸ਼ ਹੋ ਕੇ ਭਟਕ ਜਾਂਦੇ ਹਨ।

ਅਸੀਂ ਉਪਰ ਜ਼ਿਕਰ ਕਰ ਆਏ ਹਾਂ ਕਿ ਮੁੱਦੇ ਹੋਰ ਮੰਚਾਂ 'ਤੇ ਉਭਰਦੇ ਹਨ ਜਾਂ ਫਿਰ ਸਮਾਜਿਕ ਜੀਵਨ ਦੀਆਂ ਵਿਭਿੰਨ ਗਤੀਵਿਧੀਆਂ ਵਿਚੋਂ ਉਪਜਦੇ ਹਨ, ਇਨ੍ਹਾਂ ਦੇ ਰਾਜਸੀ ਲਾਭ ਵਾਲਾ ਪੱਖ ਪੇਸ਼ਾਵਰ ਸਿਆਸਤਦਾਨਾਂ ਵੱਲੋਂ ਗੰਨੇ ਵਿਚਲੇ ਰਸ ਵਾਂਗ ਲਿਆ ਜਾਂਦਾ ਹੈ, ਉਹ ਇਨ੍ਹਾਂ ਨੂੰ ਆਖਰੀ ਬੂੰਦ ਤੱਕ ਨਿਚੋੜਦੇ ਹਨ ਤੇ ਫਿਰ ਪਿੱਛੇ ਬਚੇ ਫੋਕਟ ਪਦਾਰਥ ਨੂੰ ਸੁੱਟ ਦਿੰਦੇ ਹਨ। ਇਕ ਧਿਰ ਸੱਤਾ ਵਿਚ ਹੁੰਦੀ ਹੈ, ਦੂਜੀ ਧਿਰ ਮੁੱਦਿਆਂ 'ਤੇ ਧਰੁਵੀਕਰਨ ਦੀ ਪ੍ਰਕਿਰਿਆ ਨੂੰ ਤੀਬਰ ਕਰਦੀ ਹੈ, ਮੁੱਦਿਆਂ ਨਾਲ ਜੁੜੇ ਮਸਲਿਆਂ ਲਈ ਸੱਤਾ ਪੱਖ ਨੂੰ ਦੋਸ਼ੀ ਠਹਿਰਾਉਂਦੀ ਹੈ ਅਤੇ ਆਪਣੇ ਪੱਖ ਵਿਚ ਜਨਤਕ ਸਮਰਥਨ ਜੁਟਾਉਂਦੀ ਹੈ, ਧਰੁਵਾਂ ਦੀ ਸਥਿਤੀ ਕਈ ਪ੍ਰਕਾਰ ਦੀ ਬਣੇ ਰਹਿਣ ਦੀ ਸੰਭਾਵਨਾ ਹੁੰਦੀ ਹੈ। ਮਸਲਨ, ਇਸ ਸਮੇਂ ਧਰੁਵੀਕਰਨ ਦੀ ਸਥਿਤੀ ਕੇਂਦਰੀ ਸੱਤਾ ਬਨਾਮ ਖੇਤਰੀ ਰਾਜਨੀਤੀ ਬਣੀ ਹੋਈ ਹੈ।

ਦੇਸ਼ ਦੇ ਵੱਡੇ ਮਸਲਿਆਂ, ਜਿਵੇਂ ਕਿ ਮਹਿੰਗਾਈ ਆਦਿ ਲਈ ਕੇਂਦਰ ਸਰਕਾਰ ਵਿਚ ਗਠਜੋੜ ਦੀ ਅਗਵਾਈ ਕਰ ਰਹੀ ਪਾਰਟੀ ਨੂੰ ਜ਼ੁੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਇਸ ਵਿਰੁੱਧ ਖੇਤਰੀ ਰਾਜਨੀਤੀ ਮਜ਼ਬੂਤ ਹੋ ਰਹੀ ਹੈ ਅਤੇ ਮਹਿੰਗਾਈ ਵਰਗੇ ਵਰਤਾਰੇ ਦੇ ਅਮਲ ਵਿਚ ਆਪਣੀ ਹਿੱਸੇਦਾਰੀ ਤੋਂ ਬਚ ਰਹੀ ਹੈ। ਹਾਲਾਂਕਿ ਮਹਿੰਗਾਈ ਜਿਸ ਆਰਥਿਕ ਪ੍ਰਬੰਧ ਦਾ ਨਤੀਜਾ ਹੈ, ਉਸ ਆਰਥਿਕ ਪ੍ਰਬੰਧ ਨੂੰ ਬਚਾਈ ਰੱਖਣ ਵਿਚ ਸੂਬਾ ਸਰਕਾਰਾਂ ਵੀ ਬਰਾਬਰ ਦੀ ਭੂਮਿਕਾ ਨਿਭਾਅ ਰਹੀਆਂ ਹਨ। ਉਦਾਹਰਣ ਵਜੋਂ ਜਿਹੜੀਆਂ ਨਿੱਜੀ ਕੰਪਨੀਆਂ ਤੋਂ ਮਨਮਾਨੀਆਂ ਕਰਨ ਦੀ ਖੁੱਲ੍ਹ ਦੇਣ ਬਦਲੇ ਕਾਂਗਰਸ ਫੰਡ ਹਾਸਲ ਕਰਦੀ ਹੈ, ਪੰਜਾਬ ਵਿਚ ਉਨ੍ਹਾਂ ਤੋਂ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਵੀ ਭਾਰੀ ਫੰਡ ਦਿੱਤੇ ਜਾ ਰਹੇ ਹਨ। ਫਿਰ ਵੀ ਮਹਿੰਗਾਈ ਵਰਗੇ ਮੁੱਦੇ ਖੇਤਰੀ ਰਾਜਨੀਤੀ ਨੂੰ ਰਾਸ ਆਏ ਹੋਏ ਹਨ ਤੇ ਉਹ ਇਨ੍ਹਾਂ ਦਾ ਫਾਇਦਾ ਉਠਾ ਕੇ ਇਕ ਅਜਿਹਾ ਬਦਲ ਬਣ ਬੈਠੀ ਹੈ, ਜਿਸ ਦੀਆਂ ਨੀਤੀਆਂ ਵੀ ਉਨ੍ਹਾਂ ਦੇ ਪ੍ਰਤੀਦਵੰਦੀਆਂ ਵਾਂਗ ਮਸਲੇ ਪੈਦਾ ਕਰਨ ਵਾਲੀਆਂ ਹੀ ਹਨ।

ਪਰ ਆਪਣੀ ਮੌਕਾਪ੍ਰਸਤ ਤਿਕੜਮਬਾਜ਼ੀ ਸਦਕਾ ਇਸ ਸਮੇਂ ਦੇਸ਼ ਦੇ ਕਈ ਭਾਗਾਂ ਵਿਚ ਖੇਤਰੀ ਰਾਜਨੀਤੀ ਇੰਨੀ ਤਾਕਤ ਪਕੜ ਗਈ ਹੈ ਕਿ ਇਹ ਕਈ ਮਾਮਲਿਆਂ ਵਿਚ ਬਲੈਕਮੇਲਿੰਗ ਦੀ ਹੱਦ ਤੱਕ ਅਗਾਂਹ ਵੱਧ ਜਾਂਦੀ ਹੈ। ਵਿਡੰਬਨਾ ਇਹ ਹੈ ਕਿ ਕੁੱਝ ਮੁੱਦਿਆਂ 'ਤੇ ਖੇਤਰੀ ਰਾਜਨੀਤੀ ਤਾਂ ਮਜ਼ਬੂਤ ਹੋ ਗਈ ਹੈ ਜਾਂ ਇਉਂ ਕਹਿ ਲਵੋ ਕਿ ਇਨ੍ਹਾਂ ਮੁੱਦਿਆਂ ਦਾ ਲਾਹਾ ਲੈ ਕੇ ਕੁਝ ਖੇਤਰੀ ਟੋਲੇ ਤਾਂ ਜ਼ਰੂਰ ਸਿਆਸੀ ਪਿੜ ਵਿਚ ਤਾਕਤਵਰ ਹੋ ਗਏ ਹਨ ਤੇ ਇਸ ਸਮੇਂ ਖੇਤਰੀ ਸਾਧਨਾਂ 'ਤੇ ਕਾਬਜ਼ ਹੋ ਕੇ ਧਨ ਨਾਲ ਮਾਲਾਮਾਲ ਹੋ ਰਹੇ ਹਨ, ਪਰ ਮੁੱਦਿਆਂ ਨੂੰ ਮਿੱਟੀ ਵਿਚ ਰੋਲ ਦਿੱਤਾ ਗਿਆ ਹੈ। ਦੇਸ਼ ਦੀ ਰਾਜਨੀਤੀ ਵਿਚ ਮੁੱਦੇ ਮਹਿਜ਼ ਸਿਆਸੀ ਮਦਾਰੀਆਂ ਦੇ ਚਟਖਾਰੇ ਬਣ ਕੇ ਰਹਿ ਗਏ ਹਨ, ਜਦ ਕਿ ਜਨਤਾ ਇਨ੍ਹਾਂ ਕਾਰਨ ਤ੍ਰਾਹ-ਤ੍ਰਾਹ ਕਰ ਰਹੀ ਹੈ।

ਨਿਰਸੰਦੇਹ, ਭਾਰਤ ਵਿਚ ਮੁੱਦਿਆਂ ਅਤੇ ਰਾਜਨੀਤੀ ਦਾ ਸਬੰਧ ਕਾਫੀ ਗੜਬੜਾਇਆ ਹੋਇਆ ਹੈ। ਇਸ ਦੀ ਮੁੱਖ ਵਜ੍ਹਾ ਮਸਲੇ ਪੈਦਾ ਕਰਨ ਵਾਲਿਆਂ ਅਤੇ ਸਿਆਸਤਦਾਨਾਂ ਦੀ ਭਾਰੂ ਧਿਰ ਦਾ ਨਾਪਾਕ ਗਠਜੋੜ ਹੈ। ਇਹ ਗਠਜੋੜ ਸਮੇਂ-ਸਮੇਂ ਕਈ ਰੂਪਾਂ ਵਿਚ ਸਾਹਮਣੇ ਆਉਂਦਾ ਵੀ ਰਿਹਾ ਹੈ। ਕਦੇ ਇਹ ਸਿਆਸਤਦਾਨਾਂ ਤੇ ਬਾਹੂਬਲੀਆਂ ਦੇ ਗਠਜੋੜ ਵਜੋਂ ਤੇ ਹੁਣ ਇਹ ਸਿਆਸਤਦਾਨਾਂ ਅਤੇ ਬਹੁਕੌਮੀ ਕੰਪਨੀ ਮਾਲਕਾਂ ਦੇ ਗਠਜੋੜ ਵਜੋਂ ਉਭਰ ਰਿਹਾ ਹੈ। ਬਹੁਕੌਮੀ ਵਿਸ਼ਵ ਸਰਮਾਏਦਾਰੀ ਨੇ ਭਾਰਤੀ ਸਿਆਸਤ ਉਪਰ ਬੜੀ ਤਕੜੀ ਪਕੜ ਜਮਾਂ ਲਈ ਹੈ ਤੇ ਦੇਸ਼ ਨੂੰ ਇਸ ਵੱਲੋਂ ਬੜੀ ਬੇਕਿਰਕੀ ਨਾਲ ਦੋਹੀਂ ਹੱਥੀਂ ਲੁੱਟਿਆ ਜਾ ਰਿਹਾ ਹੈ। ਇਸ ਹਨ੍ਹੇਰਗਰਦੀ ਵਿਚ ਭਾਰੂ ਸਿਆਸੀ ਪਾਰਟੀਆਂ ਲਈ ਮੁੱਦੇ ਮਹਿਜ਼ ਆਪਣੀ ਰਾਜਸੀ ਮੁਖੌਟਾਬਾਜ਼ੀ ਦੀ ਲੋੜ ਮਾਤਰ ਰਹਿ ਗਏ ਹਨ। ਜਿੰਨੀ ਦੇਰ ਤੱਕ ਉਪਰੋਕਤ ਗਠਜੋੜ ਖ਼ਤਮ ਨਹੀਂ ਹੁੰਦੇ ਸਿਆਸਤ ਅਤੇ ਮੁੱਦਿਆਂ ਦਾ ਸਬੰਧ ਵੀ ਥਾਂ ਸਿਰ ਨਹੀਂ ਆ ਸਕੇਗਾ।

# ਕੀ ਅਸੀਂ ਅਜੇ ਉਥੇ ਹੀ ਹਾਂ?



ਕੌਲੀਨ ਮਕਲੌ ਕਲਿੰਕ
ਮੁਖੀ ਅੰਗਰੇਜ਼ੀ ਵਿਭਾਗ
ਜੇ ਪਰਸੀ ਪੇਜ ਹਾਈ ਸਕੂਲ
ਐਡਮਿੰਟਨ, ਅਲਬਰਟਾ
780 462 3322
colleen.mccullough@epsb.ca

ਨਿੱਘਾ ਮੌਸਮ ਸਿਰ ’ਤੇ ਹੈ। ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਨ ਵਿਚ ਇਕ ਹੀ ਖ਼ਿਆਲ ਹੈ, ਜੁਲਾਈ! ਜਦੋਂ ਸਕੂਲ ਬੰਦ ਹੋਵੇਗਾ। ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸਾਡੇ ਕੋਲ ਅਜੇ ਵੀ ਤਿੰਨ ਅਹਿਮ ਹਫ਼ਤੇ ਬਾਕੀ ਹਨ, ਅਣਸੁਖਾਵੇਂ ਫਾਈਨਲ ਇਮਤਿਹਾਨ ਤਕ। ਕੀ ਤੁਸੀਂ ਸੁਣਨਾ ਸ਼ੁਰੂ ਕਰ ਦਿੱਤਾ ਹੈ ਆਪਣੇ ਬੱਚੇ ਕੋਲੋਂ ‘ਮੇਰੇ ਕੋਲ ਕੋਈ ਘਰ ਦਾ ਕੰਮ ਨਹੀਂ।’ ਠੀਕ ਹੈ, ਇਹ ਵਧੀਆ ਸਮਾਂ ਹੈ, ਉਸ ਸਭ ਕੁਝ ਵਿਚ ਰੁੱਝੇ ਹੋਣ ਦਾ ਜੋ ਤੁਹਾਡਾ ਬੱਚਾ ਸਕੂਲ ਵਿਚ ਕਰ ਰਿਹਾ ਹੈ। ਸਾਡੇ ਸਾਰੇ ਵਿਦਿਆਰਥੀ ਘਰ ਦਾ ਉਹ ਸਾਰਾ ਕੰਮ ਕਰਦੇ ਹਨ, ਜੋ ਉਨਖ਼ਾਂ ਨੂੰ ਅਗਾਮੀ ਜੂਨ ਦੀ ਪ੍ਰੀਖਿਆ ਵਿਚ ਆਪਣੀ ਸਫਲਤਾ ਦੇ ਵਾਧੇ ਲਈ ਕਰਨਾ ਚਾਹੀਦਾ ਹੈ। 2012 ਦੀ ਰਜਿਸਟਰੇਸ਼ਨ ਮੁਕੰਮਲ ਹੋਣ ਦੇ ਨਾਲ ਸਾਡੇ ਬਹੁਤ ਸਾਰੇ ਵਿਦਿਆਰਥੀ ਇਹ ਜਾਣ ਕੇ ਨਿਰਾਸ਼ ਹੋ ਜਾਂਦੇ ਹਨ ਕਿ ਉਨਖ਼ਾਂ ਨੇ ਅਗਲੇ ਪੱਧਰ ਦੇ ਪ੍ਰੋਗਰੈਸਿੰਗ ਵਿਚ ਪ੍ਰਵੇਸ਼ ਪਾਉਣ ਲਈ ਕਾਫੀ ਅੰਕ ਹਾਸਲ ਨਹੀਂ ਕੀਤੇ ਹਨ, ਜਿਹੜੇ ਉਨਖ਼ਾਂ ਨੂੰ ਪੋਸਟ ਸੈਕੰਡਰੀ ਲਈ ਲੋੜੀਂਦੇ ਹਨ। ਸਾਡੇ ਅੰਗਰੇਜ਼ੀ ਅਤੇ ਕਈ ਹੋਰ ਵਿਸ਼ਿਆਂ ਲਈ ਘੱਟੋ-ਘੱਟ ਲੋੜੀਂਦੇ ਅੰਕ 60 ਫੀਸਦੀ ਹਨ। ਅਗਲੇ ਤਿੰਨ ਹਫ਼ਤੇ ਸਾਡੇ ਵਿਦਿਆਰਥੀਆਂ ਲਈ ਆਪਣੇ ਅੰਕ ਵਧਾਉਣ, ਟੈਟੋਰੀਅਲ ਲਈ ਦਿੱਤੇ ਜਾਂਦੇ ਬਹੁਤ ਸਾਰੇ ਮੌਕੇ ਹਾਸਲ ਕਰਨ ਅਤੇ ਵਾਧੂ ਸਹਾਇਤਾ ਲਈ ਅਤੀ ਮਹੱਤਵਪੂਰਨ ਹਨ। ਜੂਨ ਵਿਚ ਸਾਡੀ ਪ੍ਰਸ਼ਾਸਨਿਕ ਟੀਮ ਤੁਹਾਡੇ ਬੱਚੇ ਦੀ ਪਲੇਸਮੈਂਟ ਦਾ ਪੁਨਰ ਮੁਲੰਕਣ ਕਰੇਗੀ ਤੇ ਰਜਿਸਟਰੇਸ਼ਨ ਤਬਦੀਲ ਕਰਨ ਵਿਚ ਪ੍ਰਸੰਨਤਾ ਮਹਿਸੂਸ ਕਰੇਗੀ ਜੇਕਰ ਉਨਖ਼ਾਂ ਦੇ ਅੰਕਾਂ ਵਿਚ ਸੁਧਾਰ ਆ ਗਿਆ ਹੋਇਆ ਤਾਂ। ਉਨਖ਼ਾਂ ਦੀ ਸਿੱਖਿਆ ਦਾ ਪੜਚੋਲ ਕਰਨ ਦੇ ਆਮ ਨਿਯਮ ਅਤੇ ਵਿਚਾਰ ਹਨ ਅਤੇ ਉਨਖ਼ਾਂ ਨੂੰ ਲੋੜੀਂਦੀਆਂ ਯੋਗਤਾਵਾਂ ਹਾਸਲ ਕਰਨ ਵਿਚ ਸਹਾਇਤਾ ਲੈਣ ਲਈ ਅੰਗਰੇਜ਼ੀ ਵਿਚ ਪੁਸਤਕਾਂ ਪੜਖ਼ਨੀਆਂ ਚਾਹੀਦੀਆਂ ਹਨ ਤਾਂ ਕਿ ਉਹ ਪੜਖ਼ਨ ਤੇ ਲਿਖਣ ਦੋਵਾਂ ਵਿਚ ਨਿਪੁੰਨ ਹੋ ਜਾਣ। ਜਦਕਿ ਪੜਖ਼ਨਾ ਸਾਡੇ ਬਹੁਤ ਸਾਰੇ ਵਿਦਿਆਰਥੀਆਂ ਲਈ ਇਕ ਜਦੋ-ਜਹਿਦ ਹੈ। ਮੈਂ ਤੁਹਾਡੇ ਬੱਚਿਆਂ ਲਈ ਪੜਖ਼ਨ ਦੇ ਇਕ ਲਾਜ਼ਮੀ ਸਮੇਂ ਨੂੰ ਉਤਸ਼ਾਹਤ ਕਰਦੀ ਹਾਂ। ਹਰ ਮਹੀਨੇ ਇਕ ਨਾਵਲ ਦਾ ਟੀਚਾ ਮਿੱਥ ਕੇ ਸ਼ੁਰੂ ਕਰੋ। ਸਾਰੇ ਵਿਭਾਗਾਂ ਦੇ ਮੇਰੇ ਬਹੁਤ ਸਾਰੇ ਸਹਿਕਰਮੀ ਦੱਸਦੇ ਹਨ ਕਿ ਸਾਡੇ ਵਿਦਿਆਰਥੀ ਅੜਖ਼ਕ-ਅੜਖ਼ਕ ਕੇ ਪੜਖ਼ਨ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਵਿਗਿਆਨ ਅਤੇ ਗਣਿਤ ਵਿਚ ਅੰਗਰੇਜ਼ੀ ਤੋਂ ਜ਼ਿਆਦਾ ਦਿਲਚਸਪੀ ਲੈਣ ਵਾਲੇ ਵਿਦਿਆਰਥੀਆਂ ਨੂੰ ਇਹ ਸਮਝਾਉਣਾ ਕਾਫੀ ਔਖਾ ਹੈ ਕਿ ਕਿਉਂ ਆਲੋਚਨਾਤਮਕ ਸੋਚਣ ਯੋਗਤਾਵਾਂ ਅਤੇ ਪੜਖ਼ਨ ਯੋਗਤਾਵਾਂ ਉਨਖ਼ਾਂ ਦੇ ਸਾਰੇ ਵਿਸ਼ਿਆਂ ਦੇ ਅੰਕਾਂ ਵਿਚ ਸੁਧਾਰ ਲਿਆਉਣਗੀਆਂ? ਮੈਂ ਜਾਣਦੀ ਹਾਂ ਕਿ ਟੀ.ਵੀ., ਆਈਪੌਡਜ਼ ਅਤੇ ਇੰਟਰਨੈਟ ਹੁਣ ਸਾਡੇ ਪੜਖ਼ਾਈ ਦੇ ਢੰਗ-ਤਰੀਕਿਆਂ ਵਿਚ ਸ਼ਾਮਲ ਹਨ, ਕੀ ਤੁਸੀਂ ਆਪਣੇ ਕਿਸ਼ੋਰਾਂ ਨੂੰ ਨਾਲ ਲੈ ਕੇ ਸਾਡੀ ਸਥਾਨਕ ਲਾਇਬਰੇਰੀ ਵਿਚ ਕਿਤਾਬਾਂ ਚੈੱਕ ਕਰਨ ਲਈ ਗੇੜਾ ਲਾਉਣ ’ਤੇ ਵਿਚਾਰ ਕੀਤਾ ਹੈ? ਵੱਡੇ ਹੋ ਰਹੇ ਬੱਚੇ ਇਨਖ਼ੀਂ ਦਿਨੀਂ ਨਿਸਚੈ ਹੀ ਸੰਘਰਸ਼ ਵਿਚ ਹਨ। ਉਨਖ਼ਾਂ ਨੂੰ ਚੈੱਕ ਕਰਨ ਲਈ ਆਪਣੇ ਬੱਚਿਆਂ ਦੇ ਅਧਿਆਪਕਾਂ ਨੂੰ ਫੋਨ ਜਾਂ ਈਮੇਲ ਕਿਉਂ ਨਹੀਂ ਕਰਦੇ? ਸਕੂਲ ਜ਼ੋਨ ਐਡਮਿੰਟਨ ਪਬਲਿਕ ਵੈਬਸਾਈਟ ਹੈ, ਜਿਹੜੀ ਰੋਜ਼ਾਨਾ ਹਾਜ਼ਰੀ ਚੈੱਕ ਕਰਨ, ਅੰਕ ਅਤੇ ਘਰ ਦਾ ਕੰਮ ਪਤਾ ਕਰਨ ਲਈ ਮਾਪਿਆਂ ਅਤੇ ਵਿਦਿਆਰਥੀਆਂ ਦੋਵਾਂ ਲਈ ਡਿਜ਼ਾਈਨ ਕੀਤੀ ਗਈ ਹੈ ਜਾਂ ਅਜੇ ਵੀ ਬਿਹਤਰ ਹੈ ਕਿ ਸਕੂਲ ਨਾਲ ਸਿੱਧਾ ਜੁੜੋ!! ਆਓ ਤੇ ਦੇਖੋ ਕਿ ਅਸੀਂ ਤੁਹਾਡੇ ਬੱਚਿਆਂ ਦੇ ਭਵਿੱਖ ਲਈ ਸਹਾਈ ਹੋਣ ਵਾਲੀਆਂ ਕੀ ਸੁਵਿਧਾਵਾਂ ਦੇ ਰਹੇ ਹਾਂ। ਅਸੀਂ ਪੜਖ਼ਾਈ ਵਿਚ ਇਕੱਠਿਆਂ ਹਿੱਸੇਦਾਰ ਬਣਕੇ ਤੁਹਾਡੇ ਬੱਚੇ ਦੀ ਸਕੂਲ ਵਿਚ ਸਫਲਤਾ ਲਈ ਸਹਾਇਤਾ ਕਰਾਂਗੇ।

# ਐਨ.ਸੀ.ਟੀ. ਸੀ : ਕੇਂਦਰ ਸਰਕਾਰ ਨੇ ਆਪਣਾ ਭਰੋਸਾ ਗੁਆ ਲਿਆ



ਸਤਨਾਮ ਚਾਨਾ
vichar_manch@yahoo.com

ਅੱਤਵਾਦ ਉਪਰ ਕਾਬੂ ਪਾਉਣ ਦੇ ਮਸਲੇ ਉਪਰ ਯੂ.ਪੀ.ਏ. ਦੀ ਕੇਂਦਰੀ ਸਰਕਾਰ ਅਤੇ ਸੂਬਿਆਂ ਦੀਆਂ 9 ਸਰਕਾਰਾਂ ਦਰਮਿਆਨ ਤਿੱਖਾ ਵਿਰੋਧ ਖੜ੍ਹਾ ਹੋ ਗਿਆ ਹੈ। ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਅੱਤਵਾਦ ਸਾਰੇ ਦੇਸ਼ ਵਿਚ ਫੈਲਿਆ ਹੋਇਆ ਕੌਮੀ ਮਸਲਾ ਹੈ ਜਿਸਨੂੰ ਕੇਂਦਰ ਤੋਂ ਹੀ ਕਾਬੂ ਕੀਤਾ ਜਾ ਸਕਦਾ ਹੈ ਜਿਸ ਵਾਸਤੇ ਸੁਰੱਖਿਆ ਦਾ ਕੇਂਦਰੀਕ੍ਰਿਤ ਕਾਨੂੰਨ ਅਤੇ ਢਾਂਚਾ ਬਣਾਇਆ ਜਾਣਾ ਸਮੇਂ ਦੀ ਲੋੜ ਬਣ ਗਈ ਹੈ। ਪ੍ਰੰਤੂ ਸੂਬਿਆਂ ਵਿਚ ਵਿਰੋਧੀ ਪਾਰਟੀਆਂ ਦੀਆਂ ਚੱਲ ਰਹੀਆਂ ਸਰਕਾਰਾਂ ਦਾ ਮੰਨਣਾ ਹੈ ਕਿ ਕੇਂਦਰ ਦੀ ਯੂ.ਪੀ.ਏ. ਸਰਕਾਰ ਅੱਤਵਾਦ ਦੇ ਨਾਮ ’ਤੇ ਸੂਬਿਆਂ ਦੀਆਂ ਸਰਕਾਰਾਂ ਦੇ ਅਧਿਕਾਰ ਹੜੱਪਣਾ ਚਾਹੁੰਦੀ ਹੈ। ਇਸ ਕਰਕੇ ਨੈਸ਼ਨਲ ਕਾਊਂਟਰ-ਟੈਰੇਰਿਜ਼ਮ ਕੇਂਦਰ ਸਥਾਪਤ ਕਰਨ ਦੇ ਕੇਂਦਰੀ ਸਰਕਾਰ ਦੇ ਸੁਝਾਅ ਉਪਰ ਦੋਹਾਂ ਧਿਰਾਂ ਦਰਮਿਆਨ ਖਾਨਾਜੰਗੀ ਵਰਗਾ ਮਾਹੌਲ ਬਣ ਗਿਆ ਹੈ। ਕੇਂਦਰ ਸਰਕਾਰ ਦੇ ਇਸ ਸੁਝਅ ਉਪਰ ਸਭ ਤੋਂ ਪਹਿਲਾਂ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਇਤਰਾਜ ਉਠਾਇਆ। ਉਸਨੇ ਦੂਜੇ ਸੂਬਿਆਂ ਦੇ ਕੁਝ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਕਿ ਉਹ ਇਸ ਕਾਨੂੰਨ ਦਾ ਸਖਤ ਵਿਰੋਧ ਕਰਨ। ਉਨ੍ਹਾਂ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਬਿਹਾਰ ਦੇ ਨਤੀਸ਼ ਕੁਮਾਰ, ਤਾਮਿਲਨਾਡੂ ਦੀ ਜਯਾ ਲਲਿਤਾ ਅਤੇ ਆਂਧਰਾ ਦੇ ਸਾਬਕਾ ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਸ਼ਾਮਲ ਸਨ। ਸਭ ਤੋਂ ਪਹਿਲਾਂ ਇਸ ਉਪਰ ਤੁਰੰਤ ਕਾਰਵਾਈ ਮਮਤਾ ਬੈਨਰਜੀ ਨੇ ਕੀਤੀ। ਜਿਸਨੇ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖਕੇ ਮੰਗ ਕੀਤੀ ਕਿ ਕੇਂਦਰ ਸਰਕਾਰ ਆਪਣੇ ਫੈਸਲੇ ਨੂੰ ਮੁੜ ਵਿਚਾਰੇ ਅਤੇ ਵਾਪਿਸ ਲੈ ਲਵੇ। ਉਸ ਤੋਂ ਬਾਅਦ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵ ਸਿੰਘ ਚੌਹਾਨ ਨੇ ਵੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਕਿ ਪ੍ਰਸਤਾਵਿਤ ਸੁਰੱਖਿਆ ਕੇਂਦਰ ਸਥਾਪਤ ਕਰਨ ਦੇ ਫੈਸਲੇ ਨੂੰ ਮੁੜ ਵਿਚਾਰਿਆ ਜਾਵੇ। ਇਕਜੁਟ ਹੋਏ ਮੁੱਖ ਮੰਤਰੀਆਂ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸੂਬਿਆਂ ਨਾਲ ਸਲਾਹ ਮਸ਼ਵਰਾ ਕੀਤੇ ਤੋਂ ਬਿਨਾਂ ਅਜਿਹਾ ਕਾਨੂੰਨ ਲਿਆਉਣਾ ਦੇਸ਼ ਦੇ ਫੈਡਰਲ ਢਾਂਚੇ ਉਪਰ ਬੜੀ ਵੱਡੀ ਸੱਟ ਹੈ। ਮੁੱਖ ਮੰਤਰੀਆਂ ਦਾ ਮੰਨਣਾ ਹੈ ਕਿ ਸੂਬਿਆਂ ਦੇ ਸੁਰੱਖਿਆ ਬਲਾਂ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੀਆਂ ਲੋੜਾਂ ਅਨੁਸਾਰ ਕਾਨੂੰਨ ਬਣਾਉਣ ਅਤੇ ਲਾਗੂ ਕਰਨ। ਕਿਉਂਕਿ ਅੱਤਵਾਦ ਸੂਬਾਈ ਮਸਲਾ ਹੈ। ਕੇਂਦਰ ਦੀ ਸਰਕਾਰ ਇਕਤਰਫਾ ਧੱਕਾ ਕਰਨ ਦੇ ਰਾਹ ਪੈ ਗਈ ਹੈ। ਯਾਦ ਰਹੇ ਕਿ ਇਸ ਅੱਤਵਾਦ ਰੋਕੂ ਕੇਂਦਰ ਦੀ ਸਥਾਪਨਾ ਦਾ ਨੋਟੀਫਿਕੇਸ਼ਨ 3 ਫਰਵਰੀ 2012 ਨੂੰ ਕਰ ਦਿੱਤਾ ਗਿਆ ਸੀ। ਅਸਲ ਵਿਚ ਜਿਸ ਪ੍ਰਕਾਰ ਕੇਂਦਰ ਦੀ ਕਾਂਗਰਸ ਸਰਕਾਰ ਨੇ 1975 ਵਿਚ ਐਮਰਜੈਂਸੀ ਦੀਆਂ ਸ਼ਕਤੀਆਂ ਦੀ ਦੁਰਵਰਤੋਂ ਕਰਕੇ ਲੋਕਤੰਤਰ ਨੂੰ ਖਤਰਾ ਖੜ੍ਹਾ ਕਰ ਦਿੱਤਾ ਸੀ। ਉਸ ਨੇ ਇਸ ਦਾ ਭਰੋਸਾ ਖਤਮ ਕਰ ਛੱਡਿਆ ਹੈ ਜਿਸ ਕਰਕੇ ਉਸਦੀ ਹਰ ਅਜਿਹੀ ਕਾਰਵਾਈ ਜਿਹੜੀ ਕੇਂਦਰ ਨੂੰ ਮਜ਼ਬੂਤ ਕਰਨ ਵਾਲੀ ਹੋਵੇ। ਸ਼ੱਕੀ ਨਜ਼ਰ ਨਾਲ ਦੇਖੀ ਜਾਣ ਲੱਗ ਪਈ ਹੈ। ਜਿਨ੍ਹਾਂ ਮੁੱਖ ਮੰਤਰੀਆਂ ਅਤੇ ਰਾਜਾਂ ਨੇ ਇਸ ਕਾਨੂੰਨ ਦਾ ਵਿਰੋਧ ਕੀਤਾ ਹੈ ਉਨ੍ਹਾਂ ਪਾਰਟੀਆਂ ਦਾ ਪਾਰਲੀਮੈਂਟ ਵਿਚ ਬਹੁਮਤ ਹੈ। ਇੰਞ ਪ੍ਰਤੀਤ ਹੋ ਰਿਹਾ ਹੈ ਕਿ ਕਮਿਊਨਿਸਟ ਪਾਰਟੀਆਂ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਵੀ ਇਸ ਵਿਰੋਧੀ ਮੋਰਚੇ ਵਿਚ ਸ਼ਾਮਲ ਹੋ ਰਹੀਆਂ ਹਨ। ਸੱਚਾਈ ਇਹ ਹੈ ਕਿ ਅੱਤਵਾਦ ਰੋਕੂ ਕੇਂਦਰ, ਜਿਹੜਾ ਹੁਣ ਸਥਾਪਤ ਕੀਤਾ ਗਿਆ ਹੈ, ਉਹ ਉਸੇ ਕਾਨੂੰਨ ਅਧੀਨ ਹੋਇਆ ਹੈ ਜਿਹੜਾ ਕਈ ਸਾਲਾਂ ਤੋਂ ਲਾਗੂ ਹੈ। ਕੇਂਦਰ ਦੀ ਸਰਕਾਰ ਅਜਿਹੀ ਸੰਸਥਾ ਦਾ ਗਠਨ ਕਰ ਰਹੀ ਹੈ ਜਿਸ ਕੋਲ ਦੋਸ਼ੀ ਨੂੰ ਕਦੇ ਵੀ ਅਤੇ ਕਿਤੋਂ ਵੀ ਗ੍ਰਿਫਤਾਰ ਕਰਨ ਦਾ ਅਧਿਕਾਰ ਹੋਵੇ। ਇਹ ਗਠਨ ਕੇਂਦਰ ਸਰਕਾਰ ਦੀ ਸੂਹੀਆ ਏਜੰਸੀ (ਆਈ.ਬੀ.) ਦੇ ਅਧੀਨ ਕੰਮ ਕਰੇਗੀ ਜਿਸ ਕੋਲ ਕਿ ਹੁਣ ਨਾ ਤਲਾਸ਼ੀ ਲੈਣ ਦਾ ਅਧਿਕਾਰ ਹੈ ਅਤੇ ਨਾ ਹੀ ਗ੍ਰਿਫਤਾਰ ਕਰਨ ਦਾ। ਅੱਤਵਾਦ ਰੋਕੂ ਕੇਂਦਰ ਵਿਚ ਅੱਤਵਾਦ ਵਿਰੁੱਧ ਕੰਮ ਕਰ ਰਹੀਆਂ ਸਾਰੀਆਂ ਏਜੰਸੀਆਂ ਦੇ ਮੁਖੀਆਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਹੁਣ ਇਹ ਸ਼ਕਤੀਆਂ ਕੇਵਲ ਦੋ ਏਜੰਸੀਆਂ ਕੋਲ ਹੀ ਹਨ ਸੀ.ਬੀ.ਆਈ. ਅਤੇ ਐਨ.ਆਈ.ਏ. ਕੋਲ। ਇਸ ਕਰਕੇ ਇਹ ਗੱਲ ਸਮਝ ਤੋਂ ਹੀ ਬਾਹਰ ਹੈ ਕਿ ਨਵੀਂ ਸੰਸਥਾ ਖੜ੍ਹੀ ਕਰਨ ਵਿਚ ਕੀ ਤੁੱਕ ਹੈ। ਪਹਿਲਾਂ ਹੀ ਕੰਮ ਕਰ ਰਹੀਆਂ ਏਜੰਸੀਆਂ ਨੂੰ ਹੀ ਵਧੇਰੇ ਮਜ਼ਬੂਤ ਅਤੇ ਪੁਖਤਾ ਕਿਉਂ ਨਹੀਂ ਕੀਤਾ ਜਾ ਸਕਦਾ। ਜੋ ਕਰਨਾ ਚਾਹੀਦਾ ਉਸ ਵੱਲ ਧਿਆਨ ਹੀ ਨਹੀਂ ਦਿੱਤਾ ਜਾ ਰਿਹਾ। ਸੂਬਿਆਂ ਦੀ ਪੁਲੀਸ ਵਿਚ ਸੁਧਾਰ ਲਿਆਉਣ ਦੀਆਂ ਗੱਲਾਂ ਸੁਣ-ਸੁਣ ਕੇ ਪੁਰਾਣੀਆਂ ਲੱਗਣ ਲੱਗ ਪਈਆਂ ਹਨ। ਇਸ ਪ੍ਰਕਾਰ ਹੀ ਪਹਿਲਾਂ ਬਣੀਆਂ ਹੋਈਆਂ ਜੁਰਮ ਵਿਰੋਧੀ ਏਜੰਸੀਆਂ ਦਾ ਬੁਰਾ ਹਾਲ ਕਰ ਰੱਖਿਆ ਹੈ। ਜਿਹੜੀਆਂ ਅਸਰ ਰਹਿਤ ਹੋ ਕੇ ਰਹਿ ਗਈਆਂ ਹਨ। ਉਨ੍ਹਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਨਹੀਂ ਕੀਤੀ ਗਈ। ਸਗੋਂ ਉਨ੍ਹਾਂ ਨੂੰ ਨਾ-ਕਾਬਲ ਸਮਝਦਿਆਂ ਨਵੀਂ ਏਜੰਸੀ ਬਣਾਉਣ ਦੇ ਕਦਮ ਉਠਾ ਲਏ ਗਏ ਹਨ। ਇਸ ਦੀ ਵੀ ਕੀ ਗਾਰੰਟੀ ਹੈ ਕਿ ਇਹ ਏਜੰਸੀ ਵੀ ਕੁਝ ਸਮਾਂ ਪਾ ਕੇ ਆਯੋਗ ਹੋ ਜਾਵੇਗੀ ਜਿਵੇਂ ਪਹਿਲੀਆਂ ਹੋ ਚੁੱਕੀਆਂ ਹਨ। ਇਹ ਸਿਰਫ ਸਰਕਾਰ ਦੇ ਮਾਲੀ ਸਾਧਨਾ ਉਪਰ ਇਕ ਹੋਰ ਬੋਝ ਬਣਕੇ ਰਹਿ ਜਾਵੇਗਾ। ਕੀ ਗਾਰੰਟੀ ਹੈ ਕਿ ਇਸ ਦੀ ਵੀ ਦੁਰਵਰਤੋਂ ਨਹੀਂ ਕੀਤੀ ਜਾਵੇਗੀ ਜਿਵੇਂ ਦੂਜੀਆਂ ਏਜੰਸੀਆਂ ਦੇ ਕੀਤੇ ਜਾਣ ਬਾਰੇ ਚਰਚਾ ਹੁੰਦੀ ਰਹਿੰਦੀ ਹੈ। ਕੇਂਦਰੀ ਕਾਰਨ ਇਹ ਮਲੂਮ ਹੁੰਦਾ ਹੈ ਕਿ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਆਪਣਾ ਭਰੋਸਾ ਗੁਆ ਲਿਆ ਹੈ।

## ਧੁਖਦਾ ਕਾਲਮ

# ‘ਰੋਗੀ ਨੇ ਜਿਧਰ, ਵੈਦ ਓਧਰ ਕਿਉਂ ਨਹੀਂ ਜਾਂਦੇ’

**ਸੁਸ਼ੀਲ ਦੁਸਾਂਝ**

ਪੰਜਾਬ ਦੇ ਇਕ ਵੱਕਾਰੀ-ਸਰਕਾਰੀ ਹਸਪਤਾਲ ਦੇ ਜਨਾਨਾ ਵਾਰਡ ਵਿਚ ਇਕ ਇਸਤਰੀ ਜੰਮਣ-ਪੀੜਾਂ ਨਾਲ ਬੁਰੀ ਤਰ੍ਹਾਂ ਕਰਾਹ ਰਹੀ ਹੈ ਪਰ ਉਸ ਨੂੰ ਦੇਖਣ ਵਾਲਾ ਕੋਈ ਨਹੀਂ। ਵਾਰਡ ਤਾਂ ਪਹਿਲਾਂ ਹੀ ਉਸ ਵਰਗੀਆਂ ਹੀ ਹੋਰਨਾਂ ਇਸਤਰੀਆਂ ਨਾਲ ਤੂੜਿਆ ਪਿਆ ਹੈ। ਜਿਹੜੀਆਂ ਔਰਤਾਂ ਉਥੇ ‘ਦਾਖਲ’ ਵੀ ਹਨ ਉਹ ਵੀ ਆਪਣਾ ਮੰਜਾ ਬਿਸਤਰਾ ਘਰੋਂ ਲੈ ਕੇ ਆਈਆਂ ਹਨ। ਸਰਕਾਰੀ ਬੈਡਾਂ ਦਾ ਤਾਂ ਇਹ ਹਾਲ ਹੈ ਕਿ ਇਕ ਬੈਡ ’ਤੇ ਦੋ-ਦੋ ਇਸਤਰੀਆਂ ਨੂੰ ‘ਸੁੱਟਿਆ’ ਹੋਇਆ ਹੈ। ਹੁਣੇ-ਹੁਣੇ ਲਿਆਂਦੀ ਗਈ ਇਸ ਔਰਤ ਦੇ ਘਰਦਿਆਂ ਨੂੰ ਵੀ ਇਹ ਹੁਕਮ ਸੁਣਾ ਦਿੱਤਾ ਗਿਆ ਹੈ, ‘‘ਜਾਓ, ਬੈਡ ਆਪਣੇ ਘਰੋਂ ਲੈ ਕੇ ਆਓ, ਇਥੇ ਬੈਡ ਨਹੀਂ ਹੈ।’’

ਇਹ ਹਾਲ ਇੱਕਲੇ ਇਕ ਸ਼ਹਿਰ ਦੇ ਸਰਕਾਰੀ ਹਸਪਤਾਲ ਦਾ ਨਹੀਂ ਹੈ। ਮੁਲਕ ਦੇ ਹਰ ਸ਼ਹਿਰ, ਕਸਬੇ ਅਤੇ ਪਿੰਡ ਵਿਚ ਸਿਹਤ ਸੇਵਾਵਾਂ ਇਸੇ ਤਰ੍ਹਾਂ ‘ਬਿਮਾਰ’ ਹਨ। ਅਜ਼ਾਦੀ ਦੇ 64 ਸਾਲਾਂ ਵਿਚ ਜਿਸ ਤੇਜ਼ੀ ਨਾਲ ਮੁਲਕ ਦੀ ਆਬਾਦੀ ਵਧੀ ਹੈ ਉਸੇ ਤੇਜ਼ੀ ਨਾਲ ਬਿਮਾਰੀਆਂ ਵੀ ਵਧੀਆਂ ਹਨ ਪਰ ਇਸ ਦੇ ਮੁਕਾਬਲੇ ਸਿਹਤ ਸੇਵਾਵਾਂ ਦਾ ਵਿਸਥਾਰ ਹੋਣ ਦੀ ਥਾਂ ਉਹ ਸੁੰਗੜ ਗਈਆਂ ਹਨ। ਸਿਹਤ ਸੇਵਾਵਾਂ ਦਾ ਸਰਕਾਰੀ ਖੇਤਰ ਤਾਂ ਮਰਨ ਕਿਨਾਰੇ ਹੀ ਹੈ ਪਰ ਨਿੱਜੀ ਸਿਹਤ ਸੇਵਾਵਾਂ ਦੇ ਮਾਲਕਾਂ ਦੇ ਚਿਹਰੇ ਦਗ-ਦਗ ਕਰ ਰਹੇ ਹਨ। ਆਮ ਜਨਤਾ ਵੱਲ ਪਿੱਠ ਕਰੀ ਬੈਠੇ ਹੁਕਮਰਾਨਾਂ ਨੂੰ ਨਿੱਜੀ ਸਿਹਤ-ਸੇਵਾਵਾਂ ਲਈ ਹਰ ਸਹੂਲਤ ਮੁੱਹਈਆ ਕਰਵਾਉਣ ਦੀ ਚਿੰਤਾ ਲੱਗੀ ਹੋਈ ਹੈ। ਇਸੇ ਕਾਰਨ 85 ਫੀਸਦੀ ਆਬਾਦੀ ਨੂੰ ਸਿਹਤ-ਸੇਵਾਵਾਂ ਦੇਣ ਦੇ ਆਪਣੇ ਮੁਢਲੇ ਫ਼ਰਜ਼ ਤੋਂ ਸਰਕਾਰ ਲੱਗਭਗ ਭੱਜ ਗਈ ਹੈ ਅਤੇ ਆਮ ਬੰਦੇ ਦਾ ਮੌਜੂਦਾ ਲੋਟੂ ਮਾਹੌਲ ਵਿਚ ਕੋਈ ਵੀ ਬੇਲੀ ਨਹੀਂ ਦਿਖਾਈ ਦੇ ਰਿਹਾ।

ਮੁਲਕ ਦੀ ਕੁੱਲ ਸਿਹਤ ਪ੍ਰਣਾਲੀ ਹੀ ਗੰਭੀਰ ਨੁਕਸਾਂ ਨੇ ਲੰਗੜੀ ਕੀਤੀ ਹੋਈ ਹੈ। ਪਿੱਛੇ ਜਿਹੇ ਪੀ.ਜੀ.ਆਈ ਚੰਡੀਗੜ੍ਹ ਵਿਚ ਹੋਏ ਚਾਰ ਦਿਨਾਂ ਮਨੋਰੋਗ ਸੰਮੇਲਨ ਵਿਚ ਇਹ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਹੋਰਨਾਂ ਬਿਮਾਰੀਆਂ ਵੱਲ ਤਾਂ ਫੇਰ ਵੀ ਥੋੜ੍ਹਾ ਬਹੁਤ ਧਿਆਨ ਦਿੱਤਾ ਜਾਂਦਾ ਹੈ ਪਰ ਮਾਨਸਿਕ ਰੋਗਾਂ ਵੱਲ ਸਰਕਾਰੀ ਪਹੁੰਚ ਲੱਗਭਗ ਮੁਜਰਮਾਨਾਂ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਿਕ ਮੁਲਕ ਵਿਚ ਹਰ ਦਸ ਬੰਦਿਆਂ ਵਿਚੋਂ ਇਕ ਮਾਨਸਿਕ ਵਿਗਾੜ ਦੀ ਲਪੇਟ ਵਿਚ ਹੈ। ਅੰਕੜੇ ਸਾਫ ਦੱਸਦੇ ਹਨ ਕਿ 10 ਫੀਸਦੀ ਆਬਾਦੀ ਕਿਸੇ ਨਾ ਕਿਸੇ ਮਾਨਸਿਕ ਰੋਗ ਨਾਲ ਪੀੜਤ ਹੈ। ਜਿਹਦੇ ਵਿਚੋਂ 2 ਫੀਸਦੀ ਲੋਕ ਤਾਂ ਗੰਭੀਰ ਕਿਸਮ ਦੀਆਂ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ। ਇਸ ਦਾ ਸਿੱਧਾ ਅਰਥ ਇਹ ਹੋਇਆ ਕਿ ਭਾਰਤ ਵਿਚ ਇਕ ਪੂਰੇ ਦਾ ਪੂਰਾ ਆਸਟਰੇਲੀਆ (ਲੱਗਭਗ 2 ਕਰੋੜ ਲੋਕ) ਗੰਭੀਰ ਮਾਨਸਿਕ ਰੋਗੀ ਹੈ ਅਤੇ ਜੇਕਰ ਛੋਟੀਆਂ ਮਾਨਸਿਕ ਬਿਮਾਰੀਆਂ ਵੀ ਜੋੜ ਲਈਏ ਤਾਂ ਇਹ ਗਿਣਤੀ 10 ਕਰੋੜ ਤੱਕ ਪਹੁੰਚ ਜਾਂਦੀ ਹੈ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ 50 ਫੀਸਦੀ ਮਾਮਲਿਆਂ ਵਿਚ ਤਾਂ ਰੋਗੀ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਸ ਨੂੰ ਕੋਈ ਮਾਨਸਿਕ ਬਿਮਾਰੀ ਹੈ।

ਮੁਲਕ ਵਿਚ ਲਗਾਤਾਰ ਵੱਧ ਰਹੇ ਮਾਨਸਿਕ ਰੋਗਾਂ ਦੇ ਪਿੱਛੇ ਜਿੱਥੇ ਸਾਡੀ ਬਦਲ ਰਹੀ ਜੀਵਨ ਸ਼ੈਲੀ ਜ਼ਿੰਮੇਵਾਰ ਹੈ ਉਥੇ ਗੰਭੀਰ ਆਰਥਿਕ ਥੁੜਾਂ ਵੀ ਇਨ੍ਹਾਂ ਰੋਗਾਂ ਵਿਚ ਚੋਖਾ ਵਾਧਾ ਕਰ ਰਹੀਆਂ ਹਨ। ਇਕ ਅਧਿਐਨ ਮੁਤਾਬਿਕ ਸ਼ਹਿਰਾਂ ਵਿਚ ਰਹਿਣ ਵਾਲੇ 12 ਫੀਸਦੀ ਅਤੇ ਪਿੰਡਾਂ ਵਿਚ ਰਹਿਣ ਵਾਲੇ 5 ਫੀਸਦੀ ਲੋਕ ਮਾਨਸਿਕ ਤਣਾਅ ਜਾਂ ਡਿਪਰੈਸ਼ਨ ਦੇ ਲਪੇਟੇ ਵਿਚ ਹਨ। ਇਹ ਮਾਨਸਿਕ ਤਣਾਅ ਹੀ ਅੱਗੋਂ ਹਾਈ ਬਲੱਡ-ਪ੍ਰੈਸ਼ਰ, ਐਸੀਡੀਟੀ, ਸ਼ੂਗਰ ਅਤੇ ਨਿਪੁੰਸਕਤਾ ਆਦਿ ਬਿਮਾਰੀਆਂ ਪੈਦਾ ਕਰਨ ਦਾ ਆਧਾਰ ਹੈ। ਇਸ ਸਿਲਸਿਲੇ ਵਿਚ ਹੀ ਨਸ਼ਿਆਂ ਦੀ ਗੱਲ ਵੀ ਕਰਨੀ ਬਣਦੀ ਹੈ। ਵਿਸ਼ਵ ਸਿਹਤ ਸੰਗਠਨ ਨੇ ਆਪਣੀ ਤਾਜ਼ਾ ਰਿਪੋਰਟ ਵਿਚ ਸਾਫ ਕਿਹਾ ਹੈ ਕਿ ਨਸ਼ਿਆਂ ਦੇ ਆਦੀ ਲੋਕ ਅਸਲ ਵਿਚ ਪੂਰੀ ਤਰ੍ਹਾਂ ਮਾਨਸਿਕ ਰੋਗੀਆਂ ਦੀ ਸ਼੍ਰੇਣੀ ਵਿਚ ਹੀ ਆਉਂਦੇ ਨ। ਚਿੰਤਾ ਵਾਲੀ ਗੱਲ ਇਹ ਵੀ ਹੈ ਕਿ ਦੁਨੀਆ ਭਰ ਦੇ 20 ਕਰੋੜ 50 ਲੱਖ ਨਸ਼ੇੜੀਆਂ ਵਿਚੋਂ 60 ਫੀਸਦੀ ਏਸ਼ੀਆਈ ਮੁਲਕਾਂ ਦੇ ਹਨ ਅਤੇ ਇਨ੍ਹਾਂ ਮੁਲਕਾਂ ਦੇ ਸਿਹਤ ਬਜਟਾਂ ਵਿਚ ਪੈਸਾ ਨਿਗੂਣਾ ਹੀ ਹੁੰਦਾ ਹੈ। ਜੇਕਰ ਇਸੇ ਤਰ੍ਹਾਂ ਮਾਨਸਿਕ ਰੋਗੀਆਂ ਦੀ ਗਿਣਤੀ ਵਧੀ ਜਾਣੀ ਹੈ ਅਤੇ ਇਸ ਦੇ ਇਲਾਜ ਲਈ ਪੁਖਤਾ ਪ੍ਰਬੰਧ ਨਹੀਂ ਕੀਤੇ ਜਾਣੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਏਸ਼ੀਆਈ ਮੁਲਕਾਂ ਦਾ ਹਰ ਸ਼ਖਸ਼ ਹੀ ਬਿਮਾਰ ਨਜ਼ਰ ਆਵੇਗਾ।

ਸਾਡੇ ਮੁਲਕ ਦੀ ਹਾਲਤ ਇਹ ਹੈ ਕਿ ਗੰਭੀਰ ਮਾਨਸਿਕ ਰੋਗੀਆਂ ਦੀ ਗਿਣਤੀ ਤਾਂ 2 ਕਰੋੜ ਹੈ ਪਰ ਇਨ੍ਹਾਂ ਦੇ ਇਲਾਜ ਲਈ ਮੁਲਕ ਭਰ ਵਿਚ ਬੈਡ ਸਿਰਫ 28 ਹਜ਼ਾਰ ਹਨ। ਮਾਹਰ ਡਾਕਟਰਾਂ ਦੀ ਗਿਣਤੀ ਵੀ ਸਿਰਫ 3 ਹਜ਼ਾਰ ਹੈ। ਆਮ ਤੌਰ ’ਤੇ ਮਾਨਸਿਕ ਰੋਗੀ ਮਾਹਰ ਡਾਕਟਰਾਂ ਦੀ ਥਾਂ ਕਿਸੇ ਵੀ ਡਾਕਟਰ ਕੋਲ ਜਾਣ ਲਈ ਮਜ਼ਬੂਰ ਹੁੰਦੇ ਹਨ ਜਿਥੋਂ ਕਈ ਵਾਰ ਰੋਗ ਠੀਕ ਹੋਣ ਦੀ ਥਾਂ ’ਤੇ ਹੋਰ ਵੀ ਗੰਭੀਰ ਰੁਖ ਅਖਤਿਆਰ ਕਰ ਜਾਂਦਾ ਹੈ। ਜਿਹੜੇ ਮਾਹਰ ਡਾਕਟਰ ਹਨ ਵੀ ਉਹ ਵੀ ਵਿਦੇਸ਼ਾਂ ਵੱਲ ਦੌੜ ਰਹੇ ਹਨ। ਕਈ ਸਰਕਾਰੀ ਹਸਪਤਾਲਾਂ ਵਿਚ ਮਾਨਸਿਕ ਰੋਗਾਂ ਦੇ ਵਿਭਾਗ ਹੀ ਡਾਕਟਰਾਂ ਦੀ ਕਮੀ ਕਾਰਨ ਬੰਦ ਕਰਨ ਦੇ ਕੰਢੇ ਪਹੁੰਚ ਗਏ ਹਨ। ਗੱਲ ਅੱਗੇ ਤੋਰਨ ਤੋਂ ਪਹਿਲਾਂ ਯਾਦ ਆ ਰਿਹਾ ਉਸਤਾਦ ਸ਼ਾਇਰ ਮਰਹੂਮ ਮਹਿੰਦਰ ਮਾਨਵ ਦਾ ਇਹ ਸ਼ਿਅਰ-

‘ਪਰਚਾਰ ਹੀ ਪਰਚਾਰ ਹੈ, ਉਪਚਾਰ ਨਹੀਂ ਹੈ,
ਰੋਗੀ ਨੇ ਜਿੱਧਰ, ਵੈਦ ਓਧਰ ਕਿਉਂ ਨਹੀਂ ਜਾਂਦੇ।’

ਹੁਣ ਜੇਕਰ ਪੰਜਾਬ ਦੀ ਹੀ ਗੱਲ ਕਰਨੀ ਹੋਵੇ ਤਾਂ ਅੰਮ੍ਰਿਤਸਰ ਦੇ ਹਸਪਤਾਲ ਤੋਂ ਬਿਨਾਂ ਹੋਰ ਕਿਧਰੇ ਵੀ ਮਾਨਸਿਕ ਰੋਗੀਆਂ ਲਈ ਹਸਪਤਾਲ ਨਹੀਂ। ਅੰਮ੍ਰਿਤਸਰ ਵਿਚ ਵੀ ਸਿਰਫ 250 ਬੈਡ ਹਨ। ਪੰਜਾਬ ਵਿਚ ਪਿਛਲੇ ਦਿਨਾਂ ਵਿਚ ਕੁੱਝ ਕੁ ਮਾਨਸਿਕ ਰੋਗੀਆਂ ਨੂੰ ਸੰਗਲਾਂ ਨਾਲ ਬੰਨ੍ਹ ਕੇ ਰੱਖਣ ਦੀਆਂ ਸ਼ਰਮਨਾਕ ਘਟਨਾਵਾਂ ਨੇ ਮਾਨਵਤਾ ਦੇ ਪਰਖੱਚੇ ਉਡਾ ਕੇ ਰੱਖ ਦਿੱਤੇ ਹਨ। ਕੁੱਲ ਮਿਲਾ ਕੇ ਹਾਲਤ ਕਾਫੀ ਗੰਭੀਰ ਹਨ। ਸਰਕਾਰਾਂ ਸਿਖਿਆ ਅਤੇ ਸਿਹਤ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਤੋਂ ਦੌੜ ਗਈਆਂ ਹਨ। ਅਜਿਹੀ ਸਥਿਤੀ ਵਿਚ ਜਿਸ ਕੋਲ ਪੈਸਾ ਹੈ ਉਹ ਹੀ ਇਲਾਜ ਕਰਵਾ ਸਕਦਾ ਹੈ ਬਾਕੀ ਸਭ ਤਾਂ ‘ਕੀੜੇ-ਮਕੌੜੇ’ ਹੀ ਹਨ। ਮੁਲਕ ਵਿਚ 23,555 ਸਰਕਾਰੀ ਹਸਪਤਾਲ ਹਨ ਜੋ ਕਿ ਆਬਾਦੀ ਮੁਤਾਬਿਕ ਪਹਿਲਾਂ ਹੀ ਨਾ ਕਾਫੀ ਹਨ ਪਰ ਸਰਕਾਰ ਹੋਰ ਹਸਪਤਾਲ ਬਨਾਉਣ ਦੀ ਨੀਤੀ ਤਿਆਗ ਚੁੱਕੀ ਹੈ। ਜਿੱਥੇ ਹਸਪਤਾਲ ਹਨ ਵੀ ਉਥੇ ਜਾਂ ਤਾਂ ਡਾਕਟਰ ਨਹੀਂ ਹਨ ਤੇ ਜਾਂ ਫੇਰ ਸਹੂਲਤਾਂ ਦੀ ਡਾਢੀ ਕਮੀ ਹੈ। ਹਸਪਤਾਲਾਂ ਦੀਆਂ ਦਵਾਈਆਂ ਕੁੱਝ ਇਕ ਇਨਸਾਨੀਅਤ ਦੇ ਦੁਸ਼ਮਣਾਂ ਦੀ ਮਿਲੀ-ਭੁਗਤ ਨਾਲ ਨਿੱਜੀ ਦੁਕਾਨਾਂ ’ਤੇ ਵਿਕਣ ਲਈ ਪਹੁੰਚ ਜਾਂਦੀਆਂ ਹਨ। ਸਰਕਾਰ ਦੀ ਨਵੀਂ ਨੀਤੀ ਤਾਂ ਗਰੀਬਾਂ ਲਈ ਹਸਪਤਾਲਾਂ ਦੇ ਦਰਵਾਜ਼ੇ ਪੂਰੀ ਤਰ੍ਹਾਂ ਬੰਦ ਕਰਨ ਜਾ ਰਹੀ ਹੈ। ਲਾਏ ਜਾ ਰਹੇ ‘ਯੂਜਰ ਚਾਰਜਿਜ਼’ ਨੇ ਗਰੀਬਾਂ ਦਾ ਇਲਾਜ ਬੇਹੱਦ ਮੁਸ਼ਕਿਲ ਕਰ ਦਿੱਤਾ ਹੈ। ਦਿਲ ਅਤੇ ਗੁਰਦੇ ਵਰਗੇ ਮਹਿੰਗੇ ਆਪਰੇਸ਼ਨ ਸਰਕਾਰੀ ਹਸਪਤਾਲਾਂ ਵਿਚ ਵੀ ‘ਆਨ-ਪੇਮੈਂਟ’ ਹੋ ਗਏ ਹਨ। ਇਸ ਸਾਰੇ ਵਰਤਾਰੇ ਦਾ ਸਿੱਧਾ ਲਾਭ ਨਿੱਜੀ ਹਸਪਤਾਲਾਂ ਵਾਲੇ ਉਠਾ ਰਹੇ ਹਨ। ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਨਿੱਜੀ ਹਸਪਤਾਲਾਂ ਦੇ ਨਾਲ-ਨਾਲ ਕੁੱਝ ਇਕ ਵੱਡੇ ਸਰਕਾਰੀ ਹਸਪਤਾਲਾਂ ਵਿਚ ਵੀ ਅੱਜ-ਕੱਲ੍ਹ ‘ਮੈਡੀਕਲ ਪੈਕੇਜ’ ਵਰਗੇ ਲੋਟੂ ਤਰੀਕੇ ਅਪਣਾਏ ਜਾਣ ਲੱਗੇ ਹਨ। ਤਾਜ਼ਾ ਰਿਪੋਰਟ ਮੁਤਾਬਿਕ ਮੁਲਕ ਵਿਚ ਸਿਹਤ ’ਤੇ ਪ੍ਰਤੀ ਵਿਅਕਤੀ ਸਰਕਾਰੀ ਖਰਚ ਸਿਰਫ 190 ਰੁਪਏ ਹੈ ਜੋ ਭੂਟਾਨ ਅਤੇ ਸ੍ਰੀਲੰਕਾ ਵਰਗੇ ਦੇਸ਼ਾਂ ਤੋਂ ਵੀ ਘੱਟ ਹੈ।

ਇਸ ਅਵਸਥਾ ਵਿਚ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜੇਕਰ ਆਮ ਬਿਮਾਰੀਆਂ ਦੇ ਇਲਾਜ ਲਈ ਵੀ ਕੋਈ ਪੁਖਤਾ ਵਿਵਸਥਾ ਨਹੀਂ ਤਾਂ ਫੇਰ ਮਾਨਸਿਕ ਰੋਗੀਆਂ ਨੂੰ ਨਵੀਂ ਜ਼ਿੰਦਗੀ ਕਿਥੋਂ ਮਿਲੇਗੀ? ਇਸੇ ਲਈ ਪੇਂਡੂ ਖੇਤਰਾਂ ਦੇ ਬਹੁਤੇ ਮਰੀਜ਼ ਹਾਲੇ ਵੀ ਚੇਲਿਆਂ-ਭੂਪਿਆਂ ਅਤੇ ਬਾਬਿਆਂ ਦੇ ਚੁੰਗਲ ਵਿਚ ਫਸਦੇ ਜਾਂਦੇ ਹਨ। ਦਰਅਸਲ ਇਨ੍ਹਾਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਸਾਡੇ ਹੁਕਮਰਾਨਾਂ ਦੇ ਉਦਾਰ ਆਰਥਿਕ ਨੀਤੀਆਂ ਵੱਲ ਵਧਦੇ ਹੋਏ ਕਦਮ ਹਨ। ਇਨ੍ਹਾਂ ਨੀਤੀਆਂ ਕਾਰਨ ਹੀ ਲੱਗਭਗ 85 ਫੀਸਦੀ ਦਵਾਈਆਂ ਬਹੁ-ਕੌਮੀ ਕੰਪਨੀਆਂ ਦੇ ਕਬਜੇ ਹੇਠ ਹਨ। ਸਾਡੇ ਡਾਕਟਰ ਵੀ ਇਨ੍ਹਾਂ ਕੰਪਨੀਆਂ ਦੀਆਂ ਹੀ ਗੈਰ ਜ਼ਰੂਰੀ ਅਤੇ ਮਹਿੰਗੀਆਂ ਦਵਾਈਆਂ ਮਰੀਜ਼ਾਂ ਨੂੰ ਲਿੱਖ ਕੇ ਦਿੰਦੇ ਹਨ। ਇਸ ਨੂੰ ਹੀ ਕਹਿੰਦੇ ਹਨ ਮੁਨਾਫ਼ੇ ਦੀ ਅੰਨ੍ਹੀ ਦੌੜ। ਇਨ੍ਹਾਂ ਸਥਿਤੀਆਂ ਵਿਚ ਲੋੜ ਹੈ ਮੁਲਕ ਨੂੰ ਇਕ ਸੰਪੂਰਨ ਸਿਹਤ ਦ੍ਰਿਸ਼ਟੀ ਅਪਨਾਉਣ ਦੀ। ਇਹ ਤਾਂ ਹੀ ਬਣ ਸਕਦੀ ਹੈ ਜੇਕਰ ਸਾਡੀ/ਤੁਹਾਡੀ ਦ੍ਰਿਸ਼ਟੀ ਸਹੀ ਅਤੇ ਗਲਤ ਦਾ ਨਿਤਾਰਾ ਕਰੇ। ਆਓ, ਆਪਾਂ ਅੱਖਾਂ ਖੋਲ੍ਹੀਏ, ਆਲੇ-ਦੁਆਲੇ ਵਾਪਰ ਰਹੇ ਨੂੰ ਮਹਿਸੂਸੀਏ, ਸੋਚੀਏ ਅਤੇ ਕੁੱਝ ਕਰੀਏ।

# ਕਿਊਬਕ ਦਾ ਲਾ-ਮਿਸਾਲ ਵਿਦਿਆਰਥੀ ਅੰਦੋਲਨ

ਕੈਨੇਡਾ ਦੇ ਸ਼ਹਿਰ ਕਿਉਬਕ ’ਚ ਚੱਲ ਰਿਹਾ ਵਿਦਿਆਰਥੀ ਅੰਦੋਲਨ 100 ਦਿਨ ਤੋਂ ਉਪਰ ਪਹੁੰਚ ਗਿਆ ਹੈ। ਮਸਲਾ ਵਿਦਿਆਰਥੀਆਂ ਦੀ ਟਿਊਸ਼ਨ ਫੀਸ ’ਚ ਕੀਤੇ ਵਾਧੇ ਤੋਂ ਸ਼ੁਰੂ ਹੋਇਆ ਤੇ ਹੁਣ ਮੁਫ਼ਤ ਸਿੱਖਿਆ, ਵੱਡੀਆਂ ਕਾਰਪੋਰੇਸ਼ਨਾ ਉਪਰ ਟੈਕਸ ਲਾਉਣ, ਸਨਮਾਨਜਨਕ ਰੁਜ਼ਗਾਰ, ਭ੍ਰਿਸ਼ਟਾਚਾਰ ਮੁਕਤ ਸਮਾਜ, ਸਿੱਖਿਆ ਦਾ ਨਿੱਜੀਕਰਨ ਬੰਦ ਕਰਨ ਅਤੇ ਰਿਹਾਇਸ਼ ਤੇ ਸਿਹਤ ਵਰਗੀਆਂ ਬੁਨਿਆਦੀ ਸਹੂਲਤਾਂ ਦੇਣ ਤੱਕ ਦੇ ਅਨੇਕਾਂ ਹੱਕਾਂ ਤੱਕ ਫੈਲ ਗਿਆ ਹੈ ਤੇ ਆਏ ਦਿਨ ਅਨੇਕਾਂ ਮੰਗਾਂ ਤੇ ਜਨਤਕ ਲਾਮਬੰਦੀ ਹੋਰ ਜ਼ੋਰ ਫੜਦੀ ਜਾ ਰਹੀ ਹੈ। ਕੈਨੇਡਾ ਦੇ ਵਿਦਿਆਰਥੀਆਂ ਦੀ ਸਲਾਨਾ ਟਿਊਸ਼ਨ ਫੀਸ 2168 ਡਾਲਰ ਹੈ।

1989 ਤੋਂ ਲੈ ਕੇ ਟਿਊਸ਼ਨ ਫੀਸਾਂ ਚ ਲਗਾਤਾਰ ਵਾਧਾ ਹੁੰਦਾ ਆ ਰਿਹਾ ਹੈ। ਹੁਣ ਤੱਕ 300% ਦਾ ਵਾਧਾ ਨੋਟ ਕੀਤਾ ਗਿਆ ਹੈ। 2005 ਵਿੱਚ 2 ਲੱਖ ਵਿਦਿਆਰਥੀ ਫੀਸਾਂ ਦੇ ਵਾਧੇ ਖਿਲਾਫ ਗਲੀਆਂ ਚ ਨਿਕਲ ਆਏ ਸਨ। ਫਿਰ 2007 ਵਿਚ ਚਾਰਟਸ ਲਿਬਰਲ ਸਰਕਾਰ ਨੇ ਫੀਸਾਂ ’ਚ ਵਾਧਾ ਕੀਤਾ। ਜਿਸ ਖਿਲਾਫ ਰੋਸ ਮੁਜ਼ਾਹਰੇ ਹੋਏ ਪਰ ਵਿਦਿਆਰਥੀ ਜੱਥੇਬੰਦੀਆਂ ਦੀ ਆਪਸੀ ਏਕਤਾ ਨਾ ਹੋਣ ਤੇ ਦੂਸਰਾ ਠੋਸ ਤਿਆਰੀ ਦੀ ਘਾਟ ਕਾਰਨ ਹੜਤਾਲਤਾਂ ਬਹੁਤੀਆਂ ਸਫ਼ਲ ਨਹੀਂ ਹੋ ਸਕੀਆਂ। ਪਿਛਲੀਆਂ ਕੰਮਜ਼ੋਰੀਆਂ ਤੋਂ ਸਬਕ ਲੈਦਿਆਂ ਚੱਲ ਰਹੇ ਅੰਦੋਲਨ ’ਚ ਇਹ ਦੋਵੇਂ ਕੰਮਜ਼ੋਰੀਆਂ ਦੂਰ ਕਰ ਲਈਆਂ ਗਈਆਂ ਹਨ। ਇੱਕ ਲੱਖ ਵਿਦਿਆਰਥੀਆਂ ਤੇ 57 ਵੱਖ-ਵੱਖ ਜੱਥੇਬੰਦੀਆਂ ਵੱਲੋਂ CLASSE ਨਾਂ ਦੀ ਫ਼ੈਡਰੇਸ਼ਨ ਬਣਾਈ ਗਈ ਹੈ।

ਸਭਨਾਂ ਪ੍ਰਗਤੀਸ਼ੀ.ਲ, ਸਮਾਜਿਕ ਤੇ ਕਮਿਊਨਿਸਟ ਪੱਖੀ ਵਿਦਿਆਰਥੀ ਜੱਥੇਬੰਦੀਆਂ ਸਾਂਝੇ ਫਰੰਟ ਦੇ ਤੌਰ ਤੇ ਅੰਦੋਲਨ ਦੀ ਅਗਵਾਈ ਕਰ ਰਹੀਆਂ ਹਨ । ਵਿਦਿਆਰਥੀ ਨੌਜਵਾਨਾਂ ਸਮੇਤ ਮਜ਼ਦੂਰਾਂ, ਅਧਿਆਪਕਾਂ ਤੇ ਵਾਤਾਵਰਨ ਪ੍ਰੇਮੀਆਂ ਦਾ ਇਸ ਅੰਦੋਲਨ ਵਿਚ ਸ਼ਾਮਲ ਹੋਣਾ ਬੇਹੱਦ ਮਹਤੱਵਪੂਰਨ ਹੈ। ਕੈਨੇਡਾ ਦੇ ਮਾਰਕਸਵਾਦੀਏ ਕਿਊਬਿਕ ਪਾਰਟੀ ਤੇ ਕਮਿਊਨਿਸਟ ਯੂਥ ਲੀਗ ਇਸ ਲਹਿਰ ਨੂੰ ਪੂਰੇ ਦੇਸ਼ ਅੰਦਰ ਫੈਲਾਉਣ ਲਈ ਯਤਨਸ਼ੀਲ ਹਨ । ਉਹਨਾਂ ਕੌਮਾਂਤਰੀ ਪੱਧਰ ਤੇ ਨੌਜ਼ਵਾਨ ਵਿਦਿਆਰਥੀਆਂ ਨੂੰ ਏਕਤਾ ਅਤੇ ਸ਼ੰਘਰਸ਼ ਕਰਨ ਦੀ ਅਪੀਲ ਵੀ ਜਾਰੀ ਕੀਤੀ ਹੈ। ਲੰਡਨ, ਚਿੱਲੀ, ਉਨਟਾਰੀਓ, ਪਾਕਿਸਤਾਨ ਤੇ ਹੋਰ ਅਨੇਕਾਂ ਦੇਸ਼ਾਂ ਦੇ ਵਿਦਿਆਰਥੀ ਕਿਊਬਿਕ ਵਿਦਿਆਰਥੀ ਸੰਘਰਸ਼ ਦੇ ਹੱਕ ਵਿੱਚ ਰੋਸ ਮੁਜ਼ਾਹਰੇ ਕਰ ਰਹੇ ਹਨ। ਚਿੱਲੀ ਅੰਦਰ 50 ਹਜ਼ਾਰ ਵਿਦਾਰਥੀਆਂ ਨੇ ਮਈ ਦਿਵਸ ਤੇ ਜਨਤਕ ਸਿੱਖਿਆ ਪ੍ਰਬੰਧ ਪ੍ਰਤੀ ਗੰਭੀਰਤਾ ਨਾਲ ਵਿਚਾਰ ਕਰਨ ਲਈ ਸਰਕਾਰ ਖ਼ਿਲਾਫ ਰੋਸ ਮੁਜ਼ਾਹਰਾ ਕੀਤਾ। ਲੰਡਨ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ 14 ਮਾਰਚ ਰਾਸ਼ਟਰ ਦਿਵਸ ਤੇ ਵਿਦਿਆਰਥੀਆਂ ਸਿਰ ਵਧ ਰਹੇ ਕਰਜ਼ੇ ਕਾਰਨ ਰੋਸ ਪ੍ਰਗਟ ਕੀਤਾ। ਇਸੇ ਤਰ੍ਹਾਂ ਜਰਮਨ ਯੂਨੀਵਰਸਿਟੀ ਕਾਰੀਉ, ਤਾਈਵਾਨ ਤੇ ਕੁਆਲਾਲੰਪੁਰ ਦੇ ਵਿਦਿਆਰਥੀ 10 % ਫੀਸਾਂ ਦੇ ਵਾਧੇ ਖ਼ਿਲਾਫ ਸੰਘਰਸ਼ ਕਰ ਰਹੇ ਹਨ ।

ਦੂਸਰਾ, ਚਾਰਟਸ ਸਰਕਾਰ ਨੇ 2010 ’ਚ ਆਮ ਆਦਮੀ ਸਮੇਤ ਵਿਦਿਆਰਥੀਆਂ ਉੱਪਰ ਬੋਝ ਪਾਉਣ ਵਾਲਾ ਬਜ਼ਟ ਪਾਸ ਕੀਤਾ ।ਇਸ ਬਜ਼ਟ ਚ ਸਿਹਤ ਸੁਰੱਖਿਆ ਲਈ ਫਲੈਟ ਟੈਕਸ ਦਾ ਸੈਂਕੜੇ ਡਾਲਰ ਵਾਧਾ, ਮਜ਼ਦੂਰ ਪਰਿਵਾਰਾਂ ਲਈ ਬਿਜ਼ਲੀ ਕੀਮਤਾਂ ਵਿਚ ਵਾਧਾ, ਸੇਲ ਟੈਕਸ ’ਚ ਵਾਧਾ ਤੇ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਵਿਚ ਇਕ ਵਾਰ ਫੇਰ ਵਾਧਾ ਕਰ ਧਰਿਆ। ਇਸ ਲੋਕ ਵਿਰੋਧੀ ਬਜਟ ਨੂੰ ਕੈਨੇਡਾ ਦੇ ਵਿੱਤ ਮੰਤਰੀ ਨੇ 'ਸਭਿਆਚਾਰਕ ਇਨਕਲਾਬ' ਦਾ ਨਾਮ ਦਿੱਤਾ ਜੋ ਲੋਕਾਂ ਦੇ ਮਜ਼ਾਕ ਬਰਾਬਰ ਲੱਗਿਆ। ਇਸ ਬਜਟ ’ਚ ਸਰਕਾਰ ਵੱਧ ਟਿਊਸ਼ਨ ਫੀਸ਼ਾਂ ਰਾਹੀਂ ਇਕੱਠੇ ਕੀਤੇ ਪੈਸੇ ਨੂੰ ਵਿਦਿਆਰਥੀਆਂ ਵੱਲੋ ਰਾਸ਼ਟਰ ਲਈ ਦਿੱਤਾ ਜਾਣ ਵਾਲਾ 'ਉਚਿੱਤ ਹਿੱਸਾ' ਦਾ ਨਾਮ ਦੇ ਰਹੀ ਹੈ। ਅਜਿਹੇ’ਚ ਲੋਕ ਹੋਰ ਵੀ ਭੜਕ ਗਏ। ਉਹਨਾਂ ਦੇਖਿਆਂ ਕਿ ਇਕ ਪਾਸੇ ਵੱਡੀਆਂ-ਵੱਡੀਆਂ ਕਾਰਪੋਰੇਸ਼ਨਾ ਨੂੰ ਹਰ ਖੇਤਰ ’ਚ ਮੁਨਾਫਾ ਕਮਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ ਸਰਕਾਰ ਕਾਰਪੋਰੇਟਰਾਂ ਨੂੰ ਬੇਲ ਆਊਟ ਪੈਕੇਜ਼ ਦੇ ਰਹੀ ਹੈ ਦੂਜੇ ਪਾਸੇ ਜਨਤਕ ਅਦਾਰੇ ਤੇ ਲੋਕਾਂ ਦੀ ਕਿਰਤ ਨੂੰ ਲੁੱਟਿਆ ਜਾ ਰਿਹਾ ਹੈ। ਇਹਦੇ ਵਿਰੁਧ ਮੁਜ਼ਾਹਰਾਕਾਰੀਆਂ ਦਾ ਸਲੋਗਨ ਸੀ (they got bailed out and we got sold out) ਭਾਵ ਉਹ ਬੇਲ ਆਊਟ ਪ੍ਰਾਪਤ ਕਰਦੇ ਹਨ ਤੇ ਅਸੀ ਵੇਚੇ ਜਾ ਰਹੇ ਹਾਂ। ਇਸ ਕਰਕੇ ਹੀ ਲੋਕ ਵਿਰੋਧੀ ਬਜ਼ਟ ਤੋਂ ਪੀੜਤ ਤਬਕਿਆਂ ਦੀ ਮੌਜੂਦਾ ਅੰਦੋਲਨ ’ਚ ਸਰਗਰਮ ਸ਼ਮੂਲੀਅਤ ਹੈ ।

ਕਿਉਬਕ ਦੇ ਮੌਜੂਦਾ ਵਿਦਿਆਰਥੀ ਸੰਘਰਸ਼ ਦੇ ਤੇਜ਼ ਹੁੰਦੇ ਵੇਗ ਦੇ ਹੋਰ ਵੀ ਅਨੇਕਾਂ ਪੱਖ ਹਨ ਜਿਹੜੇ ਇਸ ਅੰਦੋਲਨ ਦੌਰਾਨ ਲਗਾਤਾਰ ਉੱਭਰ ਕੇ ਸਾਹਮਣੇ ਆ ਰਹੇ ਹਨ। ਕਿਊਬਕ ਸਮੇਤ ਕੈਨੇਡਾ ਅੰਦਰ ਨੌਜ਼ਵਾਨਾਂ ਨੂੰ ਬੇਰੁਜ਼ਗਾਰੀ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਇਕ ਸਰਵੇ ਅਨੁਸਾਰ ਕੈਨੇਡਾ ਵਿੱਚ 15 ਤੋਂ 29 ਸਾਲ ਦੀ ਉਮਰ ਵਾਲੇ 10 ਲੱਖ ਨੌਜ਼ਵਾਨ ਬੇਰੁਜ਼ਗਾਰ ਹਨ ਕੈਨੇਡਾ ਦੀ ਬੇਰੁਜ਼ਗਾਰੀ ਦਰ 7.2 ਹੈ । ਇਹ ਦਰ ਲਗਾਤਾਰ ਵਧ ਰਹੀ ਹੈ। ਨੌਕਰੀਆਂ ਖ਼ਤਰੇ ’ਚ ਹਨ। ਇਕੱਲੇ ਜਨਵਰੀ ਮਹੀਨੇ ਵਿਚ ਹੀ 25,700 ਨੌਕਰੀਆਂ ਜਾਂਦੀਆਂ ਲੱਗੀਆਂ। ਕੈਨੇਡਾ ਦੀ ਸਰਕਾਰ 2008 ਦੇ ਵਿਸ਼ਵ ਆਰਥਿਕ ਸੰਕਟ ਚ ਐਨੀ ਬੁਰੀ ਤਰ੍ਹਾਂ ਫਸ ਚੁਕੀ ਹੈ ਕਿ ਇਹ ਨੌਂ ਮਹੀਨਿਆਂ ਅੰਦਰ ਕੇਵਲ 2.5% ਨੂੰ ਹੀ ਰੁਜ਼ਗਾਰ ਮੁਹੱਇਆ ਕਰਵਾ ਸਕੀ ਇੱਥੇ ਜੋ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਉਹ ਕੇਵਲ ਕਾਗਜ਼ਾਂ ਦਾ ਹੀ ਸ਼ਿੰਗਾਰ ਬਣਿਆ, ਦੂਜੇ ਪਾਸੇ ਠੇਕੇ ਤੇ ਭਰਤੀ ਤੇ ਛਾਟੀਆਂ ਰਾਹੀਂ ਪ੍ਰਾਪਤ ਰੁਜ਼ਗਾਰ ਵੀ ਖੁਸ ਰਿਹਾ ਹੈ।



ਨੌਜਵਾਨਾਂ-ਵਿਦਿਆਰਥੀਆਂ ਦੇ ਮੁਜ਼ਾਹਰੇ ਦਾ ਇਕ ਦ੍ਰਿਸ਼

ਇਸਤੇ ਚੰਗੇ ਸਮਾਜਕ ਪ੍ਰਬੰਧ, ਰੁਜ਼ਗਾਰ, ਸਵੈਮਾਨ ਤੇ ਮਿਆਰੀ ਸਿੱਖਿਆ ਲਈ ਰੋਸ ਪ੍ਰਗਟ ਕਰ ਰਹੇ ਵਿਦਿਆਰਥੀਆਂ ਨੂੰ ਚਾਰਟਸ ਮਜ਼ਾਕ ਕਰਦੇ ਹੋਏ ਕਹਿੰਦੇ ਹਨ ਕਿ ‘ਇਹ ਹੋਰ ਕੁਝ ਨਹੀਂ ਚਾਹੁੰਦੇ ਸਿਰਫ ਨੌਕਰੀ ਭਾਲਦੇ ਨੇ’ ਨੌਜਵਾਨਾਂ ਨੇ ਆਪਣੇ ਸਵੈਮਾਨ ਤੇ ਠੇਸ ਸਮਝਦਿਆਂ ਇਸਤੇ ਰੋਸ ਪ੍ਰਗਟ ਕੀਤਾ। ਅਜਿਹੇ ਚ ਮਾਹਰਾਂ ਦਾ ਕਹਿਣਾ ਹੈ ਕਿ ਬੇਰੁਜ਼ਗਾਰ ਨੌਜਵਾਨ ‘ਟਾਇਮ ਬੰਬ’ ਹਨ ਇਸ ਦਾ ਇਜ਼ਹਾਰ ਜ਼ਰੂਰ ਹੋਵੇਗਾ।

ਇਸੇ ਤਰ੍ਹਾਂ ਪਿਛਲੇ ਅਰਸੇ ਦੌਰਾਨ ਕੈਨੇਡੀਅਨ ਸਰਕਾਰ ਦੇ ਮਾਫੀਆ ਨਾਲ ਸੰਪਰਕ ਦੇ ਕਈ ਪ੍ਰਮੁੱਖ ਭ੍ਰਿਸ਼ਟਾਚਾਰਕ ਸਕੈਂਡਲ ਸਾਹਮਣੇ ਆਏ, ਜਿਨ੍ਹਾਂ ਦੀ ਜਾਂਚ ਪੜਤਾਲ ਲਈ ਜੂਨ ’ਚ ਚਾਰਬੈਨਿਊ ਕਮਿਸ਼ਨ ਬਿਠਾਇਆ ਗਿਆ, ਜਿਸ ਦੀ ਜਾਂਚ ਪੜਤਾਲ ਕਿਸੇ ਤਣ ਪੱਤਣ ਨਹੀਂ ਲੱਗੀ । ਜਾਂਚ ਲਟਕ ਗਈ ਤੇ ਲੋਕ ਰੋਹ ਵਧ ਗਿਆ। ਸਰਕਾਰ ਨੂੰ ਸੰਕਟ ਮੋਚਨ ਚ ਫਸਿਆ ਦੇਖਕੇ ਕਮਿਊਨਿਸਟ ਪਾਰਟੀ ਕਿਊਬਿਕ ਨੇ ਆਮ ਅਸੀਮਿਤ ਹੜਤਾਲ ਦਾ ਸੱਦਾ ਦੇ ਦਿੱਤਾ।

ਮੌਜੂਦਾ ਵਿਦਿਆਰਥੀ ਸੰਘਰਸ਼ ਵਧ ਰਹੇ ਸਮਾਜਕ ਰੋਹ ਦਾ ਸਿੱਟਾ ਹੈ, ਜੋ ਹਾਕਮਾ ਦੀਆਂ ਗਲਤ ਨੀਤੀਆਂ ਦੀ ਪੈਦਾਇਸ਼ ਹੈ। ਇਹ ਸੰਘਰਸ਼ ਹੋਰ ਤਬਕਿਆਂ ਤੇ ਮੰਗਾਂ ਦੇ ਜੁੜਨ ਨਾਲ ਵਿਸ਼ਾਲ ਲੋਕ ਘੋਲ ਦਾ ਰੂਪ ਅਖਤਿਆਰ ਕਰ ਰਿਹਾ ਹੈ। ਇਸ ਖ਼ਿਲਾਫ 13 ਫਰਵਰੀ ਨੂੰ 1 ਲੱਖ 90 ਹਜ਼ਾਰ ਵਿਦਿਆਰਥੀ ਸਕੂਲ, ਕਾਲਜ਼ ਤੇ ਯੂਨੀਵਰਸਿਟੀ ਕੈਂਪਸ ਖਾਲੀ ਕਰਕੇ ਬਾਹਰ ਗਲੀਆਂ ’ਚ ਨਿਕਲ ਤੁਰੇ। ਉਸ ਦਿਨ ਤੋਂ ਇਹ ਲਹਿਰ ਲਗਾਤਾਰ ਵੇਗ ਫੜਦੀ ਗਈ। 22 ਮਈ ਦੇ ਮੁਜ਼ਾਹਰੇ ਵਿਚ 2.5 ਲੱਖ ਨੌਜ਼ਵਾਨ ਤੇ ਕਾਮੇ ਕੈਨੇਡਾ ਦੀਆਂ ਸੜਕਾਂ ਤੇ ਅਧਿਕਾਰਤ ਰੂਟ ਦੀਆਂ ਬੰਦਸ਼ਾਂ ਨੂੰ ਤੋੜਦੇ ਹੋਏ ਕੈਨੇਡਾ ਦੇ ਇਤਿਹਾਸ ਦਾ ਸਭ ਤੋਂ ਲੰਮਾ ਤੇ ਵੱਡਾ ਮੁਜ਼ਾਹਰਾ ਕਰ ਰਹੇ ਸਨ। ਤਿੰਨ ਮਹੀਨੇ ਤੋਂ ਵੱਧ ਸਮੇਂ ਤੋਂ ਚੱਲ ਰਹੇ ਇਸ ਇਤਿਹਾਸਕ ਸੰਘਰਸ਼ ਵਿੱਚ ਹੁਣ ਤੱਕ ਤਿੰਨ ਲੱਖ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਦਰਜ ਕੀਤੀ ਗਈ ਹੈ। ਸੰਘਰਸ਼ਸ਼ੀਲ ਜੱਥੇਬੰਦੀਆਂ ਇਸ ਅੰਦੋਲਨ ਨੂੰ ਵਿਸ਼ਵ ਆਰਥਿਕ ਤੇ ਸਿਆਸੀ ਸੰਕਟ ਦੇ ਪ੍ਰਸੰਗ ’ਚ ਰੱਖ ਕੇ ਵੇਖ ਰਹੀਆਂ ਹਨ ਤੇ ਸਹੀ ਅਗਵਾਈ ’ਚ ਸੰਘਰਸ਼ ਨੂੰ ਅੱਗੇ ਵਧਾ ਰਹੀਆਂ ਹਨ।

ਆਪਣੀ ਖ਼ਸਲਤ ਅਨੁਸਾਰ ਸਰਕਾਰ ਨੇ ਇਸ ਵਿਦਿਆਰਥੀ ਸੰਘਰਸ਼ ਨੂੰ ਦਬਾਉਣ ਲਈ ਫਾਸ਼ੀ ਹੱਥਕੰਡੇ ਵਰਤਦੇ ਹੋਏ ਕਮਿਊਨਿਸਟ, ਜਮਹੂਰੀਅਤ ਤੇ ਵਿਦਿਆਰਥੀ ਵਿਰੋਧੀ ‘ਸਪੈਸ਼ਲ ਪੁਲੀਸ ਯੂਨਿਟ’ ਬਣਾਇਆ। ਫਰਵਰੀ ’ਚ ਇਸ ‘ਸਪੈਸ਼ਲ ਪੁਲੀਸ ਯੂਨਿਟ’’ ਨੇ ਵਿਕਟਰਵਿਲੇ ਵਿਖੇ ਹਿੰਸਕ ਤਰੀਕੇ ਨਾਲ ਸ਼ਾਂਤਮਈ ਰੋਸ ਮੁਜ਼ਾਹਰਾ ਕਰਦੇ ਵਿਦਿਆਰਥੀਆਂ ਉਪਰ ਗੈਸ, ਪੇਪਰ ਸਪਰੇਅ ਤੇ ਸਾਉਂਡ ਬੰਬਾਂ ਨਾਲ ਹਮਲਾ ਕਰ ਦਿੱਤਾ ਜਿਸ ਦੌਰਾਨ ਫ਼ਰਾਂਸਿਸ ਗੈਨੀਅਰ ਨਾਂ ਦੇ ਇਕ ਵਿਦਿਆਰਥੀ ਦੀ ਸੱਜੀ ਅੱਖ ਸਾਉਂਡ ਬੰਬ ਉਸ ਦੇ ਚਿਹਰੇ ਤੇ ਫਟ ਜਾਣ ਤੇ ਦੇਖਣ ਤੋਂ ਆਹਰੀ ਹੋ ਗਈ ।500 ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਕੇ ਅਪਰਾਧਿਕ ਮਾਮਲਿਆਂ ਹੇਠ ਲਿਆਂਦਾਂ ਗਿਆ। ਬਾਕੀ ਦੇ ਵਿਦਿਆਰਥੀਆਂ ਨੂੰ ਜ਼ਬਰੀ ਐਮਰਜੈਂਸੀ ਕਾਨੂੰਨਾਂ ਤਹਿਤ ਕਲਾਸਾਂ ਵਿਚ ਵਾਪਸ ਭੇਜਿਆ ਜਾਣ ਲੱਗਾ। ਇਸ ਤੇ ਵਿਦਿਆਰਥੀ ਅਧਿਆਪਕ ਸਾਂਝੇ ਤੌਰ ਤੇ ਵਿਰੋਧ ਪ੍ਰਗਟ ਕਰਦਿਆਂ ਯੂਨੀਵਰਸਿਟੀ ਤੇ ਬਾਕੀ ਦੇ ਕੈਂਪਸ ਖਾਲੀ ਕਰਕੇ ਬਾਹਰ ਸੜਕਾਂ ਤੇ ਉਤਰ ਆਏ। ਅਧਿਆਪਕਾਂ ਨੇ ਇਸ ਲਹਿਰ ਵਿਚ ਅੱਗੇ ਵਧਕੇ ਗ੍ਰਿਫਤਾਰੀਆਂ ਦਿੱਤੀਆਂ। ਵਿਦਿਆਰਥੀ ਸੰਘਰਸ਼ ਨੂੰ ਖਿੰਡਾਉਣ ਲਈ ਝੂਠ ਧੋਖੇ ਦੇ ਹਰ ਹਰਬੇ ਵਰਤੇ ਜਾ ਰਹੇ ਹਨ ਮਿਸਾਲ ਵਜੋਂ ਕਨੇਡਾ ਦੇ ਇਕ ਨੌਕਰਸ਼ਾਹ ਬਰਨਾਰਡ ਗੇਅ ਨੇ ਇਸ ਸ਼ਾਂਤਮਈ ਅੰਦੋਲਨ ਨੂੰ ‘ਫਾਸ਼ੀ ਢੰਗ’ ਕਹਿ ਕੇ ਭੰਡਿਆ।

ਪਿਛਲੇ ਦਿਨੀ ਸਿੱਖਿਆ ਮੰਤਰੀ ਬਿਉਚੈਂਪ ਨੇ ਵਿਦਿਆਰਥੀਆਂ ਨੂੰ ਗੱਲਬਾਤ ਲਈ ਬੁਲਾਇਆ। ਇਸ ਗੱਲਬਾਤ ਦੌਰਾਨ ਸਰਕਾਰ ਟਿਊਸ਼ਨ ਫੀਸਾਂ ਦੇ ਵਾਰ-ਵਾਰ ਕੀਤੇ ਜਾ ਰਹੇ ਵਾਧੇ ਨੂੰ ਇਹ ਕਹਿਕੇ ਜਾਇਜ ਠਹਿਰਾਅ ਰਹੀ ਹੈ ਕਿ ਇਹ ਇੰਗਲਿਸ਼ ਸਪੀਕਿੰਗ ਕੈਨੇਡਾ ਲਈ ਹੀ ਹਨ ਤੇ ਉਹ ਸਾਡੇ ਫੈਸਲੇ ਨਾਲ ਸਹਿਮਤ ਹਨ। ਜਦਕਿ ਯੂਥ ਕਮਿਊਨਿਸਟ ਲੀਗ ਦੇ ਮੈਗਜ਼ੀਨ ਨੇ ਉਹ ਦਸਤਾਵੇਜ਼ ਨਸ਼ਰ ਕਰ ਦਿੱਤੇ ਜਿਸ ਵਿੱਚ ਇੰਗਲਿਸ਼ ਬੋਲਣ ਵਾਲੇ ਕੈਨੇਡੀਅਨ ਵਿਦਿਆਰਥੀਆਂ ਦੀ ਫੀਸਾਂ ਦੇ ਵਾਧੇ ਤੇ ਅਸਹਿਮਤੀ ਦਰਜ ਹੈ। ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਵਿਦਿਆਰਥੀਆਂ ਨਾਲ ਰਾਜਨੀਤੀ ਖੇਡ ਰਹੀ ਹੈ। ਮੁਸ਼ਕਲ ਹਾਲਤਾਂ ਦਾ ਬਹਾਨਾ ਬਣਾ ਕੇ ਵਿਦਿਆਰਥੀਆਂ ਤੇ ਵਾਧੂ ਬੋਝ ਪਾ ਰਹੀ ਹੈ। ਗੱਲਬਾਤ ਦੌਰਾਨ ਵਾਰ-ਵਾਰ ਇਕੋ ਰਟ ਲਗਾ ਰਹੀ ਹੈ ਕਿ ‘ਸੰਕਟ ਚੋਂ ਨਿਕਲਣ ਦਾ ਰਸਤਾ ਲੱਭ ਰਹੇ ਹਾਂ’। ਹੜਤਾਲ ਤੋੜਣ ਤੇ ਲੋਕਤੰਤਰੀ ਵੋਟ ਢੰਗ ਨਾਲ ਮਸਲਾ ਹੱਲ ਕਰਨ ਦੀਆਂ ਸਿੱਖਿਆ ਮੰਤਰੀ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਗਈਆਂ ਹਨ ਤੇ ਅਖੀਰ



ਮਨਦੀਪ
+91-98764-42052

ਉਸਨੂੰ ਵਧ ਰਹੇ ਵਿਦਿਆਰਥੀ ਦਬਾਅ ਤੇ ਮਸਲੇ ਨੂੰ ਹੱਲ ਕਰਨ ਦੀ ਅਸਮਰੱਥਾ ਕਾਰਨ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ।

ਵਿਦਿਆਰਥੀਆਂ ਦਾ ਰੋਸ ਜਾਰੀ ਹੈ ਉਹ 9 ਤੋਂ 2 ਦੇਰ ਰਾਤ ਤੱਕ ਮਾਰਚ ਕਰਦੇ ਹਨ ਨੌਜਵਾਨ ਹੜਤਾਲ ਪ੍ਰਤੀ ਕਾਫੀ ਉਤਸ਼ਾਹਿਤ ਹਨ। ਪਿਛਲੇ ਦਿਨੀ 2000 ਵਿਦਿਆਰਥੀਆਂ ਦੇ ਕੀਤੇ ਸਰਵੇ ਦੌਰਾਨ ਕਨੇਡਾ ਦੇ 60% ਤੇ ਉਨਟਾਰੀਓ ਦੇ 70% ਨੌਜਵਾਨਾਂ ਨੇ ਅਜਿਹੀ ਹੜਤਾਲ ਚ ਹਿੱਸਾ ਲੈਣ ਦੇ ਵਿਚਾਰ ਜ਼ਾਹਰ ਕੀਤੇ ਹਨ। ਅਜਿਹੇ ’ਚ ਕਿਊਬਿਕ ਸਰਕਾਰ ਉਹਨਾਂ ਲੱਖਾਂ ਨੌਜਵਾਨਾਂ ਦੇ ਗੁੱਸੇ ਤੋਂ ਡਰ ਰਹੀ ਹੈ ਜਿਨ੍ਹਾਂ ਕੋਲ ਨਾ ਨੌਕਰੀ ਹੈ ਨਾ ਸੋਹਣਾ ਭਵਿੱਖ ਅਤੇ ਜਿਨ੍ਹਾਂ ਦਾ ਜੀਵਨ ਦਾਅ ’ਤੇ ਹੈ। ਇਥੇ ਸਿਤਮਜ਼ਰੀਫ਼ੀ ਦਾ ਇਕ ਪਹਿਲੂ ਇਹ ਵੀ ਹੈ ਕਿ ਨੌਜਵਾਨ ਵਿਦਿਆਰਥੀ ਜੋ ਭਵਿੱਖ ਨੂੰ ਲੈ ਕੇ ਸੰਜੀਦਾ ਹਨ ਦੀ ਆਵਾਜ਼ ਨੂੰ ਮੀਡੀਆਂ ਚ ਕੋਈ ਥਾਂ ਨਹੀ।ਇਕ ਪਾਸੇ ਜਦੋਂ ਨੌਜਵਾਨਾਂ ਵੱਲੋ ਇਤਿਹਾਸ ਰਚਿਆਂ ਜਾ ਰਿਹਾ ਹੈ ਉੱਥੇ ਦੂਜੇ ਪਾਸੇ ਵਰਤਮਾਨ ਉਸ ਇਤਿਹਾਸ ਤੋਂ ਬੇਖ਼ਬਰ ਹੈ।

ਇਸ ਇਤਿਹਾਸਕ ਵਿਦਿਆਰਥੀ ਅੰਦੋਲਨ ਦੀਆਂ ਕਈ ਮਹਤੱਵਪੂਰਨ ਕੜੀਆਂ ਹਨ। ਇਕ,ਇਹ ਅੰਦੋਲਨ ਕਮਿਊਨਸਟ ਤੇ ਸਮਾਜਕ ਸੰਸਥਾਵਾਂ ਦੇ ਸਾਂਝੇ ਫਰੰਟ ਵੱਲੋਂ ਵਿਦਿਆਰਥੀਆਂ ਨੋਜਵਾਨਾਂ, ਮਜ਼ਦੂਰਾਂ,ਅਧਿਆਪਕਾਂ ਤੇ ਵਾਤਾਵਰਣ ਪ੍ਰੇਮੀਆਂ ਦੇ ਵੱਡੇ ਹਿੱਸੇ ਦੀ ਤਾਕਤ ਸਿਰ ਚਲਾਇਆਂ ਜਾ ਰਿਹਾ ਹੈ। ਦੂਸਰਾ ਇਹ ਕੇਵਲ ਆਰਥਿਕ ਮੰਗਾਂ ਤੱਕ ਹੀ ਸੀਮਿਤ ਨਹੀ। ਤੀਸਰਾ ਇਹ ਅੰਦੋਲਨ ਸਮਾਜਵਾਦੀ ਤੇ ਪੂੰਜੀਵਾਦੀ ਧਾਰਾ ਦੇ ਆਪਸੀ ਟਕਰਾਅ ਦਾ ਸਿੱਟਾ ਹੈ ਤੇ ਇਸ ਵਿਚ ਕਮਿਊਨਿਸਟ ਸ਼ਕਤੀਆਂ ਦਾ ਸਰਗਰਮ ਰੋਲ ਹੈ। ਚੌਥਾ ਇਸ ਅੰਦੋਲਨ ਦਾ ਤਾਕਤਵਰ ਪਹਿਲੂ ਨੌਜਵਾਨ ਤਾਕਤ ਦੀ ਸ਼ਮੂਲੀਅਤ ਹੈ।

ਦੁਨੀਆ ਭਰ ਦੇ ਚੇਤੰਨ ਲੋਕ ਇਸ ਅੰਦੋਲਨ ਦੀ ਹਮਾਇਤ ਤੇ ਸਰਕਾਰੀ ਜ਼ਬਰ ਦੀ ਨਿੰਦਾ ਕਰ ਰਹੇ ਹਨ। ਅਜਿਹੇ ਵਿਚ ਸਾਡੇ ਦੇਸ਼ ਦੇ ਨੌਜਵਾਨ ਵਿਦਿਆਰਥੀਆਂ ਨੂੰ ਦੇਸ਼ ਅੰਦਰ ਵਾਪਰਦੀਆਂ ਗਲਤ ਫਿਰਕੂ-ਧਾਰਮਿਕ, ਸਮਾਜਿਕ ਤੇ ਰਾਜਸੀ ਘਟਨਾਵਾਂ ਦਾ ਨੋਟਿਸ ਲੈਣਾ ਚਾਹੀਦਾ ਹੈ। ਉਹਨਾਂ ਨੂੰ ਲਾਜ਼ਮੀ ਹੀ ਨੁਕਸਦਾਰ ਸਿੱਖਿਆਂ ਪ੍ਰਬੰਧ ਤੇ ਕਿੰਤੂ ਕਰਨਾ ਚਾਹੀਦਾ ਹੈ। ਇਤਿਹਾਸ ਦੇ ਖਾਮੋਸ਼ ਦਰਸ਼ਕ ਨਹੀ ਬਣਨਾ ਚਾਹੀਦਾ। ਨੌਜਵਾਨ ਵਿਦਿਆਰਥੀਆਂ ਨੂੰ ਸਮਾਜ ਸਿਰਜਕਾਂ ਵਾਲਾ ਰੋਲ ਜ਼ਰੂਰ ਨਿਭਾਉਣਾ ਪਵੇਗਾ।

# ਵਿਦੇਸ਼ੀ ਬੈਂਕਾਂ 'ਚ ਕਾਲਾ ਧਨ

# ਜੋ ਧਨ ਸਾਡਾ ਆਪਣਾ ਹੈ



ਅਰੁਣ ਕੁਮਾਰ

ਉਚ ਦਰਜੇ ਦੇ ਸਰਕਾਰੀ ਅਫ਼ਸਰਾਂ ਦੇ ਬਿਆਨਾਂ ਤੋਂ ਅਕਸਰ ਇਹ ਉਮੀਦ ਰਹਿੰਦੀ ਹੈ ਕਿ ਉਹ ਧੁੰਦਲਕੇ ਨੂੰ ਸਾਫ਼ ਕਰਨਗੇ, ਪਰ ਭ੍ਰਿਸ਼ਟਾਚਾਰ ਵਿਰੋਧੀ ਅਤੇ ਜਾਇਦਾਦ ਮੁੜ ਪ੍ਰਾਪਤੀ 'ਤੇ ਪਹਿਲੇ ਇੰਟਰਪੋਲ ਵਿਸ਼ਵ ਪ੍ਰੋਗਰਾਮ ਦੇ ਉਦਘਾਟਨ ਮੌਕੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ) ਦੇ ਡਾਇਰੈਕਟਰ ਦੇ ਵਿਦੇਸ਼ਾਂ ਵਿਚ ਛੁਪਾ ਕੇ ਰੱਖੇ ਗ਼ੈਰ-ਕਾਨੂੰਨੀ ਧਨ 'ਤੇ ਦਿੱਤੇ ਗਏ ਬਿਆਨ ਨੇ ਸਿਆਸੀ ਰੂਪ ਨਾਲ ਸੰਵੇਦਨਸ਼ੀਲ ਇਸ ਮਾਮਲੇ ਨੂੰ ਹੋਰ ਜ਼ਿਆਦਾ ਗੁੰਝਲਦਾਰ ਬਣਾ ਦਿੱਤਾ ਹੈ।

ਡਾਇਰੈਟਰ ਨੇ ਤਿੰਨ ਬਿੰਦੂਆਂ 'ਤੇ ਗੱਲ ਰੱਖੀ। ਪਹਿਲਾ, ਅਨੁਮਾਨਤ ਅੰਕੜਿਆਂ ਅਨੁਸਾਰ ਭਾਰਤੀਆਂ ਦਾ 550 ਅਰਬ ਡਾਲਰ ਦਾ ਧਨ ਵਿਦੇਸ਼ਾਂ ਵਿਚ ਹੈ। ਦੂਸਰਾ, ਭਾਰਤੀ ਜਮਾਂਕਰਤਾਵਾਂ ਦੀ ਗਿਣਤੀ ਹੋਰ ਦੇਸ਼ਾਂ ਦੇ ਜਮਾਂਕਰਤਾਵਾਂ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਹੈ। ਤੀਸਰਾ, ਕਾਗਜ਼ੀ ਕੰਪਨੀ ਬਣਾ ਕੇ ਇਕ ਕੰਪਨੀ ਦੇ ਖਾਤੇ ਤੋਂ ਦੂਸਰੀ ਕੰਪਨੀ ਦੇ ਖਾਤੇ 'ਤੇ ਪੈਸਾ ਭੇਜਿਆ ਜਾਂਦਾ ਹੈ। ਪੈਸੇ ਨੂੰ ਕੁਝ ਘੰਟਿਆਂ ਵਿਚ ਸਿੰਗਾਪੁਰ ਤੋਂ ਸਵਿਟਜ਼ਰਲੈਂਡ ਤੇ ਕੇਮੈਨ ਦੀਪ ਭੇਜਿਆ ਜਾ ਸਕਦਾ ਹੈ ਕਿਉਂਕਿ ਬੈਂਕਿੰਗ ਤਬਦੀਲੀ ਦੀ ਕੋਈ ਨਿਰਧਾਰਿਤ ਭੂਗੋਲਿਕ ਹੱਦ ਨਹੀਂ ਹੈ। ਆਖਰੀ ਬਿੰਦੂ ਸਬੰਧੀ ਸਵਿੱਸ ਅਧਿਕਾਰੀਆਂ ਨੇ ਸਬੂਤ ਮੰਗਿਆ ਸੀ, ਪਰ ਇਸ 'ਤੇ ਕੋਈ ਰਸਮੀ ਜਵਾਬ ਨਹੀਂ ਦਿੱਤਾ ਗਿਆ।

ਟੈਕਸ ਬਚਾਉਣ ਦੇ ਸਥਾਨ

ਹਾਲੇ ਤੱਕ ਇਹ ਸਾਫ਼ ਨਹੀਂ ਹੋਇਆ ਕਿ ਕੀ ਹਾਲ ਹੀ ਵਿਚ ਸੀ.ਬੀ.ਆਈ ਜਾਂ ਕਿਸੇ ਹੋਰ ਸਰਕਾਰੀ ਏਜੰਸੀ ਨੇ ਭਾਰਤੀਆਂ ਵੱਲੋਂ ਵਿਦੇਸ਼ਾਂ ਵਿਚ ਰੱਖੇ ਧਨ ਦਾ ਅੰਦਾਜ਼ਾ ਲਾਇਆ ਹੈ। ਇਹ ਕਿਸੇ ਲਈ ਵੀ ਮੁਸ਼ਕਿਲ ਕੰਮ ਹੈ ਕਿਉਂਕਿ ਇਸ ਨਾਲ ਸਬੰਧਤ ਤੱਥ ਬੜੀ ਮੁਸ਼ਕਲ ਨਾਲ ਹੀ ਮਿਲਦੇ ਹਨ। ਇਸ ਦਾ ਅਨੁਮਾਨ ਲਾਉਣ ਲਈ ਨਵੇਂ ਸਿਧਾਂਤਾਂ ਦੀ ਲੋੜ ਹੈ। ਮੁਸ਼ਕਲ ਇਹ ਹੈ ਕਿ ਟੈਕਸ ਨਿਆਂ ਨੈਟਵਰਕ ਅਨੁਸਾਰ 77 ਟੈਕਸ ਬਚਾਉਣ ਵਾਲੇ ਸਥਾਨ ਹਨ। ਸਵਿਟਜ਼ਰਲੈਂਡ ਇਨ੍ਹਾਂ ਵਿਚ ਸਭ ਤੋਂ ਅੱਗੇ ਅਤੇ ਸ਼ਾਇਦ ਸਭ ਤੋਂ ਵੱਡਾ ਹੈ, ਪਰ ਤਦ ਵੀ ਉਹ ਇਕੱਲਾ ਤਾਂ ਨਹੀਂ ਹੈ। ਸਾਡੇ ਕੋਲ ਇਸ ਗੱਲ ਦਾ ਕੋਈ ਅਨੁਮਾਨ ਨਹੀਂ ਹੈ ਕਿ ਸਵਿਟਜ਼ਰਲੈਂਡ ਜਾਂ ਹੋਰ ਟੈਕਸ ਬਚਾਉਣ ਵਾਲੇ ਸਥਾਨਾਂ ਵਿਚ ਕਿੰਨਾ ਪੈਸਾ ਰੱਖਿਆ ਹੋਇਆ ਹੈ।

ਸਵਿੱਸ ਬੈਂਕਰ ਐਸੋਸੀਏਸ਼ਨ ਦੀ ਸਾਲ 2006 ਦੀ ਰਿਪੋਰਟ ਨੂੰ ਆਧਾਰ ਬਣਾ ਕੇ ਜੇਕਰ ਗੱਲ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਵਿੱਸ ਬੈਂਕਾਂ ਵਿਚ ਭਾਰਤੀਆਂ ਦਾ 14 ਖਰਬ ਡਾਲਰ ਦਾ ਪੈਸਾ ਜਮ੍ਹਾਂ ਹੈ ਅਤੇ ਇਹਦੇ 'ਚ ਕਿਸੇ ਵੀ ਹੋਰ ਦੇਸ਼ਾਂ ਦੇ ਨਾਗਰਿਕਾਂ ਦੇ ਮੁਕਾਬਲੇ ਭਾਰਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਪਰ ਸਵਿੱਸ ਏਜੰਸੀ ਦੇ ਅਫ਼ਸਰਾਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ। ਇਸ ਤੋਂ ਇਲਾਵਾ ਇਸ ਲੇਖਕ ਨੂੰ ਸਵਿੱਸ ਬੈਂਕਰ ਐਸੋਸੀਏਸ਼ਨ ਦੀ ਸਾਲ 2005 ਤੋਂ 2008 ਦੀ ਰਿਪੋਰਟ ਵਿਚ ਇਸ ਬਾਰੇ ਕਿਸੇ ਵੀ ਕਿਸਮ ਦਾ ਡਾਟਾ ਨਹੀਂ ਮਿਲਿਆ। ਆਖਰ ਹੋਰ ਦੇਸ਼ਾਂ ਦੇ ਲੋਕ ਵੀ ਜੇਕਰ ਬਹੁਤ ਲੰਬੇ ਸਮੇਂ ਤੋਂ ਪੈਸੇ ਨੂੰ ਵਿਦੇਸ਼ਾਂ ਵਿਚ ਛੁਪਾ ਕੇ ਰੱਖ ਰਹੇ ਹਨ ਤਾਂ ਅਜਿਹਾ ਸੰਭਵ ਨਹੀਂ ਹੈ ਕਿ ਭਾਰਤੀਆਂ ਦੀ ਜਮ੍ਹਾਂ ਰਕਮ ਉਨ੍ਹਾਂ ਸਭ ਦੇ ਕੁਲ ਯੋਗ ਤੋਂ ਜ਼ਿਆਦਾ ਹੋਵੇ।

ਡਾਇਰੈਕਟਰ ਵੱਲੋਂ ਦੱਸੀ ਗਈ 500 ਅਰਬ ਡਾਲਰ ਦੀ ਰਕਮ ਗਲੋਬਲ ਫਾਈਨੈਂਸ਼ੀਅਲ ਇੰਟੀਗ੍ਰਿਟ (ਜੀ.ਐਫ.ਆਈ) ਦੇ ਨਵੰਬਰ 2010 ਦੇ ਅਨੁਸਾਰ ਕਿ ਭਾਰਤੀਆਂ ਨੇ ਆਜ਼ਾਦੀ ਤੋਂ ਬਾਅਦ 462 ਅਰਬ ਡਾਲਰ ਦੀ ਪੂੰਜੀ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਭੇਜੀ ਹੈ, ਦੇ ਕਰੀਬ ਹੈ। ਇਸ ਰਕਮ ਵਿਚ 2010 ਅਤੇ 2011 ਦੇ ਅੰਕੜਿਆਂ ਨੂੰ ਜੋੜਣ ਨਾਲ 500 ਅਰਬ ਡਾਲਰ ਦਾ ਅੰਕੜਾ ਆ ਜਾਂਦਾ ਹੈ। ਜੇਕਰ ਸੀ.ਬੀ.ਆਈ ਨੇ ਇਸ ਆਧਾਰ 'ਤੇ ਕਾਲੇ ਧਨ ਦਾ ਹਿਸਾਬ ਲਗਾਇਆ ਹੈ ਤਾਂ ਇਸ ਨਾਲ ਸੀ.ਬੀ.ਆਈ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

ਜੀ.ਐਫ.ਆਈ ਨੇ ਸਵੀਕਾਰ ਕੀਤਾ ਹੈ ਕਿ ਉਸ ਵੱਲੋਂ ਅਨੁਮਾਨਿਤ ਰਾਸ਼ੀ ਕੁਲ ਪੂੰਜੀ ਦਾ ਬਹੁਤ ਘੱਟ ਅੰਦਾਜ਼ਾ ਹੈ ਕਿਉਂਕਿ ਇਸ ਅੰਦਾਜ਼ੇ ਵਿਚ ਉਸ ਰਾਸ਼ੀ ਨੂੰ ਨਹੀਂ ਜੋੜਿਆ ਗਿਆ ਜੋ ਹਵਾਲਾ, ਨਾਜਾਇਜ਼ ਢੰਗ ਨਾਲ ਡਰੱਗ ਦੇ ਨਿਰਯਾਤ ਅਤੇ ਹੋਰ ਗਤੀਵਿਧੀਆਂ ਕਾਰਨ ਬਾਹਰ ਲਿਜਾਈ ਗਈ ਹੈ। ਉਸ ਦਾ ਅਨੁਮਾਨ ਸਿਰਫ਼ ਸਰਕਾਰੀ ਵਪਾਰ ਵਿਚ ਘੱਟ ਮੁੱਲ ਨਿਰਧਾਰਨ ਦੇ ਸਬੰਧ ਵਿਚ ਹੈ ਅਤੇ ਉਸ ਨੇ ਆਈ.ਐਮ.ਐਫ ਡਾਟਾ ਦੀ ਵਰਤੋਂ ਚੋਣਵੇਂ ਦੇਸ਼ਾਂ ਲਈ ਹੀ ਕੀਤੀ ਹੈ। ਜਨਵਰੀ 2010 ਵਿਚ ਟੈਕਸ ਦੀ ਰਾਖੀ ਕਰਨ ਵਾਲੇ ਦੇਸ਼ਾਂ ਦੇ ਸਬੰਧ ਵਿਚ ਨਾਰਵੇ ਦੀ ਸਰਕਾਰ ਨੇ ਇਕ ਵਿਸ਼ਵ ਵਿਆਪੀ ਅਧਿਐਨ ਨੂੰ ਮਨਜ਼ੂਰੀ ਦਿੱਤੀ ਹੈ। ਸੰਭਾਵਨਾ ਹੈ ਕਿ ਇਸ ਅਧਿਐਨ ਨਾਲ ਭਾਰਤ ਅਤੇ ਹੋਰ ਦੇਸ਼ਾਂ ਤੋਂ ਬਾਹਰ ਜਾ ਰਹੀ ਪੂੰਜੀ ਦੇ ਸਬੰਧ 'ਚ ਜ਼ਿਆਦਾ ਸਹੀ ਤੱਥਾਂ ਨੂੰ ਜਾਣਿਆ ਜਾ ਸਕੇਗਾ।

ਜੀ.ਐਫ.ਆਈ ਦੀ ਜਾਂਚ ਪ੍ਰਣਾਲੀ

ਸੀ.ਬੀ.ਆਈ ਜੇਕਰ ਜੀ.ਐਫ.ਆਈ ਦੀ ਜਾਂਚ ਪ੍ਰਣਾਲੀ ਦੀ ਵਰਤੋਂ ਕਰ ਰਹੀ ਹੈ ਤਾਂ ਇਥੇ ਹੀ ਉਸ ਦੀ ਪ੍ਰੇਸ਼ਾਨੀ ਖ਼ਤਮ ਨਹੀਂ ਹੁੰਦੀ। ਜੀ.ਐਫ.ਆਈ ਦੇਸ਼ ਵਿਚ ਵਾਪਸ ਲਿਆਏ ਗਏ ਕਾਲੇ ਧਨ ਨੂੰ ਅਣਦੇਖਿਆ ਕਰਦਾ ਹੈ। ਇਸ ਕਾਰਨ ਉਸ ਦੇ ਅੰਕੜੇ ਵਿਦੇਸ਼ ਵਿਚ ਰੱਖੇ ਭਾਰਤੀਆਂ ਦੇ ਕਾਲੇ ਧਨ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦੇ। ਇਸ ਗੱਲ ਦੀ ਚੰਗੀ ਤਰ੍ਹਾਂ ਜਾਣਕਾਰੀ ਹੈ ਕਿ ਪਿਛਲੇ 15 ਸਾਲਾਂ ਵਿਚ ਭਾਰਤੀ ਵਪਾਰੀਆਂ ਨੇ ਵਿਦੇਸ਼ਾਂ ਵਿਚ ਰੱਖੇ ਆਪਣੇ ਕਾਲੇ ਧਨ ਨੂੰ ਭਾਰਤ ਵਿਚ ਮੁੜ ਪ੍ਰਵੇਸ਼ ਕਰਵਾਇਆ ਹੈ। ਮਾਰੀਸ਼ਸ ਤੋਂ ਭਾਰਤ ਆਉਣ ਵਾਲੀ ਪੂੰਜੀ ਇਸ ਸ਼੍ਰੇਣੀ ਵਿਚ ਆਉਂਦੀ ਹੈ। ਮੁੱਖ ਤੌਰ 'ਤੇ ਉਹ ਪੂੰਜੀ ਜੋ ਸਹਿਭਾਗੀ ਕਰਜ਼ (ਪਾਰਟੀਸਿਪੇਟ੍ਰੀ ਨੋਟ) ਰਾਹੀਂ ਆਈ ਹੈ।

ਗੱਲ ਬਸ ਇੰਨੀ ਨਹੀਂ ਹੈ। ਜੀ.ਐਫ.ਆਈ ਨੇ ਆਪਣੇ ਅੰਦਾਜ਼ੇ ਵਿਚ ਪਿਛਲੇ 60 ਸਾਲਾਂ ਦੌਰਾਨ ਇਸ ਪੂੰਜੀ 'ਤੇ ਮਿਲਣ ਵਾਲੇ ਵਿਆਜ ਨੂੰ ਵੀ ਜੋੜਿਆ ਹੈ। ਉਸ ਨੇ ਅਮਰੀਕੀ ਰਾਜ ਫੰਡ ਵੱਲੋਂ ਨਿਰਧਾਰਿਤ ਦਰ ਨਾਲ ਵਿਆਜ ਦੀ ਗਿਣਤੀ ਕੀਤੀ ਹੈ। ਇਸ ਗਿਣਤੀ ਵਿਚ ਕਈ ਖਾਮੀਆਂ ਹਨ। ਪਹਿਲੀ ਤਾਂ ਇਹ ਦਰ ਉਸ ਦਰ ਤੋਂ ਬਹੁਤ ਘੱਟ ਹੈ, ਜੋ ਆਮ ਤੌਰ 'ਤੇ ਵਪਾਰ ਵਿਚ ਪ੍ਰਾਪਤ ਕੀਤੀ ਜਾਂਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਵਿਦੇਸ਼ਾਂ ਵਿਚ ਜਮ੍ਹਾਂ ਧਨ ਦੀ ਗਿਣਤੀ ਘੱਟ ਕਰਕੇ ਦੇਖੇ ਜਾਣ ਦੀ ਸੰਭਾਵਨਾ ਹੈ। ਦੂਸਰਾ, ਕੁਝ ਧਨ ਵਾਪਸ ਆ ਚੁੱਕਾ ਹੈ ਤਾਂ ਇਹ ਧਨ ਵਿਦੇਸ਼ਾਂ ਵਿਚ ਆਮਦਨ ਪੈਦਾ ਨਹੀਂ ਕਰ ਰਿਹਾ ਹੋਵੇਗਾ, ਇਸ ਕਾਰਨ ਗਿਣਤੀ ਜ਼ਿਆਦਾ ਹੋ ਸਕਦੀ ਹੈ। ਇਸ ਤੋਂ ਇਲਾਵਾ ਜਦੋਂ ਭਾਰਤੀ ਆਪਣੇ ਧਨ ਨੂੰ ਬਾਹਰ ਲੈ ਜਾਂਦੇ ਹਨ ਤਾਂ ਉਹ ਇਸ ਧਨ ਦੀ ਵਰਤੋਂ ਕੇਵਲ ਨਿਵੇਸ਼ ਕਰਨ ਵਿਚ ਨਹੀਂ ਕਰਦੇ। ਉਹ ਇਸ ਧਨ ਦੀ ਵਰਤੋਂ ਆਪਣੇ ਬੱਚਿਆਂ ਦੀ ਪੜ੍ਹਾਈ, ਦਵਾਈ ਅਤੇ ਸੈਰ-ਸਪਾਟੇ ਲਈ ਕਰਦੇ ਹਨ।

ਸੰਖੇਪ ਵਿਚ, ਜੀ.ਐਫ.ਆਈ ਦਾ ਅੰਦਾਜ਼ਾ ਧਨ ਬਾਹਰ ਲੈ ਜਾਣ ਦੇ ਅਵਸਰ ਦੇ ਆਧਾਰ 'ਤੇ ਨਿਰਧਾਰਿਤ ਅਨੁਮਾਨ ਹੈ। ਇਹ ਵਿਦੇਸ਼ਾਂ ਵਿਚ ਰੱਖੇ ਧਨ ਦਾ ਸਹੀ ਅੰਕੜਾ ਨਹੀਂ ਹੈ। ਇਹ ਅੰਕੜਾ ਪੂੰਜੀ ਦੇ ਬਾਹਰ ਜਾਣ ਤੋਂ ਪਿਛਲੇ ਸਮੇਂ ਵਿਚ ਦੇਸ਼ ਦੇ ਵਿਕਾਸ ਦੇ ਹੋਏ ਨੁਕਸਾਨ ਦਾ ਸੰਖੇਪ ਅਨੁਮਾਨ ਹੈ। ਪਰ ਇਹ ਉਸ ਧਨ ਦਾ ਅਨੁਮਾਨ ਨਹੀਂ ਹੈ ਜਿਹੜਾ ਬਾਹਰ ਰੱਖਿਆ ਹੋਇਆ ਹੈ ਅਤੇ ਜਿਸ ਨੂੰ ਸਰਕਾਰ ਕਿਸੇ ਤਰ੍ਹਾਂ ਵਾਪਸ ਲਿਆ ਸਕਦੀ ਹੈ।

ਸੀ.ਬੀ.ਆਈ ਦੇ ਡਾਇਰੈਕਟਰ ਨੇ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੱਤਾ ਕਿ ਕਿਵੇਂ ਵਿਦੇਸ਼ਾਂ ਵਿਚ ਰੱਖੇ ਧਨ ਦੀ ਮੁੜ ਵਾਪਸੀ ਸੰਭਵ ਹੋ ਸਕੇਗੀ। ਸੀ.ਬੀ.ਆਈ ਇਸ ਲਈ ਕਿਹੜਾ ਤਰੀਕਾ ਅਪਣਾਏਗੀ। ਕਾਲਾ ਧਨ ਸਮੋਣ ਵਾਲੇ ਦੇਸ਼ਾਂ ਦੇ ਟੈਕਸ ਕਾਨੂੰਨ ਕਾਲੇ ਧਨ ਦੀ ਜਾਣਕਾਰੀ ਹਾਸਲ ਕਰਨ ਦੇ ਰਸਤੇ ਵਿਚ ਵੱਡੀ ਰੁਕਾਵਟ ਹਨ। ਹਾਲ ਹੀ ਵਿਚ ਅਮਰੀਕਾ ਨੇ ਸਵਿਟਜ਼ਰਲੈਂਡ ਦੇ ਸਭ ਤੋਂ ਵੱਡੇ ਬੈਂਕ ਯੂ.ਐਸ.ਬੀ 'ਤੇ ਆਪਣੇ ਨਾਗਰਿਕਾਂ ਵੱਲੋਂ ਟੈਕਸ ਚੋਰੀ ਵਿਚ ਸਹਾਇਤਾ ਕਰਨ ਲਈ ਕਾਰਵਾਈ ਕੀਤੀ। ਉਸ ਨੇ ਬੈਂਕ 'ਤੇ 75 ਅਰਬ ਡਾਲਰ ਦਾ ਜ਼ੁਰਮਾਨਾ ਕੀਤਾ ਅਤੇ ਨਾਲ ਹੀ 4500 ਅਮਰੀਕੀ ਨਾਗਰਿਕਾਂ ਦੇ ਨਾਮ ਵੀ ਪ੍ਰਾਪਤ ਕੀਤੇ ਜਿਨ੍ਹਾਂ ਦੇ ਖਾਤੇ ਬੈਂਕ ਵਿਚ ਹਨ।

ਜਰਮਨੀ ਦੀ ਸਰਕਾਰ ਨੇ ਸਾਲ 2007 ਵਿਚ ਐਲ.ਜੀ.ਆਈ ਬੈਂਕ ਦੇ ਇਕ ਅਸੰਤੁਸ਼ਟ ਬੈਂਕਰ ਤੋਂ 40 ਲੱਖ ਯੂਰੋ ਵਿਚ ਉਹ ਡਿਸਕ ਖਰੀਦੀ, ਜਿਸ ਵਿਚ ਉਨ੍ਹਾਂ ਵਿਦੇਸ਼ੀਆਂ ਦੀ ਜਾਣਕਾਰੀ ਸੀ, ਜਿਨ੍ਹਾਂ ਦੇ ਖਾਤੇ ਬੈਂਕ ਵਿਚ ਸਨ। ਇਨ੍ਹਾਂ ਅੰਕੜਿਆਂ ਦੀ ਵਰਤੋਂ ਅਮਰੀਕਾ, ਬਰਤਾਨੀਆ, ਫਰਾਂਸ ਅਤੇ ਜਰਮਨੀ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ 'ਤੇ ਕਾਰਵਾਈ ਕਰਨ ਲਈ ਕਰ ਰਹੀਆਂ ਹਨ। ਭਾਰਤ ਸਰਕਾਰ ਨੇ ਪਹਿਲਾਂ ਤਾਂ ਇਸ ਡਾਟਾ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ, ਪਰ ਬਾਅਦ ਵਿਚ ਨਿਆਂ ਪਾਲਿਕਾ ਅਤੇ ਲੋਕ ਦਬਾਅ ਵਿਚ ਇਸ ਨੂੰ ਸਵੀਕਾਰ ਕਰ ਲਿਆ। ਫਰਾਂਸ ਨੇ ਗੁਪਤ ਖ਼ਾਤਿਆਂ ਦੀ ਜਾਣਕਾਰੀ ਵਾਲੀ ਸੀਡੀ ਐਚ.ਐਸ.ਬੀ.ਸੀ ਦੇ ਬੈਂਕਰ ਤੋਂ ਖਰੀਦੀ। ਇਹ ਡਾਟਾ ਭਾਰਤ ਸਰਕਾਰ ਨੂੰ ਵੀ ਮੁਹੱਈਆ ਕਰਾਇਆ ਗਿਆ ਅਤੇ ਜਿਵੇਂ ਕਿ ਦਿਖ ਰਿਹਾ ਹੈ ਕਿ ਇਸ ਆਧਾਰ 'ਤੇ ਕਾਰਵਾਈ ਵੀ ਸ਼ੁਰੂ ਕੀਤੀ ਗਈ। ਜੂਲੀਅਨ ਅਸਾਂਜ ਨੇ ਵੀ ਇਹ ਦਾਅਵਾ ਕੀਤਾ ਹੈ ਕਿ ਉਸ ਨੂੰ ਸਵਿਸ ਬੈਂਕ ਦੇ ਇਕ ਸਾਬਕਾ ਬੈਂਕਰ, ਰੂਡੋਲਫਏਲਮਰ ਨੇ ਭਾਰਤੀਆਂ ਦੇ ਵਿਦੇਸ਼ੀ ਖਾਤਿਆਂ ਵਾਲਾ ਡਾਟਾ ਦਿੱਤਾ ਹੈ। ਪਰ ਉਹ ਹਾਲੇ ਤੱਕ ਇਸ ਦਾ ਖੁਲਾਸਾ ਕਰਨ ਵਿਚ ਅਸਮਰਥ ਹੈ ਕਿਉਂਕਿ ਰੂਡੋਲਏਲਮਰ 'ਤੇ ਸਵਿਸ ਸਰਕਾਰ ਨੇ ਕਾਰਵਾਈ ਕਰਨ ਦੀ ਧਮਕੀ ਦਿੱਤੀ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਲੋਕਾਂ ਦੇ ਨਾਮਾਂ ਦੀ ਖੋਜ ਕਰਨ ਵਿਚ ਪਹਿਲ ਕਰੇ ਜਿਨ੍ਹਾਂ ਦੇ ਵਿਦੇਸ਼ੀ ਬੈਂਕਾਂ ਵਿਚ ਖਾਤੇ ਹੋ ਸਕਦੇ ਹਨ।

ਦੋ ਪਹਿਲੂ

ਵਿਦੇਸ਼ਾਂ ਵਿਚ ਕਾਲੇ ਧਨ ਦੇ ਰੱਖੇ ਜਾਣ ਦੇ ਦੋ ਪਹਿਲੂ ਹਨ। ਪਹਿਲਾ ਇਹ ਕਿ ਸੁਚਾਰੂ ਰੂਪ ਨਾਲ ਦੇਸ਼ ਤੋਂ ਬਾਹਰ ਜਾ ਰਹੇ ਧਨ ਨੂੰ ਰੋਕਿਆ ਜਾਣਾ ਚਾਹੀਦਾ ਹੈ। ਦੂਸਰਾ ਜਿਹੜਾ ਧਨ ਪਹਿਲਾਂ ਬਾਹਰ ਜਾ ਚੁੱਕਾ ਹੈ, ਉਸ ਨੂੰ ਲਿਆਏ ਜਾਣ ਦੀ ਜ਼ਰੂਰਤ ਹੈ। ਪਹਿਲੇ ਦੀ ਰੋਕਥਾਮ ਲਈ ਦੇਸ਼ ਅੰਦਰ ਕਾਲੇ ਧਨ ਦੇ ਨਿਰਮਾਣ ਨੂੰ ਰੋਕਿਆ ਜਾਣਾ ਚਾਹੀਦਾ ਹੈ। ਦੂਸਰੇ ਲਈ ਜ਼ਰੂਰੀ ਹੈ ਕਿ ਉਹ ਭਾਰਤੀ ਜਿਹੜੇ ਭਾਰਤ ਵਿਚ ਹਨ ਅਤੇ ਜਿਨ੍ਹਾਂ ਨੇ ਆਪਣੇ ਧਨ ਨੂੰ ਬਾਹਰ ਭੇਜਿਆ ਹੈ, ਉਨ੍ਹਾਂ 'ਤੇ ਕਾਰਵਾਈ ਕੀਤੀ ਜਾਵੇ। ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਜਿਹੜੇ ਲੋਕ ਪੈਸੇ ਨੂੰ ਛੁਪਾ ਕੇ ਬਾਹਰ ਭੇਜਦੇ ਹਨ ਉਹ ਲੋਕ ਅਜਿਹਾ ਗੁਪਤ ਢੰਗ ਨਾਲ ਅਤੇ ਗੈਰ-ਕਾਨੂੰਨੀ ਢੰਗ ਨਾਲ ਕਰਦੇ ਹਨ ਅਤੇ ਅਜਿਹੇ ਵਿਚ ਸਰਕਾਰ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਰਹਿੰਦਾ ਅਤੇ ਇਸ ਲਈ ਉਹ ਕਾਰਵਾਈ ਨਹੀਂ ਕਰ ਸਕਦੀ। ਇਹੀ ਉਹ ਕਾਰਨ ਹੈ ਜਿਸ ਦੇ ਚਲਦਿਆਂ ਡਬਲ ਟੈਕਸੇਸ਼ਨ ਅਵਾਈਡੈਂਸ (ਦੋਹਰਾ ਕਰਾਰੋਪਣ ਬਚਾਅ) ਸਮਝੌਤਾ ਵੀ ਮਦਦ ਨਹੀਂ ਦੇ ਸਕਦਾ।

ਜੇ ਸਰਕਾਰ ਨਹੀਂ ਜਾਣਦੀ ਕਿ ਕਾਲੇ ਧਨ ਦਾ ਨਿਰਮਾਣ ਕਿਵੇਂ ਹੁੰਦਾ ਹੈ ਅਤੇ ਕਿਵੇਂ ਇਹ ਦੇਸ਼ ਤੋਂ ਬਾਹਰ ਲੈ ਜਾਇਆ ਜਾਂਦਾ ਹੈ ਤਾਂ ਵੀ ਆਪਣੀ ਨਿਜੀ ਸਮਰਥਾ ਵਿਚ ਸਰਕਾਰੀ ਕਰਮਚਾਰੀ, ਨੇਤਾ, ਨੌਕਰਸ਼ਾਹ ਤੇ ਪੁਲਿਸ ਵਾਲੇ ਜਾਣਦੇ ਹਨ ਕਿ ਇਹ ਸਭ ਕਿਵੇਂ ਕੀਤਾ ਜਾਂਦਾ ਹੈ। ਹਵਾਲਾ ਰਾਹੀਂ ਵਿਦੇਸ਼ ਪੈਸਾ ਭੇਜਣ ਵਾਲਿਆਂ ਅਤੇ ਉਨ੍ਹਾਂ ਦੇ ਅੱਡਿਆਂ ਨੂੰ ਉਹ ਲੋਕ ਚੰਗੀ ਤਰ੍ਹਾਂ ਜਾਣਦੇ ਹਨ, ਜਿਹੜੇ ਉਨ੍ਹਾਂ ਦੀ ਸੇਵਾ ਲੈਂਦੇ ਹਨ। ਕੀ ਸੀ.ਬੀ.ਆਈ ਕੋਲ ਇਸ ਦੀ ਜਾਣਕਾਰੀ ਨਹੀਂ ਹੈ? ਜੇਕਰ ਨਹੀਂ ਹੈ ਤਾਂ ਉਹ ਆਪਣਾ ਕੰਮ ਠੀਕ ਢੰਗ ਨਾਲ ਨਹੀਂ ਕਰ ਰਹੀ ਹੈ। ਜੇਕਰ ਉਸ ਕੋਲ ਜਾਣਕਾਰੀ ਹੈ ਤਾਂ ਉਸ ਨੇ ਹਾਲੇ ਤੱਕ ਦੇਸ਼ ਵਿਚ ਹਵਾਲਾ ਕਾਰੋਬਾਰ ਨੂੰ ਰੋਕਣ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ?

**-ਅਨੁਵਾਦ : ਵਿਸ਼ਣੂ ਸ਼ਰਮਾ**




Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
Anuj Gupta
AMP, B.Com.
Associate Broker
CAAMP ACCHA
empowered by AXIOM
AMBA
BBB ACCREDITED BUSINESS
think MORTGAGE think AMP™



Krishna(KK)Gupta, AMP
"Experienced, Knowledgeable, Committed"
Serving the Community Since 1999

# ਜੰਗਲ : ਪੰਜਾਬ ਦੀ ਹਾਲਤ ਬੇਹੱਦ ਤਰਸਯੋਗ

ਵਿਜੇ ਬੰਬੇਲੀ

ਭਾਵੇਂ ਜੰਗਲਾਂ ਦੇ ਸੰਦਰਭ ਵਿਚ ਸਮੁੱਚੇ ਭਾਰਤ ਦੀ ਸਥਿਤੀ ਵੀ ਤਸੱਲੀਬਖ਼ਸ਼ ਨਹੀਂ ਕਹੀ ਜਾ ਸਕਦੀ, ਪਰ ਪੰਜਾਬ ਦੀ ਹਾਲਤ ਤਾਂ ਬੇਹੱਦ ਤਰਸਯੋਗ ਹੈ। ਭਾਰਤ ਦੇ ਮੁਕਾਬਲੇ ਪੰਜਾਬ ਦੀ ਕਮਜ਼ੋਰ ਅਨੁਪਾਤਕ ਸਥਿਤੀ ਇਕ ਵੱਡਾ ਖ਼ਤਰਾ ਸਮੋਈ ਬੈਠੀ ਹੈ। ਬੇਸ਼ੱਕ ਪੰਜਾਬ ਦੀ ਵਿਸ਼ੇਸ਼ ਭੂਗੋਲਿਕ ਸਥਿਤੀ ਅਤੇ ਖੇਤੀਬਾੜੀ ਪ੍ਰਮੁੱਖਤਾ ਕਾਰਨ ਇਥੇ ਉਸ ਰੂਪ ਵਿਚ ਜੰਗਲ ਨਹੀਂ ਚਿਤਵੇ ਜਾ ਸਕਦੇ ਜਿਵੇਂ ਹੋਣੇ ਚਾਹੀਦੇ ਹਨ, ਪਰ ਇਸ ਦਾ ਅਰਥ ਇਹ ਵੀ ਨਹੀਂ ਕਿ ਮਹਿਜ਼ ਇਸੇ ਦੀ ਆੜ ਹੇਠ ਕੁਦਰਤੀ ਸਮਤੋਲ ਅਤੇ ਮਨੁੱਖ ਪ੍ਰਤੀ ਜ਼ਿੰਮੇਵਾਰੀ ਤੋਂ ਭੱਜਿਆ ਜਾਵੇ। ਪੰਜਾਬ ਵਿਚ ਸਿਰਫ਼ ਜੰਗਲਾਤ ਵਿਭਾਗ ਉਪਰ ਹੀ ਨਿਰਭਰ ਹੋ ਕੇ ਨਹੀਂ ਸਰਨਾ ਸਗੋਂ ਭਰਾਤਰੀ ਮਹਿਕਮੇ ਬਾਗਬਾਨੀ, ਖੇਤੀਬਾੜੀ, ਵਿਸ਼ੇਸ਼ ਕਰਕੇ ਭੂਮੀ ਤੇ ਜਲ ਸੰਭਾਲ ਨੂੰ ਨਾਲ ਲੈ ਕੇ ਲੋਕਾਂ ਦੀ ਸ਼ਮੂਲੀਅਤ ਅਤੇ ਭਰੋਸਾ ਜਿੱਤ ਕੇ ਤਰਨਾ ਪਵੇਗਾ, ਤਦ ਹੀ ਢੁਕਵੇਂ ਸਿੱਟੇ ਕੱਢੇ ਜਾ ਸਕਦੇ ਹਨ।

ਭਾਰਤ ਅਤੇ ਜੰਗਲ : ਵਾਤਾਵਰਣ ਅਤੇ ਇਕਾਲੋਜੀ (ਪ੍ਰਸਥਿਤੀ ਵਿਗਿਆਨ) ਮਾਹਿਰਾਂ ਅਨੁਸਾਰ ਸਾਂਵੀ-ਪੱਧਰੀ ਜ਼ਿੰਦਗੀ ਲਈ ਕਰੀਬ 33 ਫੀਸਦੀ ਭੂਮੀ ਜੰਗਲਾਂ ਹੇਠ ਹੋਣੀ ਚਾਹੀਦੀ ਚਾਹੀਦੀ ਹੈ। ਕੇਂਦਰੀ ਵਣਰੋਪਣ ਕਮਿਸ਼ਨ (1980) ਅਨੁਸਾਰ ਸਾਡੇ ਦੇਸ਼ ਦਾ ਕੁੱਲ ਭੂਗੋਲਿਕ ਰਕਬੇ ਵਿਚੋਂ 22.8 ਫੀਸਦੀ ਖੇਤੀ ਜੰਗਲਾਂ ਨੇ ਮੱਲਿਆ ਹੋਇਆ ਹੈ। ਪਰ 'ਨੈਸ਼ਨਲ ਰੀਮੋਟ ਸੈਂਸਿੰਗ ਏਜੰਸੀ' ਇਸ ਫ਼ੀਸਦੀ ਨੂੰ ਨਕਾਰ ਕੇ ਸਿਰਫ਼ 19 ਫੀਸਦੀ ਹੀ ਸਹੀ ਮੰਨਦੀ ਹੈ। ਭਾਰਤ ਸਰਕਾਰ ਦੇ 1980-83 ਵਾਲੇ 'ਭਾਰਤ ਦਾ ਵਣ-ਸਰਵੇਖਣ' ਮੁਤਾਬਕ ਇਹ ਫੀਸਦੀ 16.7 ਫੀਸਦੀ ਹੈ, ਪਰ ਕੁਝ ਹੋਰ ਸਰਕਾਰੀ-ਗੈਰ ਸਰਕਾਰੀ ਸੰਸਥਾਵਾਂ ਇਨ੍ਹਾਂ ਨੂੰ ਵੀ ਚੁਣੌਤੀ ਦਿੰਦੀਆਂ ਹਨ ਕਿਉਂਕਿ ਜੰਗਲਾਂ ਦੇ ਵਰਗੀਕਰਣ ਦੇ ਆਧਾਰ 'ਤੇ ਸਿਰਫ਼ 'ਕੁਝ ਸੰਘਣੇ' (30-40 ਫੀਸਦੀ ਘਣਾਂ ਵਾਲੇ) ਵਣਾਂ ਦੀ ਹੀ ਗੱਲ ਕੀਤੀ ਜਾਵੇ ਤਾਂ ਵਣਰੋਪਣ ਸਿਰਫ਼ 10.9 ਫੀਸਦੀ ਹਿੱਸੇ ਉਪਰ ਹੀ ਟਿਕਦਾ ਹੈ।

ਸਾਲ 2005 ਦੇ ਅੰਕੜਿਆਂ ਅਨੁਸਾਰ ਸੰਸਾਰ ਦੇ ਵਿਸ਼ਾਲ ਵਣਖੇਤਰ ਵਾਲੇ ਦੇਸ਼ਾਂ ਵਿਚ ਭਾਰਤ ਦਾ ਸਥਾਨ 10ਵਾਂ ਹੈ। ਪਰ ਇਹ ਅੰਕੜੇ ਕਾਫੀ ਵਿਵਾਦਤ ਹਨ ਕਿਉਂਕਿ ਇਸ ਅਨੁਸਾਰ ਤਾਂ ਸਾਡੇ ਕੋਲ ਕਰੀਬ 68 ਕਰੋੜ ਹੈਕਟੇਅਰ ਸਾਂਵੇ-ਅਸਾਂਵੇ ਜੰਗਲ ਹਨ। ਇਹ ਅੰਕੜੇ ਤਿਆਰ ਕਰਨ ਵਿਚ ਕਿਉਂਕਿ ਕੌਮੀ/ਰਾਜ ਜੰਗਲਾਤ ਅਦਾਰਿਆਂ ਦਾ ਮੁੱਖ ਰੋਲ ਸੀ, ਸੋ ਅਸਲ ਤਸਵੀਰ ਦੀ ਬਜਾਏ ਸ਼ੱਕ ਦੀ ਸੂਈ ਜ਼ਿਆਦਾ ਤਿੱਖੀ ਹੈ। ਉਕਤ ਅਨੁਸਾਰ ਇਹ ਫੀਸਦੀ ਤਾਂ 21 ਫੀਸਦੀ ਬੈਠਦੀ ਹੈ, ਜਿਹੜ 10.9 ਫੀਸਦੀ ਨਾਲੋਂ ਤਕਰੀਬਨ ਦੁੱਗਣੀ ਹੈ।

ਇਸ ਸੰਦਰਭ ਵਿਚ ਪੰਜਾਬ ਦੀ ਸਥਿਤੀ ਬੇਹੱਦ ਤਰਸਯੋਗ ਹੈ, ਜਿੱਥੇ 'ਜੰਗਲ' ਦੀ ਪ੍ਰਿਭਾਸ਼ਾ ਅਨੁਸਾਰ ਤਾਂ ਕਰੀਬ-ਕਰੀਬ ਜੰਗਲ ਰਹੇ ਹੀ ਨਹੀਂ। ਪੰਜਾਬ ਰਾਜ ਦੇ ਕੁੱਲ 50,362 ਵਰਗ ਕਿਲੋਮੀਟਰ ਖੇਤਰਫਲ ਵਿਚੋਂ ਸਿਰਫ਼ 2868 ਵਰਗ ਕਿਲੋਮੀਟਰ ਰਕਬਾ ਹੀ ਮਹਿਜ਼ ਨਾਂ ਦੇ ਜੰਗਲਾਂ ਹੇਠ ਹੈ। ਇਹ ਜੰਗਲੀ ਖੇਤਰ ਵੀ ਝਾੜੀ-ਨੁਮਾ (ਗੈਰ ਲਾਭਦਾਇਕ) ਹੈ। ਅਜਿਹਾ ਕਿਉਂ? ਇਸ ਦਾ ਉਤਰ ਵੀ ਜੰਗਲਾਤ ਵਿਭਾਗ ਕੋਲ ਹੀ ਹੈ ਅਤੇ ਉਤਰ ਦੇਣ ਤੋਂ ਪਹਿਲਾਂ ਤਿੱਖੇ ਮੁਲਅੰਕਣ ਦੀ ਲੋੜ ਹੈ। ਪੰਜਾਬ ਰਾਜ ਦੇ ਕੁੱਲ ਖੇਤਰ ਦਾ ਸਿਰਫ਼ 3.2 ਤੋਂ 5.7 ਫੀਸਦੀ ਹਿੱਸਾ ਹੀ ਜੰਗਲਾਂ ਹੇਠ ਹੈ, ਜਿਹੜਾ ਜ਼ਰੂਰੀ 33 ਫੀਸਦੀ ਦਾ ਸੱਤਵਾਂ ਹਿੱਸਾ ਬਣ ਗਿਆ ਹੈ।

ਜੰਗਲ ਅਨੁਮਾਨ : ਬਹੁਤੇ ਸੰਘਣੇ ਜੰਗਲਾਂ ਵਿਚ ਅਜਿਹੇ ਵਣ ਆਉਂਦੇ ਹਨ ਜਿਥੇ ਬਿਰਖਾਂ ਦਾ ਸੰਘਣਾਪਨ 70 ਫੀਸਦੀ ਤੋਂ ਵਧ ਹੈ। ਇਸ ਤੋਂ ਬਾਅਦ ਦਰਮਿਆਨੇ ਤੇ ਸੰਘਣੇ ਜੰਗਲ ਆਉਂਦੇ ਹਨ, ਜਿਨ੍ਹਾਂ ਵਿਚ ਬਿਰਖਾਂ ਦਾ ਸੰਘਣਾਪਨ 40 ਤੋਂ 70 ਫੀਸਦੀ ਹੁੰਦਾ ਹੈ। ਖੁੱਲ੍ਹੇ ਜੰਗਲਾਂ ਦਾ ਸੰਘਣਾਪਨ 10-40 ਫੀਸਦੀ ਹੁੰਦਾ ਹੈ। ਝਾੜੀਆਂ ਵਿਚ ਅਜਿਹੇ ਵਣ-ਖੇਤਰ ਆਉਂਦੇ ਹਨ, ਜਿਥੇ ਵਣਭੂਮੀ ਵਿਚ ਰੁੱਖਾਂ ਦੀ ਪੈਦਾਵਾਰ ਬਹੁਤ ਕਮਜ਼ੋਰ ਹੁੰਦੀ ਹੈ ਅਤੇ ਸੰਘਣਾਪਨ ਸਿਰਫ਼ 10 ਫੀਸਦੀ ਤੱਕ ਹੀ ਹੁੰਦਾ ਹੈ। ਪੰਜਾਬ ਅਜਿਹੇ ਝਾੜੀ-ਬਿਰਖਾਂ ਵਾਲੇ ਸੋਮਿਆਂ (10 ਫੀਸਦੀ ਸੰਘਣਤਾ) ਨੂੰ ਹੀ ਜੰਗਲ ਮੰਨੀ ਬੈਠਾ ਹੈ। ਉਂਝ ਪੰਜਾਬ ਵਣ ਕੈਟਾਗਰੀ ਅਨੁਸਾਰ 4336 ਹੈਕਟੇਅਰ ਰਿਜ਼ਰਵ ਫੌਰੈਸਟ ਅਧੀਨ, 41680 ਹੈਕ. ਪਰੋਟੈਕਟਿਡ, 73612 ਹੈਕ. ਸ਼ਟਰਿਪ ਅਤੇ 18222 ਹੈਕ. ਅਨਕਲਾਸ ਫੌਰੈਸਟ ਰਕਬਾ 'ਦਰਸਾਇਆ' ਗਿਆ ਹੈ ਅਤੇ ਪੰਜਾਬ ਲੈਂਡ ਪਰੀਜ਼ਰਵੇਸ਼ਨ ਐਕਟ 1900 ਅਤੇ ਸੈਕਸ਼ਨ 38 ਇੰਡੀਅਨ ਫੌਰੈਸਟ ਐਕਟ 1927 ਆਦਿ ਅਨੁਸਾਰ 1,67,320 ਹੈਕ. ਰਕਬਾ ਸਰਕਾਰੀ ਕਾਗਜ਼ਾਂ ਵਿਚ 'ਘਿਰਿਆ' ਹੋਇਆ ਹੈ।

ਭਾਰਤ ਦੀ ਵਣ ਸਥਿਤੀ ਰਿਪੋਰਟ (2005) ਅਨੁਸਾਰ ਦੇਸ਼ ਵਿਚ 67.71 ਫੀਸਦੀ ਕਰੋੜ ਹੈਕਟੇਅਰ ਵਣ ਖੇਤਰ ਹੈ, ਜਿਹੜਾ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ 20.60 ਫੀਸਦੀ ਹੈ। ਰਿਪੋਰਟ ਅਨਸਾਰ ਇਸ ਵਿਚ 5.46 ਕਰੋੜ ਹੈਕਟੇਅਰ (1.66 ਫੀਸਦੀ) ਖੇਤਰ ਵਿਚ ਸੰਘਣੇ ਜੰਗਲ, 33.26 ਕਰੋੜ ਹੈਕਟਰ ਖੇਤਰ (10.12 ਫੀਸਦੀ) ਵਿਚ ਦਰਮਿਆਨੇ ਸੰਘਣੇ ਜੰਗਲ ਅਤੇ ਬਾਕੀ 28.99 ਕਰੋੜ ਹੈਕਟੇਅਰ (8.82 ਫੀਸਦੀ) ਵਿਚ ਹੋਰ ਵਣ ਸ਼ਾਮਿਲ ਹਨ, ਜਿਨ੍ਹਾਂ ਵਿਚ 0.44 ਕਰੋੜ ਹੈਕ. ਮਨੁੱਖ ਦੁਆਰਾ ਉਗਾਏ ਜੰਗਲ ਵੀ ਸ਼ਾਮਿਲ ਹਨ।

ਬਿਰਖ ਕਵਰ : ਦੇਸ਼ ਦੇ 120 ਜੰਗਲੀ ਜ਼ਿਲ੍ਹਿਆਂ ਵਿਚ ਵਣਾਂ ਬਾਰੇ ਕੀਤੀ ਗਈ ਨਕਸ਼ਾ-ਬੰਦੀ ਅਨੁਸਾਰ 9.17 ਕਰੋੜ ਹੈਕਟੇਅਰ ਖੇਤਰ ਵਿਚ ਸਿਰਫ਼ ਬਿਰਖ ਕਵਰ ਹਨ, ਜਿਹੜੇ ਕਿ ਕੁੱਲ ਭੂਗੋਲਿਕ ਖੇਤਰ ਦਾ 2.8 ਫੀਸਦ ਹੈ। ਬਿਰਖ ਕਵਰ ਦੇ ਮਾਮਲੇ ਵਿਚ ਮਹਾਰਾਸ਼ਟਰ, ਰਾਜਸਥਾਨ, ਉਤਰ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਗੁਜਰਾਤ ਸਭ ਤੋਂ ਉਪਰ ਹਨ। ਜਦ ਕਿ ਵਣ ਭਰਪੂਰ ਰਾਜ ਖਾਸ ਤੌਰ 'ਤੇ ਉਤਰ-ਪੂਰਬ ਵਿਚ ਸੀਮਤ ਬਿਰਖ ਕਵਰ ਹਨ। ਹਿਮਾਚਲ, ਜੰਮੂ-ਕਸ਼ਮੀਰ ਸਮੇਤ ਕੁਝ ਹੋਰ ਰਾਜ ਵੀ ਕਿਸੇ ਹੱਦ ਤੀਕ ਇਸ ਪ੍ਰਿਭਾਸ਼ਾ ਹੇਠ ਆਉਂਦੇ ਹਨ ਪਰ ਪੰਜਾਬ ਕਿਧਰੇ ਨਹੀਂ ਰੜਕਦਾ। ਵਣਾਂ ਵਾਲੇ ਖਿੱਤੇ : ਦੇਸ਼ ਵਿਚਲੇ ਨਿਰੋਲ ਵਣ ਵਾਲੇ ਖੇਤਰਾਂ ਵਿਚ ਮੱਧ ਪ੍ਰਦੇਸ਼ ਦਾ ਪਹਿਲਾ ਸਥਾਨ ਹੈ, ਜਿਥੇ ਦੇਸ਼ ਦੇ ਕੁੱਲ ਵਣ ਵਾਲੇ ਇਲਾਕੇ ਦੇ 11.22 ਫੀਸਦੀ ਖੇਤਰ ਵਿਚ ਵਣ ਹੈ। ਅਰੁਣਾਚਲ ਪ੍ਰਦੇਸ਼ ਵਿਚ 10.01 ਫੀਸਦੀ, ਛੱਤੀਸਗੜ੍ਹ ਵਿਚ 8.25 ਫੀਸਦੀ, ਉੜੀਸਾ ਵਿਚ 7.15 ਅਤੇ ਮਹਾਰਾਸ਼ਟਰ ਵਿਚ 7.1 ਫੀਸਦ ਨਿਰੋਲ ਜੰਗਲ ਵਾਲਾ ਹੈ। ਦੇਸ਼ ਦੇ ਕੁੱਲ ਵਣ ਵਾਲੇ ਖੇਤਰ ਦਾ 25.11 ਫੀਸਦੀ ਵਣ ਖੇਤਰ ਪੂਰਬ-ਉਤਰ ਦੇ 7 ਰਾਜਾਂ ਵਿਚ ਹੈ, ਜਿਥੇ ਸਾਰੇ 188 ਜਨਜਾਤੀ/ਆਦਿਵਾਸੀ ਜ਼ਿਲ੍ਹਿਆਂ ਵਿਚ ਦੇਸ਼ ਦੇ ਕੁਝ ਜੰਗਲੀ ਖੇਤਰ ਦਾ 60.11 ਫੀਸਦੀ ਵਣ ਹੈ। ਸਾਹਿਲੀ (ਤੱਟੀ) ਖੇਤਰ ਦੇ ਵਣਾਂ ਤਹਿਤ ਦੇਸ਼ ਦਾ ਕੁਲ 0.44 ਕਰੋੜ ਹੈਕਟੇਅਰ ਰਕਬਾ ਆਉਂਦਾ ਹੈ। ਇਸ ਵਿਚ ਪੱਛਮੀ ਬੰਗਾਲ ਦੇ ਸੰਦੁਰ ਵਣ ਵਿਚ 47 ਫੀਸਦੀ, ਗੁਜਰਾਤ ਵਿਚ 21 ਫੀਸਦੀ ਅਤੇ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਚ 14 ਫੀਸਦੀ ਹੈ। ਪੰਜਾਬ ਜਿਥੇ ਕੁ ਖੜ੍ਹਾ ਹੈ, ਨਾ ਹੀ ਪੁੱਛੋ।

ਪੰਜਾਬ ਦੇ ਵਣ : 1966 ਵਿਚ ਰਾਜਾਂ ਦੇ ਪੁਨਰਗਠਨ ਸਦਕਾ ਪੰਜਾਬ ਕੋਲੋਂ ਬਹੁਤ ਸਾਰੇ ਜੰਗਲ ਖੁਸ ਗਏ। ਦੇਸ਼ ਦੀ ਵਣਨੀਤੀ (1984) ਅਨੁਸਾਰ ਦੇਸ਼ ਦੇ ਕੁੱਲ ਰਕਬੇ ਦਾ ਤੀਜਾ ਹਿੱਸਾ ਜੰਗਲਾਂ ਹੇਠਾਂ ਹੋਣਾ ਚਾਹੀਦਾ ਹੈ ਜਦਕਿ ਪੰਜਾਬ ਵਿਚ ਇਹ ਸਿਰਫ਼ 20ਵਾਂ ਹੈ। ਜੀਅ ਪ੍ਰਤੀ ਆਧਾਰ 'ਤੇ ਭਾਰਤ ਵਿਚ 0.15 ਹੈਕਟੇਅਰ ਜੰਗਲ ਹਨ, ਜਦੋਂ ਕਿ ਪੰਜਾਬ ਵਿਚ ਇਹ ਹਿੱਸਾ ਸਿਰਫ਼ 0.01 ਹੈਕਟੇਅਰ ਹੈ।

ਬਿਨਾਂ ਸ਼ੱਕ, ਅਸੀਂ ਖੇਤੀਬਾੜੀ ਵਿਚ ਬੜੀ ਤਰੱਕੀ ਕੀਤੀ ਹੈ। ਪੰਜਾਬ ਸਮੁੱਚੇ ਖੇਤਰਫਲ ਦਾ 1.54 ਫੀਸਦੀ ਹੈ, ਫਿਰ ਵੀ ਇਸ ਨੇ ਦੇਸ਼ ਨੂੰ ਕਰੀਬ 60 ਫੀਸਦੀ ਅਨਾਜ ਦੇ ਕੇ ਸ਼ਕਤੀਸ਼ਾਲੀ ਖੇਤੀ ਜੁਗਾੜ ਦਾ ਸਬੂਤ ਦਿੱਤਾ ਹੈ, ਪਰ ਇਸ ਵਿਕਾਸ ਨੇ ਸਾਡੇ ਸਮੁੱਚੇ ਵਾਤਾਵਰਣ ਵਿਚ ਉਲਾਰ ਸਥਿਤੀ ਪੈਦਾ ਕਰ ਦਿੱਤੀ ਹੈ। ਨਿੱਤ ਨਵੀਆਂ ਸਮੱਸਿਆਵਾਂ ਸਾਡੀ ਖੇਤੀ ਨੂੰ ਘੇਰ ਰਹੀਆਂ ਹਨ। ਦੂਸ਼ਿਤ ਵਾਤਾਵਰਣ, ਭੌਂ ਜਰਖੇਜ਼ਤਾ ਵਿਚ ਕਮੀ, ਅਸਾਂਵੀ ਵਰਖਾ, ਜਲ-ਸੰਕਟ, ਭੌਂ-ਖੋਰ, ਕੱਲਰ, ਸੇਮ, ਹੜ ਆਦਿ ਬਿਪਤਾਵਾਂ ਨੇ ਸਾਡੇ ਕੁਦਰਤੀ (ਇਕਾਲੋਜੀਕਲ) ਸਮਤੋਲ ਨੂੰ ਵਿਗਾੜਨਾ ਸ਼ੁਰੂ ਕਰ ਦਿੱਤਾ ਹੈ।

ਉਕਤ ਸਾਰੇ ਕਾਰਨਾਂ ਦੇ ਪੈਦਾ ਹੋਣ ਪਿੱਛੇ ਪੰਜਾਬ ਵਿਚ ਤੇਜ਼ੀ ਨਾਲ ਘਟਦੇ ਦਰਖ਼ਤ ਵੀ ਹਨ। ਸੰਨ 1985-86 ਵਿਚ 2,82,296 ਹੈਕਟੇਅਰ ਭੂਮੀ ਜੰਗਲਾਂ ਹੇਠ ਸੀ, ਪਰ 1988-89 ਵਿਚ ਇਹੀ ਘਟ ਕੇ 2,64,237 ਹੈਕਟੇਅਰ ਰਹਿ ਗਈ। ਪੰਜਾਬ ਦੇ ਸੰਦਰਭ ਵਿਚ ਜੰਗਲਾਤ ਨੀਤੀ ਦਰੁਸਤ ਕਰਨ ਦੀ ਲੋੜ ਹੈ। ਸਿਰਫ਼ ਜੰਗਲ ਉਗਾਉਣ ਨਾਲ ਨਹੀਂ ਸਰਨਾ, ਜੰਗਲਾਂ ਦੀ ਮੂਲ ਮਾਂ, ਭੂਮੀ ਅਤੇ ਜਲ ਸੰਭਾਲ ਨੂੰ ਵੀ ਤਵੱਜੋ ਦੇਣੀ ਪਵੇਗੀ ਕਿਉਂਕਿ ਪਹਿਲਾਂ ਮਿੱਟੀ ਅਤੇ ਪਾਣੀ ਹੈ, ਫਿਰ ਹੀ ਬਨਸਪਤੀ ਉਪਰੰਤ ਜੀਵਿਕਾ।

ਪਹਾੜੀ ਖਿੱਤਿਆਂ ਵਿਚ ਜੰਗਲ: ਪਹਾੜੀ ਖੇਤਰਾਂ ਵਿਚ ਵਣਾਂ ਦਾ ਹੋਣਾ ਪ੍ਰਸਥਿਤਕੀ ਸੰਤੁਲਨ (ਇਕਾਲੋਜੀਕਲ ਬੈਲੰਸ) ਅਤੇ ਵਾਤਾਵਰਣ ਸਥਿਰਤਾ ਦੀ ਦ੍ਰਿਸ਼ਟੀ ਤੋਂ ਜ਼ਰੂਰੀ ਤਾਂ ਹੈ ਹੀ, ਇਸ ਨਾਲ ਭੂਮੀ ਕਟਾਅ ਅਤੇ ਜ਼ਮੀਨ ਦੀ ਗੁਣਵੱਤਾ ਵਿਚ ਗਿਰਾਵਟ ਨੂੰ ਰੋਕਣ ਵਿਚ ਵੀ ਮਦਦ ਮਿਲਦੀ ਹੈ। ਜਲ ਸੋਮੇ ਅਤੇ ਜਲ-ਤੱਲ ਨੂੰ ਵੀ ਸਥਿਰਤਾ ਮਿਲਦੀ ਹੈ। ਜਨੌਰਾਂ, ਵਰਖਾ ਅਤੇ ਵਿਸ਼ਵ ਤਾਪਮਾਨ ਦੇ ਸੰਦਰਭ ਵਿਚ ਇਹ ਜ਼ਿਆਦਾ ਲਾਹੇਵੰਦ ਹੈ। ਪੰਜਾਬ, ਜਿਸ ਦਾ ਮੈਦਾਨੀ ਇਲਾਕਾ ਸੰਘਣੀ ਖੇਤੀ ਹੇਠ ਹੈ, ਦੇ ਮੱਦੇਨਜ਼ਰ ਪਹਾੜੀ ਖਿੱਤੇ ਪ੍ਰਤੀ ਧਿਆਨ ਇਕਾਗਰ ਕਰਨਾ ਹੋਰ ਵੀ ਜ਼ਰੂਰੀ ਹੈ। ਰਾਸ਼ਟਰੀ ਵਣ ਨੀਤੀ (1988) ਵਿਚ ਇਸ ਗੱਲ ਉਤੇ ਜ਼ੋਰ ਦਿੱਤਾ ਗਿਆ ਹੈ ਕਿ ਦੇਸ਼ ਦੇ ਪਹਾੜੀ ਖੇਤਰਾਂ ਵਿਚ ਦੋ ਤਿਹਾਈ ਭੂਗੋਲਿਕ ਖੇਤਰ ਜੰਗਲਾਂ ਹੇਠ ਹੋਣ। ਪੰਜਾਬ ਦੇ ਪਹਾੜੀ ਖਿੱਤਿਆਂ ਦੀ ਭੈੜੀ ਹਾਲਤ ਨੂੰ ਛੱਡ ਕੇ ਦੇਸ਼ ਦੇ ਬਾਕੀ ਖੇਤਰਾਂ ਵਿਚ ਇਹ ਦਰ 66 ਫੀਸਦੀ ਦੇ ਮੁਕਾਬਲੇ 52.40 ਫੀਸਦੀ ਹੈ, ਜਿਹੜੀ ਕਿ ਕਾਫੀ ਹੱਦ ਤੱਕ ਤਸੱਲੀਬਖ਼ਸ਼ ਹੈ। ਦਰਅਸਲ ਪਹਾੜਾਂ ਰਾਹੀਂ ਅਸੀਂ ਕੁੱਲ ਰਕਬੇ ਵਿਚੋਂ ਤੀਜਾ ਹਿੱਸਾ ਜੰਗਲ ਜ਼ਰੂਰ ਹੋਣ ਦਾ ਨਿਸ਼ਾਨਾ ਪੂਰਾ ਕਰ ਸਕਦੇ ਹਾਂ।

ਪੰਜਾਬ ਦੇ ਪਹਾੜੀ ਖੇਤਰਾਂ ਦੀ ਵੀ ਮਾੜੀ ਹਾਲਤ; ਲੋਅਰ ਸ਼ਿਵਾਲਕ ਅਤੇ ਕੰਢੀ ਖੇਤਰ ਵਿਚ ਉਥੋਂ ਦੇ ਵਾਸ਼ਿੰਦਿਆਂ ਅਤੇ ਕੁਦਰਤੀ ਸੋਮਿਆਂ ਨਾਲ ਸਬੰਧਤ ਭਰਾਤਰੀ ਮਹਿਕਮਿਆਂ ਨੂੰ ਨਾਲ ਲੈ ਕੇ ਨਾ ਚੱਲਣ ਦੀ ਜੰਗਲਾਤ ਵਿਭਾਗ ਦੀ ਅਚੇਤ-ਸੁਚੇਤ ਨੀਤੀ ਅਨੁਸਾਰ ਹੀ ਅਜਿਹੀ ਦੁਰਦਸ਼ਾ ਹੋਈ ਹੈ। ਜੰਗਲਾਤ ਨਿਯਮਾਂ ਨੂੰ 'ਥਾਣੇਦਾਰੀ ਤਰਜ਼' ਨਾਲ ਨਹੀਂ ਸਗੋਂ ਉਸ ਦੀ ਮੂਲ-ਭਾਵਨਾ ਅਨੁਸਾਰ ਲਾਗੂ ਕਰਨ ਦੀ ਲੋੜ ਹੈ। ਭੂਮੀ ਤੇ ਜਲ ਸੰਭਾਲ ਵਰਗੇ ਕੁਦਰਤੀ ਸਰੋਤਾਂ ਨਾਲ ਜੁੜੇ ਹੋਏ ਮਹਿਕਮਿਆਂ ਦੇ ਕਾਰਜ ਪਹਾੜੀ ਖਿੱਤਿਆਂ ਵਿਚ ਕੁੰਜੀਵਤ ਰੋਲ ਅਦਾ ਕਰ ਸਕਦੇ ਹਨ। ਸਿਰ-ਜੋੜ ਕੇ ਬੈਠਣ ਅਤੇ ਭਾਈਵਾਲ ਕੋਸ਼ਿਸ਼ਾਂ ਨਾਲ ਹੀ ਹੱਲ ਸੰਭਵ ਹੈ।

# ਬੰਪਰ ਫਸਲ ਨੂੰ ਕਿਵੇਂ ਸੰਭਾਲੀਏ?

ਮਨਜੀਤ ਸਿੰਘ ਸਿੱਧੂ

ਕਣਕ ਦੇ ਉਤਪਾਦਨ ਵਿਚ ਪੰਜਾਬ ਅਤੇ ਹਰਿਆਣਾ ਸਮੇਤ ਪੂਰੇ ਦੇਸ਼ ਵਿਚ ਪਿਛਲੇ ਸਾਰੇ ਰਿਕਾਰਡ ਟੁੱਟ ਚੁੱਕੇ ਹਨ। ਮੌਸਮ ਦੀ ਮੇਹਰਬਾਨੀ, ਕਿਸਾਨਾਂ ਦੀ ਮਿਹਨਤ ਅਤੇ ਤਕਨੀਕੀ ਕੁਸ਼ਲਤਾ ਨਾਲ ਅਜਿਹਾ ਹੋਇਆ ਹੈ। ਬਿਨਾਂ ਸ਼ੱਕ ਇਸ ਨਾਲ ਦੇਸ਼ ਦੀ ਆਰਥਿਕ ਤਰੱਕੀ ਵਿਚ ਹੈਰਾਨੀਜਨਕ ਉਛਾਲ ਆਵੇਗਾ। ਇੰਨੇ ਅਨਾਜ ਦੀ ਜੇਕਰ ਸਹੀ ਸਾਂਭ-ਸੰਭਾਲ ਹੋ ਜਾਵੇ ਤਾਂ ਨਾ ਕੇਵਲ ਭਾਰਤ ਬਲਕਿ ਅਨਾਜ ਦੀ ਕਮੀ ਨਾਲ ਜੂਝ ਰਹੇ ਦੁਨੀਆ ਦੇ ਕਈ ਦੇਸ਼ਾਂ ਵਿਚ ਵੀ ਦੋ ਵਕਤ ਦੀ ਰੋਟੀ ਦੀ ਸਮੱਸਿਆ ਨਹੀਂ ਆਉਣੀ ਚਾਹੀਦੀ। ਹਾਲਾਂਕਿ ਇਸ ਦੇ ਬਾਵਜੂਦ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਸ ਸਾਲ ਜਿੰਨਾ ਅਨਾਜ ਪੰਜਾਬ ਤੇ ਹੋਰ ਰਾਜਾਂ ਦੇ ਕਿਸਾਨਾਂ ਨੇ ਪੈਦਾ ਕੀਤਾ ਹੈ, ਕੀ ਦੇਸ਼ ਦਾ ਸਰਕਾਰੀ ਤੰਤਰ ਉਸ ਦਾ ਉਚਿਤ ਭੰਡਾਰਨ ਕਰ ਸਕੇਗਾ? ਕਿਉਂਕਿ ਸਾਲ 2011-12 'ਚ ਹਾੜੀ ਅਤੇ ਸਾਉਣੀ ਦੇ ਮੌਸਮ ਵਿਚ ਚਾਵਲ, ਕਣਕ, ਮੱਕੀ, ਬਾਜਰਾ, ਜਵਾਰ ਤੇ ਦਾਲਾਂ ਆਦਿ ਦੀ ਪੈਦਾਵਾਰ 2526 ਲੱਖ ਟਨ (256.6 ਮਿਲੀਅਨ ਟਨ) ਦਾ ਅੰਕੜਾ ਪਾਰ ਕਰ ਚੁੱਕੀ ਹੈ। ਅਨਾਜ ਭੰਡਾਰਨ ਦੀ ਸਮੱਸਿਆ ਕਿੰਨੀ ਗੰਭੀਰ ਹੋ ਚੁੱਕੀ ਹੈ, ਪੰਜਾਬ ਇਸ ਦੀ ਮਿਸਾਲ ਹੈ। ਕੇਂਦਰ ਸਰਕਾਰ ਤਾਂ ਦੂਰ ਪੰਜਾਬ ਸਰਕਾਰ ਸਮੇਤ ਪੰਜਾਬ ਦੇ ਕਿਸਾਨ ਤੱਕ ਨੂੰ ਪਤਾ ਨਹੀਂ ਸੀ ਕਿ ਇਸ ਵਾਰ ਕਣਕ ਦੀ ਫਸਲ ਪਿਛਲੇ ਸਾਰੇ ਰਿਕਾਰਡ ਨੂੰ ਮਾਤ ਦੇ ਦੇਵੇਗੀ। 1966 ਤੋਂ ਬਾਅਦ ਪੂਰੇ ਦੇਸ਼ ਦੇ ਕੇਵਲ 2 ਫੀਸਦੀ ਤੋਂ ਵੀ ਘੱਟ ਰਕਬੇ ਵਾਲੇ ਪੰਜਾਬ ਵਿਚ ਕਣਕ ਦਾ ਇੰਨਾ ਉਤਪਾਦਨ ਕਦੇ ਨਹੀਂ ਹੋਇਆ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਪੰਜਾਬ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ 125 ਲੱਖ ਟਨ ਨੂੰ ਵੀ ਪਾਰ ਕਰ ਗਈ ਹੈ। ਪਿਛਲੇ ਸਾਲ ਦਾ 112 ਲੱਖ ਟਨ ਦਾ ਰਿਕਾਰਡ ਵੀ ਟੁੱਟ ਗਿਆ, ਜਦੋਂ ਕਿ ਕੁਲ ਉਤਪਾਦਨ 170 ਲੱਖ ਟਨ ਤੋਂ ਜ਼ਿਆਦਾ ਦਾ ਮਾਪਿਆ ਜਾ ਰਿਹਾ ਹੈ। ਪੰਜਾਬ ਦੇ ਖੇਤੀ ਵਿਭਾਗ ਨੇ ਇਸ ਵਾਰ 110 ਲੱਖ ਟਨ ਕਣਕ ਮੰਡੀਆਂ ਵਿਚ ਪਹੁੰਚਾਉਣ ਦਾ ਟੀਚਾ ਦਿੱਤਾ ਸੀ, ਪਰ ਖੁਰਾਕ ਤੇ ਸਪਲਾਈ ਵਿਭਾਗ ਨੇ ਟੀਚੇ ਤੋਂ ਪੰਜ ਲੱਖ ਟਨ ਜ਼ਿਆਦਾ ਭਾਵ 115 ਲੱਖ ਟਨ ਕਣਕ ਦੀ ਖਰੀਦ ਦੇ ਪ੍ਰਬੰਧ ਕੀਤੇ ਸਨ।

1 ਅਪ੍ਰੈਲ 2012 ਨੂੰ ਜਦੋਂ ਪੰਜਾਬ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਸ਼ੁਰੂ ਹੋਈ ਤਾਂ ਪੰਜਾਬ ਦੇ ਗੋਦਾਮਾਂ ਵਿਚ 68 ਲੱਖ ਟਨ ਅਨਾਜ ਪਿਛਲੇ ਸਾਲਾਂ ਦਾ ਹੀ ਜਮ੍ਹਾਂ ਪਿਆ ਸੀ, ਜਿਸ ਵਿਚੋਂ 40 ਲੱਖ ਮੀਟ੍ਰਿਕ ਟਨ ਅਨਾਜ ਲਗਪਗ ਦੋ ਸਾਲ ਪੁਰਾਣਾ ਹੈ ਅਤੇ ਇਸ ਦਾ ਵੱਡਾ ਹਿੱਸਾ ਖੁੱਲ੍ਹੇ ਆਸਮਾਨ ਹੇਠਾਂ ਪਿਆ ਹੈ। ਜਦੋਂ ਕਿ 1 ਅਪ੍ਰੈਲ 2011 ਨੂੰ ਇਸ ਦੀ ਮਾਤਰਾ 51 ਲੱਖ ਮੀਟ੍ਰਿਕ ਟਨ ਸੀ। ਠੀਕ ਇਸੇ ਤਰ੍ਹਾਂ 2011 ਵਿਚ ਚਾਵਲ ਦਾ ਸਟਾਕ 60 ਲੱਖ ਮੀਟ੍ਰਿਕ ਟਨ ਸੀ, ਜੋ 2012 ਵਿਚ ਘੱਟ ਹੋਣ ਦੀ ਬਜਾਏ ਵਧ ਕੇ 67 ਲੱਖ ਮੀਟ੍ਰਿਕ ਟਨ ਹੋ ਗਿਆ। ਭਾਵ ਸੁਸਤ ਢੁਆਈ ਕਾਰਨ ਪੰਜਾਬ ਵਿਚ 2011 ਦੀ ਬਜਾਏ 2012 ਵਿਚ ਪਿਛਲੇ ਸਟਾਕ ਕਾਰਨ ਹੀ ਲਗਪਗ 25 ਲੱਖ ਮੀਟ੍ਰਿਕ ਟਨ ਸਟੋਰੇਜ ਸਮਰਥਾ ਘੱਟ ਸੀ।

ਤ੍ਰਾਸਦੀ ਇਹ ਹੈ ਕਿ ਇਸ ਵਿਚ ਚੌਲਾਂ ਦਾ ਲਗਪਗ 35 ਲੱਖ ਟਨ ਉਹ ਸਟਾਕ ਸ਼ਾਮਿਲ ਨਹੀਂ ਹੈ, ਜਿਸ ਦੀ ਮੀਲਿੰਗ ਹੋਣੀ ਹਾਲੇ ਬਾਕੀ ਹੈ ਕਿਉਂਕਿ ਸਾਲ 2011-12 ਵਿਚ ਝੋਨੇ ਦੀ ਕੁੱਲ 116 ਲੱਖ ਮੀਟ੍ਰਿਕ ਟਨ ਖਰੀਦ ਹੋਈ ਸੀ, ਜਿਸ ਵਿਚੋਂ ਮਿਲਿੰਗ ਉਪਰੰਤ 77 ਲੱਖ ਟਨ ਚੌਲ ਤਿਆਰ ਹੋਣੇ ਸਨ, ਜੋ ਇਕ ਮਹੀਨਾ ਪਹਿਲਾਂ ਤੱਕ ਕੇਵਲ 40 ਲੱਖ ਟਨ ਹੀ ਦਰਜ ਹੋਇਆ ਸੀ, ਭਾਵ ਜੂਨ ਦੇ ਅੰਤ ਤੱਕ ਲਗਪਗ 37 ਲੱਖ ਟਨ ਚੌਲਾਂ ਨੂੰ ਵੀ ਕਵਰਡ ਸਟੋਰੇਜ ਦੀ ਲੋੜ ਪੈਣੀ ਹੈ ਕਿਉਂਕਿ ਚੌਲਾਂ ਨੂੰ ਖੁੱਲ੍ਹੇ ਆਸਮਾਨ ਹੇਠਾਂ ਸਟੋਰ ਨਹੀਂ ਕੀਤਾ ਜਾ ਸਕਦਾ। ਨਤੀਜਾ ਇਹ ਹੈ ਕਿ 31 ਜੂਨ ਤੱਕ ਪੰਜਾਬ ਵਿਚ 255 ਲੱਖ ਮੀਟ੍ਰਿਕ ਟਨ ਤੋਂ ਜ਼ਿਆਦਾ ਗੋਦਾਮ ਸਮਰਥਾ ਦੀ ਜ਼ਰੂਰਤ ਪਵੇਗੀ, ਜਦੋਂ ਕਿ ਪੰਜਾਬ ਵਿਚ ਕੁੱਲ ਭੰਡਾਰਨ ਸਮਰਥਾ 208 ਲੱਖ ਮੀਟ੍ਰਿਕ ਟਨ ਦੀ ਹੈ। ਇਸ ਵਿਚ ਕੇਵਲ 106 ਲੱਖ ਟਨ ਸਾਂਭਣ ਲਈ ਹੀ ਗੋਦਾਮ ਹਨ। ਨਤੀਜੇ ਵਜੋਂ 45 ਤੋਂ 50 ਲੱਖ ਟਨ ਕਣਕ ਖੁੱਲ੍ਹੇ 'ਚ ਸਟੋਰ ਕਰਨੀ ਪੈ ਰਹੀ ਹੈ, ਜਿਸ ਕਾਰਨ ਪਿਛਲੇ ਸਾਲ ਦੌਰਾਨ ਲਗਪਗ 90 ਹਜ਼ਾਰ ਟਨ ਅਨਾਜ ਸੜ ਕੇ ਬਰਬਾਦ ਹੋ ਗਿਆ ਹੈ।

ਵਿਗਿਆਨਕ ਤੱਥ ਇਹ ਹੈ ਕਿ ਖੁੱਲ੍ਹੇ ਆਸਮਾਨ ਹੇਠ ਸਟੋਰ ਕੀਤੀ ਗਈ ਕਣਕ ਨੂੰ ਜੇਕਰ 6 ਮਹੀਨੇ ਵਿਚ ਨਹੀਂ ਚੁੱਕਿਆ ਜਾਂਦਾ ਤਾਂ ਉਸ ਦੀ ਮਾਤਰਾ ਅਤੇ ਗੁਣਵੱਤਾ ਦੋਵੇਂ ਡਿੱਗ ਜਾਂਦੇ ਹਨ। ਗੋਦਾਮ ਵਿਚ ਇਹ ਸਮਾਂ ਦੋ ਸਾਲ ਅਤੇ ਅਤਿ-ਆਧੁਨਿਕ ਤਕਨੀਕ ਨਾਲ ਤਿਆਰ ਹੁੰਦੇ ਸਾਈਲੋ ਗੋਦਾਮਾਂ ਵਿਚ ਤਿੰਨ ਸਾਲ ਤੋਂ ਜ਼ਿਆਦਾ ਸਮੇਂ ਤੱਕ ਅਨਾਜ ਸੁਰੱਖਿਅਤ ਰਹਿ ਸਕਦਾ ਹੈ। ਸੱਚ ਇਹ ਹੈ ਕਿ ਨਾ ਤਾਂ ਪੰਜਾਬ ਵਿਚ ਲੋੜ ਅਨੁਸਾਰ ਗੋਦਾਮ ਹਨ ਅਤੇ ਨਾ ਹੀ ਸਾਈਲੋ ਸਟੋਰ। ਅਜਿਹੇ ਵਿਚ ਇੰਨਾ ਅਨਾਜ ਰੱਖਿਆ ਕਿਥੇ ਜਾਵੇਗਾ? ਇਸ ਦੇ ਜਵਾਬ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਇਸ ਸਮੱਸਿਆ ਲਈ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਉਂਦੇ ਹਨ। ਉਨ੍ਹਾਂ ਅਨੁਸਾਰ ਭਾਰਤੀ ਖੁਰਾਕ ਨਿਗਮ ਸਮੇਤ ਪੰਜਾਬ ਦੀਆਂ ਸਾਰੀਆਂ ਪੰਜ ਏਜੰਸੀਆਂ ਮੰਡੀਆਂ ਵਿਚੋਂ ਕੇਂਦਰ ਸਰਕਾਰ ਦੇ ਮਾਰਫ਼ਤ ਕੇਂਦਰੀ ਅਨਾਜ ਭੰਡਾਰ ਲਈ ਕਣਕ ਤੇ ਝੋਨੇ ਦੀ ਖਰੀਦ ਕਰਦੀਆਂ ਹਨ। ਹਾਲਾਤ ਇਸ ਕਰਕੇ ਬੇਕਾਬੂ ਹੋਏ ਹਨ ਕਿਉਂਕਿ ਜਿਹੜੇ ਖਪਤਕਾਰ ਸੂਬਿਆਂ ਲਈ ਪੰਜਾਬ ਤੋਂ ਅਨਾਜ ਦੀ ਖਰੀਦ ਕੀਤੀ ਜਾਂਦੀ ਹੈ, ਉਨ੍ਹਾਂ ਲਈ ਉਸ ਰਫ਼ਤਾਰ ਨਾਲ ਅਨਾਜ ਨਹੀਂ ਚੁੱਕਿਆ ਜਾਂਦਾ, ਜਿੰਨਾ ਚੁੱਕਿਆ ਜਾਣਾ ਚਾਹੀਦਾ ਹੈ। ਪੰਜਾਬ ਦੇ ਖੁਰਾਕ ਤੇ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ.ਐਸ ਗਰੇਵਾਲ ਦੀ ਦਲੀਲ ਹੈ ਕਿ ਭਾਰਤੀ ਰੇਲਵੇ ਨਾਲ ਹੋਣ ਵਾਲੀ ਇਹ ਢੁਆਈ ਜ਼ਰੂਰਤ ਦੇ ਮੁਕਾਬਲੇ ਮਾਸਿਕ 50 ਫੀਸਦੀ ਅਨਾਜ ਦੀ ਢੁਆਈ ਵੀ ਨਹੀਂ ਕਰਦੀ। ਇਸ ਕਾਰਨ ਪੁਰਾਣੇ ਸਟਾਕ ਦੀ ਮਾਤਰਾ ਵਧਦੀ ਰਹਿੰਦੀ ਹੈ ਅਤੇ ਉਸ ਵਿਚੋਂ ਹਰ ਛਿਮਾਹੀ ਨਵਾਂ ਸਟਾਕ ਜੁੜਦਾ ਰਹਿੰਦਾ ਹੈ। ਸਿੱਟੇ ਵਜੋਂ ਹਰ ਸਾਲ ਸੂਬੇ ਵਿਚ ਅਨਾਜ ਭੰਡਾਰਨ ਦੀ ਸਮੱਸਿਆ ਗੰਭੀਰ ਹੋ ਰਹੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਅਰਥ ਸ਼ਾਸਤਰੀ ਤੇ ਪੰਜਾਬ ਕਿਸਾਨ ਉਦਯੋਗ ਦੇ ਸਲਾਹਕਾਰ ਡਾ. ਪੀ.ਐਸ ਰੰਗੀ ਪੰਜਾਬ ਤੋਂ ਅਨਾਜ ਦੀ ਢੁਆਈ ਕੱਛੂ ਚਾਲ ਹੋਣ ਦਾ ਕਾਰਨ ਦੱਸਦੇ ਹਨ ਕਿ ਹੁਣ ਦੇਸ਼ ਦੇ ਹੋਰ ਖਪਤਕਾਰ ਰਾਜ ਅਨਾਜ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ 'ਤੇ ਪਹਿਲਾਂ ਜਿੰਨਾ ਨਿਰਭਰ ਨਹੀਂ ਰਹੇ, ਬਲਕਿ ਕਈ ਰਾਜ ਨਾ ਕੇਵਲ ਆਤਮ ਨਿਰਭਰ ਹੋਏ ਹਨ, ਬਲਕਿ ਕੇਂਦਰੀ ਅਨਾਜ ਭੰਡਾਰ ਵਿਚ ਹਿੱਸਾ ਪਾਉਣ ਲੱਗੇ ਹਨ। ਉਨ੍ਹਾਂ ਨੇ ਫੂਡ ਮਿਸ਼ਨ ਪ੍ਰੋਗਰਾਮ ਦੇ ਤਾਜ਼ਾ ਅੰਕੜਿਆਂ ਦਾ ਹਵਾਲਾ ਦਿੱਤਾ ਕਿ ਇਸ ਵਾਰ ਪੰਜਾਬ ਦੀਆਂ ਮੰਡੀਆਂ ਵਿਚ 125 ਲੱਖ ਟਨ ਅਤੇ ਹਰਿਆਣਾ ਵਿਚ 84 ਲੱਖ ਟਨ ਤੋਂ ਜ਼ਿਆਦਾ ਕਣਕ ਖਰੀਦੀ ਜਾ ਚੁੱਕੀ ਹੈ।

ਪੰਜਾਬ ਅਤੇ ਹਰਿਆਣਾ ਦੇ ਸਾਹਮਣੇ ਹੁਣ ਇਹੀ ਬਦਲ ਬਚੇ ਹਨ ਕਿ ਜਾਂ ਤਾਂ ਕ੍ਰਮਵਾਰ 100 ਲੱਖ ਟਨ ਤੇ 60 ਲੱਖ ਟਨ ਦੀ ਸਮਰਥਾ ਵਾਲੀ ਮਾਡਰਨ ਸਾਈਲੋ ਸਟੋਰੇਜ ਦਾ ਢਾਂਚਾ ਵਿਕਸਤ ਹੋਵੇ ਤਾਂ ਕਿ ਤਿੰਨ-ਚਾਰ ਸਾਲ ਤੱਕ ਅਨਾਜ ਜਮ੍ਹਾਂ ਰਹਿ ਸਕੇ ਅਤੇ ਭਾਰਤ ਸਰਕਾਰ ਇਨ੍ਹਾਂ ਨੂੰ ਪਾਕਿਸਤਾਨ ਸਮੇਤ ਹੋਰ ਗਵਾਂਢੀ ਦੇਸ਼ਾਂ ਲਈ ਅਨਾਜ ਵਿਸ਼ੇਸ਼ ਕਰਕੇ ਕਣਕ ਬਰਾਮਦ ਕਰਨ ਦੀ ਛੋਟ ਦੇਵੇ ਜਾਂ ਫਿਰ ਇਹ ਰਾਜ ਆਪਣੀ ਖੇਤੀ ਨੀਤੀ ਵਿਚ ਤਬਦੀਲੀ ਕਰਕੇ ਕਣਕ ਅਤੇ ਝੋਨੇ ਦਾ ਫਸਲ ਦਾ ਚੱਕਰ ਤੋੜ ਕੇ ਖੇਤੀ ਵਿਭਿੰਨਤਾ ਤਹਿਤ ਹੋਰ ਬਦਲਵੀਆਂ ਫਸਲਾਂ ਉਗਾਉਣ।

# ਡੇਰਿਆਂ-ਢਾਣੀਆਂ ਦੇ ਦੁੱਖ-ਸੁੱਖ

ਸੁਰਿੰਦਰ ਅਤੈ ਸਿੰਘ
+91 98781 09063

ਵੱਡਿਆ ਪਿੰਡਾਂ ਦੀ ਪੈਲੀ ਦੂਰ ਦੂਸਰੇ ਪਿੰਡਾਂ ਦੀਆਂ ਜੂਹਾਂ ਤੱਕ ਚਲੀ ਜਾਂਦੀ ਸੀ। ਉਥੇ ਪਹੁੰਚਣ ਲਈ ਸਮਾਂ ਜ਼ਿਆਦਾ ਲੱਗਦਾ। ਫਿਰ ਫਸਲ ਪਾਣੀ ਦੀ ਰਾਖੀ ਲਈ ਰੁਕਣਾ ਵੀ ਪੈ ਜਾਂਦਾ ਜਾਂ ਕੁਵੇਲਾ ਹੋ ਜਾਂਦਾ। ਪਿੱਛੋਂ ਘਰਦਿਆਂ ਨੂੰ ਰੋਟੀ ਪਾਣੀ ਪਹੁੰਚਾਉਣਾ ਔਖਾ ਹੋ ਜਾਂਦਾ। ਕਈ ਵਾਰੀ ਖੇਤ ਗਏ ਬੰਦੇ ਨਾਲ ਕੋਈ ਅਬੀ ਨਬੀ ਹੋ ਜਾਂਦੀ, ਜਿਵੇਂ ਕਹੀ, ਰੰਬੀ, ਦਾਤਰੀ ਆਦਿ ਨਾਲ ਸੱਟ ਲੱਗ ਜਾਣੀ। ਕਿਸੇ ਕੀੜੇ ਦਾ ਸੁੰਘਣਾ ਜਾਂ ਲੜ ਜਾਣਾ, ਵਿਰੋਧੀ ਧਿਰ ਵੱਲੋਂ ਸੱਟਾਂ-ਫੇਟਾਂ ਲੱਗ ਜਾਣੀਆਂ ਜਾਂ ਕਿਸੇ ਸਰੀਰਕ ਕਸ਼ਟ ਨੇ ਨੱਪ ਲੈਣਾ ਤਾਂ ਪਿਛਲਿਆਂ ਨੂੰ ਕੋਈ ਪਤਾ ਹੀ ਨਹੀਂ ਸੀ ਚਲਦਾ। ਕਈ ਵਾਰੀ ਪਿੰਡ ਨੂੰ ਜਾ ਰਿਹਾ ਆਦਮੀ ਰਾਹ ਵਿਚ ਹੀ ਡਿੱਗ ਪੈਂਦਾ। ਲੋੜੀਂਦੀ ਮਦਦ ਨਾ ਮਿਲਦੀ ਤੇ ਜਾਹ ਜਾਂਦੀ ਹੋ ਜਾਂਦੀ।

ਇਹੋ ਜਿਹੀਆਂ ਮਜਬੂਰੀਆਂ ਨੇ ਜੱਟਾਂ ਨੂੰ ਖੇਤਾਂ ਵਿਚ ਜਾ ਡੇਰੇ ਲਾਉਣ ਲਈ ਮਜਬੂਰ ਕੀਤਾ। ਕਈ ਪਿੰਡਾਂ ਦਾ, ਲਾਣਿਆਂ ਦਾ, ਪਰਿਵਾਰਾਂ ਦਾ ਆਪਸੀ ਮੇਲ ਜੋਲ, ਤਾਲਮੇਲ ਇੰਨਾ ਘਟ ਜਾਂਦਾ ਕਿ ਭਲੇ ਆਦਮੀ ਨਿੱਤ ਦੇ ਬੋਲ ਬੁਲਾਰਿਆਂ ਤੋਂ ਡਰਦੇ ਹੀ ਖੁੱਲ੍ਹੀ ਹਵਾ ਵਿਚ ਸਾਹ ਲੈਣ ਦੀ ਮਨਸ਼ਾ ਨਾਲ ਖੇਤ ਜਾ ਬੈਠਦੇ ਪਰਿਵਾਰ ਸਣੇ। ਜਦੋਂ ਡੰਗਰ ਵੱਛਾ ਧੁੱਪੇ ਛਾਵੇਂ ਕਰਨਾ ਸੌਖਾ ਹੋ ਗਿਆ ਤਾਂ ਜਾਣ ਆਉਣ ਦਾ ਸਮਾਂ ਬਚਣ ਲੱਗਾ। ਰਾਖੀ ਦੀ ਸਮੱਸਿਆ ਵੀ ਹੱਲ ਹੋ ਗਈ। ਖਾਸ ਕਰ ਸੁਆਣੀਆਂ ਨੂੰ ਭੱਤੇ ਢੋਣ ਦੇ ਨਾਲ ਸਿਰਾਂ 'ਤੇ ਬਾਲਣ, ਪਾਥੀਆਂ, ਸਾਗ, ਗੰਨੇ ਢੋਣ ਤੋਂ ਨਿਜਾਤ ਮਿਲ ਗਈ। ਖੇਤ ਕੰਮ ਕਰਦਿਆਂ ਨੂੰ ਰੋਟੀ ਵੇਲੇ ਸਿਰ ਮਿਲਣ ਲੱਗੀ। ਲੋਕਾਂ ਨੂੰ ਲੱਗਾ ਕਿ ਇਹ ਤਾਂ ਸਵਰਗ 'ਚ ਆਣ ਪਏ। ਪਿੰਡ ਦੀ ਸਿਆਸਤ ਪਿੰਡ ਹੀ ਰਹਿ ਗਈ।

ਲੰਘੀ ਸਦੀ ਦੇ ਪਹਿਲੇ ਅੱਧ ਵਿਚ ਅਜਿਹੀ ਵੱਸੋਂ ਖੂਹਾਂ 'ਤੇ ਕੀਤੀ ਗਈ ਤੇ ਇਹ ਖੂਹਾਂ ਦੇ ਨਾਂ ਨਾਲ ਹੀ ਪਛਾਣੀ ਜਾਣ ਲੱਗੀ। ਜਿਵੇਂ ਮੋਢੀਆਂ ਦਾ ਖੂਹ, ਪੈਨਿਆਂ ਦਾ ਖੂਹ ਜਾਂ ਤੇਗੇ ਕਿਆਂ ਦਾ ਖੂਹ। ਸਦੀ ਦੇ ਦੂਸਰੇ ਅੱਧ ਵਿਚ ਬੰਬੀਆਂ (ਟਿਊਬਵੈਲ) ਲੱਗਣ ਲੱਗੀਆਂ ਤੇ ਲੋਕਾਂ ਦੀ ਜ਼ਬਾਨ 'ਤੇ ਬਿੱਲ ਕੇ ਕੀ ਬੰਬੀ, ਮੀਤੇ ਦੀ ਬੰਬੀ ਜਾਂ ਗੁਰਦੇਵ ਕੀ ਬੰਬੀ ਆਦਿ ਲਫ਼ਜ਼ ਚੜ੍ਹ ਗਏ। ਹੌਲੀ-ਹੌਲੀ ਘਰ ਵਧਦੇ ਗਏ। ਉਹੋ ਬੰਬੀਆਂ, ਡੇਰਿਆਂ 'ਚ ਵਟ ਗਈਆਂ। ਮਾਲਵੇ ਵਿਚ ਡੇਰਿਆਂ ਲਈ ਢਾਣੀਆਂ ਲਫ਼ਜ਼ ਵਰਤਿਆ ਜਾਂਦਾ ਹੈ। ਢਾਣੀ ਬਹੁਤਿਆਂ ਘਰਾਂ ਦਾ ਸਮੂਹ ਹੁੰਦੀ ਹੈ। ਨਵੇਂ ਥਾਂ ਪੈਲੀ ਖਰੀਦਣ ਜਾਂ ਤਬਾਦਲੇ ਨਾਲ ਢਾਣੀਆਂ ਹੋਂਦ 'ਚ ਆਈਆਂ। ਚਹੁੰ ਭਰਾਵਾਂ, ਚਹੁੰ ਥਾਈਂ ਜਾ ਘਰ ਵਿੱਢੇ ਤੇ ਢਾਣੀ ਬਣ ਗਈ। ਚਿਰਾਂ ਤੋਂ ਵੱਸੇ ਡੇਰੇ ਢਾਣੀਆਂ ਵੀ ਨਿੱਕੇ ਪਿੰਡਾਂ 'ਚ ਤਬਦੀਲ ਹੋ ਗਏ ਨੇ।



ਖੇਤਾਂ ਵਿਚ ਰਹਿਣ ਨੂੰ ਤਰਜੀਹ ਦੇਣ ਦਾ ਰੁਝਾਨ ਬਹੁਤ ਵਧ ਰਿਹਾ ਹੈ। ਪਰ ਉਨ੍ਹਾਂ ਲੋਕਾਂ ਨੂੰ ਕਈ ਮੁਸ਼ਕਲਾਂ ਵੀ ਪੇਸ਼ ਆਉਂਦੀਆਂ ਹਨ। ਸਭ ਤੋਂ ਪਹਿਲਾਂ ਤਾਂ ਕਿਤੇ ਜਾਣ ਆਉਣ ਲੱਗਿਆਂ ਬੱਸ ਅੱਡੇ 'ਤੇ ਪਹੁੰਚਣ ਦੀ ਸਮੱਸਿਆ ਆਣ ਮੂੰਹ ਵਿਖਾਉਂਦੀ ਹੈ। ਸਕੂਲ ਜਾਣ ਵਾਲੇ ਬੱਚਿਆ ਦਾ ਤਾਂ ਅੱਜ ਕੱਲ੍ਹ ਕਾਫੀ ਹੱਦ ਤੱਕ ਇੰਤਜ਼ਾਮ ਹੋ ਹੀ ਜਾਂਦਾ ਹੈ। ਸਕੂਲ ਵੈਨਾਂ, ਆਟੋ, ਰਿਕਸ਼ੇ ਅਤੇ ਘੜੁੱਕੇ ਡੇਰਿਆਂ ਦੇ ਨੇੜੇ ਤੇੜੇ ਆ ਕੇ ਬੱਚਿਆਂ ਨੂੰ ਲੈ ਕੇ ਜਾਂਦੇ ਨੇ। ਘਰ ਵਿਚਲੇ ਆਦਮੀ ਵੀ ਸਕੂਟਰ ਸਾਈਕਲ ਫੜੀ ਰਾਹੇ ਪੈ ਜਾਂਦੇ ਨੇ। ਔਰਤਾਂ ਨੇ ਜਦੋਂ ਕਿਤੇ ਜਾਣਾ ਹੋਵੇ ਉਦੋਂ ਕੋਈ ਆਦਮੀ ਵਿਹਲਾ ਨਹੀਂ ਹੁੰਦਾ। ਮੁੜਦਿਆਂ ਤਾਂ ਚਲੋ ਕੋਈ ਰਿਕਸ਼ਾ ਟਾਂਗਾ ਮਿਲ ਹੀ ਜਾਂਦਾ ਜਾਂ ਕੋਈ ਸਾਲਮ ਹੀ ਲੈ ਸਕਦਾ, ਪਰ ਘਰੋਂ ਵੇਲੇ ਸਿਰ ਨਿਕਲਣਾ ਹੋਵੇ ਤਾਂ ਕਿਸੇ ਨਾ ਕਿਸੇ ਜੀਅ ਨੂੰ ਸਕੂਟਰ ਸਾਈਕਲ 'ਤੇ ਛੱਡਣ ਜਾਣਾ ਹੀ ਪੈਂਦਾ ਹੈ। ਪਰ ਜੇ ਜਾਣ ਵਾਲੇ ਬਹੁਤੇ ਜਣੇ ਹੋਣ, ਕੋਲ ਸਮਾਨ ਵੀ ਹੋਵੇ ਟਰੈਕਟਰ ਤੋਂ ਬਿਨਾਂ ਗੱਲ ਨਹੀਂ ਬਣਦੀ। ਟਰੈਕਟਰ ਸਾਰਿਆਂ ਦੀਆਂ ਡਿਓੜੀਆਂ ਵਿਚ ਖਲੋਤੇ ਨਹੀਂ ਹੁੰਦੇ।

ਦੂਸਰੀ ਵੱਡੀ ਮੁਸ਼ਕਲ ਹੈ ਡਾਕਟਰੀ ਸਹਾਇਤਾ ਦੀ। ਉਂਝ ਤਾਂ ਪਿੰਡਾਂ ਵਿਚ ਵੀ ਕਿਹੜਾ ਐਮ.ਡੀ. ਡਾਕਟਰ ਬੈਠਾ ਪਰ ਆਰ.ਐਮ.ਪੀ ਡਾਕਟਰ ਮਰਦਿਆਂ ਦੀ ਬਾਂਹ ਫੜਨ ਨੂੰ ਤਾਂ ਮਿਲ ਹੀ ਜਾਂਦੇ ਨੇ। ਆਰ.ਐਮ.ਪੀ ਡਾਕਟਰਾਂ ਕੋਲੋਂ ਸਾਰਾ ਪਿੰਡ ਦਵਾਈ ਲੈਂਦਾ, ਰੱਬ ਵਰਗਾ ਆਸਰਾ ਹੁੰਦਾ ਉਨ੍ਹਾਂ ਦਾ, ਭਾਵੇਂ ਕੋਈ ਜੋ ਮਰਜ਼ੀ ਆਖੇ ਪਰ ਇਹ ਮਸੀਹੇ ਤੁਰੇ ਜਾਂਦੇ ਰੋਗੀ ਨੂੰ ਵੀ ਸ਼ਹਿਰ ਪੁੱਜਦਾ ਕਰਨ ਜੋਗੀ ਦਵਾਈ ਦਾਰੂ ਦੇ ਹੀ ਦਿੰਦੇ ਨੇ। ਖੂਹਾਂ ਵਾਲਿਆਂ ਨੂੰ ਵੀ ਵੇਲੇ-ਕੁਵੇਲੇ ਇਨ੍ਹਾਂ ਕੋਲ ਆਉਣ ਲਈ ਕਾਫੀ ਤੁਰਨਾ ਪੈਂਦਾ। ਬਹੁਤੀ ਮੁਸ਼ਕਲ ਉਦੋਂ ਆਉਂਦੀ ਜਦੋਂ ਰਾਤ ਬਰਾਤੇ ਕੋਈ ਜੀਅ ਜ਼ਿਆਦਾ ਢਿੱਲਾ ਹੋ ਜਾਵੇ। ਇਸ ਤੋਂ ਅਗਲੀ ਸਮੱਸਿਆ ਰਾਖੀ ਦੀ ਹੈ। ਛੋਟੇ ਪਰਿਵਾਰਾਂ ਲਈ ਤਾਂ ਕਿਤੇ ਜਾਣਾ ਆਉਣਾ ਬਹੁਤ ਹੀ ਔਖਾ ਹੋ ਜਾਂਦਾ।

ਵੱਡੇ ਟੱਬਰਾਂ 'ਚ ਤਾਂ ਕੋਈ ਫਰਕ ਨਹੀਂ ਪੈਂਦਾ, ਪਰ ਕੱਲੇ-ਕਾਰੇ ਬੰਦੇ ਦਾ ਦੁੱਖ ਸੁੱਖ ਵਿਚ ਸ਼ਾਮਿਲ ਹੋਣਾ ਔਖਾ ਹੋ ਜਾਂਦਾ। ਲੁੱਟਾਂ-ਖੋਹਾਂ ਦਾ ਡਰ ਵੀ ਬਣਿਆ ਰਹਿੰਦਾ। ਇਕ ਬਿਜਲੀ ਦਾ ਅੱਖ ਮਟੱਕਾ ਔਖਿਆਂ ਕਰਦਾ। ਕਾਲੀਆਂ ਬੋਲੀਆਂ ਰਾਤਾਂ ਵਿਚ ਟਿਊਬਵੈਲ 'ਤੇ ਜਗਦੇ ਬਲਬ ਦਾ ਬੰਦੇ ਜਿੰਨਾ ਆਸਰਾ ਹੁੰਦਾ ਹੈ। ਪਰ ਬੱਤੀ ਦਾ ਕੋਈ ਭਰੋਸਾ ਹੀ ਨਹੀਂ ਹੁੰਦਾ। ਉਤੋਂ ਸਾਂ-ਸਾਂ ਕਰਦੀਆਂ ਫਸਲਾਂ, ਕਾਲੇ ਕੱਛਿਆਂ ਵਾਲੀਆਂ ਦੀ ਦਹਿਸ਼ਤ (ਅਤਿਵਾਦ ਨੇ ਵੀ ਸਾਹ ਸੂਤ ਲਏ ਸਨ ਡੇਰਿਆਂ ਵਾਲਿਆਂ ਦੇ)। ਸੱਪ ਸਲੂਟੀ ਦਾ ਡਰ ਵੱਖਰਾ। ਇਸ ਤੋਂ ਬਿਨਾਂ ਆਟਾ ਪਿਸਾਉਣ, ਰੂੰ ਪਿੰਜਾਉਣ, ਟੁੱਟੀਆਂ ਚੀਜ਼ਾਂ ਠੀਕ ਕਰਾਉਣ, ਪੈਟਰੋਲ ਤੇ ਡੀਜ਼ਲ ਲੈਣ ਵਾਸਤੇ ਵਾਰ-ਵਾਰ ਪਿੰਡ ਜਾਂ ਸ਼ਹਿਰ ਵੱਲ ਭੱਜਣਾ ਪੈਂਦਾ ਹੈ। ਆਪੋ ਆਪਣੀ ਹੈਸੀਅਤ ਮੁਤਾਬਕ ਸਾਈਕਲ, ਸਕੂਟਰ, ਗੱਡਾ ਅਤੇ ਟਰੈਕਟਰ ਆਦਿ ਤਿਆਰ ਰੱਖਣਾ ਪੈਂਦਾ ਤੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਕ ਆਦਮੀ ਨੂੰ ਹਰ ਵੇਲੇ ਚੜ੍ਹੇ ਘੋੜੇ ਸਵਾਰ ਰਹਿਣਾ ਪੈਂਦਾ ਹੈ।

ਸੌਦੇ ਸੂਤ ਦੀ ਸਮੱਸਿਆ ਨਾਲ ਜੂਝਦਿਆਂ ਰਾਸ਼ਨ ਪਾਣੀ ਵਧੇਰੇ ਮਾਤਰਾ ਵਿਚ ਲਿਆ ਕੇ ਰੱਖਣਾ ਪੈਂਦਾ ਹੈ। ਵੇਲੇ ਕੁਵੇਲੇ ਜਾਂ ਚਾਣਚੱਕ ਲੋੜ ਪਈ ਤਾਂ ਇਹ ਆਪੋ ਵਿਚ ਇਕ ਦੂਸਰੇ ਗੁਆਂਢੀ ਤੋਂ ਚੀਜ਼ ਵਸਤ ਫੜ ਲੈਂਦੇ ਨੇ। ਦੁੱਧ ਨੂੰ ਲਾਉਣ ਲਈ ਜਾਗ ਤੋਂ ਲੈ ਕੇ ਭੁਜੀਏ ਤੇ ਬਿਸਕੁਟਾਂ ਦੇ ਪੈਕਟ ਤੱਕ ਇਕ ਦੂਸਰੇ ਤੋਂ ਲੈ ਲਏ ਜਾਂਦੇ ਹਨ। ਮੰਗਵਾਂ ਵਹੀਕਲ ਖੋਤੀ ਤੋਂ ਟਰੈਕਟਰ ਤੱਕ ਲਿਆ ਜਾ ਸਕਦਾ। ਘਰ ਦੀ ਕੱਢੀ ਦਾਰੂ ਦੀ ਬੋਤਲ ਤੇ ਕੈਨ ਡੀਜ਼ਲ ਦਾ ਵੀ ਦਿੱਤਾ ਲਿਆ ਜਾ ਸਕਦਾ ਵੇਲੇ ਕੁਵੇਲੇ। ਡੇਰਿਆਂ 'ਤੇ ਰਹਿੰਦੇ ਲੋਕਾਂ ਨੂੰ ਪ੍ਰਾਹੁਣਚਾਰੀ ਦਾ ਭਾਰ ਵੀ ਝੱਲਣਾ ਪੈਂਦਾ। ਉਹ ਵੀ ਰਾਹ ਜਾਂਦੀ ਪ੍ਰਾਹਣਿਆਂ ਦੀ ਡਾਰ ਦਾ। ਕਦੇ ਕਿਸੇ ਦੀ ਗੱਡੀ ਖਰਾਬ ਹੋ ਜਾਂਦੀ ਹੈ। ਅੰਤਾਂ ਦੀ ਗਰਮੀ 'ਚ ਸਾਰੇ ਜੀਅ ਗੱਡੀ ਵਿਚੋਂ ਨਿਕਲ ਕੇ ਪਾਣੀ ਪੀਣ ਡੇਰੇ ਵੱਲ ਭੱਜਦੇ ਨੇ। ਉਸੇ ਵੇਲੇ ਸੁਆਣੀ ਫਰਿੱਜ ਵਿਚੋਂ ਕੈਨੀ ਕੱਢ ਲਿਆਉਂਦੀ ਹੈ। ਖੁਸ਼ੀ ਪਏ ਮਗਰੋਂ ਅਗਲੇ ਚਾਹ ਵੀ ਪੀਣ ਬਹਿ ਜਾਣ। ਕਿਸੇ ਦਾ ਸਕੂਟਰ ਚਲਿਆ ਜਾਂਦਾ ਕਿਸੇ ਦਾ ਸਕੂਟਰ ਖਰਾਬ ਹੋ ਜਾਵੇ ਤਾਂ ਉਹ ਵੀ ਉਥੇ ਲਾ ਕੇ ਸ਼ਹਿਰ ਚਲਿਆ ਜਾਂਦਾ ਹੈ, ਮਕੈਨਿਕ ਨੂੰ ਲੈਣ। ਡੱਗੀ ਤੇ ਫੇਰੀ ਵਾਲੇ ਪੌਂ ਪੌਂ ਕਰਕੇ ਕੋਲੋਂ ਲੰਘਦੇ ਆ। ਘਰ ਦੇ ਜੁਆਕ ਕਿਸੇ ਫੇਰੀ ਵਾਲੇ ਨੂੰ ਲੰਘਣ ਨਹੀਂ ਦਿੰਦੇ। ਇਹ ਗੱਲ ਡੇਰਿਆਂ ਵਾਲਿਆਂ ਨੂੰ ਕਾਫੀ ਤੰਗ ਕਰਦੀ ਹੈ।

ਉਂਝ ਇਨ੍ਹਾਂ ਫੇਰੀ ਵਾਲਿਆਂ ਦਾ ਸੁੱਖ ਵੀ ਬੜਾ। ਘਰੇ ਬੈਠਿਆਂ ਬੀਬੀਆਂ ਖਾਲੀ ਬੋਤਲਾਂ ਗਲੋਂ ਲਾਹ ਕੇ ਚਾਹ ਪੀਣ ਨੂੰ ਗਲਾਸੀਆਂ ਲੈ ਲੈਂਦੀਆਂ। ਡੇਰਿਆਂ ਵਾਲਿਆਂ ਨੂੰ ਪੁਲਿਸ ਅਤੇ ਅਤਿਵਾਦੀਆਂ ਦੀ ਦੁਵੱਲੀ ਮਾਰ ਝੱਲਣੀ ਪਈ। ਕਈ ਡੇਰੇ ਤਾਂ ਉਜੜ ਹੀ ਗਏ। ਕਈਆਂ 'ਤੇ ਪੁਲਿਸ ਨੇ ਕਬਜ਼ਾ ਕਰਕੇ ਉਥੇ ਹੀ ਥਾਣੇ ਬਣਾ ਲਏ। ਮੌਜੂਦਾ ਹਾਲਾਤ ਅਜਿਹੇ ਨੇ ਕਿ ਢਾਣੀਆਂ ਡੇਰੇ ਤਾਂ ਛੋਟੇ ਪਿੰਡਾਂ ਵਿਚ ਤਬਦੀਲ ਹੋ ਰਹੇ ਹਨ ਤੇ ਛੋਟੇ ਪਿੰਡ ਢਾਣੀਆਂ ਵਿਚ ਬਦਲ ਰਹੇ ਨੇ। ਘਰਾਂ ਦੇ ਘਰ ਉਠ ਕੇ ਖੇਤਾਂ ਵਿਚ ਚਲੇ ਗਏ ਹਨ। ਕਈਆਂ ਗਲੀਆਂ ਵਿਚ ਸੁੰਝ ਵਰਤ ਗਈ ਹੈ। ਕਈ ਅਗਵਾੜ ਖਾਲੀ ਹੋ ਗਏ ਹਨ। ਕਿਸੇ ਵੈਲੀ ਵੱਲੋਂ ਮਾਰੇ ਲਲਕਾਰੇ ਦੇ ਜਵਾਬ ਵਿਚ ਕੋਈ ਖੰਘੂਰਾ ਜਿਹਾ ਨਹੀਂ ਵੱਜਦਾ ਤੇ ਨਾ ਹੀ ਕੋਈ ਗੜ੍ਹਕਦੀ ਜਿਹੀ ਆਵਾਜ਼ ਆਉਂਦੀ ਹੈ, ''ਕਿਹੜਾ ਆ ਬਈ?''

# ਹੈਰਾਨ ਕਰਨ ਵਾਲੇ ਹਨੇਰੇ ਦਾ ਰੌਸ਼ਨ ਪ੍ਰਕਾਸ਼

ਸੁਰੇਸ਼ ਸੇਠ

ਉਰਦੂ ਦੇ ਅਮਰ ਅਤੇ ਪ੍ਰਸਿੱਧ ਕਥਾਕਾਰ ਮੰਟੋ ਪੰਜਾਬ ਵਿਚ ਲੁਧਿਆਣਾ ਦੇ ਪਪੜੌਦੀ ਪਿੰਡ ਦੇ ਸਨ। ਪਰ ਉਨ੍ਹਾਂ ਦੇ ਸ਼ਤਾਬਦੀ ਸਮਾਗਮਾਂ ਵਿਚ ਉਨ੍ਹਾਂ ਦੀਆਂ ਬਚੀਆਂ ਹੋਈਆਂ ਤਿੰਨਾਂ ਬੇਟੀਆਂ ਵਿਚੋਂ ਇਕ ਵੀ ਨਹੀਂ ਪਹੁੰਚ ਸਕੀ, ਕਿਉਂਕਿ ਨਾ ਤਾਂ ਉਨ੍ਹਾਂ ਦੇ ਭਾਰਤ ਆਉਣ ਦਾ ਕਿਸੇ ਨੇ ਪ੍ਰਬੰਧ ਕੀਤਾ ਸੀ ਅਤੇ ਨਾ ਹੀ ਸਮੇਂ 'ਤੇ ਉਨ੍ਹਾਂ ਨੂੰ ਸੱਦਾ ਭੇਜਿਆ ਜਾ ਸਕਿਆ। ਜਿਥੋਂ ਤੱਕ ਸਾਨੂੰ ਯਾਦ ਆਉਂਦਾ ਹੈ ਤਾਂ 15 ਸਾਲ ਪਹਿਲਾਂ ਦਿੱਲੀ ਵਿਚ ਇਕ ਵੱਡੇ ਪ੍ਰਕਾਸ਼ਕ ਨੇ ਮੰਟੋ ਦੀਆਂ ਕਹਾਣੀਆਂ ਦਾ ਇਕ ਐਡੀਸ਼ਨ ਛਾਪ ਕੇ ਇਕ ਸਮਾਗਮ ਕੀਤਾ ਸੀ, ਜਿਸ ਵਿਚ ਇਹ ਤਿੰਨੋਂ ਬੇਟੀਆਂ ਆਈਆਂ ਸਨ। ਕਿਸੇ ਲੇਖਕ ਦੀ ਮੌਤ ਦੇ ਪੰਜਾਹ ਸਾਲ ਬਾਅਦ ਉਸ ਦੀਆਂ ਕਿਰਤਾਂ ਰਾਇਲਟੀ ਫਰੀ ਹੋ ਜਾਂਦੀਆਂ ਹਨ, ਇਸ ਲਈ ਮੰਟੋ ਦੀਆਂ ਕਿਰਤਾਂ ਦਾ ਇੰਨਾ ਹੜ੍ਹ ਅੱਜ-ਕੱਲ੍ਹ ਅਸੀਂ ਬਾਜ਼ਾਰਾਂ 'ਚ ਦੇਖ ਰਹੇ ਹਾਂ।



ਪੰਜਾਬ ਵਿਚ ਬਾਦਲ ਸਰਕਾਰ ਦੀ ਇਹ ਲਗਾਤਾਰ ਦੂਸਰੀ ਪਾਰੀ ਹੈ। ਇਸ ਨੂੰ ਉਹ ਇਕ ਸੁਨਹਿਰਾ ਮੌਕਾ ਮੰਨਦੇ ਹਨ ਕਿਉਂਕਿ ਕਿਸੇ ਵੀ ਅਕਾਲੀ ਸਰਕਾਰ ਨੂੰ ਅੱਜ ਤੱਕ ਪੰਜਾਬ ਵਿਚ ਲਗਾਤਾਰ ਦੂਸਰੀ ਵਾਰ ਰਾਜ ਕਰਨ ਦਾ ਮੌਕਾ ਨਹੀਂ ਮਿਲਿਆ। ਪੰਜਾਬ ਦੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਅਮਰ ਬਣਾ ਦੇਣ ਦੀ ਕੋਸ਼ਿਸ਼ ਵਿਚ ਬਾਦਲ ਸਰਕਾਰ ਨੇ ਪਿਛਲੀ ਸਰਕਾਰ ਦੇ ਆਖਰੀ ਦਿਨਾਂ ਵਿਚ ਆਨੰਦਪੁਰ ਸਾਹਿਬ ਵਿਚ ਵਿਰਾਸਤ-ਏ-ਖਾਲਸਾ ਦਾ ਅਦਭੁਤ ਯਾਦਗਾਰੀ ਭਵਨ ਬਣਾ ਕੇ ਕੌਮ ਨੂੰ ਸਮਰਪਿਤ ਕੀਤਾ ਹੈ, ਪਰ ਜਾਣਕਾਰ ਦੱਸਦੇ ਹਨ ਕਿ ਉਸ ਇਲਾਕੇ ਨੂੰ ਸੋਲਰ ਸ਼ਕਤੀ ਨਾਲ ਜਗਮਗਾਉਣ ਦਾ ਵਾਅਦਾ ਹਾਲੇ ਤੱਕ ਪੂਰਾ ਨਹੀਂ ਹੋਇਆ ਹੈ। ਪਿਛਲੇ ਰਾਜ ਵਿਚ ਕਰੋੜਾਂ ਦੀ ਲਾਗਤ ਨਾਲ ਲਗਾਏ ਗਏ ਸੋਲਰ ਪਲਾਂਟ ਹਾਲੇ ਤੱਕ ਨਕਾਰਾ ਹੀ ਖੜ੍ਹੇ ਹਨ। ਧਾਰਮਕ ਰੌਸ਼ਨੀ ਨਾਲ ਜਗਮਗਾਉਂਦੀ ਵਿਰਾਸਤ ਹਾਲੇ ਤੱਕ ਬਿਜਲੀ ਦੀ ਰੌਸ਼ਨੀ ਦੀ ਉਡੀਕ ਕਰ ਰਹੀ ਹੈ। ਆਪਣੀ ਲੋਕ ਸੰਸਕ੍ਰਿਤੀ, ਲੋਕ ਸੰਗੀਤ, ਲੋਕ ਰੁਚੀ ਅਤੇ ਲੋਕ ਸਾਹਿਤ ਨੂੰ ਜਿਉਂਦਾ ਰੱਖਣ ਦਾ ਧਰਮ ਹਰ ਰਾਜ ਸਰਕਾਰ ਦਾ ਹੁੰਦਾ ਹੈ। ਸਾਹਿਤ ਨੂੰ ਜੋ ਸਮਰਪਿਤ ਰਹੇ, ਕਲਾਜੀਵੀ ਉਨ੍ਹਾਂ ਨੂੰ ਅੱਜ ਵੀ ਜਿਉਂਦਾ ਰੱਖੇ ਹੋਏ ਹਨ। ਪਰ ਉਨ੍ਹਾਂ ਨੂੰ ਆਰਥਿਕ ਅਤੇ ਸਮਾਜਿਕ ਸੁਰੱਖਿਆ ਖੁੱਲ੍ਹੇ ਦਿਲ ਨਾਲ ਮਿਲਣੀ ਚਾਹੀਦੀ ਹੈ। ਉਨ੍ਹਾਂ ਦੇ ਪੂਰਵਜਾਂ ਦੀ ਪਛਾਣ ਅਤੇ ਉਨ੍ਹਾਂ ਨੂੰ ਉਚਿਤ ਆਰਥਿਕ ਸੁਰੱਖਿਆ ਦੇਣਾ ਸਰਕਾਰ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ, ਪਰ ਮਰਹੂਮ ਲੇਖਕਾਂ ਦੇ ਯਾਦਗਾਰੀ ਚਿੰਨ੍ਹ ਜਾਂ ਉਨ੍ਹਾਂ ਦੇ ਵਾਰਸਾਂ ਦੀਆਂ ਜ਼ਿੰਦਗੀਆਂ ਨੂੰ ਸਹਿਜ ਬਣਾ ਕੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਨ ਦੀ ਪਹਿਲ ਅੱਜ ਦੇ ਸਮਾਜ ਵਿਚ ਦਿਖਾਈ ਨਹੀਂ ਦੇ ਰਹੀ।

ਭੌਤਿਕਤਾ ਦੀ ਅੰਨ੍ਹੀ ਦੌੜ ਅਤੇ ਵਪਾਰ ਦੀ ਹਨ੍ਹੇਰੀ ਨੇ ਅੱਜ ਕਲਾਤਮਕ ਵਿਕਾਸ ਨੂੰ ਨਿਗਲ ਲਿਆ ਹੈ। ਮੰਟੋ ਦੀ ਜਨਮ ਸ਼ਤਾਬਦੀ ਮਨਾਉਣ ਦਾ ਵਿਚਾਰ ਤਾਂ ਸਮਰਾਲਾ ਵਾਸੀਆਂ ਨੂੰ ਆ ਗਿਆ, ਪਰ ਹਾਲੇ ਪਿਛਲੇ ਸਾਲ ਪੰਜਾਬੀ ਦੇ ਅਮਰ ਕਵੀ ਸ਼ਿਵ ਕੁਮਾਰ ਬਟਾਲਵੀ ਦੀ ਬਰਸੀ ਅਸੀਂ ਮਨਾਈ। ਬਟਾਲਾ ਵਿਚ ਉਨ੍ਹਾਂ ਦੇ ਨਾਮ ਨਾਲ ਬਣ ਰਿਹਾ ਆਡੀਟੋਰੀਅਮ ਅਧੂਰਾ ਪਿਆ ਹੈ। ਹਰ ਸਾਲ ਇਸ ਨੂੰ ਪੂਰਾ ਕਰਨ ਦੀ ਵਚਨਬੱਧਤਾ ਇਸ ਦਿਵਸ 'ਤੇ ਦੋਹਰਾਈ ਜਾਂਦੀ ਹੈ ਅਤੇ ਇਹ ਫਿਰ ਅਧੂਰੀ ਰਹਿ ਜਾਂਦੀ ਹੈ। ਪੰਜਾਬ ਵਰਤਮਾਨ ਕਲਾ ਅਤੇ ਸਾਹਿਤ ਦੀਆਂ ਗਤੀਵਿਧੀਆਂ ਦਾ ਕੇਂਦਰ ਪਤਾ ਨਹੀਂ ਕਦੋਂ ਬਣੇਗਾ?

ਕੇਵਲ ਸਮਰਾਲਾ ਅਤੇ ਬਟਾਲਾ ਹੀ ਕਿਉਂ, ਪੰਜਾਬ ਦੇ ਨਗਰਾਂ ਅਤੇ ਕਸਬਿਆਂ ਵਿਚ ਅਮਰ ਸਾਹਿਤਕਾਰਾਂ ਅਤੇ ਕਲਾਕਾਰਾਂ ਦੇ ਯਾਦਗਾਰੀ ਚਿੰਨ੍ਹ ਅਤੇ ਜਿਉਂਦੇ ਵਾਰਸ ਅੱਜ ਵੀ ਬੈਠੇ ਹਨ, ਜਿਹੜੇ ਸਰਕਾਰੀ ਨਜ਼ਰਅੰਦਾਜੀ ਅਤੇ ਸਮਾਜਿਕ ਵਖਰੇਵੇਂ ਦਾ ਸ਼ਿਕਾਰ ਹੋ ਕੇ ਅਤੀਤ ਦੇ ਧੁੰਦਲਕੇ ਵਿਚ ਗਵਾਚਦੇ ਜਾ ਰਹੇ ਹਨ। ਜਲੰਧਰ ਉਪੇਂਦਰ ਨਾਥ ਅਸ਼ਕ ਅਤੇ ਅਮਰ ਗਾਇਕ ਕੁੰਦਨਲਾਲ ਸਹਿਗਲ ਦਾ ਜੱਦੀ ਸ਼ਹਿਰ ਹੈ। ਪਿਛਲੇ ਸਾਲ ਦੋਨਾਂ ਦੀ ਜਨਮ ਸ਼ਤਾਬਦੀ ਸੀ। ਅਸ਼ਕ ਨੂੰ ਤਾਂ ਪਿਛਲੇ ਸਾਲ ਸਰਕਾਰੀ ਜਾਂ ਗੈਰ ਸਰਕਾਰੀ ਪੱਧਰ 'ਤੇ ਜਲੰਧਰ ਵਿਚ ਕਿਸੇ ਨੇ ਯਾਦ ਹੀ ਨਹੀਂ ਕੀਤਾ। ਚੌਕ ਕਾਦੇ ਸਾਹ ਵਿਚ ਉਨ੍ਹਾਂ ਦਾ ਜੱਦੀ ਮਕਾਨ ਵੀ ਵਿਕ ਚੁੱਕਾ ਹੈ। ਹਾਲਾਂਕਿ ਜਲੰਧਰ ਦੇ ਪੰਜਪੀਰ ਮੁਹੱਲੇ ਵਿਚ ਕੁੰਦਨਲਾਲ ਸਹਿਗਲ ਦਾ ਮੈਮੋਰੀਅਲ ਭਵਨ ਬਣ ਗਿਆ ਹੈ। ਇਸ ਦੇ ਟਰੱਸਟ ਵੱਲੋਂ ਸੰਗੀਤ ਮੁਕਾਬਲੇ ਕਰਵਾਏ ਜਾਂਦੇ ਹਨ।

ਪੰਜਾਬ ਦੀ ਗੱਲ ਹੋਵੇ ਅਤੇ ਅਸੀਂ ਮੋਹਨ ਰਾਕੇਸ਼ ਨੂੰ ਯਾਦ ਨਾ ਕਰੀਏ, ਇਹ ਤਾਂ ਹੋ ਨਹੀਂ ਸਕਦਾ। ਉਨ੍ਹਾਂ ਦਾ ਪਾਲਣ-ਪੋਸ਼ਣ ਅੰਮ੍ਰਿਤਸਰ ਵਿਚ ਹੋਇਆ। ਡੀ.ਏ.ਵੀ ਕਾਲਜ, ਜਲੰਧਰ ਵਿਚ ਪੜ੍ਹਾਇਆ ਅਤੇ ਮਾਡਲ ਟਾਊਨ ਵਿਚ ਰਹਿ ਕੇ 'ਅਸ਼ਾੜ ਕਾ ਏਕ ਦਿਨ' ਵਰਗੀ ਅਮਰ ਕਿਰਤ ਦੀ ਰਚਨਾ ਕੀਤੀ, ਪਰ ਅੱਜ ਉਨ੍ਹਾਂ ਦਾ ਕੋਈ ਨਾਮਲੇਵਾ ਨਹੀਂ ਹੈ। ਸੱਤਰ ਦੇ ਦਹਾਕੇ ਵਿਚ ਜਲੰਧਰ ਦੇ ਤਤਕਾਲੀਨ ਕਮਿਸ਼ਨਰ ਨੇ ਮਾਡਲ ਟਾਊਨ ਦੀ ਇਕ ਸੜਕ ਦਾ ਨਾਮ ਮੋਹਨ ਰਾਕੇਸ਼ ਮਾਰਗ ਰੱਖਿਆ ਸੀ, ਜੋ ਪਤਾ ਨਹੀਂ ਕਦੋਂ ਅਲੋਪ ਹੋ ਗਈ। ਸਮਾਜ ਦੇ ਮਸੀਹਾ ਆਪਣੇ ਖੇਤਰ ਦੀ ਲੋਕ ਸੰਸਕ੍ਰਿਤੀ ਅਤੇ ਸਾਹਿਤ ਨੂੰ ਜਿਉਂਦਾ ਰੱਖਣ ਦੀਆਂ ਗੱਲਾਂ ਤਾਂ ਕਰਦੇ ਹਨ, ਪਰ ਅਸਲ ਵਿਚ ਕੁਝ ਨਹੀਂ ਕਰਦੇ। ਆਖ਼ਰ ਇਹ ਕਦੋਂ ਤੱਕ ਚੁੱਪ ਰਹਿਣਗੇ?

ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 30

# ਲੋਕ ਗੀਤਾਂ ਦੇ ਨਾਲ ਤੁਰਦਿਆਂ

ਲੋਕ ਗੀਤਾਂ ਦੀਆਂ ਪੈੜਾਂ ਨੱਪਦਿਆਂ ਅਤੇ ਆਪਣੇ ਅਨੁਭਵ ਪਾਠਕਾਂ ਨਾਲ ਸਾਂਝੇ ਕਰਦਿਆਂ ਕਈ ਸਾਲ ਪਹਿਲਾਂ ਜੀਵੇ ਅਨੁਭਵਾਂ ਨੂੰ ਦੁਬਾਰਾ ਜੀਊਣ ਦਾ ਮੌਕਾ ਬਣਿਆ। ਮੇਰੇ ਲਈ ਇਹ ਪਲ ਇਕ ਵੱਖਰੀ ਤਰ੍ਹਾਂ ਦੀ ਸਿਰਜਣਾ ਦੇ ਪਲ ਸਨ। ਇਨ੍ਹਾਂ ਗੀਤਾਂ ਦੇ ਅਨੁਭਵਾਂ ਨੂੰ ਪੁਨਰ-ਸਿਰਜਣ ਸਮੇਂ ਲੋਕ ਗੀਤਾਂ ਦੇ ਅਨੇਕਾਂ ਪੱਖ ਵੀ ਸਾਹਮਣੇ ਆਏ। ਆਰਥਿਕਤਾ ਕਿਵੇਂ ਭਾਵਨਾਵਾਂ ਤੱਕ ਨੂੰ ਪ੍ਰਭਾਵਿਤ ਕਰਦੀ ਹੈ? ਇਤਿਹਾਸ ਕਿਵੇਂ ਲੋਕ ਮਾਨਸਿਕਤਾ ਦਾ ਹਿੱਸਾ ਬਣਦਾ ਹੈ? ਸਮਾਜ ਦੀਆਂ ਜਾਤੀਗਤ ਤੇ ਹੋਰ ਅਨੇਕਾਂ ਵਿਰੋਧਤਾਈਆਂ ਕਿਵੇਂ ਨਵੇਂ-ਨਵੇਂ ਰੂਪ ਧਾਰਨ ਕਰ ਕੇ ਸਾਹਮਣੇ ਆਉਂਦੀਆਂ ਹਨ? ਕਿਵੇਂ ਅਨੁਕੂਲਿਤ (ਕੰਡੀਸ਼ਨਡ) ਹੋਣ ਕਾਰਨ ਲੋਕ ਆਪਣੇ ਵਿਰੋਧੀ ਵਿਚਾਰਾਂ ਨੂੰ ਵੀ ਆਤਮਸਾਤ ਕਰ ਲੈਂਦੇ ਹਨ? ਤੇ ਕਿਵੇਂ ਲੋਕ ਕਾਵਿ-ਬਿਰਤਾਂਤ ਦੂਸਰੇ ਬਿਰਤਾਂਤ ਤੋਂ ਵੱਖਰਾ ਹੈ? ਆਦਿ ਪ੍ਰਸ਼ਨ ਅਤੇ ਇਨ੍ਹਾਂ ਦੇ ਜਵਾਬ ਲੋਕ ਗੀਤਾਂ ਦੀਆਂ ਪੈੜਾਂ ਲੱਭਦਿਆਂ ਮੇਰਾ ਪਿੱਛਾ ਕਰਦੇ ਰਹੇ।



''ਲੋਕ ਗੀਤਾਂ ਦੀ ਪੈੜ'' ਛਪਣ ਤੋਂ ਬਾਅਦ ਮੈਂ ਇਹ ਮਹਿਸੂਸ ਕੀਤਾ ਕਿ ਅਜੇ ਵੀ ਬਹੁਤ ਸਾਰੇ ਬਿਰਤਾਂਤ ਗੀਤ ਵਿਚਾਰ ਦੇ ਮੁਹਤਾਜ ਹਨ ਜਿਨ੍ਹਾਂ ਨੂੰ ਮੈਂ ਖੇਤਰੀ ਕਾਰਜ ਸਮੇਂ ਇਕੱਤਰ ਕੀਤਾ ਸੀ। ਇਸੇ ਵਿਚਾਰ ਨੂੰ ਸਾਕਾਰ ਕਰਦਿਆਂ ਮੈਂ ਪ੍ਰਸਤੁਤ ਦੇ ਤੇਈ ਲੇਖ ਲਿਖਣ ਵਿਚ ਸਫ਼ਲ ਹੋਇਆ ਹਾਂ। ਪਾਠਕਾਂ ਸਾਹਮਣੇ ਇਨ੍ਹਾਂ ਨੂੰ ਪੇਸ਼ ਕਰਦਿਆਂ ਮੈਨੂੰ ਅਤਿਅੰਤ ਪ੍ਰਸੰਨਤਾ ਹੋ ਰਹੀ ਹੈ। ਲੋਕ ਗੀਤਾਂ ਦੀ ਪੈੜ ਵਿਚ ਲੋਕ ਗੀਤਾਂ ਦੇ ਨਾਲ-ਨਾਲ, ਇਨ੍ਹਾਂ ਦੇ ਨਾਲ ਜੁੜੇ ਖੱਟੇ ਮਿੱਠੇ ਅਨੁਭਵਾਂ ਨੂੰ ਵੀ ਮੈਂ ਪਿੱਠ-ਭੂਮੀ ਵਜੋਂ ਲਿਖ ਦਿੱਤਾ ਸੀ ਤਾਂ ਕਿ ਖੇਤਰੀ ਕਾਰਜ ਦੀਆਂ ਦੁਸ਼ਵਾਰੀਆਂ ਦਾ ਵੀ ਕੁਝ ਅੰਦਾਜ਼ਾ ਲਗਾਇਆ ਜਾ ਸਕੇ। ਇਸ ਪੁਸਤਕ ਵਿਚ ਵੀ ਮੈਂ ਖੇਤਰੀ ਕਾਰਜ ਸਮੇਂ ਦੇ ਕੁਝ ਵੇਰਵੇ ਦੇਣ ਦਾ ਮੋਹ ਤਿਆਗ ਨਹੀਂ ਸਕਿਆ। ਪਰੰਤੂ ਇਹ ਲੇਖ ਗੀਤ ਦੇ ਇਕ-ਇਕ ਸ਼ਬਦ ਦੇ ਇਕ-ਇਕ ਪੰਗਤੀ ਦੇ ਨਾਲ-ਨਾਲ ਆਪਣਾ ਸਫ਼ਰ ਕਰਦਿਆਂ ਸਮੁੱਚੇ ਸਮਾਜਿਕ ਤੇ ਸਭਿਆਚਾਰਕ ਪ੍ਰਸੰਗਾਂ ਨੂੰ ਵਿਚਾਰ ਅਧੀਨ ਲਿਆਉਂਦੇ ਤੇ ਕਿਸੇ ਨਤੀਜੇ 'ਤੇ ਪਹੁੰਚਦੇ ਹਨ। ਵਿਸ਼ਲੇਸ਼ਣ ਦੀ ਇਹ ਵਿਧੀ ਅਸਲ ਵਿਚ ਪਿਛਲੇ ਕਈ ਸਾਲਾਂ ਦੇ ਪੰਜਾਬੀ ਆਲੋਚਨਾਤਮਿਕ ਵਾਤਾਵਰਣ ਦੀ ਦੇਣ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਮਾਰਕਸਵਾਦੀ ਚਿੰਤਨ ਤੇ ਨਵੀਆਂ ਆਲੋਚਨਾਤਮਿਕ ਪ੍ਰਣਾਲੀਆਂ ਦਾ ਟਕਰਾਅ ਰਿਹਾ ਹੈ। ਇਸ ਟਕਰਾਅ ਵਿਚੋਂ ਦੋਨਾਂ ਧਿਰਾਂ ਦਾ ਵਿਕਾਸ ਹੋਇਆ ਹੈ ਬਿਨਾਂ ਆਪਣੀਆਂ-ਆਪਣੀਆਂ ਪੁਜ਼ੀਸ਼ਨਾਂ ਛੱਡਿਆ। ਜਿਨ੍ਹਾਂ ਆਪਣੀਆਂ ਪੁਜ਼ੀਸ਼ਨਾਂ ਛੱਡ ਦਿੱਤੀਆਂ ਹਨ ਉਹ ਘਰ ਦੇ ਰਹੇ ਹਨ ਨਾ ਘਾਟ ਦੇ। ਮੈਂ ਮੂਲ ਰੂਪ ਵਿਚ ਮਾਰਕਸਵਾਦੀ ਵਿਚਾਰਾਂ ਨਾਲ ਜੁੜਿਆ ਹੋਇਆ ਹਾਂ। ਪਰੰਤੂ ਨਵੀਨ ਪ੍ਰਣਾਲੀਆਂ ਦੇ ਨਿਕਟਵਰਤੀ ਅਧਿਐਨ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ। ਪਰੰਤੂ ਮੈਂ ਨਿਕਟਵਰਤੀ ਅਧਿਐਨ ਕਰਨ ਸਮੇਂ ਸਮਾਜਿਕ ਸਰੋਕਾਰਾਂ, ਸਭਿਆਚਾਰਕ ਪ੍ਰਸੰਗਾਂ ਤੇ ਵਿਚਾਰਧਾਰਕ ਵਿਰੋਧਾਂ ਨੂੰ ਹਮੇਸ਼ਾ ਧਿਆਨ ਵਿਚ ਰੱਖਿਆ ਹੈ। ਨਵੀਆਂ ਵਿਧੀਆਂ ਇਨ੍ਹਾਂ ਸਾਰੇ ਸਰੋਕਾਰਾਂ ਨੂੰ ਡੂੰਘਾਈ ਵਿਚ ਸਮਝਣ ਵਿਚ ਸਹਾਈ ਹੋ ਸਕਦੀਆਂ ਹਨ। ਆਪਣੇ ਆਪ ਵਿਚ ਇਨ੍ਹਾਂ ਵਿਧੀਆਂ ਦਾ ਅਧਿਐਨ ਮਕਾਨਕੀ ਕਸਰਤ ਤੋਂ ਇਲਾਵਾ ਹੋਰ ਕੁਝ ਨਹੀਂ। ਸਮਾਜ ਸਭਿਆਚਾਰਕ ਪ੍ਰਸੰਗਾਂ ਤੋਂ ਬਗੈਰ ਅਧਿਐਨ ਨਿਪੁੰਸਕ ਹੈ ਜੋ ਆਪਣੀ ਸਮਾਜ-ਸਭਿਆਚਾਰਕ ਭੂਮਿਕਾ ਪਛਾਨਣ ਤੋਂ ਅਸਮਰੱਥ ਹੈ। ਜਾਂ ਫਿਰ ਉਹ ਕਿਸੇ ਹੋਰ ਵਿਚਾਰਧਾਰਾ ਦੀ ਝੋਲੀ ਵਿਚ ਜਾ ਪਿਆ ਹੈ ਜੋ ਸਮਾਜ ਸਭਿਆਚਾਰ ਦੇ ਪ੍ਰਗਤੀਸ਼ੀਲ ਅੰਸ਼ਾਂ ਨੂੰ ਮਲੀਆਮੇਟ ਕਰਨਾ ਚਾਹੁੰਦੀ ਹੈ। ਇਨ੍ਹਾਂ ਵਿਚਾਰਧਾਰਕ ਪ੍ਰਸੰਗਾਂ ਵਿਚ ਹੀ ਮੈਂ ਲੋਕ ਗੀਤਾਂ ਦੇ ਨਾਲ-ਨਾਲ ਤੁਰਨ ਦਾ ਯਤਨ ਕੀਤਾ ਹੈ।

ਮੈਂ ਇਸ ਗੱਲ ਤੋਂ ਸੰਤੁਸ਼ਟ ਹਾਂ ਕਿ ਅਜਿਹਾ ਕਰਦਿਆਂ ਪੰਜਾਬੀ ਲੋਕ ਗੀਤਾਂ ਦੇ ਬਹੁਤ ਸਾਰੇ ਪੱਖ ਸਾਹਮਣੇ ਆਏ ਹਨ। ਇੱਥੇ ਕੁਝ ਇਕ ਦਾ ਜ਼ਿਕਰ ਕਰਨਾ ਚਾਹਾਂਗਾ। ਇਨ੍ਹਾਂ ਗੀਤਾਂ ਤੋਂ ਬਾਰ-ਬਾਰ ਇਹ ਪ੍ਰਮਾਣਿਤ ਹੁੰਦਾ ਹੈ ਕਿ ਜੋ ਰਿਸ਼ਤੇ ਜਾਇਦਾਦੀ ਰਿਸ਼ਤਿਆਂ ਤੋਂ ਉਪਰ ਹਨ ਉਨ੍ਹਾਂ ਵਿਚ ਹੀ ਮਾਨਵੀ ਮੋਹ ਦੀ ਖ਼ੁਸ਼ਬੂ ਵਧੇਰੇ ਹੈ। ਆਰਥਿਕ ਪ੍ਰਸਥਿਤੀਆਂ ਕਿੰਨੀਆਂ ਵੀ ਵਿਕਟ ਕਿਉਂ ਨਾ ਹੋਣ ਲੋਕਾਂ ਦੀਆਂ ਰੰਗੀਨ ਕਲਪਨਾ ਸ਼ਕਤੀਆਂ ਨੂੰ ਕਦੇ ਵੀ ਬੰਨ੍ਹ ਨਹੀਂ ਲਾਇਆ ਜਾ ਸਕਦਾ। ਅਜਿਹੀਆਂ ਰੰਗੀਨ ਤੇ ਅਮੋੜ ਕਲਪਨਾਵਾਂ ਦਾ ਸੁਹਜ ਇਨ੍ਹਾਂ ਗੀਤਾਂ ਵਿਚ ਥਾਂ-ਥਾਂ ਬਿਖਰਿਆ ਪਿਆ ਹੈ। ਇਨ੍ਹਾਂ ਲੋਕ ਗੀਤਾਂ ਦੀ ਸਿਰਜਕ ਔਰਤ ਸਿਰੜੀ ਤੇ ਮਿਹਨਤੀ ਹੈ ਜੋ ਕਿਸੇ ਨਾ ਕਿਸੇ ਆਹਰੇ ਲੱਗੀ ਹੋਈ ਹੈ। ਉਹ ਪਾਣੀ ਲਿਆਉਂਦੀ, ਕੱਤਦੀ, ਸੀਂਦੀ-ਪਰੋਂਦੀ, ਤਣਦੀ-ਬੁਣਦੀ, ਆਟਾ ਛਾਣਦੀ-ਪੀਂਹਦੀ ਤੇ ਹੋਰ ਜੀਵਨ ਨਿਰਬਾਹ ਦੇ ਕੰਮ-ਧੰਦਿਆਂ ਵਿਚ ਜੁਟੀ ਹੋਈ ਨਜ਼ਰ ਆਉਂਦੀ ਹੈ।

ਲੋਕ ਗੀਤਾਂ ਵਿਚ ਸਭਿਆਚਾਰਕ ਵੇਰਵੇ, ਪਾਤਰਾਂ ਦੇ ਦੁੱਖਾਂ ਸੁੱਖਾਂ, ਖੁਸ਼ੀਆਂ ਗ਼ਮੀਆਂ ਨਾਲ ਮਿਲ ਕੇ ਬਿਲਕੁੱਲ ਵੱਖਰੀ ਤਰ੍ਹਾਂ ਦਾ ਸੁਹਜ ਸਿਰਜਦੇ ਹਨ। ਪਲੰਘ ਰੰਗੀਲੇ ਤੋਂ ਲੈ ਕੇ ਡੋਰੀਏ ਤੱਕ ਦੇ ਵੇਰਵੇ ਲੋਕ ਗੀਤ ਬਿਰਤਾਂਤਾਂ ਵਿਚ ਝਗੜਿਆਂ-ਮਨੇਵਿਆਂ ਦਾ ਕਾਰਣ ਬਣਦੇ ਨਜ਼ਰ ਆਉਂਦੇ ਹਨ। ਸਮੂਹਿਕ ਅਵਚੇਤਨ ਨਾਲ ਜੁੜੇ ਹੋਣ ਕਾਰਨ ਲੋਕ ਗੀਤ, ਲੋਕ ਮਨ ਨੂੰ ਪੜ੍ਹਨ ਦਾ ਸਭ ਤੋਂ ਭਰੋਸੇਯੋਗ ਸ੍ਰੋਤ ਹਨ। ਸੌਕਣਾਂ ਵਰਗੇ ਪਾਤਰਾਂ ਦੀ ਮਾਨਸਿਕਤਾ ਨੂੰ ਸਮਝਣਾ ਹੋਵੇ ਤਾਂ ਲੋਕ ਗੀਤਾਂ ਤੋਂ ਵਧੇਰੇ ਵਿਸ਼ਵਾਸਯੋਗ ਟੈਕਸਟ ਹੋਰ ਕੋਈ ਨਹੀਂ। ਲੋਕ ਗੀਤਾਂ ਰਾਹੀਂ ਰਿਸ਼ਤੇਦਾਰੀ ਪ੍ਰਬੰਧ ਦੇ ਅਨੇਕਾਂ ਰੰਗ ਉਘੜਦੇ ਹਨ। ਲੋਕ ਗੀਤਾਂ ਵਿਚ ਲੋਕਾਂ ਨੇ ਆਦਰਸ਼ਵਾਦੀ ਨਾਇਕਾਂ ਨੂੰ ਯਥਾਰਥਵਾਦੀ ਧਰਾਤਲ 'ਤੇ ਲਿਆ ਕੇ ਪੇਸ਼ ਕੀਤਾ ਹੈ, ਭਾਵੇਂ ਉਹ ਆਦਰਸ਼ ਪਾਤਰ ਸ਼ਿਵਜੀ ਹੀ ਕਿਉਂ ਨਾ ਹੋਵੇ।

ਇਨ੍ਹਾਂ ਗੀਤਾਂ ਦੇ ਵਿਸ਼ਲੇਸ਼ਣ ਸਮੇਂ ਇਹ ਤੱਥ ਬਾਰ-ਬਾਰ ਪ੍ਰਮਾਣਿਤ ਹੁੰਦਾ ਹੈ ਕਿ ਕਈ ਵਾਰ ਝੂਠੀ ਚੇਤਨਾ ਨਾਲ ਜੁੜੀਆਂ ਭਾਵਨਾਵਾਂ ਨੂੰ ਵੀ ਮਾਨਸਿਕਤਾ ਦਾ ਹਿੱਸਾ ਬਣਾ ਦਿੱਤਾ ਜਾਂਦਾ ਹੈ ਤੇ ਇਹ ਕੰਮ ਸੱਤਾਧਾਰੀ ਹਾਕਮਾਂ ਤੋਂ ਲੈ ਕੇ ਪਾਦਰੀ ਪਰੋਹਿਤ ਸਦੀਆਂ ਦੇ ਪ੍ਰਚਾਰ ਨਾਲ ਕਰਦੇ ਹਨ। ਇਹੀ ਭਾਵਨਾਵਾਂ ਅਨੇਕਾਂ ਰੂਪਾਂ ਵਿਚ ਵੀ ਆ ਪ੍ਰਗਟ ਹੁੰਦੀਆਂ ਹਨ। ਇੱਥੇ ਮਰਦ ਵੱਲੋਂ ਸਦੀਆਂ ਤੋਂ ਕੀਤੇ ਜਾਂਦੇ ਪ੍ਰਚਾਰ ਨੂੰ ਔਰਤ ਵੀ ਸੱਚ ਮੰਨ ਲੈਂਦੀ ਹੈ ਕਿ ਮੁੰਡੇ ਨਾਲ ਹੀ ਜਹਾਨ ਵਿਚ ਜੜ੍ਹ ਹਰੀ ਰਹਿੰਦੀ ਹੈ। ਕਦੇ ਕੋਈ ਨਹੀਂ ਪੁੱਛਦਾ ਕਿ ਲੜਕੀ ਵੀ ਮਰਦ ਦੇ ਬੀਜ ਦੀ ਪੈਦਾਵਾਰ ਹੈ, ਫਿਰ ਉਸ ਨਾਲ ਉਸ ਦੀ ਜੜ੍ਹ ਕਿਉਂ ਨਹੀਂ ਲੱਗਦੀ? ਲੋਕ ਗੀਤ ਬਾਹਰੀ ਦਬਾਵਾਂ ਨੂੰ ਝੱਲਣ ਲਈ ਪ੍ਰਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਤਰੀਕੇ ਅਪਣਾਉਂਦੇ ਹਨ। ਪਹਿਲਾ ਗਹਿਰ ਗੰਭੀਰ ਵਿਸ਼ਿਆਂ ਰਾਹੀਂ ਮਨ ਦਾ ਕਥਾਰਸਿਸ ਕਰਕੇ ਪ੍ਰਸਥਿਤੀਆਂ ਨੂੰ ਸਹਿਣ ਯੋਗ ਬਣਾਇਆ ਜਾਂਦਾ ਹੈ। ਦੂਸਰਾ ਤਰੀਕਾ ਹੈ ਪ੍ਰਸਥਿਤੀਆਂ ਨੂੰ ਮਜ਼ਾਕ ਵਿਚ ਉਡਾ ਦੇਣਾ। ਸਦੀਆਂ ਦੀਆਂ ਦਬਾਅ ਵਾਲੀਆਂ ਪ੍ਰਸਥਿਤੀਆਂ ਨੂੰ ਪੰਜਾਬੀ ਲਤੀਫ਼ਿਆਂ ਰਾਹੀਂ, ਆਪਣੇ ਉੱਪਰ ਹੱਸ ਕੇ ਸਹਿਣਯੋਗ ਬਣਾਉਂਦੇ ਆ ਰਹੇ ਹਨ। ਔਰਤ ਸਮਾਜਿਕ ਦਬਾਵਾਂ ਨੂੰ ਸਿੱਠਣੀਆਂ ਰਾਹੀਂ ਤੇ ਢੋਲਕ ਗੀਤਾਂ ਰਾਹੀਂ ਗਾ ਕੇ ਸਹਿੰਦੀ ਹੈ। ਇਹ ਤੇ ਹੋਰ ਬਹੁਤ ਸਾਰੇ ਵਿਚਾਰ ਇਨ੍ਹਾਂ ਗੀਤਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਸਾਡੇ ਸਾਹਮਣੇ ਆਉਂਦੇ ਹਨ ਜਿਨ੍ਹਾਂ ਦੇ ਰੂਬਰੂ ਪਾਠਕ ਇਸ ਪੁਸਤਕ ਨੂੰ ਪੜ੍ਹਨ ਸਮੇਂ ਹੋਣਗੇ।



ਡਾ. ਕਰਮਜੀਤ ਸਿੰਘ
+91 99927 32006
kjskurukshetra@yahoo.com

ਲੰਬੇ ਲੋਕ ਗੀਤਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦਾ ਵੱਖਰੀ ਭਾਂਤ ਦਾ ਬਿਰਤਾਂਤ ਹੈ। ਇਨ੍ਹਾਂ ਲੋਕ ਗੀਤਾਂ ਦੇ ਬਿੰਬ ਤੇ ਪ੍ਰਤੀਕ ਬੜੇ ਮੌਲਿਕ ਤੇ ਸਿੱਧੇ ਲੋਕ ਜੀਵਨ ਨਾਲ ਜੁੜੇ ਹੋਏ ਹਨ। ਜਦੋਂ ਮੱਖੀਆਂ ਦਾ ਉੱਡਣਾ ਕੁੜੀਆਂ ਦੇ ਸਹੁਰੇ ਜਾਣ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ ਤਾਂ ਸ੍ਰੋਤਾ ਲੋਕ ਕਵਿਤ੍ਰੀਆਂ ਦੀ ਸੂਝ ਦੀ ਦਾਦ ਦਿੱਤੇ ਬਗੈਰ ਨਹੀਂ ਰਹਿ ਸਕਦਾ। ਇਵੇਂ ਹੀ 'ਚਿੜੀਆਂ ਦੇ ਦੁੱਧ' ਦੀ ਮੰਗ ਤੇ 'ਸੱਪਾਂ ਦੀ ਪੀਂਘ ਪਾਉਣ' ਦੀ ਇੱਛਾ ਆਦਿ ਤੋਂ ਅਮੀਰ ਕਲਪਨਾ ਦੇ ਝਲਕਾਰੇ ਦੇਖੇ ਜਾ ਸਕਦੇ ਹਨ।

ਇੱਥੇ ਪਾਠਕਾਂ ਦੀ ਉਤਸੁਕਤਾ ਨੂੰ ਜਗਾਉਣ ਦੀ ਇੱਛਾ ਕਾਰਨ ਕੁਝ ਪੱਖ ਦਿੱਤੇ ਗਏ ਹਨ। ਬਾਕੀ ਦੇ ਪੱਖ ਉਹ ਮੇਰੇ ਵਾਂਗ ਲੋਕ ਗੀਤਾਂ ਦੇ ਨਾਲ-ਨਾਲ ਤੁਰਦਿਆਂ ਦੇਖ ਸਕਣਗੇ। ਮੈਨੂੰ ਉਮੀਦ ਹੈ ਕਿ ਜਿਵੇਂ ਲੋਕ ਗੀਤਾਂ ਦੀ ਪੈੜ ਨੂੰ ਪਾਠਕਾਂ ਨੇ ਭਰਵਾਂ ਹੁੰਗਾਰਾ ਭਰਿਆ ਹੈ ਇਵੇਂ ਹੀ ਉਹ ਇਸ ਪੁਸਤਕ ਵਿਚ ਵੀ ਦਿਲਚਸਪੀ ਲੈਣਗੇ ਅਤੇ ਆਪਣੀਆਂ ਰਾਵਾਂ ਨਾਲ ਵੀ ਜਾਣੂ ਕਰਵਾਉਣਗੇ।

ਅੰਤ ਉਪਰ ਮੈਂ ਬੇਹੱਦ ਧੰਨਵਾਦੀ ਹਾਂ ਡਾ. ਜੋਗਿੰਦਰ ਸਿੰਘ ਕੈਰੋਂ ਹੋਰਾਂ ਦਾ ਜਿਨ੍ਹਾਂ ਨੇ ਇਸ ਪੁਸਤਕ ਦੇ ਦੋ ਸ਼ਬਦ ਲਿਖਣੇ ਸਵੀਕਾਰ ਕੀਤੇ ਅਤੇ ਇਨ੍ਹਾਂ ਸ਼ਬਦਾਂ ਰਾਹੀਂ ਇਸ ਪੁਸਤਕ ਬਾਰੇ ਕੀਮਤੀ ਰਾਇ ਵੀ ਦਿੱਤੀ।

# ਹਕੂਮਤ ਤੇ ਅੰਗਰੇਜ਼ੀ

ਆਖ਼ਰਕਾਰ ਪੱਛਮੀ ਬੰਗਾਲ ਦੀ ਰਾਜ ਸਰਕਾਰ ਨੇ ਕੋਲਕਾਤਾ ਨਗਰ ਨਿਗਮ ਦੇ ਪਾਰਕ ਸਰਕਸ ਵਿਚਲੇ ਇਲਾਕੇ ਵਿਚ ਆਪਣਾ ਪਹਿਲਾ ਅੰਗਰੇਜ਼ੀ ਮਾਧਿਅਮ ਸਕੂਲ ਖੋਲ੍ਹ ਹੀ ਦਿੱਤਾ ਹੈ। ਕੋਲਕਾਤਾ ਦੇ ਮੇਅਰ ਸੋਭਨ ਚੱਟੋਪਾਧਿਆ ਨੇ ਧੂਮ-ਧਾਮ ਨਾਲ ਸਕੂਲ ਦਾ ਉਦਘਾਟਨ ਕੀਤਾ ਅਤੇ ਜਲਦੀ ਹੀ ਇਸੇ ਤਰ੍ਹਾਂ ਦੇ ਕਈ ਸਕੂਲ ਖੋਲ੍ਹਣ ਦੀ ਗੱਲ ਵੀ ਆਖੀ। ਲੇਕਿਨ ਗੁਰੂਦੇਵ ਰਵਿੰਦਰਨਾਥ ਟੈਗੋਰ ਨੇ ਸਿੱਖਿਆ ਦਾ ਮਾਧਿਅਮ ਬੰਗਲਾ ਨੂੰ ਹੀ ਬਣਾਇਆ ਸੀ। ਉਨ੍ਹਾਂ ਨੇ 17 ਫਰਵਰੀ 1937 ਨੂੰ ਕਲਕੱਤਾ ਯੂਨੀਵਰਸਿਟੀ ਦੇ ਸਮਾਰੋਹ ਵਿਚ ਬੰਗਲਾ ਭਾਸ਼ਾ ਵਿਚ ਹੀ ਸੰਬੋਧਿਤ ਕੀਤਾ ਸੀ, ਜਦੋਂ ਕਿ ਉਸ ਸਮੇਂ ਅਜਿਹੀ ਕਲਪਨਾ ਕਰਨਾ ਆਸਾਨ ਨਹੀਂ ਸੀ। ਟੈਗੋਰ ਨੇ ਲਿਖਿਆ ਹੈ ਕਿ ''ਸਾਡਾ ਮਨ ਤੇਰਾਂ-ਚੌਦਾਂ ਸਾਲਾਂ ਦੀ ਉਮਰ ਵਿਚ ਹੀ ਗਿਆਨ ਦਾ ਪ੍ਰਕਾਸ਼ ਅਤੇ ਭਾਵ ਦਾ ਰਸ ਪ੍ਰਾਪਤ ਕਰਨ ਲਈ ਖੁੱਲ੍ਹਣ ਅਤੇ ਫਟਣ ਲੱਗਦਾ ਹੈ। ਉਸ ਸਮੇਂ ਜੇਕਰ ਉਸ ਦੇ ਉਪਰ ਕਿਸੇ ਪਰਾਈ ਭਾਸ਼ਾ ਦੇ ਵਿਆਕਰਨ ਅਤੇ ਸ਼ਬਦਕੋਸ਼ ਰੱਟਣ ਦੇ ਰੂਪ ਵਿਚ ਪੱਥਰਾਂ ਦੀ ਵਰਖਾ ਕਰ ਦਿੱਤੀ ਜਾਵੇ ਤਾਂ ਦੱਸੋ ਕਿ ਕਿਵੇਂ ਉਹ ਸਿਆਣਾ ਤੇ ਸ਼ਕਤੀਸ਼ਾਲੀ ਹੋ ਸਕਦਾ ਹੈ?'' ਫਿਲਹਾਲ ਸਾਰੇ ਰਾਜਾਂ ਦੀਆਂ ਸਰਕਾਰਾਂ ਮੁੱਢਲੀ ਪੜ੍ਹਾਈ ਅੰਗਰੇਜ਼ੀ ਤੋਂ ਸ਼ੁਰੂ ਕਰ ਚੁੱਕੀਆਂ ਹਨ। ਅੰਗਰੇਜ਼ੀ ਪੜ੍ਹਾਉਣਾ ਹੋਰ ਗੱਲ ਹੈ ਅੰਗਰੇਜ਼ੀ ਮਾਧਿਅਮ ਰਾਹੀਂ ਮੁਢਲੀ ਸਿੱਖਿਆ ਅਤੇ ਉਹ ਵੀ ਸਰਕਾਰੀ ਸਕੂਲਾਂ ਵਿਚ ਕਈ ਤਰ੍ਹਾਂ ਦੇ ਸੁਆਲ ਪੈਦਾ ਕਰਦੀ ਹੈ। ਹਰ ਵਿਦੇਸ਼ੀ ਖੇਤਰ ਵਿਚ ਭਾਰਤੀਆਂ ਦਾ ਯੋਗਦਾਨ ਹੈ। ਉਹ ਭਾਰਤੀ ਜਿਹੜੇ ਇਥੋਂ ਵਿਦਿਆ ਹਾਸਿਲ ਕਰਕੇ ਗਏ ਤੇ ਸੇਵਾ ਕਰ ਰਹੇ ਨੇ ਦੂਸਰਿਆਂ ਦੀ। ਆਪਣੇ ਦੇਸ ਦੀ ਜਨਤਾ ਦੀ ਸੇਵਾ ਕਰਨਾ ਉਹ ਭੁੱਲ ਗਏ ਹਨ। ਉਹ ਇਥੋਂ ਦੀ ਭਾਸ਼ਾ ਵੀ ਨਹੀਂ ਵੀ ਜਾਣਦੇ। ਉਨ੍ਹਾਂ ਲਈ ਸਭ ਕੁਝ ਯੂਰਪ ਹੀ ਹੈ। ਕੀ ਭਾਰਤ ਨੇ ਵਿਦੇਸ਼ਾਂ ਦੀ ਸੇਵਾ ਕਰਨ ਦਾ ਠੇਕਾ ਲੈ ਰੱਖਿਆ ਹੈ? ਰਾਧਾਕ੍ਰਿਸ਼ਨਨ ਕਮਿਸ਼ਨ (1948-49) ਅਤੇ ਕੋਠਾਰੀ ਕਮਿਸ਼ਨ (1964-65) ਨੇ ਬਹੁਤ ਸਮੇਂ ਪਹਿਲਾਂ ਹੀ ਸੁਝਾਅ ਦਿੱਤਾ ਸੀ ਕਿ ਯੂਨੀਵਰਸਿਟੀਆਂ ਦੀਆਂ ਸਿੱਖਿਆਵਾਂ ਦਾ ਮਾਧਿਅਮ ਵੀ ਭਾਰਤੀ ਭਾਸ਼ਾਵਾਂ ਵਿਚ ਹੀ ਹੋਣਾ ਚਾਹੀਦਾ ਹੈ। ਜੇਕਰ ਭਾਰਤੀ ਭਾਸ਼ਾਵਾਂ ਉਚ ਸਿੱਖਿਆ ਅਤੇ ਕਾਨੂੰਨ ਦੀ ਭਾਸ਼ਾ ਨਹੀਂ ਬਣਨਗੀਆਂ ਤਾਂ ਉਹ ਗਿਆਨ ਦੀ ਭਾਸ਼ਾ ਕਿਵੇਂ ਬਣ ਸਕਣਗੀਆਂ? ਮੁੱਖ ਧਾਰਾ ਵਿਚ ਆਉਣ ਲਈ ਅੰਗਰੇਜ਼ੀ ਇਨ੍ਹਾਂ ਲਈ ਸਭ ਤੋਂ ਵੱਡੀ ਰੁਕਾਵਟ ਹੈ। ਹਕੂਮਤ ਤੇ ਅੰਗਰੇਜ਼ੀ ਆਪਸੀ ਮਿਲੀਆਂ ਹੋਈਆਂ ਚਾਲਾਂ ਹਨ, ਜਿਹੜੀਆਂ ਸਾਧਕ ਵਰਗ ਨੇ ਸ਼ੋਸ਼ਣ ਕਰਨ ਲਈ ਰੱਖੀਆਂ ਹੋਈਆਂ ਹਨ। ਹਕੂਮਤਾਂ ਚਲਦੀਆਂ ਹੀ ਅੰਗਰੇਜ਼ੀ ਦੇ ਸਿਰ 'ਤੇ ਹਨ। ਬੱਚਿਆਂ ਦੀ ਸਿੱਖਿਆ ਦਾ ਮਾਧਿਅਮ ਕੀ ਹੋਵੇ? ਇਹ ਸੁਆਲ ਅੱਜ ਵੀ ਕੋਈ ਨਵੇਂ ਨਹੀਂ ਹਨ, ਆਜ਼ਾਦੀ ਤੋਂ ਪਹਿਲਾਂ ਵੀ ਇਸ ਮੁੱਦੇ ਉਤੇ ਕਈ ਬਹਿਸਾਂ ਹੁੰਦੀਆਂ ਆ ਰਹੀਆਂ ਹਨ।



ਕਰਾਂਤੀਪਾਲ
+91 92165 35617

Vehicle Unlock Specialist
Boost Your Car Call 24/7

Gurpreet Sohal
Tel: 780.935.2990
gssohal72@yahoo.co.in

If your car is locked or need a boost
please call 780.935.2990



# ਸੁਰਿੰਦਰ ਸੋਹਲ ਦੀਆਂ ਗ਼ਜ਼ਲਾਂ

ਪ੍ਰਵਾਸੀ ਪੰਜਾਬੀ ਕਵੀਆਂ ਵਿਚੋਂ ਸੁਰਿੰਦਰ ਸੋਹਲ ਦਾ ਨਾਂਅ ਉਘੜਵਾਂ ਹੈ। ਸੁਰਿੰਦਰ ਬੜੀ ਖ਼ੂਬਸੂਰਤ ਨਜ਼ਮ ਵੀ ਲਿਖ ਲੈਂਦਾ ਹੈ ਅਤੇ ਸੁਚੱਜੀ ਤੇ ਸੰਜਮੀ ਵਾਰਤਕ ਵੀ, ਪਰ ਗ਼ਜ਼ਲ ਉਸ ਦਾ ਇਸ਼ਕ ਹੈ, ਪਹਿਲਾ ਪਿਆਰ। ਉਹ ਅਮਰੀਕਾ ਜਾਣ ਤੋਂ ਪਹਿਲਾਂ ਹੀ ਬਾਲ ਉਮਰੇ ਗ਼ਜ਼ਲ ਦੇ ਪੰਧ 'ਤੇ ਤੁਰ ਪਿਆ ਸੀ। ਇਸ ਰਾਹ 'ਤੇ ਸਾਬਤ ਕਦਮੀਂ ਤੁਰਦਿਆਂ ਹੋਇਆਂ ਉਸ ਨੇ ਆਪਣੀ ਗਿਣਨਯੋਗ ਥਾਂ ਬਣਾ ਲਈ ਹੈ। ਪੰਜਾਬੀ ਗ਼ਜ਼ਲ ਅੱਜ ਜਿਸ ਮੁਕਾਮ 'ਤੇ ਹੈ, ਉਹਦੇ 'ਚ ਜਿਹੜੇ ਨੌਜਵਾਨ ਗ਼ਜ਼ਲਕਾਰਾਂ ਦਾ ਵੱਡਾ ਯੋਗਦਾਨ ਹੈ, ਉਨ੍ਹਾਂ 'ਚ ਸੁਰਿੰਦਰ ਸੋਹਲ ਪਹਿਲੀ ਕਤਾਰ ਦਾ ਸ਼ਾਇਰ ਹੈ। ਉਹਦੀ ਗ਼ਜ਼ਲ ਦੇ ਵਸਤਰ ਨਵੇਂ-ਨਿਵੇਲੇ ਅਤੇ ਪੂਰੀ ਤਰ੍ਹਾਂ ਪੰਜਾਬੀ ਹਨ। ਉਹਦੀ ਗ਼ਜ਼ਲ ਪੜ੍ਹ ਅਤੇ ਸੁਣ ਕੇ ਇਹ ਅਹਿਸਾਸ ਧੁਰ ਅੰਦਰ ਤੀਕ ਫੈਲ ਜਾਂਦਾ ਹੈ ਕਿ ਪੰਜਾਬੀ ਗ਼ਜ਼ਲ ਦਾ ਰੁਤਬਾ ਸੰਸਾਰ ਦੀ ਬਿਹਤਰੀਨ ਕਵਿਤਾ ਦੇ ਬਰਾਬਰ ਪਹੁੰਚ ਚੁੱਕਾ ਹੈ। 'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹਨ ਉਹਦੀਆਂ ਗ਼ਜ਼ਲਾਂ।



ਸੁਰਿੰਦਰ ਸੋਹਲ
+1 646 220 2586
surindersohal@hotmail.com



ਸੁਲੱਖਣ ਸਰਹੱਦੀ
+91-94174-84337
sulakhansarhaddi@gmail.com

ਸਫ਼ਾਈ ਦੇਣ ਨੂੰ ਭਾਵੇਂ ਤੂੰ ਦੀਵਾ ਬਾਲ ਰਖਿਆ ਹੈ।
ਪਤਾ ਸਭ ਨੂੰ ਹੈ ਤੂੰ ਰਿਸ਼ਤਾ ਹਨ੍ਹੇਰੇ ਨਾਲ ਰਖਿਆ ਹੈ।

ਤੇਰੇ ਕਿਰਦਾਰ ਦਾ ਸੱਚ ਦਿਨ ਛਿਪਣ ਤੋਂ ਬਾਦ ਉਘੜੇਗਾ,
ਅਜੇ ਸੂਰਜ ਨੂੰ ਤੂੰ ਅਪਣੀ ਬਣਾ ਕੇ ਢਾਲ ਰਖਿਆ ਹੈ।

ਤੂੰ ਕੰਬ ਜਾਨਾਂ ਏ ਜੇ ਤਸਵੀਰ ਵੀ ਤੀਰਾਂ ਦੀ ਤੱਕ ਲੈਨਾਂ,
ਤੂੰ ਭੀਸ਼ਮ ਹੋਣ ਦਾ ਐਵੇਂ ਭਰਮ ਹੀ ਪਾਲ ਰਖਿਆ ਹੈ।

ਬਦਲ ਕੇ ਰੰਗ ਇਹ ਮੇਰੀ ਗ਼ਜ਼ਲ ਵਿਚ ਆ ਹੀ ਜਾਂਦੀ ਹੈ,
ਮੈਂ ਜਿਸ ਗੱਲ ਨੂੰ ਜ਼ਬਾਨ ਉਤੇ ਲਿਔਣੋਂ ਟਾਲ ਰਖਿਆ ਹੈ।

ਬਦਲਣਾ ਕਿਸ ਤਰ੍ਹਾਂ ਵੋਟਾਂ 'ਚ, ਖ਼ੁਦ ਲੂਹ ਕੇ ਪਰਿੰਦਿਆਂ ਨੂੰ,
ਸਿਆਸਤ ਨੇ ਹੁਨਰ ਐਸਾ ਅਜੇ ਸੰਭਾਲ ਰਖਿਆ ਹੈ।

ਖ਼ੁਦਾ ਜਾਣੇ ਮਛੇਰੇ ਨਾਲ ਕੀ ਬੀਤੀ, ਜੋ ਹਰ ਇਕ ਨੂੰ,
ਥਲਾਂ ਦਾ ਰਾਸਤਾ ਪੁੱਛਦੈ ਤੇ ਮੋਢੇ ਜਾਲ ਰਖਿਆ ਹੈ।

-----

ਤੇਰੇ ਮੋਮੀ ਬਦਨ ਉਤੇ ਨਹੀਂ ਹੁੰਦਾ ਅਸਰ ਕੋਈ।
ਹੈ ਤੇਰੇ ਕੋਲ ਅੱਗ ਦੇ ਨਾਲ ਖੇਡਣ ਦਾ ਹੁਨਰ ਕੋਈ।

ਕਿਤੇ ਰਸਤਾ ਨਾ ਛੱਡ ਜਾਵੇ, ਕਿਤੇ ਨਾ ਪੈਰ ਛੱਡ ਜਾਵਣ,
ਸਦਾ ਹੀ ਨਾਲ ਮੇਰੇ ਤੁਰ ਰਿਹਾ ਹੁੰਦਾ ਹੈ ਡਰ ਕੋਈ।

ਇਹਨਾਂ ਦੀ ਪੈੜ ਨੂੰ ਲਭਦੇ ਤੁਸੀਂ ਖ਼ੁਦ ਗੁੰਮ ਜਾਵੋਗੇ,
ਹਵਾ ਦਾ ਘਰ ਨਹੀਂ ਹੁੰਦਾ ਨਾ ਖ਼ੁਸ਼ਬੂ ਦਾ ਨਗਰ ਕੋਈ।

ਉਤਾਰੋ ਰਿਸ਼ਤਿਆਂ ਦੇ ਵੇਸ ਨਾ ਕਿਰਦਾਰ ਮੇਰੇ ਤੋਂ,
ਮੇਰੇ ਅੰਦਰੋਂ ਨਿਕਲ ਆਵੇਗਾ ਬਦਸੂਰਤ ਬਸ਼ਰ ਕੋਈ।

ਤੁਹਾਡੇ ਪੈਰ ਠੋਕਰ ਖਾਣ ਦੇ ਆਦੀ ਨਹੀਂ ਲਗਦੇ,
ਤੁਸੀਂ ਕੀਤਾ ਨਹੀਂ ਲਗਦਾ ਹਨ੍ਹੇਰੇ ਵਿਚ ਸਫ਼ਰ ਕੋਈ।

-----

ਇਸ ਤੋਂ ਤਰੇਲ ਦੀ ਥਾਂ, ਚੋਂਦੀ ਹੈ ਰਕਤ ਵੇਖੋ।
ਮਲਬੇ 'ਚੋਂ ਉਗਿਆ ਹੈ ਕੈਸਾ ਦਰਖ਼ਤ ਵੇਖੋ।

ਉਹ ਤੀਰ ਮਾਰਦਾ ਹੈ, ਹਸਦਾ ਹਾਂ ਮੈਂ ਨਿਹੱਥਾ,
ਜਿੱਤ ਕੇ ਵੀ ਹੋ ਰਹੀ ਹੈ, ਉਸਦੀ ਸਿਕੱਸਤ ਵੇਖੋ।

ਲਿਖ ਲੈ ਜੋ ਮਰਜ਼ੀ, ਪਰ ਨਾ ਸੂਰਜ, ਚਿਰਾਗ਼ ਲਿਖਣਾ,
ਰੱਖੀ ਕਲਮ ਦੇ ਅੱਗੇ ਨ੍ਹੇਰੇ ਨੇ ਸ਼ਰਤ ਵੇਖੋ।

ਹਰ ਜ਼ਾਵੀਏ ਦੀ ਅਪਣੀ ਹੁੰਦੀ ਹੈ ਇਕ ਹਕੀਕਤ,
ਇਹ ਵੀ ਚੜ੍ਹਦੀ ਡੁਬਦੀ ਚੰਨ ਤੋਂ ਜੇ ਧਰਤ ਵੇਖੋ।

ਸ਼ੀਸ਼ੇ ਜਿਹਾ ਮੈਂ ਨਾਜ਼ੁਕ, ਕਿਧਰੇ ਨਾ ਤਿੜਕ ਜਾਵਾਂ,
ਹਾਂ ਦੋਸਤੀ ਦਾ ਰਿਸ਼ਤਾ, ਨਾ ਵਰਤ ਵਰਤ ਵੇਖੋ।

----

ਭਰਮ 'ਚ ਓਸ ਨੇ ਮੈਨੂੰ ਇਵੇਂ ਵਲੀ ਰਖਿਆ।
ਨਿਰੀ ਹੀ ਰੇਤ ਸੀ, ਬਸ ਨਾਮ ਸੀ ਨਦੀ ਰਖਿਆ।

ਤਮਾਸ਼ਬੀਨ ਨੂੰ ਮੌਕਾ ਨਾ ਮਿਲੇ ਤਮਾਸ਼ੇ ਦਾ,
ਠੁਕੇ ਸੀ ਰੂਹ 'ਚ ਕਿਲ ਦਰਦ ਪਰ ਜਰੀ ਰਖਿਆ।

ਕਿ ਚਮਤਕਾਰ ਇਹ ਜਿਗਰੇ ਦੇ ਨਾਲ ਹੁੰਦਾ ਹੈ,
ਜੜ੍ਹਾਂ 'ਚ ਅੱਗ ਸੀ, ਹਰ ਸ਼ਾਖ਼ ਨੂੰ ਹਰੀ ਰਖਿਆ।

ਸਿਤਾਰਿਆਂ ਨੂੰ ਬੁਝਣੋਂ ਉਹ ਕਿੰਝ ਬਚਾਵਣਗੇ,
ਕਿ ਦੀਵਿਆਂ ਲਈ ਜੀਨਾਂ ਤੋਂ ਨਾ ਸਰੀ ਰਖਿਆ।

ਰਹੀ ਨਾ ਰਿਸ਼ਤਿਆਂ ਦੀ ਹੋਸ਼ ਵਕਤ ਐਸਾ ਸੀ,
ਕਿ ਮੈਂ ਤੂਫ਼ਾਨ ਵਿਚ ਦੁਸ਼ਮਣ ਦਾ ਹੱਥ ਫੜੀ ਰਖਿਆ।

----

ਇਸ ਦੇ ਦਿਲ ਅੰਦਰ ਕੋਈ ਸੰਗੀਨ ਸਾਜ਼ਿਸ਼ ਪਲ ਰਹੀ ਹੈ।
ਅੱਗ ਤਾਂ ਹੀ ਬਰਫ਼ ਦਾ ਚਿਹਰਾ ਲਗਾ ਕੇ ਜਲ ਰਹੀ ਹੈ।

ਰੱਬ ਜਾਣੇ ਮੇਰੇ ਸਾਵ੍ਹੇਂ ਆਉਣ ਤੋਂ ਕਿਉਂ ਟਲ ਰਹੀ ਹੈ।
ਚਾਨਣੀ ਬੱਦਲ਼ ਦੇ ਓਹਲੇ ਹੋ ਕੇ ਰਸਤਾ ਵਲ ਰਹੀ ਹੈ।

ਇਕ ਤਰਫ਼ ਤਾਂ ਲੋਕ ਸਿੱਲ੍ਹਾਂ-ਪੱਥਰਾਂ ਵਿਚ ਵਟ ਰਹੇ ਨੇ,
ਇਕ ਤਰਫ਼ ਪੱਥਰ 'ਚੋਂ ਹੱਸਦੀ ਮੂਰਤੀ ਨਿੱਕਲ ਰਹੀ ਹੈ।

ਇਤਰ ਭਿੱਜੀਆਂ ਰੰਗਲੀਆਂ ਇਸ ਨੇ ਬਹਾਰਾਂ ਵਰਨੀਆਂ ਨੇ,
ਏਸੇ ਕਰਕੇ ਪੱਤਝੜ ਜੰਗਲ ਨੂੰ ਵਟਣਾ ਮਲ ਰਹੀ ਹੈ।

ਮੈਂ ਤਾਂ ਘਰ ਹੀ ਛੱਡ ਆਇਆ ਸਾਂ ਮਹਿਕ, ਜਜ਼ਬੇ ਤੇ ਰਿਸ਼ਤੇ,
ਪਰ ਸਫ਼ਰ ਵਿਚ ਪੈੜ ਕਿਸਦੀ ਨਾਲ ਮੇਰੇ ਚਲ ਰਹੀ ਹੈ।

ਮਛਲੀਆਂ ਫੜ੍ਹਦਾ ਮੈਂ ਤਟ 'ਤੇ ਸੌਂ ਗਿਆ ਕਿ ਖ਼ਾਬ ਆਇਆ,
ਕੜ੍ਹ ਰਿਹਾ ਹੈ ਤੇਲ, ਇਸ ਵਿਚ ਮਛਲੀ ਮੈਨੂੰ ਤਲ ਰਹੀ ਹੈ।

----

ਇਨ੍ਹਾਂ ਅੰਦਰ ਵੀ ਸੁਪਨੇ ਸੁਰਖ ਸੁੱਤੇ ਨੇ, ਜਗਾ ਦੇਣਾ।
ਸਮਾਂ ਮਿਲਿਆਂ ਤਾਂ ਬੁਝਿਆਂ ਦੀਵਿਆਂ ਨੂੰ ਅੱਗ ਛੁਹਾ ਦੇਣਾ।

ਸਿਆਹੀ ਜੇ ਨਹੀਂ ਮਿਲਦੀ, ਮੇਰੀ ਰੱਤ ਦਾ ਪਤਾ ਦੇਣਾ।
ਲਿਖਣ ਨੂੰ ਨਜ਼ਮ ਸ਼ਾਇਰ ਨੂੰ ਮੇਰੇ ਦਿਲ ਦਾ ਸਫ਼ਾ ਦੇਣਾ।

ਮਹਿਕ ਨੂੰ ਕੱਟਿਆ, ਦੱਬਿਆ, ਜਲਾਇਆ ਜਾ ਨਹੀਂ ਸਕਦਾ,
ਮੇਰੇ ਦੁਸ਼ਮਣ ਨਹੀਂ ਮੁਮਕਿਨ ਮੇਰੀ ਹਸਤੀ ਮਿਟਾ ਦੇਣਾ।

ਅਸੀਂ ਤਾਂ ਜਲ਼ ਗਏ ਫੁੱਲ ਵੀ ਨਦੀ ਵਿਚ ਤਾਰ ਆਉਂਦੇ ਹਾਂ,
ਤੁਹਾਡੇ ਸ਼ਹਿਰ ਹੀ ਦਸਤੂਰ ਹੈ, ਜ਼ਿੰਦਾ ਜਲਾ ਦੇਣਾ।

ਦਬਾ ਕੇ ਇਸ ਤਰ੍ਹਾਂ ਰੱਖਣਾ ਕਿ ਸਿਰ 'ਤੇ ਛਾ ਹੀ ਨਾ ਸੱਕੇ,
ਚਰਾਗ਼ਾਂ ਤੋਂ ਸਬਕ ਲੈ ਕੇ ਹਨ੍ਹੇਰੇ ਨੂੰ ਜਗ੍ਹਾ ਦੇਣਾ।

----

ਮਿਲੇ ਨੇ ਤਿਸ਼ਨਗੀ, ਪੱਥਰ, ਬਰੋਲੇ ਇਸ ਥਾਂ ਆ ਕੇ ਵੀ।
ਚਿਰਾਂ ਤੋਂ ਰੀਝ ਸੀ ਦੇਖਾਂ, ਸਮੁੰਦਰ ਪਾਰ ਜਾ ਕੇ ਵੀ।

ਬੁਝੇ ਹੋਏ ਮਨਾਂ ਅੰਦਰ ਮੈਂ ਕਿਉਂ ਲੋਅ ਭਰ ਨਹੀਂ ਸਕਿਆ,
ਮੈਂ ਰੱਖੇ ਹਰ ਗਲੀ, ਹਰ ਮੋੜ 'ਤੇ ਦੀਵੇ ਜਗਾ ਕੇ ਵੀ।

ਤੁਹਾਡੀ ਪੈੜ ਰੇਤਾ ਦੀ ਥਾਂ ਇਹਨਾਂ ਵਿਚ ਰਹੇ ਸਾਂਭੀ,
ਤੁਹਾਡੇ ਰਾਹ ਵਿਚ ਰੱਖੀਆਂ ਨੇ ਮੈਂ ਅੱਖਾਂ ਵਿਛਾ ਕੇ ਵੀ।

ਤੁਹਾਡੇ ਖੋਖਲੇ ਕਿਰਦਾਰ ਤੋਂ ਫਿਰ ਵੀ ਮੈਂ ਵੱਡਾ ਸਾਂ,
ਮੈਂ ਖ਼ੁਦ ਨੂੰ ਦੇਖਿਆ ਹੈ ਚੰਨ ਦੇ ਵਾਂਗੂੰ ਘਟਾ ਕੇ ਵੀ।

ਤੂੰ ਰਿਸ਼ਤਾ ਤੋੜ ਕੇ ਇਹਸਾਸ ਤੱਕ ਬਾਕੀ ਨਹੀਂ ਰੱਖਿਆ,
ਖਿਡੌਣਾ ਟੁੱਟਿਆ ਰੱਖਦਾ ਹੈ ਬੱਚਾ ਤੱਕ ਬਚਾ ਕੇ ਵੀ।

----

ਮੇਰੇ ਹੱਥਾਂ ਨੂੰ ਦਸਤਕ ਦੀ ਯਾਦ ਦਿਵਾਉਂਦਾ ਹੈ।
ਮੇਰੇ ਸੁਪਨੇ ਵਿਚ ਅੱਜ ਕੱਲ੍ਹ ਇਕ ਬੂਹਾ ਆਉਂਦਾ ਹੈ।

ਕਿਸ਼ਤੀ, ਸੂਲੀ, ਵੰਝਲੀ, ਭਾਲਾ, ਮੋਰ ਬਣਾਉਂਦਾ ਹੈ।
ਬਿਰਖਾਂ ਵਿਚ ਦੀ ਬੰਦਾ ਮਨ ਦੀ ਦਸ਼ਾ ਦਿਖਾਉਂਦਾ ਹੈ।

ਭੀੜ ਦੇ ਸਾਗਰ ਵਿਚ ਘਿਰਿਆ ਇਕ ਤਨਹਾ ਟਾਪੂ ਹਾਂ,
ਵਾਕਿਫ਼ ਕਦਮਾਂ ਦੀ ਛੋਹ ਨੂੰ ਜੋ ਚਿੱਠੀਆਂ ਪਾਉਂਦਾ ਹੈ।

ਇਕਲਾਪੇ ਵਿਚ ਸੁੱਤਾ ਨ੍ਹੇਰਾ ਰੋਜ਼ ਤਿੜਕਦਾ ਹੈ,
ਉਜੜੇ ਹੋਏ ਘਰ ਵਿਚ ਦੀਵਾ ਕੌਣ ਜਗਾਉਂਦਾ ਹੈ?

ਉਸਦਾ ਸ਼ੁਗਲ ਕਿਸੇ ਦਿਨ ਆਹਲਣਿਆਂ ਨੂੰ ਸਾੜੇਗਾ,
ਜਿਹੜਾ ਆਤਿਸ਼ਬਾਜ਼ੀ ਬਿਰਖਾਂ ਕੋਲ ਚਲਾਉਂਦਾ ਹੈ।

ਮਲਬਾ ਅੱਖਰ, ਲਗਾਂ ਨੇ ਲਾਸ਼ਾਂ, ਲਿੱਪੀ ਬੰਬਾਰੀ,
ਗੁੰਮ ਸੁੰਮ ਬੱਚਾ ਘਰ ਵੱਲ ਤਕਦਾ, ਵਾਕ ਬਣਾਉਂਦਾ ਹੈ।

ਸ਼ੇਖੀ ਵਿਚ ਟਾਪੂ 'ਤੇ ਪਹਿਲਾਂ ਬੇੜੀ ਫੂਕ ਲਈ,
ਉਠਦਾ ਦੇਖ ਤੂਫ਼ਾਨ ਮੁਸਾਫਰ ਹੁਣ ਪਛਤਾਉਂਦਾ ਹੈ।

----

ਮਿਲ ਗਿਆ ਨ੍ਹੇਰੇ ਨੂੰ ਮੌਕਾ ਦੋਸ਼ ਲਾਵਣ ਵਾਸਤੇ।
ਮੈਂ ਚੁਰਾਈ ਅੱਗ ਜਦੋਂ ਦੀਵੇ ਜਗਾਵਣ ਵਾਸਤੇ।

ਘਰਦਿਆਂ ਬਿਰਖਾਂ ਨੂੰ ਔੜਾਂ ਤੋਂ ਬਚਾਵਣ ਵਾਸਤੇ।
ਸੰਦਲੀ ਬਦਲੀ ਗਈ ਸਾਗਰ 'ਚ ਨਾਵਣ ਵਾਸਤੇ।

ਮੈਂ ਬੁਲਾਏ ਨੇ ਘਰੇ ਕਿਸ਼ਤੀ, ਪਰਿੰਦਾ ਤੇ ਚਿਰਾਗ਼,
ਤਰਨ, ਉੱਡਣ, ਜਗਣ ਦੇ ਸਭ ਭੇਦ ਪਾਵਣ ਵਾਸਤੇ।

ਮਾਣ ਕੇ ਛਾਵਾਂ ਤੇ ਫਲ ਖਾ ਕੇ ਨਸ਼ੁਕਰਾ ਆਦਮੀ,
ਸੋਚਦਾ ਹੈ ਬਿਰਖ ਦੀ ਪੌੜੀ ਬਣਾਵਣ ਵਾਸਤੇ।

ਆਫ਼ਰੀ ਹੋਈ ਨਦੀ ਸਾਗਰ 'ਚ ਮੂਧੇ ਮੂੰਹ ਗਿਰੀ,
ਪਰਬਤੋਂ ਉੱਤਰੀ ਸੀ ਆਪਣਾ ਰੋਹ ਦਿਖਾਵਣ ਵਾਸਤੇ।

ਤੂੰ ਏਂ ਚਿੱਤਰਕਾਰ ਤੇਰੇ 'ਤੇ ਕੋਈ ਬੰਦਿਸ਼ ਨਹੀਂ,
ਬਰਫ਼ ਦੇ ਆਲ਼ੇ 'ਚ ਸੂਰਜ ਨੂੰ ਟਿਕਾਵਣ ਵਾਸਤੇ।

ਪਾਈ ਹੈ ਅੜਚਣ ਜਿਨ੍ਹੇ ਉਹ ਸੋਚਦੈ, ਮੈਂ ਝੁਕ ਗਿਆਂ,
ਮੈਂ ਤਾਂ ਝੁਕਿਆ ਰਾਹ 'ਚੋਂ ਕੰਡੇ ਹਟਾਵਣ ਵਾਸਤੇ।

----

ਸ਼ੀਸ਼ੇ 'ਤੇ ਖਿੜਦੇ ਫੁੱਲ ਉਹ ਬਹਿ ਕੇ ਨਿਹਾਰਦਾ।
ਸਕਰੀਨ ਸੇਵਰ 'ਚੋਂ ਭਰਮ ਪਾਲੇ ਬਹਾਰ ਦਾ।

ਬੰਦੂਕ ਫੜ੍ਹ ਕੇ ਮੈਂ ਨਹੀਂ ਜਦ ਕੁਝ ਵਿਚਾਰ ਦਾ।
ਤਾਂ ਫ਼ਰਕ ਕੀ ਗੋਲੀ ਨੂੰ ਪੈਣਾ ਆਰ ਪਾਰ ਦਾ।

ਮੱਥੇ 'ਤੇ ਭਾਵੇਂ ਬੀਨ ਦਾ 'ਟੈਟੂ' ਬਣਾ ਲਿਆ,
ਹਾਲੇ ਵੀ ਮੇਰੇ ਦਿਲ 'ਚ ਪਰ ਸੱਪ ਫੰਨ ਖਿਲਾਰਦਾ।

ਮਰਦੇ ਮਿਰਗ ਦੀ ਚੀਕ ਵੀ ਕਰਦਾ ਰਿਹਾ ਰਿਕਾਰਡ,
ਐਸਾ ਅਵੱਲਾ ਸ਼ੌਕ ਸੀ ਉਸਨੂੰ ਸ਼ਿਕਾਰ ਦਾ।

ਕੱਖਾਂ ਦੀ ਕੁੱਲੀ ਸੜ ਗਈ ਸੀ ਆਲ੍ਹਣੇ ਸਮੇਤ,
ਚੇਤੇ 'ਚ ਮੇਰੇ ਜੰਮ ਗਿਆ ਚੱਲਣਾ ਅਨਾਰ ਦਾ।

ਮਾਂ ਧਰਤ ਧੋ ਕੇ ਫੇਰ ਸਾਵਾ ਰੰਗ ਰੰਗਦੀ,
ਵਣ-ਪੁੱਤ ਜਦ ਪੀਲੇ ਹੋਏ ਵਸਤਰ ਉਤਾਰ ਦਾ।

ਬਸ ਤਾੜੀਆਂ ਦੀ ਗੂੰਜ ਸੀ, ਪੌਣਾਂ 'ਚ ਰਲ ਗਈ,
ਤੱਕਿਐ 'ਸੁਰਿੰਦਰ' ਡਿੱਗਣਾ ਇਕ ਸ਼ਾਹਸਵਾਰ ਦਾ।

----

ਮਿਲੇ ਨੇ ਤਿਸ਼ਨਗੀ, ਪੱਥਰ, ਬਰੋਲੇ ਇਸ ਥਾਂ ਆ ਕੇ ਵੀ।
ਚਿਰਾਂ ਤੋਂ ਰੀਝ ਸੀ ਦੇਖਾਂ, ਸਮੁੰਦਰ ਪਾਰ ਜਾ ਕੇ ਵੀ।

ਬੁਝੇ ਹੋਏ ਮਨਾਂ ਅੰਦਰ ਮੈਂ ਕਿਉਂ ਲੋਅ ਭਰ ਨਹੀਂ ਸਕਿਆ,
ਮੈਂ ਰੱਖੇ ਹਰ ਗਲੀ, ਹਰ ਮੋੜ 'ਤੇ ਦੀਵੇ ਜਗਾ ਕੇ ਵੀ।

ਤੁਹਾਡੀ ਪੈੜ ਰੇਤਾ ਦੀ ਥਾਂ ਇਹਨਾਂ ਵਿਚ ਰਹੇ ਸਾਂਭੀ,
ਤੁਹਾਡੇ ਰਾਹ ਵਿਚ ਰੱਖੀਆਂ ਨੇ ਮੈਂ ਅੱਖਾਂ ਵਿਛਾ ਕੇ ਵੀ।

ਤੁਹਾਡੇ ਖੋਖਲੇ ਕਿਰਦਾਰ ਤੋਂ ਫਿਰ ਵੀ ਮੈਂ ਵੱਡਾ ਸਾਂ,
ਮੈਂ ਖ਼ੁਦ ਨੂੰ ਦੇਖਿਆ ਹੈ ਚੰਨ ਦੇ ਵਾਂਗੂੰ ਘਟਾ ਕੇ ਵੀ।

ਤੂੰ ਰਿਸ਼ਤਾ ਤੋੜ ਕੇ ਇਹਸਾਸ ਤੱਕ ਬਾਕੀ ਨਹੀਂ ਰੱਖਿਆ,
ਖਿਡੌਣਾ ਟੁੱਟਿਆ ਰੱਖਦਾ ਹੈ ਬੱਚਾ ਤੱਕ ਬਚਾ ਕੇ ਵੀ।

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL STUCCO & RENOVATION
Residential
Commertial
ਰੈਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਈਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ **ਜੀਵਨ ਬੀਮਾ ਇੰਕ.** ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

**ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।**



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**

*For All Insurance Needs Book Appointment Today.*

## Calgary

**Bus: (403) 717 - 0666**
**Cell: (403) 830 - 7007**

## Edmonton

**Bus: (780) 465 - 6900**
**Cell: (780) 906 - 4497**



MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation




WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel:
Fax:
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889




Passport
Photos
by:
Kanwal Lyall
All types of Immigration, Passport, PIO, Citizenship Photos
Phone: 780-952-8017
lyallstudio@gmail com




Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail com
5424-36 Street, Edmonton, Alberta T6B 3P3




Fancy DOORS & MOULDINGS LTD.
SPRING SALE!
START THE SEASON WITH SAVINGS!
Interior Doors
Cheyenne Smooth, H/C, Pre-Hung 18" x 36" MDF Jamb, 3 Hinges
ONLY $49.99
Bostonian 6-Panel, Pre-Hung 18" to 36" MDF Jamb, 3 Hinges
ONLY $55.99
Exterior Doors
Fibreglass "Parliament" Pre-Hung (32" or 36" x 80") with 4.5" Jamb
ONLY $299.99
6-Panel Steel Door with Brick Moulding Pre-Hung (32" or 36") with 4.5" Jamb
ONLY $149.99
A 3-Panel Mission Shaker, Fir
B 3-Panel Equal Shaker, MDF
C 5-Panel Shaker, MDF
French Doors
Single or Double "Paris" Doors
Circle Ring
Square Ring with Band
Pantry Slab
ONLY $99.00
Exterior Wood Doors
Prefinished 32" x 32" x 96"
THESE THREE DOORS ONLY $4500.00 EACH
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer Expires May 31, 2012
SAVE ON DOOR KNOBS AND HANDLES!
Taymor
Tofino Knob
ONLY $12.99
Superior Door Lock and Handle Set
ONLY $49.99
2 Piece Deadbolt
ONLY $24.99
Villa Passage Knob
ONLY $13.99
MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™ ONLY $1.99 /linear foot
#8039 Casing ¾" x 3½" MDF Primed ONLY $0.59 /linear foot
#8237 Baseboard ⅝" x 5½" MDF Primed ONLY $0.69 /linear foot
#8081 Casing ⅝" x 3¼" MDF Primed ONLY $0.59 /linear foot
#8281 Baseboard ½" x 6" MDF Primed ONLY $0.69 /linear foot
ALEXANDRIA Moulding
MOULDING SPECIALS!
#5010 1⅜" x 4⅜" MDF Primed ONLY $1.29 /linear foot
#412 ⅝" x 4¼" MDF Primed ONLY $0.55 /linear foot
#411 ¹¹⁄₁₆" x 3" MDF Primed ONLY $0.45 /linear foot
#3140 ⅜" x 3¼" MDF Primed ONLY $0.29 /linear foot
#356 2¼" x ⅜" MDF Primed ONLY $0.19 /linear foot
SAVE ON BATHROOM FIXTURES!
Infinity 4 Piece Bath Set
ONLY $29.99
Robe Hook
Towel Bar
Paper Holder
Towel Ring
Sunglow 4 Piece Bath Set
ONLY $24.99
Towel Bar
Paper Holder
Robe Hook
Towel Ring

## ਫ਼ੋਟੋ ਗੈਲਰੀ

# ਐਡਮਿੰਟਨ ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਦੀਆਂ ਝਲਕੀਆਂ










ਤਸਵੀਰਾਂ: ਕਿਰਤਮੀਤ



ਨਗਰ ਕੀਰਤਨ 'ਚ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਐਮ.ਪੀ. ਟਿੰਮ ਉਪਲ, ਵਿਧਾਇਕ ਸੁਹੇਲ ਕਾਦਰੀ, ਨਰੇਸ਼ ਭਾਰਦਵਾਜ, ਪੀਟਰ ਸੰਧੂ, ਕੈਬਨਿਟ ਮੰਤਰੀ ਮਨਮੀਤ ਭੁੱਲਰ, ਅਲਬਰਟਾ ਵਿਧਾਨ ਸਭਾ ਸਪੀਕਰ ਜੀਨ ਜਵੈਜਡੈਸਕੀ, ਵਿਧਾਇਕ ਰਾਜ ਸ਼ਰਮਨ, ਡੇਵਿਡ ਵੀਗਨ, ਮੇਅਰ ਸਟੀਫ਼ਨ ਮੈਂਡਲ, ਕੌਂਸਲਰ ਅਮਰਜੀਤ ਸੋਹੀ, ਮਹਿੰਦਰ ਬੰਗਾ, ਸੁਰਿੰਦਰ ਹੁੰਝਨ, ਕਰਨੈਲ ਮਾਂਗਟ, ਪ੍ਰਧਾਨ ਬਲਬੀਰ ਚਾਨਾ, ਕੁਲਮੀਤ ਸੰਘਾ ਤੇ ਮੇਜਰ ਹਰਪਾਲ।

(ਤਸਵੀਰਾਂ 'ਦੇਸ ਪ੍ਰਦੇਸ ਟਾਈਮਜ਼' ਤੋਂ ਧੰਨਵਾਦ ਸਹਿਤ)


# Asian Western Grocery Store

## 8324 - 160 Ave. Edmonton, AB. T5Z 3P1

**NOW OPEN**

*All indian, Fijian, South African Grocery*

## ਏਸ਼ੀਅਨ ਵੈਸਟ੍ਰਨ ਗਰੋ੍ਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋ੍ਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।








For more information call
Balraj @

**780-756-2225**
**780-660-2061**


6TH Anniversary Special
NIRVANA
ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
From March 1 - May 1 2012
Holi & Vaisakhi Specials
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

# ਮੈਂ ਭਾਸ਼ਾ ਦਾ ਰਿਆਜ਼ ਤੇ ਸਾਹਿਤ ਦੀ ਸਾਧਨਾ ਕਰਦਾ ਹਾਂ : ਗੁਰਬਚਨ ਸਿੰਘ ਭੁੱਲਰ



ਜੀਵਨ ਸਾਥਣ ਗੁਰਚਰਨ ਕੌਰ ਨਾਲ ਗੁਰਬਚਨ ਸਿੰਘ ਭੁੱਲਰ- ਨਵੰਬਰ 2011, ਨਵੀਂ ਦਿੱਲੀ (ਫੋਟੋਕਾਰੀ : ਸੁਸ਼ੀਲ ਦੁਸਾਂਝ)

## ਸਦੀਵੀ ਜਜ਼ਬਿਆਂ ਦਾ ਬੇਜੋੜ ਬਿਰਤਾਂਤਕਾਰ ਗੁਰਬਚਨ ਸਿੰਘ ਭੁੱਲਰ

ਮੁਲਾਕਾਤੀ

ਅਵਤਾਰ ਜੰਡਿਆਲਵੀ ਤੇ ਸੁਸ਼ੀਲ ਦੁਸਾਂਝ

ਗੁਰਬਚਨ ਸਿੰਘ ਭੁੱਲਰ ਮਨੁੱਖੀ ਵਰਤੋਂ-ਵਿਹਾਰ ਤੇ ਕਿਰਦਾਰ ਦੀਆਂ ਸੂਖ਼ਮ ਰਮਜ਼ਾਂ, ਉਲਝੀਆਂ ਤੰਦਾਂ, ਸਦੀਵੀ ਜਜ਼ਬਿਆਂ ਤੇ ਅਸੀਮ ਸੰਭਾਵਨਾਵਾਂ ਦਾ ਬੇਜੋੜ ਬਿਰਤਾਂਤਕਾਰ ਤਾਂ ਹੈ ਹੀ, ਨਾਲ ਹੀ ਇਨ੍ਹਾਂ ਦੇ ਜ਼ਮੀਨੀ ਸੱਚ ਦੀ ਵੀ ਗਹਿਰ-ਗੰਭੀਰ ਚੇਤਨਾ ਰਖਦਾ ਹੈ। ਇਸ ਪੱਖੋਂ ਉਸ ਦੀਆਂ ਥੋੜ੍ਹੀ ਗਿਣਤੀ ਵਿਚ ਲਿਖੀਆਂ, ਕੁੱਲ ਪੰਝੱਤਰ ਦੇ ਕਰੀਬ ਕਹਾਣੀਆਂ ਉਚੇਚੇ ਮਹੱਤਵ ਦੀਆਂ ਲਖ਼ਾਇਕ ਹਨ। ਗਿਣਤੀ ਦਾ ਸੂਤਰ ਭੁੱਲਰ ਦੀ ਕਹਾਣੀ-ਰਚਨਾ 'ਤੇ ਲਾਗੂ ਨਹੀਂ ਹੁੰਦਾ। ਉਸ ਦੀ ਲਿਖੀ ਹਰ ਕਹਾਣੀ ਹੀ ਸ੍ਰੇਸ਼ਟ ਹੈ, ਪਰ ਚਰਚਾ ਦੇ ਅਧਾਰ 'ਤੇ ਕੁਝ ਕਹਾਣੀਆਂ ਬਾਕੀ ਕਹਾਣੀਆਂ ਨਾਲੋਂ ਨਿੱਖੜ ਕੇ ਸਰਵ-ਸ੍ਰੇਸ਼ਟ ਕਹਾਣੀਆਂ ਦਾ ਦਰਜਾ ਹਾਸਲ ਕਰ ਗਈਆਂ ਹਨ, ਜਿਵੇਂ ਕਿ 'ਓਪਰਾ ਮਰਦ', 'ਖ਼ੂਨ', 'ਦੀਵੇ ਵਾਂਗ ਬਲਦੀ ਅੱਖ', 'ਇੱਕੀਵੀਂ ਸਦੀ' ਤੇ 'ਤਿੰਨ ਮੂਰਤੀਆਂ ਵਾਲਾ ਮੰਦਰ', ਆਦਿ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਪਿੱਥੋ ਦੇ ਜੰਮਪਲ ਗੁਰਬਚਨ ਸਿੰਘ ਭੁੱਲਰ ਨੇ ਸਾਹਿਤਕਾਰ ਵਜੋਂ ਆਪਣੀ ਮੁੱਢਲੀ ਪਛਾਣ ਪੰਜਾਬ 'ਚ ਸਥਾਪਤ ਕਰ ਕੇ ਰਾਜਧਾਨੀ ਦਿੱਲੀ ਵੱਲ ਕੂਚ ਕਰ ਲਿਆ ਸੀ, ਜੋ ਉਨ੍ਹੀਂ ਦਿਨੀਂ ਅੰਤਰਰਾਸ਼ਟਰੀ ਸਾਹਿਤ ਤੇ ਸਭਿਆਚਾਰਕ ਆਦਾਨ-ਪ੍ਰਦਾਨ ਦਾ ਪ੍ਰਮੁੱਖ ਕੇਂਦਰ ਬਣਿਆ ਹੋਇਆ ਸੀ। ਇਥੇ ਮੌਲਿਕ ਸਾਹਿਤ ਸਿਰਜਣ ਤੋਂ ਇਲਾਵਾ ਸਾਹਿਤ ਨਾਲ ਸਬੰਧਤ ਹੋਰ ਵੀ ਅਨੇਕਾਂ ਕਾਰਜ ਬੜੇ ਜੋਰ-ਸ਼ੋਰ ਨਾਲ ਚੱਲ ਰਹੇ ਸਨ। ਦਿੱਲੀ ਮਹਾਂਨਗਰ ਵਿਚ ਸਾਬਕਾ ਸੋਵੀਅਤ ਅੰਬੈਸੀ ਵਿਚ ਕੰਮ ਕਰਦਿਆਂ ਭੁੱਲਰ ਦੀ ਮਸਰੂਫ਼ੀਅਤ ਸਾਹਿਤ ਨਾਲ ਸੰਬੰਧਿਤ ਹੋਰ ਕਾਰਜਾਂ ਵਿਚ ਵਧੇਰੇ ਬਣੀ ਰਹੀ। ਸ਼ਾਇਦ ਇਸੇ ਕਰਕੇ ਪੰਜਾਬੀ ਵਿਚ ਪ੍ਰਕਾਸ਼ਿਤ ਉਸ ਦੇ ਮੌਲਿਕ ਕਹਾਣੀ-ਸੰਗ੍ਰਹਿ ਤਾਂ ਕੇਵਲ ਚਾਰ, 'ਓਪਰਾ ਮਰਦ', 'ਵਖ਼ਤਾਂ ਮਾਰੇ', 'ਮੈਂ ਗ਼ਜ਼ਨਵੀ ਨਹੀਂ' ਅਤੇ 'ਅਗਨੀ-ਕਲਸ' ਹੀ ਹਨ, ਪਰ ਕਹਾਣੀ ਦੇ ਨਾਲ ਨਾਲ ਹੋਰ ਵਿਧਾਵਾਂ ਦੀਆਂ ਮੌਲਕ ਪੁਸਤਕਾਂ ਤੋਂ ਇਲਾਵਾ ਉਸ ਵਲੋਂ ਸੰਪਾਦਤ ਤੇ ਅਨੁਵਾਦਤ ਪੁਸਤਕਾਂ ਦੀ ਸੂਚੀ ਕਾਫ਼ੀ ਲੰਮੀ ਹੈ। ਇਸੇ ਸੂਚੀ ਵਿਚ ਉਸ ਦੀ ਅਮਰੀਕਾ ਫੇਰੀ ਦੇ ਸੰਸਮਰਣਾਂ 'ਇਕ ਅਮਰੀਕਾ ਇਹ ਵੀ' ਨੂੰ ਸ਼ਾਮਲ ਕੀਤਾ ਜਾ ਸਕਦਾ ਹੈ।

**ਗੁਰਬਚਨ ਸਿੰਘ ਭੁੱਲਰ ਦੀ ਸ਼ਾਹਕਾਰ ਕਹਾਣੀ 'ਓਪਰਾ ਮਰਦ' ਸਫ਼ਾ 42 'ਤੇ ਪੜ੍ਹੋ**

### ਕਾਲਾ ਇਲਮ

ਹੁਣ : ਤੁਸੀਂ ਅਪਣੇ ਲਿਖਣ-ਕਾਰਜ ਦੀ ਤੁਲਨਾ ਕਾਲੇ ਇਲਮ ਨਾਲ ਕੀਤੀ ਹੈ। ਇਹਨਾਂ ਦੋਵਾਂ ਵਿਚ ਤੁਹਾਨੂੰ ਕੀ ਸਮਾਨਤਾ ਦਿਸਦੀ ਹੈ?

ਭੁੱਲਰ: ਜੋ ਕੁਛ ਮੈਂ ਕਾਲੇ ਇਲਮ ਬਾਰੇ ਸੁਣਿਆ ਹੈ ਤੇ ਜੋ ਕੁਛ ਅਪਣੇ ਰਚਣਈ ਅਨੁਭਵ ਤੋਂ ਜਾਣਿਆ ਹੈ, ਇਹਨਾਂ ਦੋਵਾਂ ਵਿਚ, ਤੁਹਾਨੂੰ ਇਹ ਗੱਲ ਸ਼ਾਇਦ ਅਜੀਬ ਲੱਗੇ, ਮੈਨੂੰ ਦੋ ਪੱਖਾਂ ਤੋਂ ਬਹੁਤ ਸਮਾਨਤਾ ਲਗਦੀ ਹੈ। ਜੇ ਹੋਰ ਲੇਖਕਾਂ ਤੋਂ ਇਹ ਸਵਾਲ ਪੁੱਛਿਆ ਜਾਵੇ, ਉਹਨਾਂ ਦਾ ਵਿਚਾਰ ਪਤਾ ਨਹੀਂ ਕੀ ਹੋਵੇ। ਇਕ ਤਾਂ ਜਦੋਂ ਮੈਂ ਮਨ ਵਿਚ ਸਿਰਜੀ ਜਾ ਚੁੱਕੀ ਕਹਾਣੀ ਮੁਕੰਮਲ ਇਕਾਂਤ ਤੇ ਖ਼ਾਮੋਸ਼ੀ ਵਿਚ ਲਿਖਣ ਬੈਠਦਾ ਹਾਂ, ਨਾਟਕੀ ਮੰਚ ਵਾਂਗ ਸਾਰੇ ਪਾਤਰ ਅਪਣੀ ਅਪਣੀ ਭੂਮਿਕਾ ਅਨੁਸਾਰ ਪ੍ਰਗਟ ਹੁੰਦੇ ਤੇ ਲੋਪ ਹੁੰਦੇ ਦੇਖਦਾ ਹਾਂ। ਇਉਂ ਹੀ ਸਭ ਘਟਨਾਵਾਂ ਸਾਹਮਣੇ ਵਾਪਰਦੀਆਂ ਮਹਿਸੂਸ ਕਰਦਾ ਹਾਂ। ਜੇ ਕਿਸੇ ਅੱਤ ਦੀ ਮਜਬੂਰੀ ਕਾਰਨ ਘਰਦਿਆਂ ਨੂੰ ਦਰਵਾਜ਼ਾ ਖੜਕਾਉਣਾ ਪੈ ਜਾਵੇ, ਜਿਹੜਾ ਉਹ ਵਾਹ ਲਗਦੀ ਖੜਕਾਉਂਦੇ ਨਹੀਂ, ਇਹ ਸੰਸਾਰ ਇਕ ਛਿਣ ਵਿਚ ਲੋਪ ਹੋ ਜਾਂਦਾ ਹੈ। ਮੈਨੂੰ ਪਿੰਡ ਵਾਲਾ ਪੰਡਿਤ ਊਧੋ ਰਾਮ ਚੇਤੇ ਆ ਜਾਂਦਾ ਹੈ। ਉਹ ਅਜੀਬ ਹੱਡਬੀਤੀ ਸੁਣਾਉਂਦਾ ਸੀ,"ਮੈਂ ਗੁਆਂਢੀ ਪਿੰਡ ਇਕ ਵਿਆਹ ਦੇ ਫੇਰੇ ਕਰਵਾ ਕੇ ਰਾਤ ਨੂੰ ਹੀ ਘਰ ਨੂੰ ਤੁਰ ਪਿਆ। ਦੋਵਾਂ ਪਿੰਡਾਂ ਵਿਚਕਾਰ ਉਜਾੜ ਵਿਚ ਜਗਮਗ ਜਗਮਗ ਹੋਈ ਪਈ। ਰੰਗਬਰੰਗਾ ਤੰਬੂ, ਦੀਵੇ ਹੀ ਦੀਵੇ, ਮਸ਼ਾਲਾਂ ਹੀ ਮਸ਼ਾਲਾਂ! ਸਜੀਆਂ-ਧਜੀਆਂ ਜ਼ਨਾਨੀਆਂ ਨੇ ਰਾਹ ਘੇਰ ਕੇ ਜਦੋਂ ਮੇਰਾ ਫੇਰੇ ਕਰਵਾ ਕੇ ਆਇਆ ਪੰਡਿਤ ਹੋਣਾ ਸੁਣਿਆ ਤਾਂ ਖ਼ੁਸ਼ ਹੋ ਕੇ ਬੋਲੀਆਂ, ਤੈਨੂੰ ਤਾਂ ਪੰਡਿਤਾ ਰੱਬ ਨੇ ਸਾਡੇ ਵਾਸਤੇ ਹੀ ਭੇਜਿਆ ਹੈ। ਅਸੀਂ ਵਣਜਾਰਿਆਂ ਨੇ ਇਥੇ ਡੇਰਾ ਕੀਤਾ ਹੋਇਆ ਹੈ। ਸਾਡੇ ਵੀ ਵਿਆਹ ਹੈ। ਜੇ ਸਬੱਬੀਂ ਤੂੰ ਨਾ ਆਉਂਦਾ, ਅਸੀਂ ਤਾਂ ਰੀਤੀ-ਰਿਵਾਜ ਅਨੁਸਾਰ ਗੀਤ ਗਾ ਕੇ ਤੇ ਹੋਰ ਰਸਮਾਂ ਨਾਲ ਹੀ ਵਿਆਹ ਕਰ ਲੈਣਾ ਸੀ। ਹੁਣ ਤੂੰ ਆ ਹੀ ਗਿਆ ਹੈਂ ਤਾਂ ਫੇਰਿਆਂ ਵਾਲਾ ਵਿਆਹ ਹੀ ਕਰ ਜਾ। ਮੈਂ ਵਿਆਹ ਨੇਪਰੇ ਚਾੜ੍ਹ ਦਿੱਤਾ। ਵਣਜਾਰੇ ਬੋਲੇ, ਬੋਲ ਪੰਡਿਤਾ, ਕੀ ਦਾਨ ਮੰਗਦਾ ਹੈਂ, ਸੰਗ ਨਾ। ਮੇਰੀ ਅੱਖ ਵੇਦੀ ਕੋਲ ਪਈ ਸੋਨੇ ਦੀ ਬੜੀ ਭਾਰੀ ਦੀਵਟ ਉੱਤੇ ਟਿਕੀ ਦੇਖ ਕੇ ਉਹਨਾਂ ਨੇ ਮੈਨੂੰ ਉਹੋ ਦਾਨ ਵਿਚ ਦੇ ਦਿੱਤੀ। ਮੈਂ ਦਾਨ ਲਿਆ ਤੇ ਤੁਰ ਪਿਆ। ਕੁਛ ਦੂਰ ਆ ਕੇ ਜਦੋਂ ਮੈਂ ਪਿੱਛੇ ਦੇਖਿਆ, ਉਥੇ ਨਾ ਦੀਵਾ ਨਾ ਬੱਤੀ, ਨਾ ਤੰਬੂ ਨਾ ਰੌਣਕ, ਨਾ ਬੰਦਾ ਨਾ ਬੰਦੇ ਦੀ ਜ਼ਾਤ!" ਫੇਰ ਅਪਣੀ ਤੇ ਦੀਵਟ ਦੀ ਕਹਾਣੀ ਨੂੰ ਉਹ ਜਿਵੇਂ ਅੱਗੇ ਤੋਰਦਾ, ਉਹਦਾ ਦਿਲਚਸਪ ਹੋਣ ਦੇ ਬਾਵਜੂਦ ਇਥੇ ਅਪਣੇ ਨਾਲ ਕੋਈ ਸੰਬੰਧ ਨਹੀਂ। ਪਿੰਡ ਦੇ ਲੋਕ ਵੀ ਆਖਦੇ,"ਐਵੇਂ ਗਪੌੜ ਮਾਰਦਾ ਹੈ ਬਾਹਮਣ!" ਮਤਲਬ ਇਹ ਕਿ ਵਿਘਣ ਦੀ ਸੂਰਤ ਵਿਚ ਮੇਰੀ ਕਹਾਣੀ ਦਾ ਮੰਚ ਵੀ ਵਣਜਾਰਿਆਂ ਦੇ ਵਿਆਹ ਵਾਂਗ ਲੋਪ ਹੋ ਜਾਂਦਾ ਹੈ।

ਕਾਲੇ ਇਲਮ ਨਾਲ ਅਪਣੇ ਲਿਖਣ-ਕਾਰਜ ਦੀ ਦੂਜੀ ਸਮਾਨਤਾ ਮੈਨੂੰ ਸਮਾਪਤੀ ਤੋਂ ਮਗਰੋਂ ਦੀ ਲਗਦੀ ਹੈ। ਕਾਲੇ ਇਲਮ ਵਾਲੇ ਅਪਣੇ ਜਾਦੂ-ਟੂਣੇ ਦੀ ਸਮਾਪਤੀ ਮਗਰੋਂ ਵਾਸਤਵਿਕ ਸੰਸਾਰ ਵਿਚ ਆ ਕੇ ਕੁਛ ਸਮੇਂ ਲਈ ਖ਼ਿਲਾਅ ਜਿਹਾ, ਹੌਲਾਪਨ ਜਿਹਾ, ਕੁਛ ਕੁਛ ਓਪਰਾਪਨ ਜਿਹਾ ਮਹਿਸੂਸ ਕਰਦੇ ਹਨ। ਕਹਾਣੀ ਸੰਪੂਰਨ ਕਰ ਲੈਣ ਮਗਰੋਂ ਕੁਛ ਸਮੇਂ ਲਈ ਕੁਛ ਅਜਿਹੀ ਹੀ ਹਾਲਤ ਮੈਂ ਵੀ ਮਹਿਸੂਸ ਕਰਦਾ ਹਾਂ। ਇਹ ਗੱਲ ਮੈਂ ਨਿਹਚੇ ਨਾਲ ਕਹਿ ਸਕਦਾ ਹਾਂ ਕਿ ਕਹਾਣੀ ਲਿਖਣ ਸਮੇਂ ਮੈਂ ਜੋ ਹੁੰਦਾ ਹਾਂ, ਉਹ ਉਹ ਨਹੀਂ ਹੁੰਦਾ ਜੋ ਸਾਧਾਰਨ ਜੀਵਨ ਵਿਚ ਹੁੰਦਾ ਹਾਂ। ਬਹੁਤੇ ਲੇਖਕਾਂ ਦਾ ਅਨੁਭਵ ਵੀ, ਸ਼ਾਇਦ, ਇਹੋ ਹੀ ਹੋਵੇਗਾ।

ਹੁਣ : ਤੁਸੀਂ ਸਾਹਿਤ-ਰਚਨਾ ਨੂੰ ਕੁਰਬਾਨੀ ਮੰਗਦਾ ਕਾਰਜ ਵੀ ਕਿਹਾ ਹੈ। ਕਿਨ੍ਹਾਂ ਅਰਥਾਂ ਵਿਚ ਕੁਰਬਾਨੀ? ਕੀ ਤੁਹਾਡੇ ਇਸ ਮੱਤ ਦੇ ਆਧਾਰ ਉੱਤੇ ਸਾਹਿਤ-ਰਚਨਾ ਨੂੰ 'ਸੂਰਮਗਤੀ' ਵੀ ਕਿਹਾ ਜਾ ਸਕਦਾ ਹੈ?

ਭੁੱਲਰ: ਲੇਖਕ ਦਾ ਪਾਤਰਾਂ ਨੂੰ ਕੇਵਲ ਪੁਤਲੀਆਂ ਵਾਂਗ ਖੜ੍ਹੇ ਕਰਿਆਂ ਹੀ ਨਹੀਂ ਸਰਦਾ। ਉਹਨੂੰ ਹਰੇਕ ਪਾਤਰ ਦੇ ਦੁੱਖ-ਸੁਖ ਦਾ ਭਾਈਵਾਲ ਵੀ ਬਨਣਾ ਪੈਂਦਾ ਹੈ, ਉਹਦੀਆਂ ਖ਼ੁਸ਼ੀਆਂ ਵਿਚ ਖ਼ੁਸ਼ ਹੋਣਾ ਤੇ ਉਹਦੀਆਂ ਪੀੜਾਂ ਵਿਚ ਵਿਲਕਣਾ ਪੈਂਦਾ ਹੈ। ਤਦੇ ਹੀ ਤਾਂ ਲੇਖਕ ਲਈ ਪਾਤਰ ਦਾ ਅੰਦਰਲਾ ਉਜਾਗਰ ਕਰਨਾ ਸੰਭਵ ਹੁੰਦਾ ਹੈ। ਇਸ ਅਮਲ ਵਿਚੋਂ ਲੰਘਣਾ ਕੋਈ ਘੱਟ ਕੁਰਬਾਨੀ ਹੈ? ਮੈਂ ਜੀਵਨ ਵਿਚ ਕੁਛ ਵਧੇਰੇ ਹੀ ਜਜ਼ਬਾਤੀ ਹਾਂ। ਜਾਣੇ-ਅਣਜਾਣੇ ਹੋਰਾਂ ਦਾ ਕਸ਼ਟ ਬਹੁਤ ਦੁਖੀ ਕਰਦਾ ਹੈ। ਜਦੋਂ ਕਦੀ ਕਿਸੇ ਨੇੜਲੇ ਦੇ ਵਿਛੋੜੇ ਸਮੇਂ ਮੈਨੂੰ 'ਦੋ ਸ਼ਬਦ' ਬੋਲਣ ਲਈ ਕਿਹਾ ਜਾਂਦਾ ਹੈ, ਮੇਰੇ ਲਈ ਇਹ ਅਸੰਭਵ ਹੁੰਦਾ ਹੈ। ਕੁਛ ਲੋਕ ਕੁਦਰਤੀ ਹੀ ਮੈਨੂੰ 'ਅਜੀਬ ਬੰਦਾ' ਵੀ ਆਖਦੇ-ਸਮਝਦੇ ਹਨ। ਇਹ ਗੱਲ ਵੀ ਕਿਸੇ ਨੂੰ ਅਜੀਬ ਲੱਗ ਸਕਦੀ ਹੈ ਕਿ ਅਪਣੇ ਹੀ ਸਿਰਜੇ ਹੋਏ ਕਲਪਿਤ ਪਾਤਰਾਂ ਨਾਲ ਵੀ ਮੈਂ ਇਹੋ ਰਿਸ਼ਤਾ ਹੰਢਾਉਂਦਾ ਹਾਂ। ਇਸੇ ਕਰਕੇ ਜੇ ਮੈਨੂੰ ਅਪਣੀ ਕੋਈ ਜਜ਼ਬਾਤੀ ਕਹਾਣੀ ਮੰਚ ਤੋਂ ਪੜ੍ਹਨੀ ਪੈ ਜਾਵੇ, ਮੇਰੇ ਲਈ ਬੜੀ ਕਸੂਤੀ ਹਾਲਤ ਬਣ ਜਾਂਦੀ ਹੈ। ਅਪਣੀ ਕਲਪਨਾ ਦੇ ਮਿੱਟੀ-ਗਾਰੇ ਨਾਲ ਸਿਰਜੇ ਪਾਤਰਾਂ ਸਦਕਾ ਅਜਿਹੀਆਂ ਪੀੜਾਂ ਸਹਿਣਾ ਕੋਈ ਘੱਟ ਕੁਰਬਾਨੀ ਹੈ? ਇਸ ਪੱਖੋਂ ਸਾਹਿਤ-ਰਚਨਾ ਨੂੰ 'ਸੂਰਮਗਤੀ' ਕਹਿਣਾ ਬਿਲਕੁਲ ਵਾਜਬ ਹੈ। ਹਾਂ, ਮੈਂ ਸਾਹਿਤ-ਰਚਨਾ ਨੂੰ ਉਹਨਾਂ ਅਰਥਾਂ ਵਿਚ ਕੁਰਬਾਨੀ ਨਹੀਂ ਆਖਦਾ-ਮੰਨਦਾ ਜਿਵੇਂ ਕੁਛ ਲੋਕ ਇਨਾਮਾਂ-ਸਨਮਾਨਾਂ ਲਈ ਤਰਲੇ ਮਾਰਦਿਆਂ ਅਪਣੇ ਕਾਲੇ ਕੀਤੇ ਕਾਗ਼ਜ਼ਾਂ ਨੂੰ ਸਾਹਿਤ ਤੇ ਸਮਾਜ ਲਈ ਕੀਤੀ ਗਈ ਭਾਰੀ ਕੁਰਬਾਨੀ ਕਹਿੰਦੇ ਹਨ।

### ਸਾਰਾ ਪਿੰਡ ਮਿੱਤਰਾਂ ਦਾ

ਹੁਣ : ਤੁਸੀਂ ਕਹਿੰਦੇ ਹੋ ਕਿ ਤੁਸੀਂ ਕੋਈ ਗੋਰਕੀ ਨਹੀਂ ਪਰ ਲੰਕਾ ਜਾਣ ਵਾਸਤੇ ਸਮੁੰਦਰ ਉੱਤੇ ਬਣਾਏ ਜਾ ਰਹੇ ਪੁਲ ਵਿਚ ਪਾਏ ਕਾਟੋ ਦੇ ਯੋਗਦਾਨ ਜਿੰਨਾ ਯੋਗਦਾਨ ਤਾਂ ਤੁਹਾਡਾ ਹੈ ਹੀ। ਇਹ ਤਾਂ ਹੋਈ ਨਿਮਰਤਾ ਪਰ ਪੰਜਾਬੀ ਕਹਾਣੀ ਵਿਚ ਤੁਸੀਂ ਅਪਣੇ ਆਪ ਨੂੰ ਕਿਥੇ ਰਖਦੇ ਹੋ?

ਭੁੱਲਰ: ਮੇਰਾ ਅਕੀਦਾ ਹੈ ਕਿ ਹਰ ਲੇਖਕ ਵਿਚ ਅਪਣੀ ਰਚਨਾ ਦਾ, ਉਸ ਵਿਧਾ ਦੇ ਸਮੁੱਚੇ ਸਾਹਿਤ ਦਾ ਅਤੇ ਉਸ ਸਮੁੱਚਤਾ ਵਿਚ ਅਪਣੇ ਸਥਾਨ ਦਾ ਮੁਲਾਂਕਣ ਕਰਨ ਦੀ ਕੁਛ ਨਾ ਕੁਛ ਸਮਰੱਥਾ ਜ਼ਰੂਰ ਹੋਣੀ ਚਾਹੀਦੀ ਹੈ। ਅਜਿਹੀ ਸਮਰੱਥਾ ਤੋਂ ਵਿਹੂਣੇ ਲੇਖਕ ਮੈਂ ਸਾਰੀ ਉਮਰ ਬੇਚੈਨ ਤੜਫ਼ਦੇ ਦੇਖੇ ਹਨ। ਉਹ ਸਮਝਦੇ ਹਨ ਕਿ ਜੋ ਤੇਗਾਂ ਉਹਨਾਂ ਨੇ ਮਾਰੀਆਂ ਹਨ, ਉਹਨਾਂ ਦਾ ਮੁੱਲ ਨਹੀਂ ਪਾਇਆ ਜਾ ਰਿਹਾ। ਲੇਖਕ ਨੂੰ ਰਚਨਾ ਕਰ ਕੇ ਫੇਰ ਉਹਨੂੰ ਹੀ ਬੋਲਣ ਦੇਣਾ ਚਾਹੀਦਾ ਹੈ, ਆਪ ਕਾਹਦੇ ਲਈ ਰੌਲਾ ਪਾਉਣਾ ਹੋਇਆ! ਕਈ ਤਾਂ ਪੰਜਾਬੀ ਵਿਚ ਲਿਖ ਕੇ ਅਹਿਸਾਨ ਕੀਤਾ ਦਸਦੇ ਹਨ ਜਿਸਦੀ ਇਹਨੇ ਕਦਰ ਨਹੀਂ ਪਾਈ। ਕਰਤਾਰ ਸਿੰਘ ਸ਼ਮਸ਼ੇਰ ਦੀ ਇਕ ਸਤਰ ਵਿਚ ਰਾਂਝਾ ਹੀਰ ਨੂੰ ਮਿਹਣਾ ਮਾਰਦਾ ਹੈ,"ਆਹ ਲੈ ਚੱਕ ਧਲਿਆਰੇ ਤੇ ਸਾਂਭ ਭੂਰੀ, ਮੁੱਲ ਮਿਲ ਗਿਆ ਮੱਝੀਆਂ ਚਾਰੀਆਂ ਦਾ!" ਕਈ ਲੇਖਕ ਇਸੇ ਸੁਰ ਵਿਚ ਐਲਾਨਦੇ ਹਨ, ਅੱਗੇ ਤੋਂ ਪੰਜਾਬੀ ਵਿਚ ਲਿਖਣਾ ਬੰਦ! ਕਈ ਤਾਂ ਸਮਕਾਲੀਆਂ ਨੂੰ ਛੁਟਿਆ ਕੇ, ਸੱਚਾ-ਝੂਠਾ ਨਿੰਦ ਕੇ, ਹੋਛੀਆਂ ਗੱਲਾਂ ਕਰ ਕੇ ਅਪਣੇ ਆਪ ਨੂੰ ਵੱਡਾ ਲੇਖਕ ਸਿੱਧ ਕਰਨ ਦਾ ਵੀ ਹੀਲਾ ਕਰਦੇ ਹਨ। ਜਿੰਨਾ ਜ਼ੋਰ ਉਹ ਸਾਹਿਤ-ਰਚਨਾ ਉੱਤੇ ਲਾਉਂਦੇ ਹਨ, ਉਸ ਤੋਂ ਕਿਤੇ ਵੱਧ ਉਹ ਯਧਖਤੀਆਂ ਉੱਤੇ ਲਾਉਂਦੇ ਹਨ। ਮੈਂ ਕਈ ਲੇਖਕਾਂ ਬਾਰੇ ਨਿੱਜੀ ਤੌਰ ਉੱਤੇ ਜਾਣਦਾ ਹਾਂ ਜੋ ਉਹਨਾਂ ਅਨੁਸਾਰ ਵਾਜਬ ਮੁੱਲ ਨਾ ਪਿਆ ਹੋਣ ਕਰਕੇ ਡਿਪਰੈਸ਼ਨ ਵਿਚ ਹਨ, ਹੌਲੀ ਹੌਲੀ ਮਾਨਸਿਕ ਸੰਤੁਲਨ ਗੁਆ ਰਹੇ ਹਨ। ਮੈਂ ਅਜਿਹੇ ਕਿਸੇ ਭਰਮ ਜਾਂ ਰੋਗ ਦਾ ਸ਼ਿਕਾਰ ਨਹੀਂ। ਸਾਹਿਤਕ ਖੇਤਰ ਦਾ ਕੋਈ ਮਿਰਗਜਲ ਨਹੀਂ ਜੀਹਦੇ ਲਈ ਮੈਂ ਤੇਹ ਦਾ ਮਾਰਿਆ ਤੜਫ਼ਦਾ-ਭਟਕਦਾ ਹੋਵਾਂ। ਸਾਹਿਤ ਨੂੰ ਕਿਉਂਕਿ ਮੈਂ ਟੁੱਟੀਆਂ ਆਸਾਂ ਤੇ ਅਧੂਰੀਆਂ ਅਭਿਲਾਸ਼ਾਵਾਂ ਦਾ ਮਾਰੂਥਲ ਨਹੀਂ ਸਗੋਂ ਸਨੇਹ-ਸਤਿਕਾਰ ਦਾ ਮਹਿਕਿਆ-ਟਹਿਕਿਆ ਬਾਗ਼ ਸਮਝਦਾ ਹਾਂ, ਇਸ ਲਈ ਮੇਰੇ ਤੜਫਣ ਵਾਲਾ ਕੋਈ ਮਿਰਗਜਲ ਹੈ ਹੀ ਨਹੀਂ! ਮਿਰਗਜਲ ਮਾਰੂਥਲਾਂ ਵਿਚ ਦਿਸਦੇ ਹਨ, ਬਾਗ਼ਾਂ ਵਿਚ ਨਹੀਂ।

ਕੋਈ ਗੋਰਕੀ ਪੈਦਾ ਹੋਣ ਲਈ ਆਪ ਲੇਖਕ ਦੇ ਪ੍ਰਤਿਭਾਸ਼ਾਲੀ ਹੋਣ ਤੋਂ ਇਲਾਵਾ ਵਿਸ਼ੇਸ਼ ਖ਼ਮੀਰਿਆ ਹੋਇਆ ਸਮਾਜਕ, ਆਰਥਕ, ਰਾਜਨੀਤਕ ਮਾਹੌਲ ਲੋੜੀਂਦਾ ਹੈ। ਅਜਿਹਾ ਮਾਹੌਲ ਕਦੀ ਸਬੱਬ ਨਾਲ ਹੀ ਸੰਭਵ ਹੁੰਦਾ ਹੈ। ਜਿਥੋਂ ਤੱਕ ਮੇਰੀ ਗੱਲ ਹੈ, ਢੰਡ, ਅਣਖੀ, ਗੁਲਜ਼ਾਰ, ਰੁਪਾਣਾ, ਮੋਹਨ, ਸੁਖਵੰਤ, ਜਸਬੀਰ, ਵਰਿਆਮ, ਪਰਗਟ, ਕਜ਼ਾਕ, ਗੋਰਖੀ, ਆਦਿ ਜਿਹੇ ਸਮਕਾਲੀਆਂ ਵਿਚ ਮੇਰਾ ਸਥਾਨ ਅਹਿੱਲ-ਅਡੋਲ ਵੀ ਹੈ ਤੇ ਸੁਰੱਖਿਅਤ ਵੀ। ਇਹਨਾਂ ਸਭਨਾਂ ਦੀ ਨਿੱਘੀ ਨਿੱਜੀ ਦੋਸਤੀ ਤੇ ਪ੍ਰੇਰਕ ਸਾਹਿਤਕ ਸਾਂਝ ਦੇ ਨਾਲ ਨਾਲ ਵੱਡਿਆਂ ਦੇ ਸਨੇਹ ਤੇ ਛੋਟਿਆਂ ਦੇ ਸਤਿਕਾਰ ਦਾ ਮੈਂ ਅਕਸਰ ਹੀ ਜ਼ਿਕਰ ਕਰਦਾ ਹਾਂ। ਜਦੋਂ ਮੈਂ ਇਹ ਕਹਿੰਦਾ ਹਾਂ ਕਿ ਸਾਡੇ ਪਾਠਕ ਬਹੁਤ ਦਿਆਲੂ-ਕ੍ਰਿਪਾਲੂ ਹਨ, ਮੈਂ ਸੱਚੇ ਦਿਲੋਂ ਕਹਿੰਦਾ ਹਾਂ। ਘੱਟੋ-ਘੱਟ ਮੈਨੂੰ ਤਾਂ ਉਹਨਾਂ ਨੇ ਮੇਰੇ ਸਾਹਿਤਕ ਕਾਰਜ ਤੋਂ ਕਿਤੇ ਵੱਧ ਨਿਵਾਜਿਆ ਹੈ। ਮੈਨੂੰ ਦੇਸ-ਪਰਦੇਸ ਤੋਂ ਫ਼ੋਨ ਤੇ ਈ-ਪੱਤਰ ਅਕਸਰ ਮਿਲਦੇ ਹਨ ਜਿਨ੍ਹਾਂ ਵਿਚ ਮੇਰੀਆਂ ਨਵੀਆਂ ਦੇ ਜ਼ਿਕਰ ਦੇ ਨਾਲ ਨਾਲ ਚਿਰਾਂ ਪੁਰਾਣੀਆਂ ਕਹਾਣੀਆਂ ਦਾ ਵੀ ਚੇਤਾ ਕੀਤਾ ਗਿਆ ਹੁੰਦਾ ਹੈ। ਮੇਰੀ ਇਕ ਇਕ ਕਹਾਣੀ ਮੇਰੇ ਭੇਜੇ ਬਿਨਾਂ ਤੇ ਕਈ ਵਾਰ ਤਾਂ ਮੈਨੂੰ ਪੁੱਛੇ ਬਿਨਾਂ ਦਰਜਨਾਂ ਪੱਤਰਾਂ ਤੇ ਕਹਾਣੀ-ਸੰਗ੍ਰਹਿਆਂ ਵਿਚ ਛਪੀ ਹੈ। ਮੇਰੀਆਂ ਕਹਾਣੀਆਂ ਤੇ ਹੋਰ ਲਿਖਤਾਂ ਕੰਪਿਊਟਰ ਉੱਤੇ ਆਮ ਘੁੰਮਦੀਆਂ ਰਹਿੰਦੀਆਂ ਹਨ। ਇਸੇ ਕਰਕੇ ਮੈਨੂੰ ਨਾ ਤਾਂ ਕੋਈ ਝੋਰਾ ਜਾਂ ਗਿਲਾ-ਸ਼ਿਕਵਾ ਹੈ ਤੇ ਨਾ ਹੀ ਕੋਈ ਈਰਖਾ-ਸਾੜਾ। ਵੱਡੇ, ਹਾਣੀ ਤੇ ਛੋਟੇ ਲੇਖਕ, ਦੇਸੀ-ਪਰਦੇਸੀ ਪਾਠਕ, ਰਸਾਲਿਆਂ-ਅਖ਼ਬਾਰਾਂ ਵਾਲੇ ਤੇ ਹੁਣ ਵੈੱਬਸਾਈਟਾਂ ਵਾਲੇ, ਸਾਰਾ ਪਿੰਡ ਮਿੱਤਰਾਂ ਹੀ ਮਿੱਤਰਾਂ ਦਾ ਹੈ!

ਹੁਣ : ਪਰ ਤੁਸੀਂ ਮਿੱਤਰਾਂ ਦੇ ਇਸ ਪਿੰਡ ਵਿਚੋਂ ਕਦੀ ਕਦੀ ਕਿਸੇ ਕਿਸੇ ਦਾ ਨਾਂ ਨਹੀਂ ਵੀ ਲੈਂਦੇ। ਅਜਿਹਾ ਮੌਕੇ ਉੱਤੇ ਨਾਂ ਚੇਤੇ ਨਾ ਆਉਣ ਕਰਕੇ ਹੋ ਜਾਂਦਾ ਹੈ ਜਾਂ ਹੋਰ ਕੋਈ ਕਾਰਨ ਹੈ?

ਭੁੱਲਰ: ਨਹੀਂ, ਅਜਿਹੀ ਕੋਈ ਗੱਲ ਨਹੀਂ। ਫ਼ਿਲਮਾਂ ਬਾਰੇ ਇਕ ਕਮਾਲ ਦੀ ਕਹਾਵਤ ਹੈ ਕਿ ਦੁਨੀਆ ਭਰ ਵਿਚ ਫ਼ਿਲਮਾਂ ਤਿੰਨ ਕਿਸਮਾਂ ਦੀਆਂ ਹਨ, ਚੰਗੀਆਂ, ਮਾੜੀਆਂ ਤੇ ਬੰਬਈਆ। ਇਹਨਾਂ ਬੰਬਈਆ ਫ਼ਿਲਮਾਂ ਵਾਂਗੂੰ ਇਕਾ-ਦੁੱਕਾ ਸੱਜਨ ਕਿਸੇ ਖਾਨੇ ਦੇ ਮੇਚ ਹੀ ਨਹੀਂ ਆਉਂਦੇ, ਉਹ ਅਪਣੇ ਆਪ ਵਿਚ ਅਲੋਕਾਰ ਤੇ ਅਲੌਕਿਕ ਹੋਂਦ ਦੇ ਮਾਲਕ ਹਨ। ਜਾਂ ਮੈਨੂੰ ਉਹਨਾਂ ਲੇਖਕਾਂ ਨਾਲ ਕੋਈ ਸਾਂਝੀ ਧਰਤੀ ਲੱਭਣੀ ਮੁਸ਼ਕਲ ਹੋ ਜਾਂਦੀ ਹੈ ਜਿਹੜੇ ਲੇਖਕ ਹੋਣ ਤੋਂ ਵਧ ਕੇ ਸਿੱਖ ਜਾਂ ਹਿੰਦੂ ਹਨ। ਇਕ ਵਾਰ ਮੈਂ ਮੋਹਨ ਨਾਲ ਗੱਲਬਾਤ ਕਰਦਿਆਂ ਉਹਦੀ ਇਕ ਕਹਾਣੀ ਬਾਰੇ ਪੁੱਛਿਆ ਕਿ ਉਹ ਗੀਤਾ ਦੇ ਇਕ ਉਪਦੇਸ਼ ਨਾਲ ਮੇਲ ਨਹੀਂ ਖਾਂਦੀ, ਇਹ ਰਚਨਾ-ਪ੍ਰਕਿਰਿਆ ਵਿਚ ਸਹਿਵਣ ਹੋਇਆ ਹੈ ਜਾਂ ਮਿਥ ਕੇ? ਮੋਹਨ ਨੇ ਤਾਂ ਅਪਣਾ ਜਵਾਬ ਸਹਿਜ ਤੇ ਠਰ੍ਹੰਮੇ ਨਾਲ ਦੇ ਦਿੱਤਾ ਪਰ ਇਕ ਹੋਰ ਸੱਜਨ ਨੇ ਹਿੰਦੂ ਧਰਮ ਦਾ 'ਰਖ਼ਸ਼ਕ' ਬਣਦਿਆਂ ਤੜਫ਼ ਕੇ ਕਿਹਾ ਕਿ ਭੁੱਲਰ ਨੂੰ ਸਾਗਰੋਂ ਗਹਿਰੇ ਹਿੰਦੂ ਫ਼ਲਸਫ਼ੇ ਦਾ ਕੀ ਪਤਾ ਹੈ ਕਿ ਟਿੱਪਣੀ ਕਰ ਦਿੱਤੀ। ਉਹਦਾ ਕਹਿਣਾ ਸੀ ਕਿ ਮੈਨੂੰ ਸਿੱਖ ਫ਼ਲਸਫ਼ੇ ਦੀ ਗੱਲ ਹੀ ਕਰਨੀ ਚਾਹੀਦੀ ਹੈ। ਮੈਂ ਉਹਨੂੰ ਕਿਹਾ, ਭਾਈ ਇਹ ਕਰੋਧ ਤੂੰ ਮੋਹਨ ਨੂੰ ਦਿਖਾ ਜੀਹਨੇ ਟਿੱਪਣੀ ਕੀਤੀ ਹੈ, ਮੈਂ ਤਾਂ ਉਹਤੋਂ ਟਿੱਪਣੀ ਦਾ ਕਾਰਨ ਪੁੱਛਿਆ ਹੈ! ਤੁਸੀਂ ਹੀ ਦੱਸੋ, ਅਜਿਹੇ ਲੋਕਾਂ ਦਾ ਕੀ ਕਰੀਏ? ਲੇਖਕ ਕਹਾਉਣ ਦੇ ਬਾਵਜੂਦ ਮਨੁੱਖ ਨਹੀਂ, ਸਿੱਖ ਜਾਂ ਹਿੰਦੂ ਬਣੇ ਰਹਿੰਦੇ ਹਨ। ਅਜਿਹੇ ਲੋਕਾਂ ਨੂੰ ਦੂਰੋਂ ਹੀ ਫ਼ਤਿਹ ਜਾਂ ਰਾਮ ਰਾਮ ਬੁਲਾ ਦੇਣੀ ਠੀਕ ਰਹਿੰਦੀ ਹੈ ਪਰ ਧਿਆਨ ਨਾਲ, ਕਿਉਂਕਿ ਜੇ ਹਿੰਦੂ ਨੂੰ ਫ਼ਤਿਹ ਜਾਂ ਸਿੱਖ ਨੂੰ ਰਾਮ ਰਾਮ ਬੁਲਾ ਦਿੱਤੀ, ਗੜਬੜ ਹੋ ਜਾਵੇਗੀ!

### ਕੰਧਾਂ ਕੋਠੇ ਟੱਪਦੇ ਮਰਦ

ਹੁਣ : ਕਿਹਾ ਗਿਆ ਹੈ ਕਿ ਤੁਹਾਡੇ ਪਾਤਰ ਪੰਜਾਬ ਦੇ ਪ੍ਰਤੀਨਿਧ ਪਾਤਰ ਹਨ ਅਤੇ ਉਹ ਸਮਾਜਕ, ਆਰਥਕ ਤੇ ਮਨੋਵਿਗਿਆਨਕ ਸਮੱਸਿਆਵਾਂ ਦੇ ਸਾਹਮਣੇ ਭਜਦੇ ਨਹੀਂ ਸਗੋਂ ਜੂਝਦੇ ਹਨ। ਕੀ ਇਹ ਗੱਲ ਤੁਹਾਡੇ ਸਾਰੇ ਪਾਤਰਾਂ ਉੱਤੇ ਲਾਗੂ ਹੁੰਦੀ ਹੈ?

ਭੁੱਲਰ: ਕਿਸੇ ਸਮਾਜ ਨਾਲ ਸੰਬੰਧਿਤ ਪੁਰਸ਼ਾਂ-ਇਸਤਰੀਆਂ ਨੂੰ ਜੇ ਸਾਹਿਤਕ ਰਚਨਾ ਦੇ ਨਾਇਕ-ਨਾਇਕਾ ਬਨਣ ਦਾ ਮਾਣ ਮਿਲਦਾ ਹੈ, ਉਹਨਾਂ ਵਿਚ ਉਸ ਸਮਾਜ ਵਿਚ ਸਲਾਹੇ-ਵਡਿਆਏ ਜਾਂਦੇ ਕੁਛ ਲੱਛਣਾਂ ਦਾ, ਕੁਛ ਗੁਣਾਂ ਦਾ ਹੋਣਾ ਤਾਂ ਕੁਦਰਤੀ ਹੈ। ਇਸ ਨਾਤੇ ਉਹ ਕਿਸੇ ਨਾ ਕਿਸੇ ਹੱਦ ਤੱਕ ਅਪਣੇ ਸਮਾਜ ਦੀ ਪ੍ਰਤੀਨਿਧਤਾ ਤਾਂ ਕਰਦੇ ਹੀ ਹਨ। ਨਾਇਕ-ਨਾਇਕਾ ਹਨ ਤਾਂ ਉਹ ਸਮੱਸਿਆਵਾਂ ਤੋਂ ਭੱਜਣਗੇ ਵੀ ਨਹੀਂ, ਉਹਨਾਂ ਵਿਰੁੱਧ ਜੂਝਣਗੇ ਹੀ। ਹਰ ਕਹਾਣੀ ਵਿਚ ਵੱਖਰਾ ਵਿਸ਼ਾ ਤੇ ਵੱਖਰੇ ਪਾਤਰ ਸਾਹਮਣੇ ਆਉਂਦੇ ਹਨ। ਕੋਈ ਪਾਤਰ ਸੁਭਾਅ ਦਾ, ਕਰਨੀ ਦਾ ਕਿਹੋ ਜਿਹਾ ਹੈ, ਇਹ ਕਹਾਣੀ ਦੀ ਲੋੜ ਉੱਤੇ ਨਿਰਭਰ ਹੈ। ਮਿਸਾਲ ਵਜੋਂ ਮੇਰੀ ਕਹਾਣੀ 'ਅਣਸੁਲਘਾਈ ਸਿਗਰਟ' ਦਾ ਮੁੱਖ-ਪਾਤਰ ਅਪਣੀਆਂ ਹੀ ਉਲਝਣਾਂ ਵਿਚ ਉਲਝਿਆ ਹੋਇਆ ਇਕ ਮਾਨਸਿਕ ਰੋਗੀ ਹੈ। ਸਮੱਸਿਆਵਾਂ ਉਸ ਕੋਲ ਚੱਲ ਕੇ ਨਹੀਂ ਆਉਂਦੀਆਂ, ਉਹ ਆਪ ਬੁਲਾਉਂਦਾ ਹੈ। ਜੇ ਕੋਈ ਸਮੱਸਿਆ ਨਾ ਹੋਵੇ, ਉਹ ਖੜ੍ਹੀ ਕਰ ਲੈਂਦਾ ਹੈ। ਅਜਿਹੇ ਮੁੱਖ-ਪਾਤਰ ਨੂੰ ਤਾਂ ਪ੍ਰਤੀਨਿਧ ਪਾਤਰ ਕਹਿਣਾ ਵਾਜਬ ਨਹੀਂ ਹੋਵੇਗਾ। ਲੇਖਕ ਦੀ ਸਫਲਤਾ ਇਸ ਗੱਲ ਵਿਚ ਹੈ ਕਿ ਉਹ ਕਿਸੇ ਦਲੇਰ

**ਬਾਕੀ ਸਫ਼ਾ 29 'ਤੇ**

ਪਾਤਰ ਦੀ ਦਲੇਰੀ ਜਿੰਨੇ ਸਹੀ ਰੂਪ ਵਿਚ ਚਿਤਰਦਾ ਹੈ, ਕਿਸੇ ਕਮੀਣੇ ਪਾਤਰ ਦੀ ਕਮੀਣਗੀ ਵੀ ਓਨੀਂ ਸਫਲਤਾ ਨਾਲ ਚਿਤਰ ਸਕੇ। ਪਾਠਕ ਜੇ ਚੰਗੇ ਪਾਤਰ ਨੂੰ ਸਲਾਹੇ, ਮਾੜੇ ਨੂੰ ਵੀ ਜ਼ਰੂਰ ਬੁਰਾ-ਭਲਾ ਕਹੇ ਹੀ ਕਹੇ!

ਹੁਣ : ਕਈ ਮਲਵਈ ਗਲਪਕਾਰਾਂ ਨੂੰ ਪੜ੍ਹਦਿਆਂ ਇਉਂ ਲਗਦਾ ਹੈ ਜਿਵੇਂ ਹਰ ਆਦਮੀ ਔਰਤ ਲਈ ਕੰਧਾਂ-ਕੋਠੇ ਟੱਪ ਰਿਹਾ ਹੈ ਅਤੇ ਹਰ ਔਰਤ ਵੈਲਣ ਹੈ। ਅਜਿਹਾ ਕਿਉਂ? ਤੁਸੀਂ ਇਸ ਰੋਗ ਤੋਂ ਕਿੰਨਾ ਕੁ ਤੇ ਕਿਵੇਂ ਬਚੇ?

ਭੁੱਲਰ: ਮਨੁੱਖੀ ਸਮਾਜ ਨੂੰ ਦੇਖਣ ਦਾ ਹਰ ਲੇਖਕ ਦਾ ਅਪਣਾ ਨਜ਼ਰੀਆ ਹੁੰਦਾ ਹੈ, ਅਪਣਾ ਝਰੋਖਾ ਹੁੰਦਾ ਹੈ। ਅਪਣੇ ਝਰੋਖੇ ਵਿਚੋਂ ਅਪਣੇ ਨਜ਼ਰੀਏ ਨਾਲ ਉਹਨੂੰ ਜੋ ਕੁਛ ਦਿਸਦਾ ਹੈ, ਉਸੇ ਨੂੰ ਉਹ ਸੰਪੂਰਨ ਸੰਸਾਰ ਵਜੋਂ ਪੇਸ਼ ਕਰਦਾ ਰਹਿੰਦਾ ਹੈ। ਰਚਨਾ ਵਿਚ ਦੂਜਾ ਵਿਗਾੜ ਓਦੋਂ ਪੈਂਦਾ ਹੈ ਜਦੋਂ ਕਈ ਦਹਾਕੇ ਪਹਿਲਾਂ ਦੇ, ਚੜ੍ਹਦੀ ਜਵਾਨੀ ਸਮੇਂ ਦੇ ਦੇਖੇ ਹੋਏ ਵਿਅਕਤੀਆਂ ਨੂੰ, ਜਿਹੋ ਜਿਹੇ ਸਮਾਜਕ ਤਬਦੀਲੀਆਂ ਕਾਰਨ ਹੁਣ ਉਸ ਰੂਪ ਵਿਚ ਰਹਿ ਨਹੀਂ ਗਏ, ਅੱਜ ਦੇ ਮਾਹੌਲ ਦੇ ਪਾਤਰ ਬਣਾ ਕੇ ਪੇਸ਼ ਕਰ ਦਿੱਤਾ ਜਾਂਦਾ ਹੈ। ਅੱਧੀ ਸਦੀ ਪਹਿਲਾਂ ਪਿੰਡਾਂ ਦੇ ਵੈਲੀ-ਵੈਲਣਾਂ ਦੇ ਲੱਛਣ ਹੋਰ ਸਨ। ਉਹਨਾਂ ਵਿਚ ਕੁਛ ਮਾਨਵੀ ਗੁਣ ਵੀ ਹੁੰਦੇ ਸਨ। ਅੱਜ ਦੇ ਗੁੰਡੇ-ਬਦਮਾਸ਼ ਉਹਨਾਂ ਤੋਂ ਬਿਲਕੁਲ ਵੱਖਰੇ, ਨਿੱਘਰੇ ਹੋਏ ਹਨ। ਮੇਰੀ ਕਹਾਣੀ 'ਖ਼ੂਨ' ਦਾ ਕਰਤਾਰਾ ਵੈਲੀ ਹੈ ਤੇ 'ਧੁੰਦ ਅਤੇ ਸੂਰਜ' ਦੀ ਚਾਚੀ ਦਾਨ ਕੌਰ ਵੈਲਣ ਹੈ ਪਰ ਉਹਨਾਂ ਨੂੰ ਨਿਪਟ ਬੁਰੇ ਨਹੀਂ ਕਿਹਾ ਜਾ ਸਕਦਾ। ਕਈ ਗਲਪਕਾਰ ਜਦੋਂ ਅਪਣੀਆਂ ਬਹੁਤੀਆਂ ਰਚਨਾਵਾਂ ਵਿਚ ਵੈਲੀ-ਵੈਲਣ ਪਾਤਰ ਹੀ ਪੇਸ਼ ਕਰਦੇ ਹਨ, ਪਾਠਕ ਉੱਤੇ ਕੁਦਰਤੀ ਹੀ ਇਹ ਪ੍ਰਭਾਵ ਪੈਂਦਾ ਹੈ ਕਿ ਉਸ ਸਮਾਜ ਵਿਚ ਬਹੁਤੇ ਲੋਕ ਅਜਿਹੇ ਹੀ ਹੋਣਗੇ।

ਇਸਤਰੀ ਸੰਬੰਧੀ ਮੇਰਾ ਨਜ਼ਰੀਆ ਬਹੁਤੇ ਲੇਖਕਾਂ ਨਾਲੋਂ ਵੱਖਰਾ ਹੈ। ਲੇਖਕ ਲਈ ਜ਼ਰੂਰੀ ਹੈ ਕਿ ਰਚਨਾ ਕਰਦਿਆਂ ਇਹੋ ਜਿਹੇ ਮਾਮਲਿਆਂ ਵਿਚ ਅਨੁਪਾਤ ਦਾ ਪੱਲਾ ਨਾ ਛੱਡੇ। ਮੇਰੇ ਬਚਪਨ ਵਿਚ ਮੇਰੇ ਪਿੰਡ ਵਿਚ ਵੱਧ ਤੋਂ ਵੱਧ ਤਿੰਨ-ਚਾਰ ਜ਼ਨਾਨੀਆਂ ਸਨ, ਉਹ ਵੀ ਚਾਚੀ ਦਾਨ ਕੌਰ ਵਰਗੀਆਂ, ਜਿਨ੍ਹਾਂ ਨੂੰ ਵੈਲਣਾਂ ਕਿਹਾ ਜਾ ਸਕਦਾ ਸੀ। ਮੇਰੀ ਰਚਨਾ ਵਿਚ ਉਹਨਾਂ ਨੂੰ ਕਿੰਨੀ ਕੁ ਥਾਂ ਮਿਲ ਸਕਦੀ ਹੈ? ਸਾਰਾ ਪਿੰਡ ਤਾਂ ਮੋਹ-ਮਮਤਾ ਵਾਲੀਆਂ ਚਾਚੀਆਂ-ਤਾਈਆਂ, ਭਾਬੀਆਂ, ਭੈਣਾਂ ਨਾਲ ਭਰਿਆ ਪਿਆ ਸੀ। ਅਪਣੀ ਗੱਲ ਸਪੱਸ਼ਟ ਕਰਨ ਲਈ ਮੈਨੂੰ ਪਿਛਲੇ ਸਾਲ ਇੰਗਲੈਂਡ ਤੋਂ ਆਈ ਇਕ ਇਸਤਰੀ ਪਾਠਕ ਦੀ ਚਿੱਠੀ ਇਥੇ ਦੇ ਦੇਣੀ ਹੀ ਕਾਫ਼ੀ ਰਹੇਗੀ:"ਇਕ ਦਿਨ ਮੈਂ ਲਾਇਬਰੇਰੀ ਦੇ ਪੰਜਾਬੀ ਸੈਕਸ਼ਨ ਵਿਚ ਪੜ੍ਹਨ ਲਈ ਕੋਈ ਕਿਤਾਬ ਲੱਭ ਰਹੀ ਸੀ ਤਾਂ ਅਚਾਨਕ ਮੈਨੂੰ ਤੁਹਾਡੀ ਕਿਤਾਬ 'ਧਰਤੀ ਦੀਆਂ ਧੀਆਂ' ਨਜ਼ਰ ਆਈ। ਕਿਤਾਬ ਦੇ ਪਿਛਲੇ ਪਾਸੇ ਤੁਹਾਡੀ ਤਸਵੀਰ ਸੀ ਅਤੇ ਨਾਲ ਹੀ ਤੁਸੀਂ ਲਿਖਿਆ ਹੋਇਆ ਸੀ,'ਇਸਤਰੀ ਮਾਂ ਹੈ, ਭੈਣ ਹੈ, ਪਤਨੀ ਹੈ, ਪ੍ਰੇਮਿਕਾ ਹੈ, ਧੀ ਹੈ। ਇਸਦੇ ਸਾਰੇ ਰੂਪਾਂ ਨੇ ਮੇਰੇ ਮਨ ਵਿਚ ਸ਼ਰਧਾ ਭਰੀ ਹੈ।' ਇਹ ਸਤਰਾਂ ਮੈਨੂੰ ਬੇਹੱਦ ਚੰਗੀਆਂ ਲੱਗੀਆਂ। ਮੈਨੂੰ ਅਪਣਾ ਆਪ ਇਕ ਉੱਚੀ ਟੀਸੀ ਉੱਤੇ ਖੜ੍ਹਾ ਨਜ਼ਰ ਆਇਆ। ਮੇਰਾ ਮਨ ਇਕ ਅਨੋਖੇ ਮਾਣ ਨਾਲ ਭਰ ਗਿਆ। ਜਾਪਿਆ ਜਿਵੇਂ ਕਿਸੇ ਨੇ ਮੇਰੇ ਇਸਤਰੀ ਹੋਣ ਦੀ ਹੋਂਦ ਨੂੰ ਪਛਾਣ ਲਿਆ ਹੁੰਦਾ ਹੈ। ਇਕਦਮ ਮੈਂ ਕਿਤਾਬ ਦੇ ਇਸ ਪਾਸੇ ਨੂੰ ਮੱਥੇ ਨਾਲ ਲਾ ਲਿਆ। ਉਸ ਵਕਤ ਮੇਰੇ ਕੋਲ ਹੀ ਖੜ੍ਹਾ ਲਾਇਬਰੇਰੀ ਦਾ ਇਕ ਅੰਗਰੇਜ਼ ਕਰਮਚਾਰੀ ਸ਼ੈਲਫ਼ ਉੱਤੇ ਕਿਤਾਬਾਂ ਠੀਕ ਕਰ ਕੇ ਰੱਖ ਰਿਹਾ ਸੀ। ਉਹਨੇ ਬੜਾ ਹੈਰਾਨ ਹੋ ਕੇ ਮੇਰੇ ਵੱਲ ਦੇਖਿਆ ਅਤੇ ਤੁਹਾਡੀ ਦਾੜ੍ਹੀ-ਪੱਗ ਵਾਲੀ ਤਸਵੀਰ ਨੂੰ ਦੇਖਦਿਆਂ ਮੁਸਕਰਾ ਕੇ ਆਖਣ ਲੱਗਿਆ, 'ਕੀ ਇਹ ਕੋਈ ਸਾਧੂ-ਮਹਾਤਮਾ ਹੈ?' ਮੈਂ ਦੱਸਿਆ ਕਿ ਮੈਂ ਤਸਵੀਰ ਨੂੰ ਨਮਸਕਾਰ ਨਹੀਂ ਕਰ ਰਹੀ, ਮੈਂ ਤਾਂ ਇਸਤਰੀ ਬਾਰੇ ਲਿਖੇ ਖ਼ੂਬਸੂਰਤ ਖ਼ਿਆਲਾਂ ਨੂੰ ਨਮਸਕਾਰ ਕਰ ਰਹੀ ਹਾਂ। ਜਦੋਂ ਮੈਂ ਅੰਗਰੇਜ਼ੀ ਵਿਚ ਟਰਾਂਸਲੇਸ਼ਨ ਕਰ ਕੇ ਉਹਨੂੰ ਦੱਸਿਆ ਤਾਂ ਉਹ ਬੜਾ ਖ਼ੁਸ਼ ਹੋਇਆ ਤੇ ਇਕਦਮ ਬੋਲਿਆ,'ਉੱਤਮ ਵਿਚਾਰ! ਮੈਂ ਸੋਚਿਆ, ਤੁਸੀਂ ਕਿਸੇ ਸੰਤ ਨੂੰ ਮੱਥਾ ਟੇਕ ਰਹੇ ਹੋ। ਤੁਸੀਂ ਇੰਡੀਅਨ ਲੋਕ ਤਾਂ, ਸੁਣਿਆ ਹੈ, ਅਪਣੀਆਂ ਕੁੜੀਆਂ ਨੂੰ ਤਾਂ ਜੰਮਣ ਤੋਂ ਪਹਿਲਾਂ ਹੀ ਮਾਰ ਦਿੰਦੇ ਹੋ ਅਤੇ ਸਾਧਾਂ-ਸੰਤਾਂ ਦੀ ਪੂਜਾ ਨੂੰ ਜ਼ਿਆਦਾ ਮਹੱਤਵ ਦਿੰਦੇ ਹੋ'!"

### ਲਿਖਣ ਦੀ ਚੇਟਕ

ਹੁਣ : ਤੁਹਾਨੂੰ ਲਿਖਣ ਦੀ ਚੇਟਕ ਕਿੰਨੀ ਕੁ ਉਮਰ ਵਿਚ ਤੇ ਕਿਵੇਂ ਲੱਗੀ?

ਭੁੱਲਰ : ਸਾਹਿਤ ਨਾਲ, ਖ਼ਾਸ ਕਰਕੇ ਰਚਨਾਕਾਰ ਵਜੋਂ, ਜੁੜਨ ਦਾ ਕੋਈ ਇਕ ਸਮਾਂ ਦੱਸਣਾ ਤਾਂ ਸੰਭਵ ਨਹੀਂ ਤੇ ਨਾ ਹੀ ਕਿਸੇ ਇਕ ਕਾਰਨ, ਸਬੱਬ ਜਾਂ ਆਧਾਰ ਉੱਤੇ ਉਂਗਲ ਰੱਖਣੀ ਸੰਭਵ ਹੈ। ਪੰਜਾਬ ਵਿਚ ਸਾਹਿਤ ਰਿਗਵੇਦ ਦੇ ਸਮੇਂ ਤੋਂ ਰਚਿਆ ਜਾ ਰਿਹਾ ਹੈ। ਸਦੀਆਂ ਵਿਚ ਕਰੋੜਾਂ ਲੋਕ ਆਏ ਤੇ ਗਏ, ਸਾਹਿਤਕਾਰ ਕਿੰਨੇ ਕੁ ਹੋਏ! ਸਭ ਵੱਲੋਂ ਵਰਤੇ ਜਾਂਦੇ ਸਾਧਾਰਨ ਸ਼ਬਦਾਂ ਦਾ ਕਿਸੇ ਦੀ ਕਾਨੀ ਤੋਂ ਸਾਹਿਤ ਬਣਨ ਲੱਗਣਾ ਇਕ ਅਦਭੁਤ ਵਰਤਾਰਾ ਹੈ, ਅਛੋਪਲਾ, ਸਹਿਜ ਤੇ ਅਕੱਥ। ਇਕੋ ਘਰ ਵਿਚ, ਇਕੋ ਮਾਹੌਲ ਵਿਚ ਇਕੱਠੇ ਜੰਮੇ-ਪਲੇ ਬੱਚਿਆਂ ਵਿਚੋਂ ਇਕ ਸਾਹਿਤਕਾਰ ਜਾਂ ਕਿਸੇ ਹੋਰ



ਡੀ. ਐਮ. ਕਾਲਜ, ਮੋਗਾ ਦਾ ਵਿਦਿਆਰਥੀ-1952

ਕਲਾ ਦਾ ਨਿਪੁੰਨ ਬਣ ਜਾਂਦਾ ਹੈ, ਦੂਜੇ ਕੋਰੇ ਰਹਿ ਜਾਂਦੇ ਹਨ। ਅਪਣੀ ਗੱਲ ਕਰਾਂ, ਅਪਣੇ ਬਚਪਨ ਉੱਤੇ ਪਰਤਵੀਂ ਝਾਤ ਮਾਰਾਂ। ਸਾਹਿਤ ਤਾਂ ਸਾਡੇ ਪਿੰਡਾਂ ਵਿਚ ਵਿਆਪਕ ਅਨਪੜ੍ਹਤਾ ਅਤੇ ਅਖ਼ਬਾਰਾਂ, ਰਸਾਲਿਆਂ ਤੇ ਪੁਸਤਕਾਂ ਦੀ ਅਪਹੁੰਚਤਾ ਦੇ ਬਾਵਜੂਦ ਅਨੇਕ ਰੂਪਾਂ ਵਿਚ ਮਿੱਟੀ ਵਿਚ ਰਚਿਆ, ਪੌਣ ਵਿਚ ਰਮਿਆ ਤੇ ਪਾਣੀ ਵਿਚ ਘੁਲਿਆ ਹੋਇਆ ਸੀ। ਲੋਕਾਂ ਨੇ ਸ਼ਬਦ 'ਸਾਹਿਤ' ਸੁਣਿਆ ਤੱਕ ਨਹੀਂ ਸੀ ਹੁੰਦਾ, ਇਹਦੇ ਅਰਥ ਜਾਨਣਾ ਤਾਂ ਦੂਰ ਦੀ ਗੱਲ ਹੈ, ਪਰ ਉਹ ਸਾਹਿਤ ਦੇ ਵਿਚਕਾਰ ਵਸਦੇ ਸਨ ਤੇ ਉਹਨੂੰ ਮਾਣਦੇ ਸਨ। ਇਹ ਪੰਜਾਬ ਦੀ ਖ਼ੁਸ਼ਕਿਸਮਤੀ ਹੈ ਕਿ ਇਥੇ ਦਹਿਸਦੀਆਂ ਤੋਂ, ਸ਼ਾਇਦ ਸੰਸਾਰ ਵਿਚ ਸਭ ਤੋਂ ਪਹਿਲਾਂ ਤੋਂ ਮੌਖਿਕ ਤੇ ਲਿਖਿਤ, ਦੋਵਾਂ ਭਾਂਤਾਂ ਦੀ ਸਾਹਿਤ-ਰਚਨਾ ਹੋ ਰਹੀ ਹੈ। ਇਹਨੀਂ ਦਿਨੀਂ ਮੈਂ 'ਨਵਾਂ ਜ਼ਮਾਨਾ' ਵਿਚ ਹਰ ਮਹੀਨੇ ਦੇ ਦੂਜੇ ਤੇ ਚੌਥੇ ਐਤਵਾਰ ਇਕ ਕਾਲਮ ਲਿਖ ਰਿਹਾ ਹਾਂ। ਉਸਦਾ ਨਾਂ ਮੈਂ 'ਸਾਹਿਤ ਦੇ ਬੀ' ਰੱਖਿਆ ਹੈ। ਇਸ ਵਿਚ ਮੈਂ ਅਪਣੀ ਉਸ ਉਮਰ ਨੂੰ ਚੇਤੇ ਕੀਤਾ ਹੈ ਜਦੋਂ ਮੈਂ ਲੇਖਕ ਤਾਂ ਕੀ, ਪਾਠਕ ਵੀ ਨਹੀਂ ਸੀ ਬਣਿਆ, ਪਰ ਸਾਹਿਤ ਕਈ ਰੂਪਾਂ ਵਿਚ ਸਹਿਜ-ਸੁਭਾਵਿਕ ਹੀ ਅਪਣਾ ਸਰੋਤਾ ਬਣਾ ਲੈਂਦਾ ਸੀ। ਚੇਤੇ ਦੀ ਤਖ਼ਤੀ ਉੱਤੇ ਲਿਖੇ ਜਾਂਦੇ ਰਹੇ ਇਹਨਾਂ ਸ਼ਬਦਾਂ ਦੇ ਸਹੀ ਅਰਥ ਤਾਂ ਭਾਵੇਂ ਵੱਡਾ ਹੋ ਕੇ ਪਹਿਲਾਂ ਪਾਠਕ ਤੇ ਫੇਰ ਲੇਖਕ ਬਣਿਆਂ ਹੀ ਸਮਝ ਆਏ, ਪਰ ਇਹ ਤਾਂ ਨਹੀਂ ਨਾ ਹੋ ਸਕਦਾ ਕਿ ਸਾਹਿਤ ਦੀ ਨਿੱਕੀ ਨਿੱਕੀ ਕਣੀ ਮਨ ਦੀ ਮਿੱਟੀ ਵਿਚ ਜੀਰੇ ਨਾ ਤੇ ਕੋਈ ਭਿੱਜੇ ਤਾਂ ਉਹਨੂੰ ਆਨੰਦ ਦਾ ਅਹਿਸਾਸ ਹੋਵੇ ਹੀ ਨਾ!

ਇਸ ਸੰਬੰਧ ਵਿਚ ਲੋਰੀਆਂ, ਇਸਤਰੀਆਂ ਦੇ ਖ਼ੁਸ਼ੀ-ਗ਼ਮੀ, ਮੇਲ-ਵਿਛੋੜੇ ਦੇ ਗੀਤਾਂ, ਦਿਲ-ਚੀਰਵੇਂ ਵੈਣਾਂ, ਧਾਰਮਿਕ ਦੀਵਾਨਾਂ, ਕਵੀਸ਼ਰਾਂ, ਢੱਡ-ਸਾਰੰਗੀ ਵਾਲੇ ਗਮੰਤਰੀਆਂ, ਨਕਲੀਆਂ, ਨਚਾਰਾਂ, ਆਦਿ ਦੇ ਖਾੜਿਆਂ, ਭਰਪੂਰ ਕਹਾਣੀ-ਰਸ ਵਾਲੀਆਂ ਬਾਤਾਂ, ਸੱਥਾਂ ਵਿਚ ਤੇ ਪਿੱਪਲਾਂ-ਬੋਹੜਾਂ ਹੇਠ ਸੁਣੇ-ਸੁਣਾਏ ਜਾਂਦੇ ਕਿੱਸਿਆਂ ਅਤੇ ਫੇਰ ਅਜਿਹੇ ਬਹੁਤ ਕੁਛ ਨੂੰ ਲਾਊਡਸਪੀਕਰਾਂ ਰਾਹੀਂ ਘਰ ਘਰ ਪੁਚਾ ਦੇਣ ਵਾਲੇ ਤਵਿਆਂ ਦੀ ਬਹੁਤ ਵੱਡੀ ਭੂਮਿਕਾ ਤੇ ਮਹੱਤਤਾ ਰਹੀ ਹੈ। ਇਸ ਸਭ ਕੁਛ ਨੇ ਬਿਨਾਂ-ਸ਼ੱਕ ਮੇਰੇ ਮਨ ਦੀ ਮਿੱਟੀ ਅੱਗੇ ਚੱਲ ਕੇ ਸਾਹਿਤ ਦੀ ਬੂਟੀ ਲੱਗਣ ਲਈ ਵੱਤਰ ਕਰ ਦਿੱਤੀ ਜਿਸ ਬੂਟੀ ਨੇ ਫੁੱਲ ਕੇ ਅੰਦਰ ਮੁਸ਼ਕ ਤਾਂ ਮਚਾਉਣਾ ਹੀ ਸੀ! ਸਾਹਿਤ ਦੀ ਚੰਬਾ ਬੂਟੀ ਬਾਰੇ ਸੋਚਦਿਆਂ ਸੁਲਤਾਨ ਬਾਹੂ ਚੇਤੇ ਆ ਜਾਂਦੇ ਹਨ: "ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮਨ ਮੇਰੇ ਵਿਚ ਲਾਈ ਹੂ/ ...ਅੰਦਰ ਬੂਟੀ ਮੁਸ਼ਕ ਮਚਾਇਆ, ਜਾਂ ਫੁੱਲਣ ਪਰ ਆਈ ਹੂ/ ਜੀਵੇ ਮੁਰਸ਼ਦ ਕਾਮਲ ਬਾਹੂ, ਜੈਂ ਇਹ ਬੂਟੀ ਲਾਈ ਹੂ!"

ਹੁਣ : ਤੁਸੀਂ ਪਹਿਲਾਂ ਕਵਿਤਾ ਲਿਖੀ, ਫੇਰ ਕੁਛ ਸਮਾਂ ਕਵਿਤਾ ਤੇ ਕਹਾਣੀ ਦੋਵੇਂ ਲਿਖੀਆਂ ਅਤੇ ਅੰਤ ਨੂੰ ਕਹਾਣੀ ਦੇ ਹੀ ਹੋ ਗਏ। ਅਜਿਹਾ ਕਿਉਂ ਹੋਇਆ?

ਭੁੱਲਰ: ਬਾਹੂ ਵਾਲੀ ਚੰਬੇ ਦੀ ਬੂਟੀ ਜਦੋਂ ਫੁੱਲਣ ਉੱਤੇ ਆਉਂਦੀ ਹੈ, ਮਨ ਦੇ ਅੰਦਰ ਮੁਸ਼ਕ ਤਾਂ ਮਚਾਉਂਦੀ ਹੀ ਹੈ! ਜਿਸ ਮਨ ਵਿਚ ਲੇਖਕ ਬਣਨ ਦੀ ਸਮਰੱਥਾ ਹੋਵੇ, ਇਹ ਮੁਸ਼ਕ ਪਹਿਲਾਂ-ਪਹਿਲ ਕਵਿਤਾ ਬਣ ਕੇ ਫੁਟਦਾ ਹੈ। ਉਮਰ ਦਾ ਇਹ ਸਭ ਤੋਂ ਜਜ਼ਬਾਤੀ ਦੌਰ ਹੁੰਦਾ ਹੈ ਤੇ ਕਵਿਤਾ ਸਾਰੇ ਸਾਹਿਤਕ ਰੂਪਾਂ ਵਿਚੋਂ ਵੱਧ ਜਜ਼ਬਿਆਂ-ਗੁੱਧਾ ਰੂਪ ਹੈ। ਇਸੇ ਕਰਕੇ ਬਹੁਤੇ ਲੇਖਕ ਆਰੰਭ ਕਵਿਤਾ ਨਾਲ ਕਰਦੇ ਹਨ। ਪਰ ਮੈਨੂੰ ਲੱਗਿਆ, ਕਵਿਤਾ ਨਾਲੋਂ ਮੈਂ ਕਹਾਣੀ ਨਾਲ ਪੈਰ ਮਿਲਾ ਕੇ ਵਧੇਰੇ ਸਹਿਜਤਾ ਨਾਲ ਤੁਰ ਸਕਦਾ ਹਾਂ। ਅਪਣੇ ਪ੍ਰਗਟਾਵੇ ਲਈ ਕਹਾਣੀ ਮੈਨੂੰ ਵਧੇਰੇ ਢੁੱਕਵਾਂ ਮਾਧਿਅਮ ਲੱਗੀ। ਇਸ ਗੱਲ ਦਾ ਕਵਿਤਾ ਜਾਂ ਕਹਾਣੀ ਦੀ ਸੀਮਾ ਤੇ ਸਮਰੱਥਾ ਨਾਲ ਓਨਾਂ ਸੰਬੰਧ ਨਹੀਂ ਜਿੰਨਾ ਇਹ ਮੇਰੀ ਅਪਣੀ ਸੀਮਾ ਤੇ ਸਮਰੱਥਾ ਦਾ ਸਵਾਲ ਹੈ।

ਹੁਣ : ਤੁਸੀਂ ਅਪਣੇ ਬਚਪਨ ਦੇ ਅਲਬੇਲੇ ਦਿਨ ਕਿਵੇਂ ਗੁਜ਼ਾਰੇ?

ਭੁੱਲਰ: ਜਿਹੋ ਜਿਹਾ ਜੀਵਨ ਓਦੋਂ ਸਾਡੇ ਪਿੰਡਾਂ ਵਿਚ ਇਕ ਆਮ ਮੁੰਡੇ ਦਾ ਹੁੰਦਾ ਸੀ, ਐਨ ਉਹੋ ਜੀਵਨ ਮੇਰਾ ਸੀ। ਨਿਰੋਲ ਪਿੰਡ ਤੱਕ ਸੀਮਤ। ਘਰ, ਖੇਤ, ਪ੍ਰਾਇਮਰੀ ਸਕੂਲ ਦੇ ਸਾਥੀਆਂ-ਮਿੱਤਰਾਂ ਤੋਂ ਇਲਾਵਾ ਗਲੀ-ਗੁਆਂਢ ਦੇ ਅਨਪੜ੍ਹ ਮੁੰਡਿਆਂ ਨਾਲ ਦੋਸਤੀਆਂ। ਉਸੇ ਮਾਹੌਲ ਵਾਲੀਆਂ ਖੇਡਾਂ ਤੇ ਉਹੋ ਮਨਪਰਚਾਵੇ। ਇਹ ਸਭ ਕੁਛ ਹੁਣ ਕਿਤੇ ਬਹੁਤ ਪਿੱਛੇ ਰਹਿ ਗਿਆ ਲਗਦਾ ਹੈ। ਸਗੋਂ ਮਗਰੋਂ ਮੰਡੀ ਫੂਲ ਦੇ ਸਰਕਾਰੀ ਹਾਈ ਸਕੂਲ ਦੇ ਛੇ ਸਾਲ ਵੀ ਇਸੇ ਮਾਹੌਲ ਵਿਚ ਹੀ ਬੀਤੇ। ਇਕ ਤਾਂ ਪਿੰਡਾਂ ਵਰਗੀ ਹੀ ਮੰਡੀ ਤੇ ਦੂਜੇ, ਤਿੰਨ ਕੋਹ ਪੈਦਲ ਜਾਣਾ, ਗਰਮੀ ਹੋਵੇ ਜਾਂ ਸਰਦੀ, ਛੁੱਟੀ ਹੁੰਦਿਆਂ ਹੀ ਘਰ ਪਰਤਣਾ। ਸ਼ਹਿਰ ਨਾਲ, ਸ਼ਹਿਰੀ ਜੀਵਨ ਤੇ ਮਨਪਰਚਾਵਿਆਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ। ਤੁਸੀਂ ਹੈਰਾਨ ਹੋਵੋਗੇ ਕਿ ਪਹਿਲੀ ਫ਼ਿਲਮ ਮੈਂ ਕਾਲਜ ਵਿਚ ਜਾ ਕੇ ਮੋਗੇ ਦੇਖੀ। 'ਢੋਲਕ' ਨਾਂ ਸੀ ਉਹਦਾ। ਹੁਣ ਤਾਂ ਇਹ ਵੀ ਯਾਦ ਨਹੀਂ ਕਿ ਹੀਰੋ-ਹੀਰੋਇਨ ਕੌਣ ਸਨ ਤੇ ਕਹਾਣੀ ਕੀ ਸੀ। ਫੇਰ ਕਾਲਜ ਵਿਚ ਹੌਲੀ ਹੌਲੀ ਸਾਹਿਤ ਦੀ, ਸਭਿਆਚਾਰ ਦੀ, ਸਿਆਸਤ ਦੀ ਸਮਝ ਆਉਣ ਲੱਗੀ। ਸਾਹਿਤਕ ਭਾਸ਼ਣ ਹੁੰਦੇ, ਕਵੀ-ਦਰਬਾਰ ਹੁੰਦੇ। ਵਿਅੰਗ-ਲੇਖਕ ਕੇ. ਐਲ. ਕਪੂਰ ਅੰਗਰੇਜ਼ੀ ਦੇ ਪ੍ਰੋਫ਼ੈਸਰ ਸਨ। ਨਾਨਕ ਸਿੰਘ, ਮੋਹਨ ਸਿੰਘ ਦੀਵਾਨਾ, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ ਤੇ ਹੋਰ ਕਿੰਨੇ ਹੀ ਲੇਖਕ ਮੈਂ ਪਹਿਲੀ ਵਾਰ ਦੇਖੇ-ਸੁਣੇ। ਸਾਹਿਤ ਦੀ ਸਮਝ ਆਉਣ ਲੱਗੀ। ਮੈਥੋਂ ਇਕ ਸਾਲ ਮਗਰੋਂ ਕਾਲਜ ਵਿਚ ਆਇਆ ਆਤਮ ਹਮਰਾਹੀ ਮੇਰਾ ਪਹਿਲਾ ਲੇਖਕ ਮਿੱਤਰ ਬਣਿਆ। ਮੈਂ ਅਜੇ ਲਿਖਣ ਵੀ ਨਹੀਂ ਸੀ ਲੱਗਿਆ ਤੇ ਉਹ ਮੈਥੋਂ ਉਮਰੋਂ ਛੋਟਾ ਹੋਣ ਦੇ ਬਾਵਜੂਦ ਵਧੀਆ ਕਵਿਤਾ ਲਿਖ ਲੈਂਦਾ ਸੀ। ਉਹ ਦਸਵੀਂ ਦਾ ਵਿਦਿਆਰਥੀ ਹੁੰਦਿਆਂ ਸਾਡੇ ਕਾਲਜ ਵਿਚ ਹੋਏ ਇਕ ਵਿਦਿਆਰਥੀ ਕਵੀ-ਦਰਬਾਰ ਵਿਚ ਸ਼ਾਮਲ ਹੋ ਕੇ ਖ਼ੂਬ ਵਾਹ-ਵਾਹ ਖੱਟ ਗਿਆ ਸੀ। ਸਬੱਬ ਨਾਲ ਅਗਲੇ ਸਾਲ ਉਹ ਮੇਰੇ ਕਾਲਜ ਵਿਚ ਹੀ ਆ ਗਿਆ। ਆਰੰਭਕ ਦੌਰ ਵਿਚ ਉਹ ਮੇਰਾ ਵੱਡਾ ਪ੍ਰੇਰਕ ਬਣਿਆ। ਉਪਰੋਕਤ ਕਵੀ-



ਮਹਾਂਰਿਸ਼ੀ ਦੇਵਿੰਦਰ ਸਤਿਆਰਥੀ ਦਾ ਪ੍ਰਵਚਨ ਸੁਣਦਿਆਂ - 1991

ਦਰਬਾਰ ਵਿਚ ਇਨਾਮ ਵਜੋਂ ਮਿਲਿਆ ਨਾਨਕ ਸਿੰਘ ਦਾ ਨਾਵਲ 'ਮੰਝਧਾਰ' ਵੀ ਉਹਨੇ ਮੈਨੂੰ ਭੇਟ ਕਰ ਦਿੱਤਾ। ਵਲ-ਛਲ ਤੋਂ ਮੁਕਤ ਸਾਫ਼-ਸਿੱਧਾ ਬੰਦਾ ਸੀ। ਉਹਦਾ ਜੀਵਨ ਬੜੇ ਉਤਾਰ-ਚੜ੍ਹਾਵਾਂ ਵਿਚੋਂ ਦੀ ਲੰਘਿਆ ਪਰ ਸਾਡੀ ਦੋਸਤੀ ਉਹਦੇ ਅੰਤ ਤੱਕ ਵਧੀਆ ਨਿਭੀ।

### ਸਾਹਿਤਕ ਬੇਲੀ

ਹੁਣ : ਲੇਖਕ ਵਜੋਂ ਨਾਂ ਲਿਆ ਜਾਣ ਲੱਗਣ ਤੋਂ ਪਹਿਲਾਂ ਦੇ ਦੌਰ ਦੇ ਸਾਹਿਤਕ ਸਾਥੀ ਕੌਣ ਸਨ ਤੇ ਉਸ ਸਮੇਂ ਤੁਹਾਡੀਆਂ ਸਾਹਿਤਕ ਸਰਗਰਮੀਆਂ ਕਿਹੋ ਜਿਹੀਆਂ ਸਨ?

ਭੁੱਲਰ: ਉਸ ਸਮੇਂ ਦੇ ਕਈ ਸਾਥੀ ਦੁਨੀਆ ਛੱਡ ਗਏ ਤੇ ਕਈ ਸਮੇਂ ਦੀ ਸੰਘਣੀ ਧੁੰਦ ਵਿਚ ਗੁਆਚ ਗਏ। ਲਗਭਗ ਮੇਰੇ ਨਾਲ ਹੀ ਮੇਰੇ ਪਿੰਡ ਦੇ ਮਿੱਤਰ ਗੁਰਦੇਵ ਸਿੰਘ ਸਾਜਨ ਨੇ ਲਿਖਣਾ ਸ਼ੁਰੂ ਕੀਤਾ ਸੀ। ਜਿਥੇ ਬਹੁਤੇ ਲੋਕ ਸਤਿਆਰਥੀ ਵਰਗਿਆਂ ਦੇ ਇਕੱਤਰ ਕੀਤੇ ਲੋਕਗੀਤਾਂ ਨੂੰ ਆਧਾਰ ਬਣਾ ਕੇ ਲੇਖ ਲਿਖਦੇ ਸਨ ਤੇ ਅੱਜ ਵੀ ਲਿਖਦੇ ਹਨ, ਉਹਨੇ ਅਣਡਿੱਠ ਰਹੇ ਲੋਕਗੀਤ ਲੱਭ ਲੱਭ ਕੇ ਲੇਖ ਛਪਵਾਏ ਜਿਨ੍ਹਾਂ ਦੀ ਬੜੀ ਚਰਚਾ ਤੇ ਪ੍ਰਸ਼ੰਸਾ ਹੋਈ। ਉਸ ਵਿਚ ਸਤਿਆਰਥੀ ਜੀ ਦਾ ਵਾਰਿਸ ਬਣਨ ਦੀ ਪੂਰੀ ਸੰਭਾਵਨਾ ਸੀ। ਕਿਸਮਤ ਨੇ ਅਜਿਹਾ ਕਹਿਰੀ ਵਾਰ ਕੀਤਾ ਕਿ ਚਾਲੀ ਸਾਲ ਦੀ ਉਮਰ ਵਿਚ ਉਹ ਇਕੱਲਾ ਰਹਿ ਗਿਆ ਤੇ ਨਿੱਕੇ ਨਿੱਕੇ ਧੀਆਂ-ਪੁੱਤਾਂ ਨੂੰ ਪਾਲਦਿਆਂ ਸਾਹਿਤ ਕਿਤੇ ਵਿਚੇ ਰੁਲ ਗਿਆ। ਹੁਣ ਉਹ ਬੱਸ ਵਧੀਆ ਪਾਠਕ ਹੈ। ਮੇਰੇ ਸੰਪਰਕ ਵਿਚ ਰਹਿੰਦਾ ਹੈ। ਅਸੀਂ ਕੁਛ ਮਿੱਤਰਾਂ ਨੇ ਸਾਹਿਤ ਸਭਾ ਰਾਮਪੁਰਾ ਫੂਲ ਬਣਾਈ। ਬਹੁਤੇ ਸਾਹਿਤਕ ਪੱਖੋਂ ਝੜ ਗਏ। ਨਸੀਬ ਚੰਦ ਨਸੀਬ ਅਜੇ ਲਿਖ ਰਿਹਾ ਹੈ। ਜਸਵੰਤ ਵਫ਼ਾ ਲਿਖਦਾ ਰਿਹਾ ਸੀ, ਉਹ ਚਾਰ-ਪੰਜ ਸਾਲ ਪਹਿਲਾਂ ਗੁਜ਼ਰ ਗਿਆ। ਬਰਨਾਲਾ ਸਭਾ ਵਿਚ ਲੇਖਕ ਵੀ ਚੰਗੇਰੇ ਸਨ ਤੇ ਉਹ ਸਰਗਰਮ ਵੀ ਵਧੇਰੇ ਸੀ। ਮੈਂ ਉਹਦਾ ਵੀ ਮੈਂਬਰ ਬਣ ਗਿਆ। ਇਉਂ ਅਣਖੀ ਮੇਰਾ ਦੋਸਤ ਬਣਿਆ। ਸਾਡੀ ਦੋਸਤੀ ਟਾਹਲੀ ਦੀ ਲੱਾਲੀ ਵਰਗੀ ਸੀ, ਪੱਕੀ! ਹਰ ਦੁਖ-ਸੁਖ ਸਾਂਝਾ, ਜ਼ਾਹਰੀ ਗੱਲਾਂ ਵੀ ਸਾਂਝੀਆਂ ਤੇ ਬਾਤਨੀ ਵੀ ਸਾਂਝੀਆਂ। ਕਈ ਵਾਰ ਉਹ ਆਖਦਾ, ਸਮੇਂ ਸਮੇਂ ਦੋਸਤਾਂ ਨੂੰ ਝਾਰਨਾ ਲਾਉਂਦੇ ਰਹਿਣਾ ਚਾਹੀਦਾ ਹੈ। ਇਹ ਮੈਂ ਕਦੀ ਸੋਚਿਆ ਹੀ ਨਹੀਂ ਸੀ ਕਿ ਉਹਦੇ ਕਿਸੇ ਅਜਿਹੇ ਪਰਾਗੇ ਵਿਚ ਮੈਂ ਵੀ ਕਦੀ ਆ ਜਾਵਾਂਗਾ। ਪਰ ਉਹਨੇ ਚਾਲੀ ਸਾਲ ਤੋਂ ਵੱਧ ਪੁਰਾਣੇ ਮਿੱਤਰਾਂ ਤੋਂ ਮੁਕਤ ਹੋਣ ਦਾ ਐਲਾਨ ਕਰ ਦਿੱਤਾ। ਵਿਚੇ ਮੈਂ ਆ ਗਿਆ। ਵਕੀਲ, ਅਪੀਲ, ਦਲੀਲ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ! ਉਹਦੇ ਇਕ ਬਹੁਤ ਹੀ ਨਜ਼ਦੀਕੀ ਦਾ ਕਹਿਣਾ ਹੈ ਕਿ ਉਹਨੂੰ ਕਿਸੇ ਨੇ ਇਹ ਮੰਤਰ ਵੀ ਪੜ੍ਹਾਇਆ ਸੀ ਕਿ ਗਲਪਕਾਰ ਨੂੰ ਗਲਪਕਾਰ ਦੋਸਤ ਨਹੀਂ ਰੱਖਣੇ ਚਾਹੀਦੇ। ਖ਼ੈਰ, ਮੈਨੂੰ ਉਸ ਨਾਲ ਕੋਈ ਗਿਲਾ ਨਾ ਸੀ ਤੇ ਨਾ ਹੈ, ਦਹਾਕਿਆਂ ਤੱਕ ਨਿਭੀ ਤੇ ਖ਼ੂਬ ਨਿਭੀ!

### ਅੱਧੀ ਸਦੀ ਦੀ ਦੋਸਤੀ

ਹੁਣ : ਤੇ ਅੱਧੀ ਸਦੀ ਦੀ ਦੋਸਤੀ ਵਾਲਾ ਗੁਰਦਿਆਲ ਸਿੰਘ ਕਦੋਂ ਸੰਪਰਕ ਵਿਚ ਆਇਆ?

ਭੁੱਲਰ : ਉਹਦੇ ਨਾਲ ਦੋਸਤੀ ਤਾਂ ਉਪਰੋਕਤ ਦੋਵਾਂ ਸਾਹਿਤ ਸਭਾਵਾਂ ਤੋਂ ਪਹਿਲਾਂ ਹੋਈ ਜਦੋਂ ਉਹ ਅਜੇ ਲੇਖਕ ਵਜੋਂ ਸਾਹਮਣੇ ਹੀ ਨਹੀਂ ਸੀ ਆਇਆ। ਮੈਂ ਜੈਤੋ ਕੋਲ ਸੇਵੇਵਾਲੇ ਅਧਿਆਪਕ ਸੀ। ਅਕਸਰ ਹੀ ਮੈਂ ਸਾਧੂ ਸਿੰਘ ਪੱਤਰਕਾਰ ਤੋਂ ਅਖ਼ਬਾਰ-ਰਸਾਲੇ ਲੈਣ ਜਾਂਦਾ। ਉਹ ਸਵੇਰੇ ਅਖ਼ਬਾਰ ਵੰਡਦਾ, ਅਖ਼ਬਾਰਾਂ ਨੂੰ ਖ਼ਬਰਾਂ ਵੀ ਭੇਜਦਾ ਤੇ ਇਕ ਬਜਾਜ ਦੇ ਬਰਾਂਡੇ ਵਿਚ ਕੱਪੜੇ ਸਿਉਣ ਵਾਲੇ ਅਪਣੇ ਅੱਡੇ ਦੇ ਪਿੱਛੇ ਕੰਧ ਉੱਤੇ ਵੇਚਣ ਲਈ ਰਸਾਲੇ ਵੀ ਟੰਗ ਰਖਦਾ। ਗੁਰਦਿਆਲ ਸਿੰਘ ਮੈਨੂੰ ਉਥੇ ਬੈਠਾ ਰਸਾਲੇ ਫਰੋਲ ਰਿਹਾ ਮਿਲਦਾ। ਜਦੋਂ 'ਪ੍ਰੀਤਲੜੀ' ਵਿਚ ਮੇਰੀ ਕਵਿਤਾ ਛਪਣ ਨਾਲ ਮੈਂ 'ਸਰਟੀਫ਼ਾਇਡ' ਲੇਖਕ ਬਣ ਗਿਆ, ਮੈਂ ਉਹਨੂੰ ਆਖਦਾ, ਯਾਰ, ਤੂੰ ਵੀ ਕੁਛ ਲਿਖਿਆ ਕਰ। ਇਸੇ ਕਰਕੇ ਮੇਰੇ ਸੇਵੇਵਾਲਿਉਂ ਆ ਜਾਣ ਪਿੱਛੋਂ ਜਦੋਂ 'ਪ੍ਰੀਤਲੜੀ' ਵਿਚ ਹੀ ਉਹਦੀ ਕਹਾਣੀ, ਸ਼ਾਇਦ, 'ਚਿਤਰਸ਼ਾਲਾ ਦੀ ਸੁਆਹ' ਛਪੀ, ਮੈਂ ਉਹਨੂੰ ਵਧਾਈ ਦੀ ਚਿੱਠੀ ਲਿਖ ਕੇ ਅਪਣੇ ਆਪ ਨੂੰ ਉਹਦਾ ਗੁਰੂ ਐਲਾਨ ਦਿੱਤਾ ਜੋ ਉਹਨੇ ਉਸੇ ਵਿਨੋਦੀ ਰਉਂ ਵਿਚ ਹੱਸ ਕੇ ਸਵੀਕਾਰ ਕਰ ਲਿਆ।

ਹੁਣ : ਕਈ ਲੋਕ ਆਖਦੇ ਹਨ ਕਿ ਭਾਸ਼ਾ ਸੰਬੰਧੀ ਬਹਿਸ ਨੇ ਤੁਹਾਡੀ ਇਹ ਦੋਸਤੀ ਹੁਣ ਖ਼ਤਮ ਕਰ ਦਿੱਤੀ।

ਭੁੱਲਰ : ਇਹ ਉਹ ਲੋਕ ਹਨ ਜੋ ਇਹ ਨਹੀਂ ਜਾਣਦੇ ਕਿ ਸਾਡੀ ਦੋਸਤੀ ਇਉਂ ਟੁੱਟਣ ਵਾਲੀ ਨਹੀਂ। ਗੁਰਦਿਆਲ ਸਿੰਘ ਸਾਡੀ ਪੰਜਾਹ-ਸੱਾਲਾ ਪਰਿਵਾਰਕ ਦੋਸਤੀ ਦੀ ਛਤਰੀ ਦਾ ਕਬੂਤਰ ਹੈ, ਉੱਡ ਕੇ ਜਾਵੇਗਾ ਕਿੱਥੇ! ਜੇ ਕਦੀ ਉਹ ਦਿੱਲੀ ਆਵੇਗਾ, ਤੁਹਾਡਾ ਕੀ ਖ਼ਿਆਲ ਹੈ ਕਿ ਉਹ ਮੇਜ਼ਬਾਨ ਸੰਸਥਾ ਵੱਲੋਂ ਰਾਖਵੇਂ ਕੀਤੇ ਗਏ ਹੋਟਲ ਦੇ ਕਮਰੇ ਜਾਂ ਮਹਿਮਾਨਘਰ ਵਿਚ ਠਹਿਰੇਗਾ? ਉਹ ਸਿੱਧਾ ਮੇਰੇ ਘਰ ਹੀ ਆਵੇਗਾ। ਮੇਰੇ ਉੱਤਰ ਬਾਰੇ ਗੁੱਸੇ ਹੋਣ ਦੀ ਥਾਂ ਉਹ ਠਹਾਕਾ ਮਾਰ ਕੇ ਹੱਸੇਗਾ,"ਆਖ਼ਰ ਤੂੰ ਗੁਰੂ ਹੀ ਨਿਕਲਿਆ!" ਇਹ ਸਾਡੀ ਨੇੜਤਾ ਦਾ ਪ੍ਰਮਾਣ ਹੀ ਹੈ ਕਿ ਪੰਜਾਬੀ ਲੇਖਕਾਂ ਵਿਚੋਂ ਉਹਨੂੰ ਕੇਵਲ 'ਗੁਰਦਿਆਲ' ਕਹਿਣ ਦਾ ਕਾਨੂੰਨੀ ਅਧਿਕਾਰ ਸਿਰਫ਼ ਮੇਰੇ ਕੋਲ ਸੁਰੱਖਿਅਤ ਹੈ। ਮੰਨ ਲਵੋ, ਉਹ ਦਿੱਲੀ ਆ ਕੇ ਮੇਰੇ ਘਰ ਰਹੇ ਬਿਨਾਂ ਮੁੜ ਜਾਵੇ, ਫੇਰ ਅਗਲੀ ਵਾਰ ਤਾਂ ਬਹਾਦਰਗੜ੍ਹ ਲੰਘਣੋਂ ਰਿਹਾ!

### ਪਿੰਡ ਤੋਂ ਮਹਾਂਨਗਰ

ਹੁਣ : ਸ਼ੁੱਧ ਪੇਂਡੂ ਵਾਤਾਵਰਣ ਤੋਂ ਤੁਸੀਂ ਸਿੱਧੇ ਮਹਾਂਨਗਰ ਦਿੱਲੀ ਜਾ ਪਹੁੰਚੇ। ਇਸ ਵੱਡੀ ਤਬਦੀਲੀ ਨੂੰ ਤੁਸੀਂ ਸਾਹਿਤਕ ਪੱਖੋਂ ਕਿਵੇਂ ਲੈਂਦੇ ਹੋ?

ਭੁੱਲਰ : ਦਿੱਲੀ ਮੇਰੇ ਲਈ ਵਰ ਸਿੱਧ ਹੋਈ। ਮੈਨੂੰ ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਕਿ ਜੇ ਮੈਂ ਦਿੱਲੀ ਨਾ ਪੁੱਜਿਆ ਹੁੰਦਾ, ਮੈਂ ਅੱਜ ਵਾਲਾ

ਬਾਕੀ ਸਫ਼ਾ 30 'ਤੇ

ਭੁੱਲਰ ਨਹੀਂ ਸੀ ਹੋਣਾ। ਉਸ ਸਮੇਂ ਦਿੱਲੀ ਵਿਚ ਅਨੇਕ ਵੱਡੇ ਪੰਜਾਬੀ ਲੇਖਕ ਵਸਦੇ ਸਨ ਤੇ ਸਹਿਜੇ ਸਹਿਜੇ ਉਹਨਾਂ ਨਾਲ ਮੇਰੀ ਨੇੜਤਾ ਵਧਦੀ ਹੀ ਗਈ। ਪਹਿਲਾ ਵਾਹ ਮੇਰਾ ਭਾਪਾ ਜੀ ਨਾਲ ਪਿਆ। ਮੈਨੂੰ ਪ੍ਰਕਾਸ਼ਿਤ ਕਰਨ ਤੇ ਉਭਾਰਨ ਵਿਚ 'ਆਰਸੀ' ਤੇ ਨਵਯੁੱਗ ਦਾ ਵੱਡਾ ਹੱਥ ਰਿਹਾ। ਭਾਪਾ ਜੀ ਤਾਂ ਕਹਾਣੀ ਲਿਖਣ ਲਈ ਮਜਬੂਰ ਕਰ ਦਿੰਦੇ ਸਨ। ਗੁਰਦੇਵ ਨਾਲ ਦੋਸਤੀ ਸਾਹਿਤਕ ਪੱਖੋਂ ਬੜੀ ਲਾਹੇਵੰਦੀ ਰਹੀ। ਇਸ ਦੋਸਤੀ ਦੀਆਂ ਤਾਰਾਂ ਪਿੰਡ ਰੁਪਾਣੇ ਚਲੇ ਜਾਣ ਤੋਂ ਬਾਅਦ ਵੀ ਓਵੇਂ ਜੁੜੀਆਂ ਹੋਈਆਂ ਹਨ। ਉਹੋ ਪਹਿਲੀ ਵਾਰ ਅੰਮ੍ਰਿਤਾ ਪ੍ਰੀਤਮ ਦੀ 'ਨਾਗਮਣੀ ਸ਼ਾਮ' ਵਿਚ ਲੈ ਕੇ ਗਿਆ। ਸਾਹਿਤਕ ਉਤਸਾਹ ਲੋੜਦੇ ਉਸ ਪੜਾਅ ਸਮੇਂ ਅੰਮ੍ਰਿਤਾ ਬੜੀ ਸਹਾਈ ਰਹੀ। ਸਾਕਾਰ ਸ਼ਬਦ ਦੇਵਿੰਦਰ ਸਤਿਆਰਥੀ, ਕਹਾਣੀ ਦਾ ਮਹਾਂਰਥੀ ਕੁਲਵੰਤ ਸਿੰਘ ਵਿਰਕ, ਕੋਮਲ-ਚਿੱਤ ਕਥਾਕਾਰ ਮਹਿੰਦਰ ਸਿੰਘ ਸਰਨਾ, ਫ਼ਕੀਰ ਬਾਦਸ਼ਾਹ ਬਾਵਾ ਬਲਵੰਤ, ਗਿਆਨ-ਸਾਗਰ ਡਾ. ਹਰਿਭਜਨ ਸਿੰਘ, ਮਹਾਂਕੋਸ਼ੀ ਵਿਦਵਤਾ ਡਾ. ਵਣਜਾਰਾ ਬੇਦੀ, ਫ਼ੱਕਰ ਨਾਟਕਕਾਰ ਸੀ. ਡੀ. ਸਿੱਧੂ, ਬੇਮਿਸਾਲ ਸਾਹਿਤ-ਪਾਰਖੀ ਪ੍ਰੋ. ਕਿਸ਼ਨ ਸਿੰਘ, ਭਾਸ਼ਾ ਤੇ ਸਾਹਿਤ ਦੇ ਗੰਭੀਰ ਗਿਆਤਾ ਸੋਹਨ ਸਿੰਘ ਜੋਸ਼, ਸਾਹਿਤ ਸਭੀਏ ਗਿਆਨੀ ਹਰੀ ਸਿੰਘ ਜਿਹੀਆਂ ਹਸਤੀਆਂ ਦੀ ਨੇੜਤਾ ਨਾਲ ਮੈਂ ਧੰਨ ਹੋਇਆ। ਬੜਾ ਦਿਲੀ ਮੋਹ ਕੀਤਾ ਇਹਨਾਂ ਵਡੇਰਿਆਂ ਨੇ! ਕਥਾ ਦੇ ਬੋਹੜ-ਬਿਰਛ ਕਰਤਾਰ ਸਿੰਘ ਦੁੱਗਲ ਦਾ ਸਨੇਹ, ਦਰਵੇਸ਼ ਦਿਲ ਗਿਆਨੀ ਜਸਵੰਤ ਸਿੰਘ ਦੀ ਹਲਾਸ਼ੇਰੀ। ਸਹਿਰਾਈ ਜੀ, ਤੇਰਾ ਸਿੰਘ ਚੰਨ, ਗੁਰਵੇਲ ਪੰਨੂ ਤਾਂ ਮੇਰੇ ਸਹਿਕਰਮੀ ਰਹੇ। ਯਾਰੋ, ਇਹਨਾਂ ਸਭਨਾਂ ਦੇ ਤਾਂ ਬੰਦਾ ਇਕ ਵਾਰ ਕੋਲੋਂ ਦੀ ਹੀ ਲੰਘ ਜਾਵੇ, ਵਧੀਆ ਲੇਖਕ ਬਣ ਜਾਵੇ, ਮੈਨੂੰ ਤਾਂ ਇਹਨਾਂ ਸਭ ਦੀ ਵਿਰਲ-ਰਹਿਤ ਨੇੜਤਾ ਪ੍ਰਾਪਤ ਰਹੀ! ਦਿੱਲੀ ਪੁੱਜੇ ਬਿਨਾਂ ਇਹ ਸਭ ਕਿੱਥੋਂ ਸੰਭਵ ਹੋਣਾ ਸੀ? ਸਗੋਂ ਪੰਜਾਬ ਵਸਦੇ ਅਣਗਿਣਤ ਲੇਖਕਾਂ ਨਾਲ ਨੇੜਤਾ ਵੀ ਉਹਨਾਂ ਦੀਆਂ ਦਿੱਲੀ ਦੀਆਂ ਫੇਰੀਆਂ ਸਦਕਾ ਹੀ ਬਣ ਸਕੀ। ਜੇ ਉਹਨਾਂ ਦੇ ਨਾਂ ਗਿਣਨ ਲੱਗਿਆ, ਸੂਚੀ ਬਹੁਤ ਲੰਮੀ ਹੋ ਜਾਵੇਗੀ।

**ਦਿੱਲੀ ਦੀ ਸਿਆਸਤ**

ਹੁਣ : ਆਮ ਵਿਚਾਰ ਹੈ ਕਿ ਸਿਆਸਤ ਦੀ ਹੀ ਨਹੀਂ, ਸਾਹਿਤ ਦੀ ਹਰ ਉਥਲ-ਪੁਥਲ ਵੀ ਦਿੱਲੀ ਤੋਂ ਹੀ ਤੁਰਦੀ ਹੈ। ਹੁਣ ਸਥਿਤੀ ਬਦਲਣ ਦੇ ਆਸਾਰ ਹਨ। ਤੁਹਾਡਾ ਕੀ ਕਹਿਣਾ ਹੈ?

ਭੁੱਲਰ: ਮਨੁੱਖ ਦੇ ਇਤਿਹਾਸ ਵਿਚ ਅਨੇਕ ਦੌਰ ਆਏ ਹਨ। ਕਦੀ ਅਧਿਆਤਮ ਦਾ ਦਬਦਬਾ, ਕਦੀ ਵਿਦਵਤਾ ਦਾ ਬੋਲਬਾਲਾ, ਕਦੀ ਬਾਹੂਬਲ ਦੀ ਸਰਦਾਰੀ, ਹੁਣ ਸਿਆਸਤ ਦੀ ਚੌਧਰ ਦਾ ਦੌਰ ਹੈ। ਭਾਸ਼ਾ, ਸਭਿਆਚਾਰ ਤੇ ਸਾਹਿਤ ਸਮੇਤ ਹਰ ਖੇਤਰ ਬਾਰੇ ਨੀਤੀ ਘੜ ਕੇ ਉਹਦੇ ਭਵਿੱਖੀ ਰਾਹ ਨੂੰ ਸਵਾਹਰਾ ਜਾਂ ਬਿਖੜਾ ਬਣਾਉਣ ਦੀ ਸ਼ਕਤੀ ਹੁਣ ਸਿਆਸਤਦਾਨਾਂ ਦੇ ਹੱਥ ਹੈ। ਉਹਨਾਂ ਵਿਚੋਂ ਬਹੁਤੇ ਤੁੱਛ ਬੁੱਧੀ ਵਾਲੇ ਅਨਪੜ੍ਹ ਜਾਂ ਡਿਗਰੀਆਂ ਖੂਹ-ਖਾਤੇ ਸੁੱਟ ਕੇ ਭਾਸ਼ਾ, ਸਭਿਆਚਾਰ ਤੇ ਸਾਹਿਤ ਦੇ ਪੱਖੋਂ ਕੋਰੇ ਹੁੰਦੇ ਹਨ। ਜਦੋਂ ਇਹਨਾਂ ਖੇਤਰਾਂ ਦੀਆਂ ਮੰਗਾਂ ਅਜਿਹੇ ਸਿਆਸਤਦਾਨਾਂ ਤੋਂ ਮੰਨਵਾਉਣ ਲਈ ਸਾਡੇ ਵੱਡੇ ਵੱਡੇ ਲੇਖਕ ਤੇ ਸਭਿਆਚਾਰਕ ਕਾਮੇ, ਜਿਨ੍ਹਾਂ ਦਾ ਸਮਾਜ ਨੂੰ ਆਦਰ ਕਰਨਾ ਚਾਹੀਦਾ ਹੈ ਤੇ ਸਿਆਸਤਦਾਨਾਂ ਨੂੰ ਜਿਨ੍ਹਾਂ ਦੇ ਚਰਨੀਂ ਬੈਠਣਾ ਚਾਹੀਦਾ ਹੈ, ਮਟਕਾ ਚੌਕ ਵਿਚ ਧਰਨੇ ਮਾਰਦੇ ਹਨ ਤੇ ਕਈ ਵਾਰ ਪੁਲਿਸ ਦੀ ਖਿੱਚ-ਧੂਹ ਦਾ ਸ਼ਿਕਾਰ ਬਣਦੇ ਹਨ, ਸਾਡੇ ਲਈ ਸੋਚਣ ਦਾ ਤੇ ਸਮਾਜ ਲਈ ਚੱਪਣੀ ਵਿਚ ਨੱਕ ਡੋਬਣ ਦਾ ਮੁਕਾਮ ਤਾਂ ਹੈ ਹੀ! ਜਿਥੋਂ ਤੱਕ ਸਾਹਿਤ ਦੀ ਹਰ ਉਥਲ-ਪੁਥਲ ਦੇ ਦਿੱਲੀ ਤੋਂ ਚੱਲਣ ਦੀ ਗੱਲ ਹੈ ਜੋ ਸਥਿਤੀ ਤੁਸੀਂ ਹੁਣ ਬਦਲ ਰਹੀ ਕਹੀ ਹੈ, ਮੇਰਾ ਲੱਖਣ ਹੈ, ਤੁਹਾਡਾ ਇਸ਼ਾਰਾ ਨੂਰ ਵਾਲੇ ਵਰਤਾਰੇ ਵੱਲ ਹੈ! ਜੇ ਮੇਰਾ ਅੰਦਾਜ਼ਾ ਠੀਕ ਹੈ, ਮੈਂ ਕਹਿਣਾ ਚਾਹਾਂਗਾ ਕਿ ਇਸ ਵਰਤਾਰੇ ਬਾਰੇ ਮੇਰੇ ਵਿਚਾਰ ਬਹੁਤੇ ਲੋਕਾਂ ਨਾਲੋਂ ਹਟਵੇਂ ਹਨ।

ਹੁਣ : ਚਲੋ, ਨੂਰ ਵਾਲਾ ਵਰਤਾਰਾ ਹੀ ਸਮਝ ਲਵੋ! ਤੁਹਾਡੇ ਵਿਚਾਰ ਕੀ ਹਨ?

ਭੁੱਲਰ: ਬਹੁਤ ਸਾਰੇ ਲੇਖਕ ਨੂਰ ਦੇ ਵਡੱਪਣ ਦਾ ਗੁਣਗਾਨ ਕਰਦੇ ਨਹੀਂ ਥਕਦੇ। ਜਾਣ ਵਾਲੇ ਨੂੰ, ਉਹਦੀ ਕਰਨੀ-ਕਥਨੀ ਦਾ ਖ਼ਿਆਲ ਕੀਤੇ ਬਿਨਾਂ, ਸੱਥਰ ਉੱਤੇ ਬੈਠ ਕੇ ਸਲਾਹੁਣ ਦੀ ਪ੍ਰੰਪਰਾ ਨਿਭਾਉਣ ਦੇ ਦਿਨ ਤਾਂ ਨੂਰ ਸਾਹਿਬ ਦੇ ਸੰਬੰਧ ਵਿਚ ਚਿਰੋਕਣੇ ਮੁੱਕ ਗਏ। ਹੁਣ ਗੱਲ ਸੱਚ-ਤੱਥ ਉੱਤੇ ਆਧਾਰਿਤ ਹੀ ਹੋਣੀ ਚਾਹੀਦੀ ਹੈ। ਮੈਂ ਉਹਨੂੰ ਇਕ ਚੰਗਾ ਆਲੋਚਕ ਬਣਨ ਦੀ ਨਿੱਗਰ ਸੰਭਾਵਨਾ ਨੂੰ ਕੁਰਾਹੇ ਪੈ ਕੇ ਲਗਾਤਾਰ ਖੋਰਦੇ ਰਹਿਣ ਵਾਲਾ ਇਕ ਬਦਕਿਸਮਤ ਮਨੁੱਖ ਸਮਝਦਾ ਹਾਂ। ਇਹਨਾਂ ਆਲੋਚਕੀ ਗੁਣਾਂ ਨੂੰ ਉਹਨੇ ਕਿੰਨਾ ਕਰੂਪ ਬਣਾ ਦਿੱਤਾ ਕਿ ਅੰਤ ਨੂੰ ਸਾਹਿਤ ਅਕਾਦਮੀ ਦਾ ਇਨਾਮ ਲੈਣ ਲਈ ਅਪਣਾ ਕੀਤਾ ਹੋਇਆ ਸਾਹਿਤਕ ਵਰਤਾਰਿਆਂ ਦਾ ਕੋਈ ਵਿਦਵਤਾ-ਭਰਪੂਰ ਵਿਸ਼ਲੇਸ਼ਣ ਪੇਸ਼ ਕਰਨ ਦੀ ਥਾਂ ਉਹਨੂੰ ਦੋ ਦੋ, ਤਿੰਨ ਤਿੰਨ ਪੰਨਿਆਂ ਦੇ ਰੀਵਿਊ ਤੇ ਮੁੱਖਬੰਦ ਇਕੱਠੇ ਕਰ ਕੇ ਜਿਲਦ ਬੰਨ੍ਹਵਾਉਣੀ ਪਈ! ਇਸ ਦੌਰ ਦੀਆਂ ਉਹਦੀਆਂ ਬਹੁਤੀਆਂ 'ਪੁਸਤਕਾਂ' ਇਕ ਰਸਾਲੇ ਦੇ ਵਿਸ਼ੇਸ਼ ਅੰਕਾਂ ਉੱਤੇ ਚੜ੍ਹਾਈਆਂ ਹੋਈਆਂ ਜਿਲਦਾਂ ਹਨ। ਉਹਨੇ ਸ਼ਬਦ ਤੇ ਕਲਮ ਨੂੰ ਅਪਣੀ ਸਾਹਿਤਕ ਸ਼ਖ਼ਸੀਅਤ ਦਾ ਆਧਾਰ ਬਣਾਉਣ ਦੀ ਥਾਂ ਅਵੱਲਾ ਹੀ ਰਾਹ ਚੁਣ ਲਿਆ, ਸਾਹਿਤ ਤੇ ਸਭਿਆਚਾਰ ਨਾਲ ਜੁੜੀਆਂ ਸੰਸਥਾਵਾਂ ਉੱਤੇ ਕਬਜ਼ੇ ਦਾ ਅਤੇ ਅਣਪੜ੍ਹੀਆਂ ਪੁਸਤਕਾਂ ਬਾਰੇ 'ਵਿਦਵਤਾ-ਭਰਪੂਰ' ਭਾਸ਼ਣ ਦੇਣ ਤੇ ਰੀਵਿਊ ਜਾਂ ਮੁੱਖਬੰਦ ਲਿਖਣ ਦਾ ਰਾਹ। ਵਿਤੋਂ ਵੱਧ ਦੌੜਨ ਵਾਲੇ ਨੂੰ ਹੁੰਦੀ ਨਿਰੰਤਰ ਪ੍ਰੇਸ਼ਾਨੀ, ਲਗਾਤਾਰ ਜੋੜਤੋੜ, ਨਵੇਂ ਨਵੇਂ ਗੱਠਜੋੜ ਤਾਂ ਜੋ ਸਭ ਅਕਾਦਮੀਆਂ, ਸਾਹਿਤ ਸਭਾਵਾਂ, ਪੰਜਾਬੀ ਵਿਭਾਗਾਂ, ਰੇਡੀਓ ਤੇ ਟੀਵੀ ਚੈਨਲਾਂ ਵਿਚ ਮੇਰੀ ਹੀ ਚੱਲੇ! ਸਭ ਇਨਾਮ ਦੇਣੇ ਮੇਰੇ ਹੀ ਹੱਥ-ਵੱਸ ਹੋਣ! ਕਿੱਲੀ ਉੱਤੇ ਪੱਕਾ ਟੰਗਿਆ ਹੋਇਆ ਕੰਘੀ-ਤੌਲੀਏ ਵਾਲਾ ਥੈਲਾ ਮੋਢੇ ਪਾ ਕੇ ਅੱਜ ਜਲੰਧਰ ਗੋਸ਼ਟੀ ਵਿਚ ਕਿਸੇ ਅਣਪੜ੍ਹੀ ਪੁਸਤਕ ਬਾਰੇ ਬੋਲ ਰਿਹਾ ਹੈ, ਭਲਕੇ ਕੁਰੂਕਸ਼ੇਤਰ ਪ੍ਰਧਾਨਗੀ ਭਾਸ਼ਣ ਦੇ ਰਿਹਾ ਹੈ, ਪਰਸੋਂ ਲੁਧਿਆਣੇ ਕਿਸੇ ਪੁਸਤਕ ਦੀ ਘੁੰਡ-ਚੁਕਾਈ ਕਰ ਰਿਹਾ ਹੈ, ਚੌਥੇ ਦਿੱਲੀ ਯੂਨੀਵਰਸਿਟੀ ਵਿਚ ਹਾਜ਼ਰੀ ਲਾ ਰਿਹਾ ਹੈ, ਪੰਜਵੇਂ ਚੰਡੀਗੜ੍ਹ ਕਿਸੇ ਮੀਟਿੰਗ ਵਿਚ ਹਿੱਸਾ ਲੈ ਰਿਹਾ ਹੈ, ਛੇਵੇਂ ਪਟਿਆਲੇ ਕਿਸੇ ਸੈਮੀਨਾਰ ਵਿਚ 'ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਡਾਇਆਸਪੋਰਾ ਵੱਲੋਂ ਰਚੇ ਜਾ ਰਹੇ ਸਾਹਿਤ ਦੀਆਂ ਵਿਡੰਵਨਾਵਾਂ' ਵਿਸ਼ੇ ਉੱਤੇ 'ਕੁੰਜੀਵਤ ਭਾਸ਼ਣ' ਦੇ ਰਿਹਾ ਹੈ।

ਮੈਨੂੰ ਸ਼ੱਕ ਪੈਂਦਾ ਹੈ ਕਿ ਟਾਲਸਟਾਇ ਨੇ ਅਪਣੀ ਕਹਾਣੀ 'ਮਨੁੱਖ ਨੂੰ ਕਿੰਨੀ ਭੋਇੰ ਲੋੜੀਏ' ਦੇ ਨਾਇਕ ਲਈ ਪ੍ਰੇਰਨਾ ਨੂਰ ਸਾਹਿਬ ਤੋਂ ਹੀ ਲਈ ਹੋਵੇਗੀ! ਦੁਰਭਾਗ ਨੂੰ ਨੂਰ ਦਾ ਬੇਮੌਕਾ ਦੁਖਦਾਈ ਅੰਤ ਵੀ ਟਾਲਸਟਾਇ ਦੇ ਨਾਇਕ ਵਾਲਾ ਹੀ ਹੋਇਆ! ਸਹਿਜਤਾ ਮੰਗਦਾ ਮੌਲਕ ਲਿਖਣਾ ਤਾਂ ਛੱਡੋ, ਆਲੋਚਕ ਬਨਣ ਲਈ ਜ਼ਰੂਰੀ ਘੱਟੋ-ਘੱਟ ਪੜ੍ਹਨਾ ਵੀ ਕਿਤੇ ਰਾਹ ਵਿਚ ਹੀ ਛੁੱਟ ਗਿਆ। ਕਵਿਤਾ ਲਿਖਣ ਦਾ ਜਤਨ ਕੀਤਾ ਕਿਉਂਕਿ ਇਹ ਕਾਰ ਵਿਚ ਜਾਂਦਿਆਂ ਵੀ ਝਰੀਟੀ ਜਾ ਸਕਦੀ ਹੈ। ਪਰ ਇਹ ਸੰਸਥਾਵਾਂ ਦੀ ਸਰਦਾਰੀ, ਇਨਾਮਾਂ ਦੀਆਂ ਸੌਦੇਬਾਜ਼ੀਆਂ, ਆਲੋਚਨਾ ਦਾ ਭਰਮ ਤੇ ਕਵਿਤਾ ਦਾ ਛਲਾਵਾ, ਸਭ ਰੇਤ ਉੱਤੇ ਵਾਹੀਆਂ ਲਕੀਰਾਂ ਸਿੱਧ ਹੋ ਰਹੀਆਂ ਹਨ ਜੋ ਹੌਲੀ ਹੌਲੀ ਮਿਟ ਰਹੀਆਂ ਹਨ। ਮੋਹਨ ਸਿੰਘ ਨੂਰਜਹਾਂ ਬਾਰੇ ਲਿਖਦੇ ਹਨ,"ਉਹਦੀ ਬਾਤਨੀ ਖ਼ੂਬੀ ਨੂੰ ਕੋਈ ਰੋਵੇ, ਤੇ ਕੋਈ ਰੋਵੇ ਉਹਦੀ ਜ਼ਾਹਿਰੀ ਨੂੰ। ਮੈਨੂੰ ਕਿਸੇ ਵੀ ਗੱਲ ਦਾ ਨਹੀਂ ਮੰਦਾ, ਮੈਂ ਤਾਂ ਰੋਂਦਾ ਹਾਂ ਉਸਦੀ ਸ਼ਾਇਰੀ ਨੂੰ!" ਮੈਨੂੰ ਤਾਂ ਉਹਦੇ ਕਥਿਤ ਗੁਣਾਂ ਦਾ ਰੁਦਨ ਕਰਨ ਵਾਲਿਆਂ ਦੇ ਉਲਟ ਉਹਦੀ ਗੁਆਚੀ ਸੰਭਾਵਨਾ ਦੇ ਮੰਦਭਾਗ ਉੱਤੇ ਤਰਸ ਤੇ ਰੋਣਾ ਆਉਂਦਾ ਹੈ। ਹੈਰਾਨੀ ਹੁੰਦੀ ਹੈ, ਕੀ ਉਹਦੀ ਮਿੱਤਰ-ਮੰਡਲੀ ਵਿਚ ਇਕ ਵੀ ਸੁਹਿਰਦ ਬੰਦਾ ਨਹੀਂ ਸੀ ਜੋ ਕਹਿੰਦਾ, ਨੂਰ ਸਾਹਿਬ ਸੰਭਲੋ! ਉਲਟਾ ਲੋਕ ਉਹਨੂੰ ਦੁੜਾਉਂਦੇ ਰਹੇ, ਲਗੇ ਰਹੋ ਨੂਰਭਾਈ! ਕਿਹੋ ਜਿਹੇ ਦੋਸਤ ਸਨ ਇਹ?

**ਇਨਾਮੀ ਤਿਕੜਮਾਂ**

ਹੁਣ: ਕੀ ਸਾਹਿਤ ਅਕਾਦਮੀ ਦਾ ਵੱਕਾਰੀ ਇਨਾਮ ਲੈਣ ਲਈ ਤੁਸੀਂ ਵੀ ਕੋਈ ਜਤਨ ਕੀਤੇ?

ਭੁੱਲਰ: ਤੁਹਾਡੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਮੈਂ ਇਕ ਇਨਾਮ ਦਾ ਐਲਾਨ ਕਰ ਲਵਾਂ। ਜਦੋਂ ਮੈਂ ਅਪਣੀ ਬੁੱਕਲ ਖੁੱਲ੍ਹੀ ਵਾਲੇ ਲੇਖਕ ਦੋਸਤਾਂ ਨਾਲ ਬੈਠਦਾ ਹਾਂ, ਅਸੀਂ ਲੇਖਕਾਂ-ਲੇਖਿਕਾਵਾਂ ਤੋਂ ਤੁਰ ਕੇ ਪੀੜ੍ਹੀਦਾਰਾਂ, ਰਚਨਾ ਦੀ ਥਾਂ ਘਤਿੱਤਾਂ, ਤਿਕੜਮਾਂ, ਯਧਖ਼ਤੀਆਂ ਨਾਲ, ਦੂਜੇ ਲੇਖਕਾਂ ਨੂੰ ਬੁਰਾ-ਭਲਾ ਆਖਣ ਤੇ ਨਿੰਦਣ ਨਾਲ ਵੱਡਾ ਲੇਖਕ ਬਨਣ ਦੇ ਜਤਨਸ਼ੀਲਾਂ ਵਿਚੋਂ ਦੀ ਹੁੰਦੇ ਹੋਏ ਹਿਨਾ ਰੱਬਾਨੀ ਖਾਰ ਤੇ ਕਟਰੀਨਾ ਕੈਫ਼ ਤੱਕ ਜਾ ਪਹੁੰਚਦੇ ਹਾਂ। ਪਰ ਮੇਰਾ ਸਚੇਤ ਜਤਨ ਹੁੰਦਾ ਹੈ ਕਿ ਇਸ ਗਿਆਨ-ਗੋਸ਼ਟ ਵਿਚ ਕਿਵੇਂ ਵੀ ਇਨਾਮਾਂ ਦੀ ਗੱਲ ਨਾ ਆ ਵੜੇ। ਅਪਣੇ ਲਈ ਇਨਾਮ ਤਾਂ ਕੀ, ਮੈਂ ਕਦੇ ਇਨਾਮਾਂ ਦੀ ਹੀ ਗੱਲ ਨਹੀਂ ਕਰਦਾ ਤਾਂ ਜੋ ਕਿਸੇ ਨੂੰ ਇਹ ਨਾ ਲੱਗੇ ਕਿ ਭੁੱਲਰ ਇਨਾਮਾਂ ਦੀ ਚਰਚਾ ਦੇ ਬਹਾਨੇ ਟੇਢੇ ਢੰਗ ਨਾਲ ਅਪਣੀ ਇੱਛਾ ਪ੍ਰਗਟ ਕਰ ਰਿਹਾ ਹੈ। ਜੇ ਕੋਈ ਵੀ ਮਿੱਤਰ, ਵਿਰੋਧੀ, ਲੇਖਕ, ਅਲੇਖਕ, ਆਲੋਚਕ, ਇਨਾਮ ਦੇਣ ਵਾਲੀ ਕਿਸੇ ਕਮੇਟੀ ਦਾ ਕੋਈ ਮੈਂਬਰ, ਅਜਿਹੇ ਮੈਂਬਰ ਦਾ ਸਾਲਾ, ਭਣੋਈਆ, ਮਾਮਾ, ਫੁੱਫੜ ਇਹ ਕਹਿ ਦੇਵੇ ਕਿ ਭੁੱਲਰ ਨੇ ਕਦੀ ਮੇਰੇ ਕੋਲ ਅਮਕੇ ਇਨਾਮ ਦੀ ਇੱਛਾ ਪ੍ਰਗਟਾਈ ਸੀ, ਮੈਂ ਉਹਨੂੰ ਸਾਹਿਤ ਅਕਾਦਮੀ ਦੇ ਇਨਾਮ ਤੋਂ ਦੁਗੁਣੀ ਰਕਮ ਦਾ ਇਨਾਮ ਦੇਵਾਂਗਾ। ਇਹ ਮੇਰਾ 'ਹੁਣ' ਵਿਚ ਲਿਖਤੀ ਵਾਅਦਾ ਰਿਹਾ!

ਹੁਣ : ਪਿਛਲੇ ਕਾਫ਼ੀ ਸਮੇਂ ਤੋਂ ਇਨਾਮਾਂ ਦੁਆਲੇ, ਖਾਸ ਕਰਕੇ ਸਾਹਿਤ ਅਕਾਦਮੀ ਦੇ ਇਨਾਮ ਦੁਆਲੇ ਗੁੱਟਬੰਦੀ ਤੇ ਅਨੈਤਿਕਤਾ ਦਾ ਤੰਦੂਆ ਜਾਲ ਫ਼ੈਲਿਆ ਹੋਇਆ ਹੈ। ਫੇਰ ਤੁਹਾਨੂੰ ਇਸ ਮਾਫ਼ੀਆ ਰਾਜ ਵਿਚ ਇਨਾਮ ਮਿਲ ਕਿਵੇਂ ਗਿਆ?

ਭੁੱਲਰ: ਤੁਹਾਡੇ ਵਰਤੇ ਸ਼ਬਦ ਤੰਦੂਆ ਜਾਲ ਤੇ ਮਾਫ਼ੀਆ ਰਾਜ ਬਿਲਕੁਲ ਦਰੁਸਤ ਹਨ। ਪਰ ਅੱਜ ਵੀ ਸਾਹਿਤ ਅਕਾਦਮੀ ਦੇ ਇਨਾਮ ਦਿੱਤੇ ਜਾਣ ਦੇ ਢੰਗ ਦਾ ਬਹੁਤੇ ਲੋਕਾਂ ਨੂੰ ਪਤਾ ਨਹੀਂ। ਇਸ ਢੰਗ ਸਦਕਾ ਕਦੇ ਕਦੇ ਵਿਚ ਵਿਚ ਮੇਰੇ ਵਰਗਿਆਂ ਦਾ ਨਾਂ ਵੀ ਬੋਲ ਜਾਂਦਾ ਹੈ। ਇਸੇ ਗੱਲ ਦਾ ਪੁੱਠਾ ਪਾਸਾ, ਹੱਥ-ਵੱਸ ਵਾਲਿਆਂ ਦੇ ਚਹੇਤਿਆਂ ਦਾ ਨਾਂ ਰਹਿ ਵੀ ਜਾਂਦਾ ਹੈ। ਪਹਿਲਾਂ ਬਹੁਤ ਲੰਮਾ ਸਮਾਂ ਸਾਹਿਤ ਅਕਾਦਮੀ ਦੇ ਇਨਾਮਾਂ ਵਿਚ ਕਨਵੀਨਰ ਦੀ ਬਹੁਤ ਚਲਦੀ ਰਹੀ। ਉਸ ਨਾਲ ਜੁੜ ਕੇ ਇਨਾਮ ਦਾ ਫ਼ੈਸਲਾ ਕਰਨ ਵਾਲੇ ਨਾਂਵਾਂ ਦਾ ਵੀ ਪਹਿਲਾਂ ਹੀ ਪਤਾ ਹੁੰਦਾ ਸੀ ਜੋ ਅਕਾਦਮੀ ਦੀ ਕਮੇਟੀ ਦੇ ਹੀ ਮੈਂਬਰਾਂ ਵਿਚੋਂ ਹੁੰਦੇ ਸਨ। ਸੋ ਇਨਾਮ ਦੇ ਭੁੱਖੜ ਲੇਖਕ ਉਹਨਾਂ ਦੇ ਪੈਰ ਜਾ ਫੜਦੇ ਸਨ। ਜਦੋਂ ਅੰਮ੍ਰਿਤਾ ਦੇ ਜ਼ਮਾਨੇ ਵਿਚ, ਕਹਿੰਦੇ ਹਨ ਕਿ ਖਾੜਕੂਆਂ ਦੇ ਧਮਕੀਆਂ-ਭਰੇ ਫ਼ੋਨਾਂ ਕਾਰਨ, ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ ਨੂੰ ਇਨਾਮ ਦਿੱਤਾ ਗਿਆ ਜਿਸ ਵਿਚ ਇੰਦਰਾ ਨੂੰ ਸਪਣੀ ਕਿਹਾ ਗਿਆ ਸੀ, ਯੂਥ ਕਾਂਗਰਸ ਦੇ ਕੁਛ ਲਫ਼ੰਗਿਆਂ ਨੇ ਮੰਗ-ਪੱਤਰ ਦੇਣ ਦੇ ਬਹਾਨੇ ਅਕਾਦਮੀ ਦੇ ਇਕ ਅਧਿਕਾਰੀ ਦਾ ਮੂੰਹ ਕਾਲਾ ਕਰ ਦਿੱਤਾ। ਇਸ ਘਟਨਾ ਦੇ ਨਤੀਜੇ ਵਜੋਂ ਅਕਾਦਮੀ ਵਿਚ ਹੋਏ ਚਿੰਤਨ-ਮੰਥਨ ਕਾਰਨ ਦੋ ਅਹਿਮ ਫ਼ੈਸਲੇ ਲਏ ਗਏ। ਇਕ ਤਾਂ ਕਨਵੀਨਰ ਨੂੰ ਇਨਾਮ ਦੇ ਫ਼ੈਸਲੇ ਦੇ ਪੱਖੋਂ ਬੇਤਾਕਤਾ ਕਰ ਦਿੱਤਾ ਗਿਆ ਤੇ ਉਹਦੀ ਵੋਟ ਤੱਕ ਨਾ ਰਹੀ। ਉਹਦਾ ਕੰਮ ਤਿੰਨਾਂ ਨਿਰਣੇਕਾਰਾਂ ਅੱਗੇ ਇਨਾਮ ਨਾਲ ਸੰਬੰਧਿਤ ਕਾਗ਼ਜ਼-ਪੱਤਰ ਰੱਖ ਕੇ ਚੁੱਪ ਹੋ ਜਾਣਾ ਅਤੇ ਅੰਤ ਵਿਚ ਉਹਨਾਂ ਤੋਂ ਫ਼ੈਸਲੇ ਦੇ ਦਸਖ਼ਤਾਂ ਵਾਲੇ ਕਾਗ਼ਜ਼ ਲੈ ਲੈਣਾ ਰਹਿ ਗਿਆ। ਦੂਜੇ, ਤਿੰਨੇ ਨਿਰਣੇਕਾਰ ਅਕਾਦਮੀ ਦੀ ਆਮ ਜਾਣੀ ਜਾਂਦੀ ਕਮੇਟੀ ਵਿਚੋਂ ਹੋਣ ਦੀ ਥਾਂ ਬਾਹਰੋਂ ਹੋਣੇ ਸਨ ਤੇ ਉਹਨਾਂ ਦੇ ਨਾਂ ਗੁਪਤ ਰੱਖੇ ਜਾਣੇ ਸਨ। ਜਦੋਂ ਇਕ ਸਾਲ, ਪਤਾ ਨਹੀਂ ਕਿਵੇਂ, ਮੇਰਾ ਨਾਂ ਤਿੰਨਾਂ ਵਿਚ ਆ ਗਿਆ ਸੀ, ਮੈਨੂੰ ਬਾਕੀ ਦੋਵਾਂ ਦਾ ਪਤਾ ਕਮਰੇ ਵਿਚ ਜਾ ਕੇ ਹੀ ਲੱਗਿਆ ਸੀ।

ਇਕ ਗੱਲ ਹੋਰ। ਪਹਿਲਾਂ ਚਿੱਠੀਆਂ ਪਾ ਕੇ ਸੰਭਵ ਇਨਾਮੀਆਂ ਦੀ ਜੋ ਸੂਚੀ ਤਿਆਰ ਕੀਤੀ ਤੇ ਮੀਟਿੰਗ ਵਿਚ ਰੱਖੀ ਜਾਂਦੀ ਹੈ, ਉਹਦਾ ਵੀ ਕੋਈ ਖਾਸ ਮਹੱਤਵ ਨਹੀਂ ਹੁੰਦਾ ਕਿਉਂਕਿ ਨਿਰਣੇਕਾਰ ਉਸਤੋਂ ਬਾਹਰਲੇ ਨਾਂ ਵੀ ਵਿਚਾਰ ਸਕਦੇ ਹਨ। ਹੇਰਫੇਰ ਤਾਂ ਪਹਿਲਾਂ ਵੀ ਚਲਦਾ ਸੀ ਪਰ ਜਿਸਨੂੰ ਤੁਸੀਂ ਮਾਫ਼ੀਆ ਰਾਜ ਕਿਹਾ ਹੈ, ਇਹ ਨੂਰ ਜੀ ਦੀ ਹੀ ਦੇਣ ਸੀ। ਜੇ ਉਹ ਪਹਿਲਾਂ ਦੱਸੇ ਗਿਆਂ ਵਿਚੋਂ ਕਿਸੇ ਦੌਰੇ ਉੱਤੇ ਨਾ ਹੁੰਦਾ, ਉਹਦਾ ਬਹੁਤਾ ਸਮਾਂ ਅਕਾਦਮੀਆਂ ਤੇ ਸੰਸਥਾਵਾਂ ਦੇ ਦਫ਼ਤਰਾਂ ਵਿਚ ਹੀ ਬੀਤਦਾ ਸੀ। ਤਿੰਨੇਂ ਗੁਪਤ ਨਾਂ ਤਾਂ ਆਖ਼ਰ ਕਨਵੀਨਰ ਦੀ ਸਲਾਹ ਨਾਲ ਹੀ ਚੁਣੇ ਜਾਂਦੇ ਸਨ। ਫੇਰ ਪ੍ਰਭਾਵਿਤ ਕੀਤੇ ਜਾ ਸਕਣ ਵਾਲੇ ਨਿਰਣੇਕਾਰਾਂ ਨਾਲ ਸੰਪਰਕ ਦੀ ਮੁਹਿੰਮ ਚਲਦੀ ਸੀ। ਕਈ ਬਿਚਾਰੇ-ਬਿਚਾਰੀਆਂ ਲਈ ਤਾਂ ਨਿਰਣੇਕਾਰ ਬਣਾਏ ਜਾਣਾ ਹੀ ਅਪਣੇ ਸਾਹਿਤਕ ਕੱਦ ਦੇ ਮੁਕਾਬਲੇ ਏਡੀ ਵੱਡੀ ਪ੍ਰਾਪਤੀ ਹੁੰਦੀ ਹੈ ਕਿ ਉਹ ਤਾਂ ਆਪ 'ਹੁਕਮ ਆਕਾ' ਪੁਛਦੇ ਹਨ। ਪਰ ਮੈਂ ਫੇਰ ਸਪੱਸ਼ਟ ਕਰ ਦੇਵਾਂ, ਸ਼ਾਹ ਮੁਹੰਮਦਾ ਅੰਤ ਨੂੰ ਉਹੀ ਹੋਣੀ ਜਿਹੜੀ ਕਰੇਗਾ ਤਿੰਨਾਂ ਦਾ ਜੁੱਟ ਮੀਆਂ!

**ਅੰਦਰਲਾ ਸੱਚ**

ਹੁਣ : ਇਕ ਵਾਰ ਹੀ ਸਹੀ, ਤੁਸੀਂ ਅੰਦਰ ਤਾਂ ਗਏ। ਕੀ ਦੇਖਿਆ ਉਥੇ ਜਾ ਕੇ?

ਭੁੱਲਰ: ਇਸ ਇਕ ਵਾਰ ਵਿਚ ਹੀ ਸਭ ਕੁਛ ਸਪੱਸ਼ਟ ਹੋ ਗਿਆ। ਇਹ ਗੱਲ ਭਾਰੀ ਮਨ ਨਾਲ ਮੈਂ ਪਹਿਲਾਂ ਵੀ ਕਿਤੇ ਦੱਸ ਚੁੱਕਿਆ ਹਾਂ। ਦਸਦਿਆਂ ਸੱਚਮੁੱਚ ਦੁੱਖ ਹੁੰਦਾ ਹੈ। ਮੇਰੇ ਨਾਲ ਇਕ ਤਾਂ ਦਿੱਲੀ ਦੇ ਪ੍ਰੋ. ਹਰਮੀਤ ਸਿੰਘ ਸਨ, ਸਾਊ, ਮਿੱਠ-ਬੋਲੜੇ ਤੇ ਘੱਟ-ਬੋਲੜੇ ਸੱਜਨ। ਦੂਜੀ ਜਲੰਧਰ ਤੋਂ ਕੋਈ ਬੀਬੀ ਬਲਜੀਤ ਕੌਰ ਸੀ। ਮੈਂ ਕੋਈ ਵਾਜਬ ਤੇ ਇਨਸਾਫ਼ੀ ਫ਼ੈਸਲਾ ਤਾਂ ਨਾ ਕਰਵਾ ਸਕਿਆ ਪਰ ਇਨਾਮ ਨਾਲ ਸੰਬੰਧਿਤ ਤਾਣਾਬਾਣਾ, ਜਿਸਦੀ ਪਹਿਲਾਂ ਚਰਚਾ ਹੀ ਸੁਣੀ ਸੀ, ਜ਼ਰੂਰ ਅੱਖੀਂ ਦੇਖ ਸਕਿਆ। ਇਕ ਤਾਂ ਅਕਾਦਮੀ ਦੇ ਨੇਮਾਂ ਦੇ ਉਲਟ ਨੂਰ ਜੀ ਨੇ ਸਿੱਧਾ ਦਖ਼ਲ ਦੇ ਕੇ ਫ਼ੈਸਲਾ ਪ੍ਰਭਾਵਿਤ ਕੀਤਾ। ਲਗਦਾ ਸੀ, ਜੇ ਦੋਵਾਂ ਨਾਲ ਨਹੀਂ, ਉਹਦੀ ਇਕ ਨਾਲ ਤਾਂ ਗੱਲ ਹੋ ਹੀ ਚੁੱਕੀ ਸੀ। ਸੂਚੀ ਵਿਚੋਂ ਮੈਂ ਸਭ ਤੋਂ ਵੱਧ ਹੱਕਦਾਰ ਅਜਮੇਰ ਦਾ ਨਾਂ ਲਿਆ ਕਿ ਉਹਨੇ ਇਸ ਨਾਟਕ ਸਮੇਤ ਅਨੇਕ ਨਾਟਕ ਲਿਖ ਕੇ ਪੇਂਡੂ ਭਾਈਚਾਰੇ ਦਾ ਦਰਦ ਬੜੀ ਸ਼ਿੱਦਤ ਨਾਲ ਉਜਾਗਰ ਕੀਤਾ ਹੈ। ਨੂਰ ਨੇ ਵੀ ਅਜਮੇਰ ਦੀ ਵਡਿਆਈ ਸ਼ੁਰੂ ਕਰ ਦਿੱਤੀ। ਮੈਂ ਸੋਚਿਆ, ਬਣ ਗਈ ਗੱਲ। ਅਚਾਨਕ ਉਹਨੇ 'ਪਰ' ਆਖ ਦਿੱਤਾ,"ਪਰ ਉਹਦਾ ਇਹ ਨਾਟਕ ਤਾਂ ਇਕਾਂਗੀ ਤੋਂ ਵੀ ਛੋਟਾ ਹੈ।" ਮੈਂ ਕਿਹਾ, ਨੂਰ ਸਾਹਿਬ, ਪੂਰੀ ਏਡੀ ਵੱਡੀ ਕਿਤਾਬ ਤੁਹਾਡੇ ਸਾਹਮਣੇ ਹੈ! ਉਹ ਕਹਿੰਦਾ, ਮੈਂ ਆਪ ਯੂਨੀਵਰਸਿਟੀ ਵਿਚ ਖਿਡਾਇਆ ਸੀ, ਅੱਧੇ ਘੰਟੇ ਤੋਂ ਵੀ ਪਹਿਲਾਂ ਮੁੱਕ ਗਿਆ। "ਚਲੋ, ਹੋਰ ਕੋਈ ਨਾਂ ਦੇਖ ਲਉ...ਹੋਰ ਕੋਈ ਨਾਂ ਦੇਖ ਲਉ..." ਹੋ ਗਈ। (ਮਗਰੋਂ ਮੈਂ ਅਜਮੇਰ ਤੋਂ ਪੁੱਛਿਆ ਤਾਂ ਉਹ ਕਹਿੰਦਾ, ਅੱਧੇ ਘੰਟੇ ਤੋਂ ਵੱਧ ਸਮਾਂ ਤਾਂ ਇਹਦਾ ਕੋਈ ਇਕ ਭਾਗ ਖੇਡਣ ਨੂੰ ਲੱਗ ਜਾਂਦਾ ਹੈ।) ਮੈਂ ਸੂਚੀ ਵਿਚੋਂ ਹੀ ਦੂਜੀ ਸਭ ਤੋਂ ਵੱਧ ਹੱਕਦਾਰ ਸੁਖਵੰਤ ਦਾ ਨਾਂ ਲਿਆ ਕਿ ਉਹਦੀਆਂ ਕਹਾਣੀਆਂ ਮਨੁੱਖੀ ਮਨ ਜਿੰਨਾ ਹੀ ਬਦਲਦੇ ਸਮਾਜਕ-ਆਰਥਕ ਦ੍ਰਿਸ਼ ਦਾ ਦਰਪਨ ਹਨ। ਇਸ ਵਾਰ ਸੁਖਵੰਤ ਦਾ ਗੁਣਗਾਨ ਬੀਬੀ ਬਲਜੀਤ ਕੌਰ ਨੇ ਸ਼ੁਰੂ ਕੀਤਾ। ਮੈਂ ਮੂਰਖ ਨੇ ਸੋਚਿਆ, ਚਲੋ ਇਹ ਗੱਲ ਤਾਂ ਬਣੀ! ਫੇਰ ਉਹਨੇ ਵੀ ਅਚਾਨਕ 'ਪਰ' ਦੇ ਬਰੇਕ ਲਾ ਦਿੱਤੇ,"ਪਰ ਉਹ ਇਕ ਗ਼ਲਤੀ ਕਰ ਗਈ, ਅਕਾਦਮੀ ਦੇ ਨੇਮਾਂ ਦੇ ਉਲਟ ਉਹਨੇ ਇਸ ਪੁਸਤਕ ਵਿਚ ਅਪਣੀਆਂ ਪਹਿਲਾਂ ਛਪੀਆਂ ਹੋਈਆਂ ਪੁਸਤਕਾਂ ਵਿਚੋਂ ਕਹਾਣੀਆਂ ਪਾ ਦਿੱਤੀਆਂ।" ਮੈਂ ਹੈਰਾਨ ਹੋ ਕੇ ਕਿਹਾ,"ਇਹ ਕਿਵੇਂ ਹੋ ਸਕਦਾ ਹੈ? ਇਉਂ ਤਾਂ ਉਹ ਲੇਖਕ ਕਰਦਾ ਹੈ ਜਿਸਨੂੰ ਕਿਸੇ ਕਾਰਨ ਪੁਸਤਕ ਛਪਵਾਉਣ ਦੀ ਕਾਹਲ ਹੋਵੇ ਪਰ ਉਸ ਕੋਲ ਪੁਸਤਕ ਜੋਗੀਆਂ ਕਹਾਣੀਆਂ ਹੋਣ ਨਾ। ਉਹਦੇ ਕੋਲ ਤਾਂ ਅਣਛਪੇ ਖਰੜੇ ਪਏ ਰਹਿੰਦੇ ਨੇ।" ਉਹ ਬੋਲੀ,"ਇਹ ਤਾਂ ਉਹ ਜਾਣੇ ਕਿ ਕਿਉਂ ਪਾਈਆਂ ਪਰ ਪਾ ਦਿੱਤੀਆਂ।" ਮੇਰੇ ਫੇਰ ਹੈਰਾਨ ਹੋਇਆਂ ਨੂਰ ਨੇ ਪੁਸ਼ਟੀ ਕੀਤੀ,"ਬਲਜੀਤ ਠੀਕ ਕਹਿੰਦੀ ਹੈ।" ਫੇਰ "ਚਲੋ, ਹੋਰ ਕੋਈ ਨਾਂ ਦੇਖ ਲਉ...ਹੋਰ ਕੋਈ ਨਾਂ ਦੇਖ ਲਉ..." ਹੋ ਗਈ। (ਮਗਰੋਂ ਮੈਂ ਸੁਖਵੰਤ ਤੋਂ ਪੁੱਛਿਆ ਤਾਂ ਉਹ ਕਹਿੰਦੀ, ਇਸ ਪੁਸਤਕ ਵਿਚ ਕੋਈ ਪਹਿਲਾਂ ਛਪੀ ਹੋਈ ਕਹਾਣੀ ਨਹੀਂ।) ਹੁਣ ਨੂਰ ਜੀ ਬੋਲੇ, ਹਲਵਾਰਵੀ ਦੇਖ ਲਉ। ਦੂਜੇ ਦੋਵੇਂ ਝੱਟ ਸਹਿਮਤ ਹੋ ਗਏ। ਤਦ ਮੈਨੂੰ ਨੂਰ ਜੀ ਦੀ 'ਵਿਗਿਆਨਕ ਤਕਨੀਕ' ਦੀ ਸਮਝ ਆਈ। ਓਪਰੇ ਬੰਦੇ ਦੇ ਸੁਝਾਅ ਦੀ ਦੱਬ ਕੇ ਹਮਾਇਤ ਕਰਨ ਪਿਛੋਂ 'ਪਰ' ਲਾਉ ਅਤੇ ਅਪਣਾ ਮਿਥਿਆ ਨਾਂ ਪਹਿਲਾਂ ਨਹੀਂ, ਹੋਰਾਂ ਦੇ ਸੁਝਾਅ ਰੱਦ ਹੋਣ ਮਗਰੋਂ ਹੀ ਅੱਗੇ ਕਰੋ। ਮੈਂ ਕਸੂਤੀ ਹਾਲਤ ਵਿਚ ਫਸ ਗਿਆ। ਇਕ ਪੱਸੇ ਮੈਂ ਹਲਵਾਰਵੀ ਨੂੰ, ਪੁਰਾਣਾ ਮਿੱਤਰ ਹੋਣ ਦੇ ਬਾਵਜੂਦ ਅਜਮੇਰ ਤੇ ਸੁਖਵੰਤ ਦੇ ਟਾਕਰੇ ਕਿਵੇਂ ਵੀ ਚੰਗੇਰਾ ਲੇਖਕ ਨਹੀਂ ਸੀ ਮੰਨਦਾ। ਦੂਜੇ ਪੱਸੇ ਵੰਡੀਆਂ ਵੋਟਾਂ ਨਾਲ ਹੋਇਆ ਫ਼ੈਸਲਾ ਦੂਜੀਆਂ ਭਾਸ਼ਾਵਾਂ ਵਾਲਿਆਂ ਵਿਚ ਤੇ ਅਖ਼ਬਾਰਾਂ ਵਿਚ ਚਰਚਾ ਦਾ ਵਿਸ਼ਾ ਬਣਨਾ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਬਿੰਬ ਲਈ ਠੀਕ ਨਹੀਂ ਸੀ ਹੋਣਾ। ਮੈਂ ਹਾਮੀ ਭਰ ਦਿੱਤੀ। ਸੋਚਿਆ, ਚਲੋ, ਪਹਿਲਾਂ ਦੇ ਕਈ ਇਨਾਮ-ਜੇਤੂਆਂ ਨਾਲੋਂ ਤਾਂ ਹਲਵਾਰਵੀ ਚੰਗਾ ਹੀ ਹੈ। ਹਾਂ, ਅਜਮੇਰ ਨੂੰ ਤਾਂ ਛੇਤੀ ਹੀ ਮਗਰੋਂ ਇਨਾਮ ਮਿਲ ਗਿਆ ਪਰ ਦੁੱਖ ਦੀ ਗੱਲ ਹੈ ਕਿ ਨਿਰੋਲ ਝੂਠ ਦੇ ਆਧਾਰ ਉੱਤੇ ਪੰਜਾਬੀ ਦੀ ਇਕ ਬੜੀ ਜਾਨਦਾਰ ਤੇ ਇਨਾਮ ਦੀ ਪੂਰੀ ਤਰ੍ਹਾਂ ਹੱਕਦਾਰ ਕਹਾਣੀਕਾਰ ਸੁਖਵੰਤ ਨਾਲ ਕਬੀਰ ਜੀ ਦੇ ਦੋਹੇ "ਦੂਰ ਪੜੇਂਗੇ ਜਾਇ" ਵਾਲੀ ਹੋਈ।

ਕਈ ਵਾਰ ਕਮਾਲ ਦਾ ਸਬੱਬ ਬਣ ਜਾਂਦਾ ਹੈ। ਜੇ ਇਸ ਤਾਣੇਬਾਣੇ ਦੀ ਕਿਸੇ ਪੁਸ਼ਟੀ ਦੀ ਲੋੜ ਸੀ, ਉਹ ਵੀ ਉਥੇ ਹੀ ਹੋ ਗਈ। ਮੈਂ ਓਦੋਂ ਸਾਹਿਤ ਅਕਾਦਮੀ ਦੇ ਇਕ ਅਧਿਕਾਰੀ ਨੂੰ ਜਾਣਦਾ ਸੀ। ਮੀਟਿੰਗ ਤੋਂ ਬਾਹਰ ਆਇਆ ਤਾਂ ਰਾਹ ਵਿਚ ਉਸੇ ਬਰਾਂਡੇ ਵਿਚ ਉਹਦੇ ਨਾਂ ਦੀ ਫੱਟੀ ਦੇਖ ਕੇ ਮਿਲਣ ਚਲਿਆ ਗਿਆ। ਉਹ ਖੜ੍ਹਾ ਹੋ ਕੇ ਮਿਲਾਉਣ ਲਈ ਹੱਥ ਵਧਾਉਂਦਿਆਂ ਮੁਸਕਰਾਇਆ,"ਖ਼ਤਮ ਹੋ ਗਈ ਮੀਟਿੰਗ? ਹੋ ਗਿਆ ਹਲਵਾਰਵੀ ਦਾ ਫ਼ੈਸਲਾ?" ਮੈਥੋਂ 'ਹਾਂ' ਸੁਣ ਕੇ ਉਹ ਬੋਲਿਆ,"ਚਲੋ ਹੁਣ ਉਹ ਕਮੇਟੀ ਵਿਚ ਵੀ ਆ ਜਾਊ ਤੇ ਫੇਰ ਜੇ ਸਭ ਕੁਛ ਠੀਕ ਰਿਹਾ, ਐਗਜ਼ੈਕਟਿਵ ਦਾ ਮੈਂਬਰ ਵੀ ਬਣ ਜਾਊ।" ਮਗਰੋਂ ਮੈਨੂੰ ਕਿਸੇ ਭੇਤੀ ਤੋਂ ਪਤਾ ਲੱਗਿਆ ਕਿ ਇਸ ਪਿੱਛੋਂ ਹਲਵਾਰਵੀ ਨੇ ਕੀ ਕਰਨਾ ਸੀ ਤੇ ਫੇਰ ਅੱਗੇ ਕੀ ਹੋਣਾ ਸੀ। ਪਰ ਇਕ ਹੋਰ ਲੇਖਕ ਵੱਲੋਂ ਮੈਂਬਰੀ ਲਈ ਅਪਣਾ ਦਾਅਵਾ ਠੋਕੇ ਜਾਣ ਕਾਰਨ ਹਲਵਾਰਵੀ ਤੇ ਉਹ, ਦੋਵੇਂ ਰਹਿ ਗਏ ਤੇ 'ਕੰਪਰੋਮਾਈਜ਼ ਕੈਂਡੀਡੇਟ' ਵਜੋਂ ਕਰਨਜੀਤ ਸਿੰਘ ਦਾ ਦਾਅ ਹੀ ਲੱਗ ਗਿਆ! ਵਿਉਂਤ ਦੀ ਸਾਰੀ ਅੰਗਲੀ-ਸੰਗਲੀ ਦਾ ਵਿਸਤਾਰ ਕਦੀ ਫੇਰ ਸਹੀ, ਹੁਣ ਗੱਲ ਵਧੇਰੇ ਲੰਮੀ ਹੋ ਜਾਵੇਗੀ।

ਹੁਣ : ਤੁਹਾਡਾ ਭਾਵ ਹੈ, ਜੇ ਤਿੰਨਾਂ ਵਿਚ ਦਮ ਹੋਵੇ, ਦਖ਼ਲ ਬੇਅਸਰ ਹੋ ਸਕਦਾ ਹੈ?

ਭੁੱਲਰ: ਹੋ ਸਕਦਾ ਹੈ ਨਹੀਂ, ਹੁੰਦਾ ਰਿਹਾ ਹੈ। ਮੇਰੀ ਮਿਸਾਲ ਸਾਹਮਣੇ ਹੈ। ਮੈਂ ਕਿਹਾ ਹੈ ਨਾ, ਸ਼ਾਹ ਮੁਹੰਮਦਾ ਅੰਤ ਨੂੰ ਉਹੀ ਹੋਣੀ, ਜਿਹੜੀ ਕਰੇਗਾ ਤਿੰਨਾਂ ਦਾ ਜੁੱਟ ਮੀਆਂ। ਤਿੰਨ ਤਾਂ ਕੀ, ਜੇ ਦੋ ਨਿਰਣੇਕਾਰ ਵੀ ਸਥਾਪਤੀ ਦੀ ਇੱਛਾ ਦੇ ਉਲਟ ਡਟ ਜਾਣ, ਪੁੱਗੇਗੀ ਉਹਨਾਂ ਦੀ ਹੀ। 1994 ਵਿਚ ਅਣਖੀ ਆਇਆ। ਰਾਤ ਨੂੰ ਸੂਚੀ ਕੱਢ ਕੇ ਕਹਿੰਦਾ, ਯਾਰ, ਕੀਹਦਾ ਨਾਂ ਅੱਗੇ ਕਰੀਏ? ਸੂਚੀ ਦੇਖ ਕੇ ਮੈਂ ਕਿਹਾ,"ਅਣਖੀ, ਸਭ ਤੋਂ ਵੱਧ ਹੱਕਦਾਰ ਸਰਨਾ ਹੈ। ਨਾ ਉਹਨੇ ਕਦੇ ਇਨਾਮ ਮੰਗਣਾ ਹੈ ਤੇ ਨਾ ਉਹਨੂੰ ਕਿਸੇ ਨੇ ਦੇਣਾ ਹੈ। ਖੱਟ ਲੈ ਪੁੰਨ, ਜੇ ਖੱਟੀਂਦਾ ਹੈ!" ਅਣਖੀ ਖ਼ੁਸ਼ ਹੋ ਗਿਆ,"ਬਈ ਇਹੋ ਮੈਂ ਸੋਚਦਾਂ। ਕਿੰਨਾ ਵਧੀਆ ਲਿਖਦਾ ਹੈ ਯਾਰ ਉਹ!...ਜੇ ਬਾਕੀ ਦੋਵੇਂ ਨਾ ਵੀ ਮੰਨੇ, ਕਿਸੇ ਇਕ ਨੂੰ ਮੰਨਾਉਣ ਲਈ ਪੂਰੀ ਵਾਹ ਲਾ ਦੇਊਂ।" ਬਾਕੀ ਦੋਵਾਂ ਦਾ ਅਜੇ ਉਹਨੂੰ ਪਤਾ ਨਹੀਂ ਸੀ। ਮੀਟਿੰਗ ਮਗਰੋਂ ਉਹਦਾ ਬਾਗੋਬਾਗ ਫ਼ੋਨ ਆਇਆ,"ਹੋ ਗਿਆ ਬਈ ਕੰਮ, ਦੱਸ ਦੇ ਉਹਨੂੰ!" ਮੈਂ ਫ਼ੋਨ ਕੀਤਾ ਤਾਂ ਸਰਨਾ ਜੀ ਨੇ ਠਰ੍ਹੰਮੇ ਨਾਲ ਮੇਰਾ ਮੈਂਬਰ ਹੋਣਾ ਪੁੱਛਿਆ ਤੇ ਮੈਥੋਂ 'ਨਹੀਂ' ਸੁਣ ਕੇ ਬੋਲੇ,"ਭੁੱਲਰ ਜੀ, ਮੈਂ ਤੁਹਾਡੀਆਂ ਵਧਾਈਆਂ ਤਾਂ ਇਕ ਮਿੱਤਰ ਦੀਆਂ ਸ਼ੁਭ-ਇੱਛਾਵਾਂ ਸਮਝ ਕੇ ਪਰਵਾਨ ਕਰ ਲੈਂਦਾ ਹਾਂ ਪਰ ਇਨਾਮ ਦੀ ਖ਼ਬਰ ਤੁਸੀਂ ਐਵੇਂ ਕਿਤੋਂ ਝੂਠੀ ਉੱਡੀ ਹੋਈ ਸੁਣ ਲਈ। ਮੈਨੂੰ ਕੌਣ ਦੇਵੇਗਾ ਇਨਾਮ!" ਮੈਂ ਅਣਖੀ ਦੇ ਮੈਂਬਰ ਹੋਣ ਤੇ ਮੀਟਿੰਗ ਤੋਂ ਮਗਰੋਂ ਆਏ ਉਹਦੇ ਫ਼ੋਨ ਬਾਰੇ ਦੱਸਿਆ ਤਾਂ ਉਹਨਾਂ ਨੂੰ ਕੁਛ ਕੁਛ ਸੱਚ ਆਇਆ। ਦੇਖੋ, ਇਹ ਹੈ ਸਾਡੇ ਇਨਾਮਾਂ ਦਾ ਹਾਲ। ਯਾਰੋ, ਸਰਨੇ ਵਰਗਾ ਵੱਡਾ ਲੇਖਕ ਸੋਚੇ ਕਿ ਉਹਨੂੰ ਇਨਾਮ ਕੀਹਨੇ ਦੇਣਾ ਹੈ! ਹੋਰ ਸੁਣੋ। ਆਮ ਕਰਕੇ ਅਪਣੇ ਮਿਥੇ ਨਾਂ ਉੱਤੇ ਤਿੰਨਾਂ ਨੂੰ ਨਹੀਂ ਤਾਂ ਦੋ ਨੂੰ ਸਹਿਮਤ ਕਰਵਾ ਲੈਣ ਵਾਲੇ ਨੂਰ ਜੀ ਇਕ ਨਾਂ ਲਈ ਦਸ-ਬਾਰਾਂ ਸਾਲ ਇਕ ਤੋਂ ਵੱਧ ਵੋਟ ਨਾ ਜੁਟਾ ਸਕੇ। ਜਵਾਬ ਮਿਲਦਾ, ਨਹੀਂ ਯਾਰ, ਹੋਰ ਜੋ ਮਰਜ਼ੀ ਨਾਂ ਦੱਸ ਦੇ!...ਸੁਣਿਆ ਹੈ, ਨੂਰ ਜੀ ਨੇ ਕਿਸੇ ਨਾਲ ਕਿਸੇ ਪੰਜ ਲੱਖੀ ਇਨਾਮ ਦਾ ਇਕਰਾਰ ਕੀਤਾ ਸੀ। ਉਹਦੇ ਜਾਣ ਦਾ ਸਭ ਤੋਂ ਵੱਧ ਨੁਕਸਾਨ ਤਾਂ ਉਸ ਬਿਚਾਰੇ ਸ਼ਰੀਫ਼ ਆਦਮੀ ਨੂੰ ਹੋਇਆ!

ਬਾਕੀ ਸਫ਼ਾ 31 'ਤੇ

ਹੁਣ : ਤੁਹਾਡੇ ਇਨਾਮ ਦੀ ਗੱਲ ਤਾਂ ਵਿਚੇ ਹੀ ਰਹਿ ਗਈ?

ਭੁੱਲਰ: ਪਹਿਲਾਂ ਤਾਂ ਮੈਂ ਪੂਰੀ ਈਮਾਨਦਾਰੀ ਨਾਲ ਇਹ ਦੱਸ ਦੇਵਾਂ ਕਿ ਇਹ ਇਨਾਮ ਮੇਰੇ ਸੋਚ-ਘੇਰੇ ਤੋਂ ਉੱਕਾ ਹੀ ਬਾਹਰ ਸੀ ਕਿਉਂਕਿ ਮੈਨੂੰ ਯਕੀਨ ਸੀ ਕਿ ਬਣੇ ਹੋਏ ਮਾਹੌਲ ਵਿਚ ਇਹਦੇ ਮੈਨੂੰ ਮਿਲਣ ਦਾ ਸਵਾਲ ਹੀ ਨਹੀਂ। ਮੈਨੂੰ ਮੀਟਿੰਗ ਦੀਆਂ ਤਾਰੀਖ਼ਾਂ ਤਾਂ ਕੀ, ਮਹੀਨਾ ਵੀ ਪਤਾ ਨਹੀਂ ਹੁੰਦਾ। ਜਨਤਕ ਪ੍ਰੈੱਸ ਵਾਲੇ ਚੰਨ ਜੀ ਦਾ ਫ਼ੋਨ ਆਇਆ,"ਵਧਾਈਆਂ, ਭੁੱਲਰ ਜੀ!" ਮੈਂ ਪੁੱਛਿਆ, "ਕਾਹਦੀਆਂ?" ਉਹ ਬੋਲਿਆ,"ਤੁਹਾਨੂੰ ਨਹੀਂ ਪਤਾ, ਅੱਜ ਮੀਟਿੰਗ ਸੀ? ਤੁਹਾਨੂੰ ਸਾਹਿਤ ਅਕਾਦਮੀ ਪੁਰਸਕਾਰ ਦਾ ਫ਼ੈਸਲਾ ਹੋ ਗਿਆ।" ਮੈਂ ਬੌਂਦਲ ਜਿਹਾ ਗਿਆ ਤੇ ਫ਼ੋਨ ਰੱਖ ਦਿੱਤਾ। ਇਕ ਪਾਸੇ ਤਾਂ ਇਹ ਹੋ ਹੀ ਨਹੀਂ ਸੀ ਸਕਦਾ ਕਿ ਮੈਨੂੰ ਇਨਾਮ ਮਿਲ ਜਾਵੇ, ਦੂਜੇ ਪਾਸੇ ਚੰਨ, ਮੇਰੇ ਨਾਲ ਉਹਦੇ ਰਿਸ਼ਤੇ ਵੱਲ ਦੇਖਦਿਆਂ, ਅਜਿਹੀ ਟਿੱਚਰ ਨਹੀਂ ਸੀ ਕਰ ਸਕਦਾ। ਤੇ ਉਹਨੂੰ ਜਾਣਕਾਰੀ ਵੀ ਪੂਰੀ ਪੱਕੀ ਹੁੰਦੀ ਹੈ। ਮੈਂ ਕਮਰੇ ਵਿਚ ਇੱਕਲਾ ਸੀ ਤੇ ਕਿੰਨਾ ਹੀ ਚਿਰ ਇੱਕਲਾ ਬੈਠਾ ਰਿਹਾ। ਫੇਰ ਮੈਂ ਆਪ ਫ਼ੋਨ ਕੀਤਾ,"ਚੰਨ ਜੀ, ਤੁਸੀਂ ਮੈਨੂੰ ਮਖ਼ੌਲ ਕਰ ਤਾਂ ਨਹੀਂ ਸਕਦੇ ਪਰ ਕਿਤੇ ਅੱਜ ਮਖ਼ੌਲ ਕਰ ਤਾਂ ਨਹੀਂ ਦਿੱਤਾ?" ਉਹ ਪੂਰੀ ਗੰਭੀਰਤਾ ਨਾਲ ਬੋਲਿਆ,"ਭੁੱਲਰ ਜੀ, ਇਹ ਹੋ ਸਕਦਾ ਹੈ ਕਿ ਮੈਂ ਤੁਹਾਨੂੰ ਮਖ਼ੌਲ ਕਰਾਂ?" ਫੇਰ ਹੀ ਮੈਂ ਦੂਜੇ ਕਮਰੇ ਵਿਚ ਕੋਈ ਕੰਮ ਕਰ ਰਹੀ ਗੁਰਚਰਨ ਨੂੰ ਬੁਲਾ ਕੇ ਇਹ ਖ਼ਬਰ ਦੱਸੀ। ਮਗਰੋਂ ਵੇਰਵੇ ਦਾ ਪਤਾ ਲੱਗਿਆ। ਨਿਰਣੇਕਾਰ ਬੀਬੀ ਦਲੀਪ ਕੌਰ ਟਿਵਾਣਾ, ਡਾ. ਜਗਬੀਰ ਸਿੰਘ ਤੇ ਡਾ. ਦੇਵਿੰਦਰ ਸਿੰਘ ਜੰਮੂ ਸਨ। ਬੀਬੀ ਨੇ ਮੇਰਾ ਨਾਂ ਲਿਆ ਤੇ ਦੂਜੇ ਦੋਵਾਂ ਸੱਜਣਾਂ ਨੇ ਅਪਣੇ ਸੋਚੇ ਹੋਏ ਨਾਂ ਦੱਸੇ। ਵਿਚਾਰ-ਵਟਾਂਦਰੇ ਵਿਚ ਬੀਬੀ ਨੇ ਇਕੋ ਗੱਲ ਉੱਤੇ ਜ਼ੋਰ ਦਿੱਤਾ, ਮੈਰਿਟ ਉੱਤੇ! ਕਹਿਣ ਲੱਗੇ, ਇਹ ਦੇਖੋ, ਇਹਨਾਂ ਵਿਚੋਂ ਮੈਰਿਟ ਕੀਹਦਾ ਬਣਦਾ ਹੈ। ਦੋਵੇਂ ਸੱਜਣ ਸਹਿਮਤ ਹੋ ਗਏ। ਫ਼ੈਸਲੇ ਵਿਚ ਦੋ ਗੱਲਾਂ ਨਿਰਣਈ ਰਹੀਆਂ। ਇਕ ਤਾਂ ਬੀਬੀ ਦਾ ਸਾਹਿਤਕ-ਅਕਾਦਮਿਕ ਕੱਦ ਏਨਾਂ ਹੈ ਕਿ ਮੇਰੇ ਵੇਲੇ ਦਾ ਕਨਵੀਨਰ ਕਰਨਜੀਤ ਸਿੰਘ ਤਾਂ ਕੀ, ਜੇ ਨੂਰ ਵੀ ਹੁੰਦਾ, ਉਹਦੇ ਲਈ ਵੀ ਉਹਨਾਂ ਸਾਹਮਣੇ ਕੂਣਾ ਸੰਭਵ ਨਹੀਂ ਸੀ ਹੋਣਾ। ਦੂਜਾ, ਉਹਨਾਂ ਨੇ ਮੈਰਿਟ ਉੱਤੇ ਜ਼ੋਰ ਦਿੱਤਾ ਤੇ ਬਾਕੀ ਸੱਜਣ ਸਹਿਮਤ ਹੋਏ। ਜੇ ਨਿਰਣੇਕਾਰ ਮੈਰਿਟ ਨੂੰ ਆਧਾਰ ਬਣਾਇਆ ਕਰਨ, ਇਨਾਮਾਂ ਦੁਆਲਿਉਂ ਬਹੁਤ ਸਾਰੀ ਧੁੰਦ ਹਟ ਜਾਵੇ ਤੇ ਸਾਹਿਤ ਦਾ ਬੜਾ ਭਲਾ ਹੋਵੇ। ਇਨਾਮ ਮੰਗਣ ਨੂੰ ਲਿਖਣ ਨਾਲੋਂ ਵੱਡਾ ਰੁਝੇਵਾਂ ਬਣਾਉਣ ਵਾਲੇ ਲੇਖਕ ਬੇਦਿਲ ਹੋ ਕੇ ਸਾਹਿਤਕ ਖੇਤਰ ਵਿਚ ਗੰਦ ਪਾਉਣੋਂ ਕੁਛ ਤਾਂ ਹਟਣ!

ਹੁਣ : ਇਹਨਾਂ ਤਿੰਨਾਂ ਨਾਲ ਉਸ ਸਮੇਂ ਤੁਹਾਡੇ ਰਿਸ਼ਤੇ ਕਿਹੋ ਜਿਹੇ ਸਨ?

ਭੁੱਲਰ: ਰਿਸ਼ਤੇ ਸੁਣ ਕੇ ਸ਼ਾਇਦ ਤੁਸੀਂ ਥੋੜ੍ਹੇ ਹੈਰਾਨ ਹੋ ਜਾਉਗੇ। ਬੀਬੀ ਦਾ ਮੈਂ ਓਵੇਂ ਆਦਰ ਕਰਦਾ ਹਾਂ ਜਿਵੇਂ ਅਪਣੇ ਤੋਂ ਵੱਡੇ ਲੇਖਕਾਂ ਦਾ ਆਦਰ ਕਰਨ ਦਾ ਮੇਰਾ ਮੱਤ ਤੇ ਸੁਭਾਅ ਹੈ। ਜਾਣਦੇ ਬਹੁਤਾ ਅਸੀਂ ਇਕ ਦੂਜੇ ਦੀਆਂ ਲਿਖਤਾਂ ਤੋਂ ਹੀ ਹਾਂ। ਦੋਵਾਂ ਦੇ ਏਨੇਂ ਲੰਮੇ ਸਾਹਿਤਕ ਜੀਵਨ ਵਿਚ ਮਿਲੇ ਅਸੀਂ ਮਸਾਂ ਪੰਜ-ਸੱਤ ਵਾਰ ਹੋਵਾਂਗੇ, ਉਹ ਵੀ ਮੀਟਿੰਗਾਂ ਤੇ ਸਮਾਗਮਾਂ ਵਿਚ ਜਿਥੇ ਦੁਆ-ਸਲਾਮ ਤੇ ਸੁੱਖਸਾਂਦ ਤੋਂ ਲੰਮੀ ਗੱਲ ਹੋਣੀ ਸੰਭਵ ਨਹੀਂ ਹੁੰਦੀ। ਡਾ. ਜਗਬੀਰ ਸਿੰਘ ਨਾਲ ਵੀ ਮੁਲਾਕਾਤਾਂ ਕਦੀ-ਕਦਾਈਂ ਸਾਹਿਤਕ ਇਕੱਠਾਂ ਵਿਚ ਹੀ ਹੁੰਦੀਆਂ ਰਹੀਆਂ ਹਨ। ਡਾ. ਦੇਵਿੰਦਰ ਸਿੰਘ ਨਾਲ ਤਾਂ ਮੇਰੀ ਮੁਲਾਕਾਤ ਸ਼ਾਇਦ ਕਦੀ ਕਿਸੇ ਇਕੱਠ ਵਿਚ ਵੀ ਨਹੀਂ ਹੋਈ। ਜਿਸ ਮਾਹੌਲ ਵਿਚ ਤੇ ਜਿਸ ਸਹਿਮਤੀ ਨਾਲ ਉਹਨਾਂ ਨੇ ਮੇਰੇ ਪੱਖ ਵਿਚ ਫ਼ੈਸਲਾ ਲਿਆ, ਉਹਦੇ ਲਈ ਮੇਰਾ ਧੰਨਵਾਦੀ ਹੋਣਾ ਹੀ ਬਣਦਾ ਹੈ। ਉਹਨਾਂ ਨੇ ਇਸ ਇਨਾਮ ਦੁਆਲੇ ਬੁਣੇ ਹੋਏ ਮਕੜੀ-ਜਾਲ ਨੂੰ ਤੋੜਿਆ। ਪਰ ਇਸਤੋਂ ਵੀ ਵੱਡੀ ਮਹੱਤਤਾ ਵਾਲਾ ਉਹ ਸੁਨੇਹਾ ਹੈ ਜੋ ਉਹਨਾਂ ਨੇ ਦਿੱਤਾ ਹੈ। ਨਿਰਣੇਕਾਰਾਂ ਨੂੰ ਪੇਸ਼ਾਵਰ ਇਨਾਮਬਾਜ਼ਾਂ ਦਾ ਦਬਾਅ ਪੂੰਝ ਕੇ ਸੁਟਦਿਆਂ ਅਪਣਾ ਗੌਰਵ ਪਛਾਨਣਾ ਤੇ ਸਵੈਮਾਣ ਕਾਇਮ ਰੱਖਣਾ ਚਾਹੀਦਾ ਹੈ। ਉਹਨਾਂ ਨੂੰ ਚਾਪਲੂਸੀ, ਗਉਂ-ਗਰਜ਼ ਤੇ ਵਾਰੀ-ਵੱਟੇ ਜਿਹੀਆਂ ਸੋਚਾਂ ਅਧੀਨ ਇਨਾਮੀ ਹੇਰਾਫੇਰੀਆਂ ਕਰਨ-ਕਰਾਉਣ ਵਾਲਿਆਂ ਦੇ ਮੋਹਰੇ ਨਹੀਂ ਬਨਣਾ ਚਾਹੀਦਾ।

ਹੁਣ : ਸੱਚ ਦੱਸਣਾ, ਮਗਰੋਂ ਤੁਹਾਨੂੰ ਇਨਾਮ ਦੁਆਏ ਹੋਣ ਦਾ ਅਹਿਸਾਨ ਜਤਾਉਂਦਾ ਕੋਈ ਫ਼ੋਨ ਆਇਆ ਕਿ ਨਹੀਂ?

ਭੁੱਲਰ: ਨਹੀਂ, ਮੈਨੂੰ ਅਜਿਹਾ ਕੋਈ ਫ਼ੋਨ ਨਹੀਂ ਆਇਆ। ਨੂਰ ਦੀ ਆਦਤ ਸੀ, ਜਦੋਂ ਵੋਟਾਂ ਗੰਢੀਆਂ ਜਾਂਦੀਆਂ, ਉਹ ਮੀਟਿੰਗ ਤੋਂ ਪਹਿਲਾਂ ਹੀ ਅਗਲੇ ਨੂੰ ਕਹਿਣ ਲਗਦਾ, ਬਈ ਇਸ ਵਾਰ ਤੈਨੂੰ ਦਿਵਾ ਰਹੇ ਹਾਂ ਇਨਾਮ। ਮੀਟਿੰਗ ਪਿੱਛੋਂ ਉਹ ਸਭ ਨੂੰ ਆਖਦਾ ਕਿ ਅਕਾਦਮੀ ਦੇ ਐਲਾਨ ਤੋਂ ਪਹਿਲਾਂ ਫ਼ੈਸਲਾ ਬਾਹਰ ਨਹੀਂ ਜਾਣਾ ਚਾਹੀਦਾ ਪਰ ਆਪ ਪਾਸੇ ਹੋ ਕੇ ਫ਼ੋਨ ਕਰਦਾ, ਹੋ ਗਿਆ ਬਈ ਤੇਰਾ ਫ਼ੈਸਲਾ। ਇਕ ਵਾਰ ਤਾਂ ਉਹਨੇ ਇਕ ਪਰਵਾਸੀ ਲੇਖਕ ਨੂੰ, ਜੋ ਉਹਨੀਂ ਦਿਨੀਂ ਭਾਰਤ ਆ ਰਿਹਾ ਸੀ, ਆਖਿਆ ਸੀ ਕਿ ਉਹ ਇਨਾਮ-ਭੇਟ ਸਮਾਗਮ ਤੱਕ ਛੁੱਟੀ ਲੈ ਕੇ ਆਵੇ ਕਿਉਂਕਿ ਇਨਾਮ ਤਾਂ ਇਸ ਵਾਰ ਉਹਦਾ ਪੱਕਾ ਹੀ ਹੈ! ਮੈਨੂੰ ਕਈ ਵੱਡੇ ਇਨਾਮ ਮਿਲੇ ਹਨ। ਕੋਈ ਸੱਜਣ ਨਾਂ ਪੇਸ਼ ਕਰਦਾ ਹੋਵੇਗਾ ਤੇ ਕੋਈ ਤਾਈਦ ਕਰਦੇ ਹੋਣਗੇ। ਅੱਜ ਤੱਕ ਕਿਸੇ ਇਕ ਨੇ ਵੀ ਨਹੀਂ ਕਿਹਾ, ਲੈ ਬਈ ਤੈਨੂੰ ਇਨਾਮ ਦੁਆ ਦਿੱਤਾ। ਸਾਹਿਤ ਅਕਾਦਮੀ ਤੋਂ ਬਿਨਾਂ ਮੈਨੂੰ ਅਪਣੇ ਕਿਸੇ ਵੀ ਇਨਾਮ ਬਾਰੇ ਪਤਾ ਨਹੀਂ ਕਿ ਉਹ ਕਿਨ੍ਹਾਂ ਸੱਜਣਾਂ ਸਦਕਾ ਮਿਲਿਆ। ਸਗੋਂ ਮੈਂ ਕੁਛ ਇਨਾਮਾਂ ਬਾਰੇ ਤਾਂ ਜਾਨਣਾ ਵੀ ਚਾਹੁੰਦਾ ਸੀ। ਹਰ ਵਾਰ ਮੇਰੀ ਇਹੋ ਹੈਰਾਨੀ ਬਣੀ ਰਹੀ ਹੈ,"ਐਡਾ ਮੇਰਾ ਕੌਣ ਦਰਦੀ, ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੀ!" ਹਾਂ, ਇਕ ਵਾਰ ਬੜੀ ਦਿਲਚਸਪ ਗੱਲ ਹੋਈ। ਮੈਨੂੰ ਕੁਲਵੰਤ ਸਿੰਘ ਵਿਰਕ ਇਨਾਮ ਮਿਲਣ ਤੋਂ ਕੁਛ ਹਫ਼ਤੇ ਮਗਰੋਂ ਇਕ ਸਾਹਿਤਕ ਸਮਾਗਮ ਵਿਚ ਵਿਹਲੇ ਵੇਲੇ ਮੈਂ ਟੀ. ਆਰ. ਵਿਨੋਦ ਨੂੰ ਕਿਸੇ ਨਾਲ ਗੱਲੀਂ ਲੱਗਿਆ ਦੇਖ ਕੇ ਕੋਲੋਂ ਦੀ ਲੰਘ ਚੱਲਿਆ। ਵਿਨੋਦ ਬੋਲਿਆ, ਓਇ ਭਾਈ ਭੁੱਲਰ, ਕੱਲ੍ਹ ਤੈਨੂੰ ਇਨਾਮ ਦੁਆਇਐ, ਬਿਨਾਂ ਬੋਲੇ ਕੋਲ ਦੀ ਤੁਰਿਆ ਜਾਨੈਂ! ਮੈਂ ਹੱਸ ਕੇ ਕੋਲ ਚਲਿਆ ਗਿਆ। ਮਗਰੋਂ ਮੈਂ ਉਸ ਇਨਾਮ ਨਾਲ ਸੰਬੰਧਿਤ ਇਕ ਮਿੱਤਰ ਤੋਂ ਪਤਾ ਕੀਤਾ। ਵਿਨੋਦ ਨੇ ਕਿਸੇ ਹੋਰ ਲਈ ਜ਼ੋਰ ਮਾਰਿਆ ਸੀ। ਇਹ ਗੱਲ ਮੈਂ ਅੱਜ ਪਹਿਲੀ ਵਾਰ ਵਿਨੋਦ ਦੇ ਜਾਣ ਪਿੱਛੋਂ ਦੱਸ ਰਿਹਾ ਹਾਂ। ਉਹਦੇ ਜਿਉਂਦੇ-ਜੀਅ ਮੈਂ ਇਹ ਗੱਲ ਚਿਤਾਰ ਕੇ ਅਪਣੇ ਉਸ ਦੋਸਤ ਨੂੰ ਕੱਚਾ ਨਹੀਂ ਸੀ ਕਰਨਾ ਚਾਹੁੰਦਾ। ਮੈਂ ਉਹਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਕਿ ਮੈਨੂੰ ਪਤਾ ਲੱਗ ਗਿਆ ਸੀ!

**ਇਨਾਮਾਂ-ਸਨਮਾਨਾਂ ਦਾ ਮਹੱਤਵ**

ਹੁਣ : ਤੁਸੀਂ ਇਕ ਵਾਰ ਕੋਈ ਇਨਾਮ ਮੋੜ ਵੀ ਦਿੱਤਾ ਸੀ?

ਭੁੱਲਰ: ਹਾਂ, ਕੈਨੇਡਾ ਵਾਲੇ (ਹੁਣ ਮਰਹੂਮ) ਦਰਸ਼ਨ ਗਿੱਲ ਵੱਲੋਂ ਪਤਨੀ ਦੀ ਯਾਦ ਵਿਚ ਦਿੱਤਾ ਜਾਂਦਾ ਇੱਕੀ ਹਜ਼ਾਰ ਰੁਪਏ ਦਾ ਇਨਾਮ ਸੀ। ਕਾਰਨ ਮੇਰਾ ਪਹਿਲਾਂ ਕੀਤਾ ਹੋਇਆ ਇਹ ਫ਼ੈਸਲਾ ਸੀ ਕਿ ਜੋ ਇਨਾਮ ਲੋਕ ਨਿੱਜੀ ਰੂਪ ਵਿਚ, ਭਾਵ ਕਿਸੇ ਸਾਹਿਤਕ ਸੰਸਥਾ ਨੂੰ ਮੋਹਰੀ ਬਣਾਏ ਬਿਨਾਂ, ਦਿੰਦੇ ਹਨ, ਉਹ ਨਹੀਂ ਲੈਣੇ। ਇਸਦਾ ਇਕ ਕਾਰਨ ਸੀ। ਜਿਸ ਵਿਰਕ ਇਨਾਮ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਉਸਦੀ ਰਕਮ ਉਹਨਾਂ ਦੇ ਪਰਿਵਾਰ ਵੱਲੋਂ ਹੀ ਦਿੱਤੀ ਜਾਂਦੀ ਸੀ। ਕੁਛ ਚਿਰ ਮਗਰੋਂ ਦਿੱਲੀ ਤੋਂ ਸ੍ਰੀਮਤੀ ਵਿਰਕ ਦਾ ਫ਼ੋਨ ਆਇਆ। ਅਸੀਂ ਸਿਰਫ਼ ਇਕ ਵਾਰ, ਸਮਾਗਮ ਵਿਚ ਹੀ ਮਿਲੇ ਸੀ। ਨਿੱਜੀ ਕੰਪਨੀਆਂ ਦੇ ਫ਼ੋਨਾਂ ਦੇ ਇਨਕਲਾਬ ਤੋਂ ਪਹਿਲਾਂ ਦੀ, ਸਰਕਾਰੀ ਫ਼ੋਨ ਦੀ ਸਰਦਾਰੀ ਵੇਲੇ ਦੀ ਗੱਲ ਹੈ। ਫ਼ੋਨ ਵਿਚਾਲੇ ਕੱਟਿਆ ਗਿਆ। ਮੈਂ ਦੁਬਾਰਾ ਮਿਲਾਇਆ ਤੇ ਸਤਿਕਾਰ ਦੇ ਨਾਤੇ ਕਿਹਾ, ਤੁਸੀਂ ਘਰ ਆਉ। ਉਹ ਕੜਾਕ ਬੋਲੀ,"ਇਹ ਹੋਈ ਨਾ ਗੱਲ! ਮੈਂ ਵੀ ਕਹਾਂ, ਕੱਲ੍ਹ ਪੰਜ ਹਜ਼ਾਰ ਦੇ ਕੇ ਹਟੀ ਹਾਂ, ਘਰ ਆਉਣ ਦੀ ਸੁਲਾਹ ਵੀ ਨਹੀਂ ਮਾਰੀ।" ਲਉ ਜੀ, ਮੈਂ ਤਾਂ ਪਾਣੀ ਪਾਣੀ ਹੋ ਗਿਆ। ਜਾਹ ਜਾਂਦੀਏ, ਮੇਰੇ ਨਾਲ ਸੰਪਰਕ ਤਾਂ ਲੇਖਕਾਂ ਨੇ ਕੀਤਾ ਸੀ, ਇਹ ਕੀ ਹੋ ਗਿਆ! ਸਿਆਣੇ ਕਹਿੰਦੇ ਹਨ, ਲੱਖੀਂ ਹੱਥ ਨਾ ਆਉਂਦੀ, ਦਾਨਿਸ਼ਮੰਦਾਂ ਦੀ ਪਤ! ਇਹ ਸ੍ਰੀਮਤੀ ਵਿਰਕ ਦਾ ਜ਼ਿੰਦਗੀ ਵਿਚ ਮੈਨੂੰ ਪਹਿਲਾ ਤੇ ਆਖ਼ਰੀ ਫ਼ੋਨ ਸੀ ਜੋ ਸ਼ਾਇਦ ਅਹਿਸਾਨ ਜਤਾਉਣ ਲਈ ਹੀ ਕੀਤਾ ਗਿਆ ਸੀ। ਮੈਂ ਗੁਰਚਰਨ ਨੂੰ ਕਿਹਾ, ਅੱਜ ਹੀ ਚੈੱਕ ਕੱਟ ਕੇ ਭੇਜ ਦੇਈਏ। ਉਹ ਕਹਿੰਦੀ,"ਬੱਸ ਚੁੱਪ ਕਰ ਕੇ ਇਹ ਗੱਲ ਪੀ ਹੀ ਜਾਉ। ਵਿਰਕ ਜੀ ਦਾ ਨਾਂ ਤੇ ਤੁਹਾਡਾ ਨਾਂ ਵਿਵਾਦ ਵਿਚ ਪੈਣਗੇ। ਤੁਹਾਡੇ ਜਿਨ੍ਹਾਂ ਦੋਸਤਾਂ ਨੇ ਅੱਗੇ ਲੱਗ ਕੇ ਇਨਾਮ ਦੁਆਇਆ ਹੈ, ਉਹ ਵੱਖ ਪ੍ਰੇਸ਼ਾਨ ਹੋਣਗੇ। ਅੱਗੇ ਨੂੰ ਅਜਿਹਾ ਮੌਕਾ ਆਇਆ ਪਹਿਲਾਂ ਸੋਚ ਲਿਆ ਕਰਾਂਗੇ।" ਮੈਂ ਵੀ ਕਿਹਾ,"ਠੀਕ ਹੈ, ਆਗੇ ਸਮਝ ਚਲੋ ਨੰਦ ਲਾਲਾ! ਅੱਗੇ ਤੋਂ ਨਿੱਜੀ ਜੇਬਾਂ ਵਿਚੋਂ ਦਿੱਤੇ ਜਾਂਦੇ ਇਨਾਮ ਨਹੀਂ ਲੈਣੇ।" ਅਸਲ ਵਿਚ ਤਾਂ ਅਜਿਹੇ ਇਨਾਮਾਂ ਵਾਲਿਆਂ ਨੂੰ ਨਿੱਜੀ ਚੌਧਰ ਦਾ ਮੋਹ ਤਿਆਗ ਕੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਧਾਲੀਵਾਲ ਪੁਰਸਕਾਰਾਂ ਵਾਲਾ ਰਾਹ ਫੜਨਾ ਚਾਹੀਦਾ ਹੈ। ਭਾਵ ਉਹ ਪੈਸੇ ਤੇ ਲੇਖਕਾਂ ਦੀ ਚੋਣ ਆਦਿ ਦੇ ਸਭ ਅਧਿਕਾਰ ਕਿਸੇ ਸਾਹਿਤਕ ਸੰਸਥਾ ਨੂੰ ਦੇਣ ਅਤੇ ਆਪ ਬਿਲਕੁਲ ਲਾਂਭੇ ਹਟ ਜਾਣ। ਅਜਿਹਾ ਸਨਮਾਨ ਲੈਣਾ ਲੇਖਕ ਲਈ ਮਾਣ ਵਾਲੀ ਗੱਲ ਹੋਵੇਗੀ ਕਿਉਂਕਿ ਉਹ ਸੰਸਥਾ ਵੱਲੋਂ ਮਿਲਿਆ ਹੋਵੇਗਾ, ਕਿਸੇ ਵਿਅਕਤੀ ਤੋਂ ਨਹੀਂ।

**ਸੋਵੀਅਤ ਅੰਬੈਸੀ ਵਿਚ ਕੰਮ**



ਪੋਲੈਂਡ ਦੇ ਦੂਤਾਵਾਸ ਦੀ ਸਭਿਆਚਾਰਕ ਸਕੱਤਰ ਦੇ ਨਿਵਾਸ ਵਿਖੇ ਭੋਜਨ ਸਮੇਂ ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਅਤੇ ਡਾ. ਹਰਿਭਜਨ ਸਿੰਘ ਨਾਲ - 1970

ਹੁਣ : ਤੁਸੀਂ ਸੋਵੀਅਤ ਅੰਬੈਸੀ ਵਿਚ ਕੰਮ ਕਰਦਿਆਂ ਸੋਵੀਅਤ ਰੂਸ ਦੀ ਸ਼ਲਾਘਾ ਕਰਦੇ ਰਹੇ ਹੋਵੋਗੇ। ਪਿੱਛੇ ਜਿਹੇ ਤੁਸੀਂ ਅਪਣੀ ਅਮਰੀਕਾ ਫੇਰੀ ਦੇ ਸੰਸਮਰਨ ਲਿਖਦਿਆਂ ਉਥੋਂ ਦੇ ਪੂੰਜੀਵਾਦੀ ਸਮਾਜ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਤੁਸੀਂ ਕਿਤੇ 'ਜਿਸਦਾ ਖਾਈਏ, ਉਸੇ ਦੇ ਗੁਣ ਗਾਈਏ' ਵਾਲੀ ਨੀਤੀ ਉੱਤੇ ਤਾਂ ਨਹੀਂ ਚੱਲ ਰਹੇ?

ਭੁੱਲਰ: ਸੋਵੀਅਤ ਦੂਤਾਵਾਸ ਵਿਚ ਕੰਮ ਕਰਦਿਆਂ ਸੋਵੀਅਤ ਯੂਨੀਅਨ ਦੀ ਪ੍ਰਸ਼ੰਸਾ ਕਰਨਾ ਨਾ ਤਾਂ ਸਾਡੇ ਕਾਰਜ ਵਿਚ ਸ਼ਾਮਲ ਸੀ, ਨਾ ਇਹਦੀ ਲੋੜ ਪੈਂਦੀ ਸੀ ਤੇ ਨਾ ਇਹਦਾ ਕੋਈ ਮੌਕਾ ਬਣਦਾ ਸੀ। 'ਸੋਵੀਅਤ ਦੇਸ', 'ਸੋਵੀਅਤ ਦਰਪਨ', ਪ੍ਰੈੱਸ-ਰਿਲੀਜ਼ਾਂ ਤੇ ਪੁਸਤਕਾਂ ਦੇ ਸੰਬੰਧ ਵਿਚ ਸਾਡਾ ਕੰਮ ਅੰਗਰੇਜ਼ੀ ਵਿਚ ਦਿੱਤੀ ਗਈ ਲਿਖਤ ਨੂੰ ਪੰਜਾਬੀ ਵਿਚ ਹੂਬਹੂ ਛਾਪਣਾ ਹੁੰਦਾ ਸੀ। ਹੂਬਹੂ, ਭਾਵ ਉਸ ਵਿਚ ਧਰਮ-ਗ੍ਰੰਥ ਵਾਂਗ ਅਸੀਂ ਲਗ-ਕੰਨਾ ਵੀ ਬਦਲ ਨਹੀਂ ਸੀ ਸਕਦੇ। ਜੇ ਥਾਂ ਦੀ ਮਜਬੂਰੀ ਕਰਕੇ ਕੋਈ ਸਤਰ ਕੱਟਣੀ ਪੈਂਦੀ, ਉਹਦੀ ਮਨਜ਼ੂਰੀ ਵੀ ਰੂਸੀ ਸੰਪਾਦਕ ਤੋਂ ਲੈਣੀ ਪੈਂਦੀ ਸੀ। ਪਰ ਇਹਦਾ ਅਰਥ ਇਹ ਨਹੀਂ ਕਿ ਮੈਂ ਸੋਵੀਅਤ ਯੂਨੀਅਨ ਦਾ ਪ੍ਰਸ਼ੰਸਕ ਨਹੀਂ ਸੀ। ਸੀ ਕੀ, ਮੈਂ ਹੁਣ ਵੀ ਹਾਂ। ਅਪਣੇ ਕਈ ਔਗੁਣਾਂ ਤੇ ਕੁਰਾਹਿਆਂ ਦੇ ਬਾਵਜੂਦ, ਜੋ ਉਹਦੇ ਨਿਘਾਰ ਦਾ ਕਾਰਨ ਬਣੇ, ਸੋਵੀਅਤ ਯੂਨੀਅਨ ਨੇ ਸੰਸਾਰ ਦੇ ਇਤਿਹਾਸ ਵਿਚ ਬਹੁਤ ਵੱਡੀ ਕਦਰਯੋਗ ਤੇ ਯਾਦਗਾਰੀ ਭੂਮਿਕਾ ਨਿਭਾਈ। ਜੇ ਅਕਤੂਬਰ ਇਨਕਲਾਬ ਨਾ ਵਾਪਰਿਆ ਹੁੰਦਾ, ਦੁਨੀਆ ਦਾ ਨਕਸ਼ਾ ਅੱਜ ਵਾਲਾ ਬਿਲਕੁਲ ਨਾ ਹੁੰਦਾ। ਸਾਡੇ ਦੇਸ ਸਮੇਤ ਅਨੇਕ ਅਫ਼ਰੀਕੀ-ਏਸ਼ਿਆਈ ਦੇਸਾਂ ਨੂੰ ਅਪਣੀ ਆਜ਼ਾਦੀ ਲਈ ਹੋਰ ਔਖਾ, ਹੋਰ ਲੰਮਾ, ਹੋਰ ਖ਼ੂਨੀ ਸੰਗਰਾਮ ਲੜਨਾ ਪੈਂਦਾ। ਸੰਸਾਰ ਉੱਤੇ ਸਾਮਰਾਜੀ ਜਕੜ ਹੋਰ ਪੀਡੀ ਬਣੀ ਰਹਿੰਦੀ। ਸੋਵੀਅਤ ਯੂਨੀਅਨ ਨੇ ਵਿਕਾਸਸ਼ੀਲ ਅਫ਼ਰੀਕੀ-ਏਸ਼ਿਆਈ ਦੇਸਾਂ ਨੂੰ ਸਾਮਰਾਜੀ-ਪੂੰਜੀਵਾਦੀ ਧੱਕੇਸ਼ਾਹੀਆਂ ਤੋਂ ਬਚਾਇਆ, ਸਨਅਤੀਕਰਨ ਵਿਚ ਮਦਦ ਦਿੱਤੀ, ਸੰਸਾਰ-ਪਿੜ ਵਿਚ ਉਹਨਾਂ ਦੀ ਮਾਨਤਾ ਵਧਾਉਣ ਵਿਚ ਹਿੱਸਾ ਪਾਇਆ, ਉਹਨਾਂ ਦੇ ਲੱਖਾਂ ਮੁੰਡੇ-ਕੁੜੀਆਂ ਨੂੰ ਅਪਣੇ ਖ਼ਰਚੇ ਨਾਲ ਡਾਕਟਰ-ਇੰਜੀਨੀਅਰ ਬਣਾਇਆ, ਵਗ਼ੈਰਾ ਵਗ਼ੈਰਾ। ਅਸੀਂ ਤਨਖ਼ਾਹ ਲੈਂਦੇ ਸੀ ਤੇ ਕੰਮ ਕਰਦੇ ਸੀ। ਇਹ ਗੱਲ ਵੱਖਰੀ ਹੈ ਕਿ ਉਹ ਕੰਮ ਸਾਡੇ ਵਿਚਾਰਾਂ ਨਾਲ ਮੇਲ ਖਾਂਦਾ ਸੀ। ਇਸ ਵਿਚ ਮੁਫ਼ਤ ਦਾ ਖਾ ਕੇ ਗੁਣ ਗਾਉਣ ਵਾਲੀ ਕੋਈ ਗੱਲ ਉੱਕਾ ਹੀ ਨਹੀਂ ਸੀ।

ਅਮਰੀਕਾ ਬਾਰੇ ਮੇਰੇ ਸੰਬੰਧੀ ਟਿੱਪਣੀ ਤਾਂ ਤੁਸੀਂ ਬਿਲਕੁਲ ਮੇਰੀ ਪੁਸਤਕ ਪੜ੍ਹੇ-ਸਮਝੇ ਬਿਨਾਂ ਕੀਤੀ ਲਗਦੀ ਹੈ। ਭਾਈ ਮੇਰਿਓ, ਅਮਰੀਕੀ ਮੈਨੂੰ ਕਿਉਂ ਕੁਛ ਖਵਾਉਂਦੇ ਤੇ ਮੈਂ ਖਾਂਦਾ ਵੀ ਕਿਉਂ? ਮੈਂ ਕਿਸੇ ਦਾ ਸੱਦਿਆ ਤਾਂ ਗਿਆ ਨਹੀਂ ਸੀ। ਮੈਂ ਤਾਂ ਆਬਦੀ ਵੀਹਾਂ ਨਹੁੰਆਂ ਦੀ ਨੇਕ ਤੇ ਕਠਿਨ ਕਮਾਈ ਦੇ ਪੰਤਾਲੀ ਰੁਪਈਆਂ ਬਦਲੇ ਸਿਰਫ਼ ਇਕ ਦੇ ਹਿਸਾਬ ਨਾਲ ਮਿਲਦੇ ਡਾਲਰ ਖਰਚ ਕੇ ਉਥੇ ਗਿਆ-ਰਿਹਾ ਸੀ! ਮੈਂ ਪੁਸਤਕ ਵਿਚ ਕਿਤੇ ਵੀ, ਕਿਵੇਂ ਵੀ ਪੂੰਜੀਵਾਦੀ ਸਮਾਜ ਦੀ ਪ੍ਰਸ਼ੰਸਾ ਨਹੀਂ ਕੀਤੀ ਸਗੋਂ ਲਗਾਤਾਰ ਨਿੱਘਰਦੀ ਅਮਰੀਕੀ ਆਰਥਕਤਾ, ਇਰਾਕ ਦੀ ਜੰਗ ਤੇ ਉਸ ਵਿਚ ਨਿਸ਼ਚਿਤ ਅਮਰੀਕੀ ਹਾਰ (ਜੋ ਹੁਣ ਵਾਪਰ ਰਹੀ ਹੈ), ਆਦਿਵਾਸੀਆਂ, ਬੇਰੁਜ਼ਗਾਰਾਂ ਤੇ ਬੇਘਰਿਆਂ ਦੀ ਦੁਰਦਸ਼ਾ ਆਦਿ ਦੇ ਹਵਾਲੇ ਨਾਲ ਸਾਮਰਾਜੀ ਰਾਜਨੀਤਕ ਚਾਲਾਂ ਤੇ ਪੂੰਜੀਵਾਦੀ ਆਰਥਕ ਨੀਤੀਆਂ ਦਾ ਵਿਰੋਧ ਕੀਤਾ ਹੈ। ਮੇਰੇ ਅਮਰੀਕੀ ਦੌਰੇ ਦਾ ਇਕ ਮੁੱਖ ਉਦੇਸ਼ ਇਹ ਰਹੱਸ ਜਾਨਣਾ ਸੀ ਕਿ ਸਾਡੇ ਆਮ ਲੋਕ ਤਾਂ ਉਸ ਦੁਨੀਆ ਵਿਚ ਪਹੁੰਚਣ ਲਈ ਭੈਣਾਂ-ਭਾਣਜੀਆਂ ਨਾਲ ਵਿਆਹ ਕਰਵਾਉਂਦੇ ਹੀ ਹਨ, ਇਹ ਸੀ. ਪੀ. ਆਈ. ਤੇ ਸੀ. ਪੀ. ਐਮ. ਵਾਲੇ, ਉਹਨਾਂ ਤਾਂ ਵੀ ਵਧ ਕੇ ਤੱਤੇ ਤੱਤੇ ਇਨਕਲਾਬੀ ਨਕਸਲੀਏ ਅਮਰੀਕੀ ਪੂੰਜੀਵਾਦੀ ਜੂਠ ਦੀਆਂ ਮੱਖੀਆਂ ਕਿਉਂ ਬਣਦੇ ਹਨ? ਇਸਦਾ ਪਤਾ ਪਰਵਾਸੀਆਂ ਸਮੇਤ ਉਥੋਂ ਦੇ ਆਮ ਆਦਮੀ ਦੇ ਜੀਵਨ ਨੂੰ ਦੇਖ ਕੇ ਲੱਗਿਆ ਜਿਨ੍ਹਾਂ ਨੂੰ ਪੈਰ ਪੈਰ ਉੱਤੇ ਪੁਲਸੀ ਧੱਕੇਸ਼ਾਹੀ, ਹਾਕਮੀ ਹੈਂਕੜ, ਛੋਟੀ-ਵੱਡੀ ਰਿਸ਼ਵਤ, ਨੌਕਰਸ਼ਾਹੀ, ਦਫ਼ਤਰਸ਼ਾਹੀ ਤੇ ਲਾਲਫ਼ੀਤਾਸ਼ਾਹੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਤੇ ਜਿਨ੍ਹਾਂ ਲਈ ਬਿਨਾਂ ਕਿਸੇ ਸਰਕਾਰੀ ਦਖ਼ਲ ਤੋਂ ਜੀਵਨ ਨਿਰਵਿਘਣ ਬਿਤਾਉਣਾ ਸੰਭਵ ਹੈ। ਜੇ ਉਥੇ ਆਵਾਜਾਈ ਦਾ ਪ੍ਰਬੰਧ ਕਮਾਲ ਹੈ ਤੇ ਜਰਨੈਲੀ ਸੜਕਾਂ ਉੱਤੇ ਅੱਧੀ ਰਾਤ ਨੂੰ ਇੱਕਲੀਆਂ ਔਰਤਾਂ ਕਾਰਾਂ ਰਾਹੀਂ ਲੰਮੇ ਸਫ਼ਰਾਂ ਉੱਤੇ ਨਿਸ਼ਚਿੰਤ ਨਿਕਲ ਤੁਰਦੀਆਂ ਹਨ, ਦੁਰਘਟਨਾਵਾਂ ਬਹੁਤ ਘੱਟ ਹਨ ਤੇ ਤੁਰਤ ਸੰਭਾਲੀਆਂ ਜਾਂਦੀਆਂ ਹਨ, ਸਕੂਲ, ਯੂਨੀਵਰਸਿਟੀਆਂ, ਮਿਊਜ਼ੀਅਮ ਬੇਮਿਸਾਲ ਹਨ, ਸੜਕਾਂ, ਪਾਰਕਾਂ, ਗਲੀਆਂ, ਬਾਜ਼ਾਰਾਂ ਵਿਚ ਕਿਤੇ ਕੂੜੇ-ਕਚਰੇ ਦਾ ਭੋਰਾ ਨਹੀਂ, ਨਹਿਰਾਂ, ਦਰਿਆਵਾਂ, ਸਮੁੰਦਰਾਂ ਦਾ ਪਾਣੀ ਨਿਰਮਲ ਹੈ, ਨਿੱਜੀ ਸੰਸਥਾਵਾਂ ਤੇ ਸਰਕਾਰੀ ਦਫ਼ਤਰਾਂ ਤੋਂ ਕੰਮ ਘਰ ਬੈਠਿਆਂ ਹੋ ਜਾਂਦੇ ਹਨ, ਬਜ਼ੁਰਗਾਂ ਦੀ ਸੰਭਾਲ ਹੈ, ਪੁਲਸੀਆਂ ਸਮੇਤ ਜਨਤਕ ਵਾਹ ਵਾਲੇ ਸਾਰੇ ਕਰਮਚਾਰੀ ਸਨਿਮਰ ਹਨ ਤੇ ਸਹਾਈ ਬਣਦੇ ਹਨ, ਅਨਜਾਣ ਲੋਕ ਵੀ ਇਕ ਦੂਜੇ ਕੋਲੋਂ ਮੁਸਕਰਾ ਕੇ ਲੰਘਦੇ ਹਨ ਤੇ ਲੋੜਵੰਦ ਦੀ ਮਦਦ ਲਈ ਭੱਜ ਕੇ ਆਉਂਦੇ ਹਨ, ਚਾਰ ਮਹੀਨਿਆਂ ਵਿਚ ਮੈਨੂੰ ਇਕ ਵਾਰ ਵੀ ਲਾਲ ਬੱਤੀ ਤੇ ਚਮਚਿਆਂ ਦੀ ਲਾਮਡੋਰੀ ਵਾਲੇ ਕਿਸੇ ਨੇਤਾ ਦੇ ਦਰਸ਼ਨ ਨਹੀਂ ਹੋਏ, ਭਾਵ ਉਹ ਸਾਡੇ ਟਕੇ ਟਕੇ ਦੇ ਨੇਤਾਵਾਂ ਦੇ ਉਲਟ ਆਮ ਕਾਰ ਰਾਹੀਂ ਆਮ ਬੰਦਿਆਂ ਵਾਂਗ ਸਫ਼ਰ ਕਰਦੇ ਹਨ, ਕੀ ਮੈਂ ਇਸ ਸਭ ਕੁਛ ਵੱਲੋਂ, ਖੱਬਮਾਰਗੀ ਹੋਣ ਕਰਕੇ, ਅੱਖਾਂ ਬੰਦ ਕਰ ਲੈਂਦਾ ਤੇ ਅਜਿਹੀਆਂ ਗੱਲਾਂ ਦਾ ਅਪਣੇ ਸਫ਼ਰਨਾਮੇ ਵਿਚ ਜ਼ਿਕਰ ਨਾ ਕਰਦਾ? ਅਮਰੀਕੀ ਰਾਜਪ੍ਰਬੰਧ ਤੇ ਵਿਵਸਥਾ ਦੇ ਸਾਮਰਾਜੀ-ਪੂੰਜੀਵਾਦੀ ਹੋਣ ਦਾ ਇਹ ਭਾਵ ਤਾਂ ਨਹੀਂ ਕਿ ਅਸੀਂ ਉਥੋਂ ਦੀਆਂ ਵਡਿਆਈਯੋਗ ਗੱਲਾਂ ਨੂੰ ਵੀ ਆਨੀਂ-ਬਹਾਨੀਂ ਨਿੰਦੀਏ! ਇਸ ਸੰਕੀਰਨਤਾ ਨੇ ਖੱਬੀ ਲਹਿਰ ਨੂੰ ਸੰਤੁਲਿਤ ਸੰਸਾਰ-ਨਜ਼ਰੀਆ ਨਹੀਂ ਬਣਾਉਣ ਦਿੱਤਾ ਤੇ ਇਉਂ ਵੱਡਾ ਨੁਕਸਾਨ ਪੁਚਾਇਆ ਹੈ।

ਬਾਕੀ ਅਗਲੇ ਅੰਕ 'ਚ

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com

WE CARE YOUR CAR BETTER
Phone:780 463 2886

# ਸੋਹਣ ਸਿੰਘ ਜੋਸ਼ : ਪੰਜਾਬੀ ਭਾਸ਼ਾ ਦਾ ਪ੍ਰਸਿੱਧ ਪਰਵਾਸੀ ਕਵੀ ਤੇ ਗੀਤਕਾਰ ਨਹੀਂ ਰਿਹਾ



ਗਿਆਨ ਸਿੰਘ ਬਿਲਗਾ
+1-661-397-7330

ਇਹ ਖ਼ਬਰ ਪੰਜਾਬੀ ਭਾਸ਼ਾ ਦੇ ਕਵੀਆਂ, ਗੀਤਕਾਰਾਂ, ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਅਤੇ ਫਿਲਮ ਜਗਤ ਨਾਲ ਜੁੜੇ ਕਲਾਕਾਰਾਂ ਵਿਚ ਬੜੇ ਹੀ ਦੁੱਖ ਨਾਲ ਸੁਣੀ ਜਾਵੇਗੀ ਕਿ ਸੋਹਣ ਸਿੰਘ ਜੋਸ਼ (96) ਕੀਨੀਆ ਪੂਰਬੀ ਅਫਰੀਕਾ ਦੀ ਰਾਜਧਾਨੀ ਨੈਰੋਬੀ ਵਿਖੇ 3 ਅਪ੍ਰੈਲ 2012 ਨੂੰ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ ਹਨ। ਉਨ੍ਹਾਂ ਪੰਜਾਬੀ ਭਾਸ਼ਾ ਨੂੰ ਚਾਰ ਕਾਵਿ ਪੁਸਤਕਾਂ ਧੁੱਪ ਛਾਂ (1975), ਸਮੇਂ ਦੀ ਅੱਖ (1977), ਗੂੰਗੀ ਧਰਤੀ (1978), ਰੂਹਾਂ ਦੇ ਰਿਸ਼ਤੇ (1989) ਦਿੱਤੀਆਂ ਹਨ। ਜੋਸ਼ ਨੇ ਰੇਸ਼ਮੀ ਅੱਗ, ਰੋਂਦੀਆਂ ਰੁੱਤਾਂ, ਕਾਲੇ ਅੱਖਰਾਂ ਦੀ ਕੈਦ, ਮੈਂ ਤ੍ਰਿਹਾਇਆ ਮਰ ਗਿਆ- ਚਾਰ ਨਾਵਲ ਵੀ ਪੰਜਾਬੀ ਭਾਸ਼ਾ ਦੀ ਝੋਲੀ ਪਾਏ ਹਨ। 'ਬਲਦੇ-ਬੁਝਦੇ ਅੱਖਰ' ਉਨ੍ਹਾਂ ਦੀਆਂ ਕਾਵਿ ਰਚਨਾਵਾਂ ਵਿਚੋਂ ਚੋਣਵੀਆਂ ਕਵਿਤਾਵਾਂ ਤੇ ਗੀਤਾਂ ਦੀ ਕਿਤਾਬ ਹੈ, ਜੋ ਨਵਯੁੱਗ ਪ੍ਰਕਾਸ਼ਨ ਨਵੀਂ ਦਿੱਲੀ ਵਾਲਿਆਂ ਨੇ ਦੋ ਵਾਰੀ 1989, 1999 ਨੂੰ ਛਪਾਈ ਅਧੀਨ ਲਿਆਂਦੀ ਸੀ। ਇਸੇ ਪੁਸਤਕ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਐਮ-ਫਿਲ ਥੀਸਜ਼ ਲਈ ਮਨਜ਼ੂਰੀ ਦਿੱਤੀ ਸੀ। ਵਿਦੇਸ਼ੀ ਪੰਜਾਬੀ ਕਵੀ ਇਸ ਦਾ ਵਿਸ਼ਾ ਸੀ।

ਟੁੱਟੇ ਦਿਲ ਨਹੀਂ ਜੁੜਦੇ ਵੇਖੀਂ ਤੋੜੀ ਨਾ
ਕਲੀਆਂ ਤੋਂ ਵਧ ਕੋਮਲ ਵੇਖ ਮਰੋੜੀ ਨਾ

1950 ਈ: ਨੂੰ ਦੀਦਾਰ ਸਿੰਘ ਪ੍ਰਦੇਸੀ, ਪ੍ਰਸਿੱਧ ਗਾਇਕ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੇ ਗਾਇਆ ਸੀ। ਇਸ ਦੇ ਬੋਲ ਤੇ ਧੁੰਨਾਂ ਅੱਜ ਤੱਕ ਹਰ ਪੰਜਾਬੀ, ਭਾਵੇਂ ਉਹ ਦੁਨੀਆ ਦੇ ਕਿਸੇ ਵੀ ਖੂੰਜੇ ਵਿਚ ਵੱਸਦਾ ਹੈ, ਉਸ ਦੇ ਮਨ-ਮਸਤਕ ਵਿਚ ਗੂੰਜਦੀਆਂ ਹਨ। ਮਰਨ ਪਿੱਛੋਂ ਵੀ, ਸਾਹਿਤਕ, ਵਿਚਾਰ ਤੇ ਦੁਨਿਆਵੀ ਰਿਸ਼ਤੇ ਟੁੱਟਦੇ ਨਹੀਂ ਹਨ, ਸਗੋਂ ਅਮਰ ਹੋ ਜਾਂਦੇ ਹਨ। ਜੋਸ਼ ਜੀ ਦੀਆਂ ਚੰਦ ਸਤਰਾਂ

ਰੱਬ ਤੇ ਰੂਹ ਨੇ ਇਕੋ ਦੋਵੇਂ, ਰੂਹ ਪਈ ਰੱਬ ਵਿਚ ਬੋਲੇ
ਆਪਣਾ ਵਕਤ ਗੁਆਵੇ ਬੰਦਾ, ਰੱਬ ਜੋ ਬਾਹਰ ਟੋਲੇ,
ਰੂਹ ਵਿਚ ਰੱਬ ਹੈ, ਰਬ ਵਿਚ ਰੂਹ ਹੈ ਗੱਲਾਂ ਕਰਨ ਫਰਿਸ਼ਤੇ
ਮਰਨੋਂ ਬਾਦ ਵੀ ਨਹਿਓਂ ਟੁੱਟਦੇ ਇਹ ਰੂਹਾਂ ਦੇ ਰਿਸ਼ਤੇ।

ਫੈਜ਼ ਅਹਿਮਦ ਫੈਜ਼ ਪ੍ਰਸਿੱਧ ਉਰਦੂ ਸ਼ਾਇਰ 1976 ਵਿਚ ਨੈਰੋਬੀ ਗਏ। ਉਨ੍ਹਾਂ ਜੋਸ਼ ਦੀ ਪੰਜਾਬੀ ਤੇ ਉਰਦੂ ਕਵਿਤਾ ਨੂੰ ਵਾਚਿਆ ਤੇ ਕਿਹਾ, ''ਜੋਸ਼ ਸਾਹਿਬ ਕੀ ਸ਼ਾਇਰੀ ਮੇਂ ਫੈਜ਼ ਹੈ, ਹਰਾਰਤ ਹੈ ਜੋ ਹਮ ਕੋ ਦਿਲੀ ਪਸੰਦ ਆਈ ਆਦਮੀਂ ਸੇ ਇਨਹੇਂ ਮੁਹੱਬਤ ਹੈ।'' ਡਾ. ਜਸਵੀਰ ਸਿੰਘ ਆਹਲੂਵਾਲੀਆ ਪ੍ਰਸਿੱਧ ਪੰਜਾਬੀ ਸਾਹਿਤ ਪਾਰਖੂ ਨੇ ਸੋਹਣ ਸਿੰਘ ਜੋਸ਼ ਦੀ ਕਵਿਤਾ ਨੂੰ ਪਹਿਲੀ ਸਫ ਦੇ ਸਟੇਜੀ ਕਵੀ ਫੀਰੋਜ਼ਉਦ ਦੀਨ ਸਰਫ, ਵਿਧਾਤਾ ਸਿੰਘ ਤੀਰ, ਤੇਜਾ ਸਿੰਘ ਸਾਬਰ, ਗੁਰਦਿੱਤ ਸਿੰਘ ਕੁੰਦਨ ਤੇ ਕਰਤਾਰ ਸਿੰਘ ਵਲੱਗਣ ਨਾਲ ਤੁਲਨਾ ਕੀਤੀ ਸੀ। ਉਨ੍ਹਾਂ ਦੀ ਕਵਿਤਾ ਪਿੰਗਲ ਤੇ ਛੰਦਾ ਬੰਦੀ ਦੇ ਨਿਯਮਾਂ ਵਿਚ ਬੱਧੀ ਹੋਈ ਸੁਰ ਤਾਲ ਵਿਚ ਓਤਪੋਤ ਤੇ ਸੁਰੀਲੀ ਸੀ। ਆਮ ਗੱਲਬਾਤ ਕਰਦਿਆਂ ਵੀ ਇੰਝ ਲੱਗਦਾ ਸੀ ਜਿਵੇਂ ਕਵਿਤਾ ਕਹਿ ਰਹੇ ਹੋਣ। ਉਹ ਸਟੇਜੀ ਕਵੀ ਸਨ, ਸਟੇਜ ਦੇ ਧਨੀ ਸਨ, ਸਰੋਤਿਆਂ ਨੂੰ ਝੂਮਣ ਲਾ ਦਿੰਦੇ ਸਨ। ਜਦ ਕਦੇ ਭੰਗੜੇ ਜਾਂ ਗਿੱਧੇ ਦਾ ਗੀਤ ਸੁਣਾਉਂਦੇ ਤਾਂ ਪੰਜਾਬੀ ਮੁੰਡੇ ਕੁਰਸੀਆਂ ਛੱਡ ਕੇ ਨੱਚਣ ਲਈ ਮਜਬੂਰ ਹੋ ਜਾਂਦੇ।

ਨੱਚ ਕੁੜੀਏ ਨੀ ਜ਼ਰਾ ਨੱਚ ਕੁੜੀਏ
ਜਾਪਦੀ ਏ ਸਾਨੂੰ ਸੁੱਚਾ ਕੱਚ ਕੁੜੀਏ
ਝੂਠ ਨਾ ਮੈਂ ਆਖਾਂ ਬੋਲਾਂ ਸੱਚ ਕੁੜੀਏ
ਨੱਚ ਕੁੜੀਏ . . .

ਅਲਾਪ ਗਰੁੱਪ ਲੰਡਨ ਵਾਲਿਆਂ ਰਿਕਾਰਡ ਕਰਵਾਇਆ ਇਹ ਗੀਤ ਜਦ ਵੀ ਕਦੇ ਵਿਆਹਾਂ-ਸ਼ਾਦੀਆਂ 'ਤੇ ਵਜਦਾ, ਨੌਜਵਾਨ ਮੁੰਡੇ-ਕੁੜੀਆਂ ਨੱਚਣ ਲੱਗ ਪੈਂਦੇ-

ਮੈਨੂੰ ਕਿਸੇ ਨੇ ਗਲ ਨਹੀਂ ਲਾਇਆ
ਸਭ ਨੇ ਠੋਕਰ ਲਾਈ ਏ
ਕੁਲ ਦੁਨੀਆ ਦੀ ਪੀੜਾ ਮੇਰੀ
ਕਲਮ ਦੇ ਹਿੱਸੇ ਆਈ ਏ।

ਇਹ ਗੀਤ ਲੰਡਨ ਰੰਗੀਲਾ ਗਰੁੱਪ ਨੇ ਰਿਕਾਰਡ ਕਰਵਾਇਆ ਤੇ ਹਰਬੰਸ ਸਿੰਘ ਪਲਾਹੇ ਨੇ ਗਾਇਆ ਸੀ।

ਲੰਬੜਾ ਦੇ ਵਾਜਾ ਵੱਜਿਆ
ਯਾਰਾਂ ਭੰਗੜਾ ਪਾਇਆ
ਰੱਜ-ਰੱਜ ਸਮੇਂ ਖੁਸ਼ੀ ਮਨਾਓ
ਸਾਡਾ ਯਾਰ ਵਿਆਹ ਕੇ ਆਇਆ
ਭਾਬੀ ਮੀਂਹ ਲਡੂਆਂ ਦਾ ਪਾ ਦੇ

ਇਹ ਗੀਤ ਪ੍ਰਸਿੱਧ ਗਾਇਕ ਮਹਿੰਦਰ ਕਪੂਰ ਦੁਆਰਾ ਲੰਡਨ ਵਿਚ ਰਿਕਾਰਡ ਕਰਵਾਇਆ ਗਿਆ। ਸੰਗੀਤ ਕੰਵਲਜੀਤ ਭੰਵਰਾ ਨੇ ਦਿੱਤਾ ਸੀ।

ਜੂਨ 1976 ਨੂੰ ਨੈਸ਼ਨਲ ਥੀਏਟਰ ਨੈਰੋਬੀ ਵਿਖੇ ਜੋਸ਼ ਦਾ ਲਿਖਿਆ ਲੰਬੀ ਕਵਿਤਾ ਵਿਚ ਨਾਟਕ ਹੀਰ ਰਾਂਝਾ ਖੇਡਿਆ ਗਿਆ, ਜੋ ਲੋਕਾਂ ਦੇ ਮਨਾਂ ਵਿਚ ਵਸ ਗਿਆ।

ਨੈਰੋਬੀ ਦੇ ਗਾਇਕ ਜਤਿੰਦਰ ਢਿੱਲੋਂ, ਦਵਿੰਦਰ ਮਾਜਰਾ ਨੇ ਜੋਸ਼ ਦੇ ਚਾਰ ਗੀਤਾਂ ਦੀ ਕੈਸਿਟ ਰਿਲੀਜ਼ ਕੀਤੀ। ਸੰਗੀਤ ਕੇ.ਐਸ ਮਠਾਰੂ ਦਾ ਸੀ, ਜੋ ਫਿਲਪਸ ਰਿਕਾਰਡਜ਼ ਵਾਲਿਆਂ ਤਿਆਰ ਕੀਤੀ ਸੀ। 1985 'ਚ ਡਾਇਮੰਡ ਡਿਸਕ ਕੰਪਨੀ ਲੰਡਨ ਵਾਲਿਆਂ ਅਲਾਪ ਗਰੁੱਪ ਵੱਲੋਂ ਜੋਸ਼ ਦੇ ਗੀਤਾਂ ਦੀ ਕੈਸਿਟ ਰਿਲੀਜ਼ ਕੀਤੀ। 1987 ਵਿਚ ਇਸੇ ਕੰਪਨੀ ਨੇ ਇਕ ਹੋਰ ਕੈਸਿਟ ਸਰੋਤਿਆਂ ਸਨਮੁੱਖ ਪੇਸ਼ ਕੀਤੀ। 1988 ਜਨਵਰੀ ਵਿਚ ਪੰਜਾਬੀ ਦੇ ਪ੍ਰਸਿੱਧ ਗਾਇਕ ਗੁਰਦਾਸ ਮਾਨ ਨੇ 'ਪੀ ਕੇ ਤੂੰ ਆਇਆ', 'ਵਾਹ ਨੀਂ ਜਵਾਨੀਏ' ਗੀਤ ਗਾਏ, ਜੋ ਪਲੈਟੀਨਮ ਡਿਸਕ ਸੁਪਰ ਕੈਸਿਟਜ਼ ਇੰਡਸਟਰੀਜ਼ ਵਾਲਿਆਂ ਨੇ ਰਿਕਾਰਡ ਕੀਤੇ ਸਨ। ਜੋਸ਼ ਦੇ ਧਾਰਮਕ ਗੀਤਾਂ 'ਨਾਨਕ ਦਿੱਤਾ ਏ ਪੈਗਾਮ ਨਾਨਕ ਨਾਨਕ ਗਾਉਂਦੇ ਨੂੰ', 'ਸੁੱਖਾਂ ਸੁਖਦੀ ਨੂੰ' ਏ.ਐਸ ਮੁਤਲਾਸ਼ੀ ਫਿਲਪਸ ਰਿਕਾਰਡਜ਼ ਵਾਲਿਆਂ ਰਵੀ, ਮਨਜੀਤ, ਗੁਰਮੀਤ ਵੱਲੋਂ ਗਾਏ ਗਏ ਸਨ।

'ਵਿਆਹ ਕੇ ਤੇਰਾ ਦਿਓਰ ਆ ਗਿਆ, ਗੋਰੀਏ ਗੋਰਾ ਰੰਗ ਵਲਾਹ' ਮਹਿੰਦਰ ਕਪੂਰ ਨੇ ਬਰਮਿੰਘਮ ਤੋਂ ਸਾਊਥ ਹਾਲ ਇੰਗਲੈਂਡ ਵਿਚ ਰਿਕਾਰਡ ਕਰਵਾਏ ਸਨ।

ਮੈਨੂੰ 2009 ਜਨਵਰੀ ਵਿਚ ਕੀਨੀਆ ਨੈਰੋਬੀ ਫੇਰੀ ਮਾਰਨ ਦਾ ਮੌਕਾ ਜੁੜਿਆ। ਸੋਹਣ ਸਿੰਘ ਜੋਸ਼ ਨੂੰ ਮਿਲਣ ਦਾ ਮੌਕਾ ਵੀ ਮਿਲਿਆ। ਕੁਝ ਰਿਸ਼ਤੇਦਾਰੀ ਦੀਆਂ ਸਾਂਝਾ ਸਨ।

ਜੋਸ਼ ਦਾ ਜਨਮ 15 ਮਾਰਚ 1925 ਨੂੰ ਨਾਨਕੇ ਪਿੰਡ ਧੋਗੜੀ ਅਲਾਵਲਪੁਰ ਵਿਖੇ ਹੋਇਆ। ਮੁਢਲੀ ਵਿਦਿਆ ਚਾਰ ਜਮਾਤਾਂ ਉਰਦੂ ਵਿਚ ਪਿੰਡ ਜਮਸ਼ੇਰ ਖਾਸ, ਜ਼ਿਲ੍ਹਾ ਜਲੰਧਰ ਵਿਚ ਹਾਸਲ ਕੀਤੀ। ਪਿਤਾ ਕਰਤਾਰ ਸਿੰਘ, ਮਾਤਾ ਈਸ਼ਰ ਕੌਰ ਮੁੱਧੜ ਦਸਤਕਾਰ ਮੱਧਵਰਗੀ ਪਰਿਵਾਰ ਵਿਚੋਂ ਸਨ, ਜੋ ਕੰਮ ਦੀ ਭਾਲ ਵਿਚ 1939 ਤੋਂ ਬ੍ਰਿਟਸ਼ ਈਸਟ ਅਫਰੀਕਾ ਕੀਨੀਆ ਵਿਚ ਰਹਿ ਰਹੇ ਸਨ। ਅਠਾਰਾਂ ਸਾਲ ਦੀ ਛੋਟੀ ਉਮਰ ਵਿਚ ਜੋਸ਼ ਦਾ ਵਿਆਹ ਨਿਰਮਲ ਕੌਰ ਨਾਲ ਹੋ ਗਿਆ। ਕਿੱਤੇ ਦੀ ਭਾਲ ਵਿਚ ਉਹ ਲਾਹੌਰ ਆ ਗਏ। ਪਰ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋ ਗਿਆ। ਪੰਜਾਬ ਵੰਡਿਆ ਗਿਆ। ਹਿੰਦੂ-ਮੁਸਲਮਾਨ ਫਸਾਦ ਹੋ ਰਹੇ ਸਨ। ਇਸ ਦਾ ਜੋਸ਼ ਦੇ ਕਵੀ ਮਨ 'ਤੇ ਡੂੰਘਾ ਸਦਮਾ ਸੀ। ਲਾਹੌਰ ਤੋਂ ਬੜੀ ਮੁਸ਼ਕਲ ਨਾਲ ਬਚ ਕੇ ਪਿੰਡ ਜਮਸ਼ੇਰ ਆ ਗਏ। ਇਥੋਂ ਬੰਬਈ ਤੇ ਉਸੇ ਸਾਲ ਕੰਮ ਦੀ ਭਾਲ ਵਿਚ ਨੈਰੋਬੀ ਆ ਟਿਕਾਣਾ ਕੀਤਾ।

1948 'ਚ ਨੈਰੋਬੀ ਵਿਖੇ 'ਕਰਤਾਰ ਇੰਜਨੀਅਰਿੰਗ ਵਰਕਸ' ਨਾਂ ਦੀ ਆਟੋ ਮਕੈਨੀਕਲ ਵਰਕਸ਼ਾਪ ਦੀ ਸਥਾਪਨਾ ਕੀਤੀ। 1965 ਨੂੰ ਇਸ ਦਾ ਨਾਂ ਬਦਲ ਕੇ ਸੋਹਣ ਸਿੰਘ ਜੋਸ਼ ਐਂਡ ਸਨਜ਼ ਲਿਮਟਿਡ ਰੱਖ ਦਿੱਤਾ। ਸਾਹਿਤ ਰਚਨਾ ਦਾ ਕੰਮ ਵੀ ਚਲਦਾ ਰਿਹਾ। ਜੈ ਹਿੰਦ ਕਵੀ ਮੰਡਲ ਨੈਰੋਬੀ ਦੇ ਪ੍ਰਧਾਨ ਪੰ: ਲੱਛਮੀ ਨਰਾਇਣ ਗਰਦਸ਼ ਨਾਲ ਮੇਲ ਹੋਇਆ। ਉਨ੍ਹਾਂ ਨੇ ਹੀ ਗੀਤਾਂ, ਕਵਿਤਾਵਾਂ ਸੁਣ ਕੇ ਜੋਸ਼ ਦਾ (ਤਖਲਸ) ਕਲਮੀ ਨਾਂ 'ਜੋਸ਼' ਰੱਖਿਆ ਸੀ। ਸੋਹਣ ਸਿੰਘ ਮੁਦੜ ਤੋਂ ਸੋਹਣ ਸਿੰਘ ਜੋਸ਼ ਹੋ ਗਏ। ਜੋਸ਼ ਨੇ ਪੰਜਾਬੀ ਕਵੀ ਸਭਾ ਨੈਰੋਬੀ ਦੀ ਨੀਂਹ ਰੱਖੀ ਤੇ ਇਸ ਦੇ ਬਾਨੀ ਪ੍ਰਧਾਨ ਬਣੇ।

ਸੁਰੇਸ਼ ਵਾਡੇਕਰ, ਮੇਹਰ ਮਿੱਤਲ, ਵਰਿੰਦਰ, ਮਹਿਮੂਦ, ਵਿਨੋਦ ਖੰਨਾ, ਨਿੱਤਲ ਮੁਕੇਸ਼, ਅਨੁਰਾਧਾ ਪੋਡਵਾਲ, ਕਮਲ ਅਮਰੋਹੀ, ਬੀ.ਆਰ. ਚੋਪੜਾ, ਰਾਜ ਬੱਬਰ ਅਤੇ ਹੋਰ ਕਈ ਫਿਲਮ ਤੇ ਸੰਗੀਤ ਦੀਆਂ ਪ੍ਰਸਿੱਧ ਹਸਤੀਆਂ ਨਾਲ ਜੋਸ਼ ਦਾ ਪੂਰਨ ਸਨੇਹ ਸੀ। ਈਸਟ ਅਫਰੀਕਾ ਰਾਮਗੜ੍ਹੀਆ ਬੋਰਡ ਨੇ 1989, 1995, 2002 ਨੂੰ ਤਿੰਨ ਵਾਰ ਭਾਈਚਾਰਕ ਤੇ ਸਾਹਿਤਕ ਅਤੇ ਧਾਰਮਕ ਸੇਵਾਵਾਂ ਲਈ ਸਨਮਾਨਤ ਕੀਤਾ। 1989 ਨਵੰਬਰ ਭਾਈ ਵੀਰ ਸਿੰਘ ਐਵਾਰਡ ਪੀ.ਐਸ ਸ਼ਰਮਾ ਵੱਲੋਂ ਪੇਸ਼ ਕੀਤਾ ਗਿਆ। ਮਾਰਚ 1990 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਜੋਸ਼ ਨੂੰ ਨਾਨ ਆਫੀਸ਼ੀਅਲ ਅੰਬੈਸਡਰ ਆਫ ਕੀਨੀਆ ਦਾ ਖ਼ਿਤਾਬ ਦਿੱਤਾ।

ਇਸੇ ਸਾਲ ਇੰਡੋ-ਕਤਰ ਉਰਦੂ ਮਰਕਜ਼ ਦੋਹਾ ਕਤਰ ਦੇ ਭਾਰਤੀ ਤੇ ਪਾਕਿਸਤਾਨ ਦੇ ਪ੍ਰਵਾਸੀਆਂ ਨੇ ਮਜਰੂਹ ਸੁਲਤਾਨ ਪੁਰੀ ਤੇ ਬਾਤਿਸ਼ ਦਹਿਲਵੀ ਰਾਹੀਂ ਸਨਮਾਨਤ ਕੀਤਾ ਗਿਆ। ਕੈਨੇਡੀਅਨ ਅਲੂਮਨੀ ਆਫ ਵਰਲਡ ਯੂਨੀਵਰਸਿਟੀ ਟੋਰਾਂਟੋ ਕੈਨੇਡਾ ਅਤੇ ਪੰਜਾਬੀ ਕਲਮਾਂ ਦਾ ਕਾਫਲਾ ਟੋਰਾਂਟੋ, ਓਨਟਾਰੀਓ ਕੈਨੇਡਾ ਦੋਹਾਂ ਸੰਸਥਾਵਾਂ ਨੇ ਸਾਹਿਤ ਵਿਚ ਜੋਸ਼ ਦੀ ਵਿਲੱਖਣ ਦੇਣ ਕਰਕੇ ਸਨਮਾਨ ਸਮਾਗਮ ਕਰਵਾਏ। ਅਕਤੂਬਰ 2003 'ਚ ਗੁਰੂ ਰਾਮਦਾਸ ਅਕੈਡਮੀ ਚੰਡੀਗੜ੍ਹ ਨੇ 'ਵਰ੍ਹੇ ਦਾ ਕਵੀ' ਸਨਮਾਨ ਭੇਟ ਕੀਤਾ।

2005, 2007, 2004 ਵਿਚ ਤਿੰਨ ਸਾਲਾਂ ਦੌਰਾਨ ਬਾਇਓਗ੍ਰਾਫੀਕਲ ਇੰਸਟੀਚਿਊਟ ਯੂ.ਐਸ.ਏ ਨੇ ਜੋਸ਼ ਦੀ ਵਿਸ਼ਵ ਸਾਹਿਤ ਦੀ ਦੇਣ ਨੂੰ ਮੁੱਖ ਰੱਖਦਿਆਂ ਸਨਮਾਨ ਭੇਟ ਕੀਤੇ ਅਤੇ ਕਨਟੈਂਪਰੇਰੀ ਹੂ ਇਜ਼ ਹੂ ਆਫ ਪ੍ਰੋਫੈਸ਼ਨਲ ਐਵਾਰਡ ਦੇ ਕੇ ਸਤਿਕਾਰ ਕੀਤਾ। ਗੋਲਡ ਮੈਡਲ ਪ੍ਰਦਾਨ ਕੀਤਾ। ਫਰੈਂਡ ਸਿੱਖ ਫੋਰਮ ਆਫ ਇੰਡੀਆ ਨੇ ਵਧੀਆ ਸਾਹਿਤਕ ਸਰਗਰਮੀਆਂ ਲਈ ਸਨਮਾਨ ਪ੍ਰਮਾਣ ਪੱਤਰ ਦਿੱਤਾ। ਪੰਜਾਬੀ ਅਦਬੀ ਸੰਗਤ ਲੰਡਨ ਯੂ.ਕੇ ਨੇ ਮਾਤ ਭਾਸ਼ਾ ਪੰਜਾਬੀ ਅਤੇ ਉਰਦੂ ਪ੍ਰਤੀ ਸੇਵਾਵਾਂ ਲਈ ਆਦਰ ਦਿੱਤਾ।

ਵਰਲਡ ਯੂਨੀਵਰਸਿਟੀ ਐਰੀਜੋਨਾ ਯੂ.ਐਸ.ਏ ਨੇ ਜੋਸ਼ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਪ੍ਰਦਾਨ ਕਰਦਿਆਂ ਖਾਸ ਤੌਰ 'ਤੇ ਇਸ ਗੱਲ ਦਾ ਉਲੇਖ ਕੀਤਾ ਕਿ ਚਾਰ ਜਮਾਤਾਂ ਤੱਕ ਪੜ੍ਹੇ ਹੋਣ ਕਰਕੇ ਜੋਸ਼ ਮਾਤ ਭਾਸ਼ਾ ਸ਼ਾਹਮੁਖੀ ਅੱਖਰਾਂ ਵਿਚ ਲਿਖਦੇ ਹਨ, ਪਰ ਉਹ ਆਪਣੀਆਂ ਭਾਸ਼ਾਵਾਂ ਪ੍ਰਤੀ ਖੋਜ ਤੇ ਸੇਵਾਵਾਂ ਪ੍ਰਤੀ ਇਹ ਡਿਗਰੀ ਪ੍ਰਾਪਤ ਕਰਨ ਵਿਚ ਸਫ਼ਲ ਰਹੇ ਹਨ। ਇਥੇ ਇਹ ਗੱਲ ਲਿਖਣੀ ਵੀ ਕੁਥਾਂ ਨਹੀਂ ਹੋਵੇਗੀ ਕਿ ਜੋਸ਼ ਨੇ ਇਹ ਆਦਰ ਤੇ ਸਨਮਾਨ ਹਾਸਲ ਕਰਨ ਲਈ ਕਦੇ ਵੀ ਧੜੇਬੰਦੀ, ਜੋੜ-ਤੋੜ ਜਾਂ ਰਾਜਸੀ ਸਿਫ਼ਾਰਸ਼ਾਂ ਦਾ ਸਹਾਰਾ ਨਹੀਂ ਲਿਆ, ਸਗੋਂ ਉਹ ਇਨ੍ਹਾਂ ਤੋਂ ਕੋਹਾਂ ਦੂਰ ਭੱਜਦੇ ਰਹੇ ਹਨ।

''ਗਰੀਬ ਲੋਕਾਂ ਦੇ ਵਿਸਤ੍ਰਿਤ ਜਨ ਸਮੂਹਾਂ ਨੂੰ ਵੰਗਾਰਨ ਲਈ ਜੋਸ਼ ਵਰਗੇ ਲੋਕ ਕਵੀਆਂ ਦੀ ਲੋੜ ਹੈ। ਜੋਸ਼ ਨੇ ਭਾਵੇਂ ਧਰਮ 'ਤੇ ਲਿਖਿਆ, ਇਨਸਾਨ ਜਾਂ ਭਗਵਾਨ ਤੇ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ। ਇਹ ਕਵਿਤਾ ਲਿਖਦਾ ਨਹੀਂ ਸਗੋਂ ਜਿਉਂਦਾ ਵੀ ਹੈ।'' -ਡਾ: ਗੁਪਾਲ ਸਿੰਘ

ਇਸਤਰੀ ਜ਼ਾਤੀ 'ਤੇ ਹੋ ਰਹੇ ਜ਼ੁਲਮ ਪ੍ਰਤੀ ਲਿਖਦੇ ਹੋਏ ਸੋਹਣ ਸਿੰਘ ਜੋਸ਼-

ਇਹ ਸੀਤਾ ਹੈ, ਐਸੀ ਸੀਤਾ, ਮੂੰਹ ਜਿਨ ਆਪਣਾ ਸੀਤਾ ਏ, ਨਾ ਜਿਉਂਦੀ ਨਾ ਮੋਈ ਮੋਈਏ, ਜ਼ਹਿਰ ਤੂੰ ਕਿਹੜਾ ਪੀਤਾ ਏ।

ਉਰਦੂ ਰੰਗ ਵਿਚ ਸੋਹਣ ਸਿੰਘ ਜੋਸ਼-

ਹਰ ਰਾਤ ਕੋ ਦੁਲਹਨ ਸਜਤੀ ਹੂੰ, ਹਰ ਸੁਭਾ ਜਨਾਜ਼ਾ ਹੋਤਾ ਹੈ
ਮੇਰੇ ਘੁੰਗਰੂ ਸੋਨੇ ਨਹੀਂ ਦੇਤੇ ਜਬ ਸਾਰਾ ਆਲਮ ਸੋਤਾ ਹੈ।

ਜਿਸ ਕੇ ਭੀ ਹਾਥ ਲਗੀ ਔਰਤ, ਜੀ ਭਰ ਕਰ ਸਤਾਇਆ ਔਰਤ ਕੋ
ਕਾਟੋਂ ਸੇ ਦਾਮਨ ਚਾਕ ਕੀਆ ਫੂਲੋਂ ਸੇ ਸਜਾਇਆ ਔਰਤ ਕੋ।

''ਜੋਸ਼ ਦੀ ਕਵਿਤਾ ਦਾ ਮੀਰੀ ਗੁਣ ਜ਼ਬਾਨ ਦੀ ਸਾਦਗੀ, ਮਾਜੀ ਯੋਤੀ ਤੇ ਬਾ ਮੁਹਾਰਾ ਹੋਣਾ ਹੈ, ਜੋ ਚਾਲੀ ਸਾਲ ਪ੍ਰਦੇਸ ਰਹਿ ਕੇ ਵੀ ਪੰਜਾਬੀ ਬੋਲੀ ਦਾ ਠੁਕ ਤੇ ਮੁਹਾਵਰੇ ਨਹੀਂ ਭੁਲਿਆ।'' - ਅਜਾਇਬ ਕਮਲ

ਬਹੁਤ ਸਾਰੇ ਪੰਜਾਬੀ ਤੇ ਉਰਦੂ ਭਾਸ਼ਾ ਦੇ ਆਲੋਚਕਾਂ ਨੇ ਜੋਸ਼ ਦੀ ਕਵਿਤਾ ਨੂੰ ਪਰਖਿਆ ਅਤੇ ਉਸ 'ਤੇ ਆਪਣੇ ਅਮੁੱਲੇ ਵਿਚਾਰ ਪੇਸ਼ ਕੀਤੇ।

ਜੋਸ਼ ਆਪਣੇ ਸੱਤ ਭੈਣ-ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। 5 ਬੱਚੇ 16 ਪੋਤਰੇ-ਪੋਤਰੀਆਂ, ਦੋਹਤਰੇ-ਦੋਹਤਰੀਆਂ ਪਿੱਛੇ ਛੱਡ ਕੇ 3 ਅਪ੍ਰੈਲ 2012 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਹੀ ਆਪਣੀ ਮੌਤ ਕਿਆਸਦਿਆਂ ਲਿਖਿਆ ਉਰਦੂ ਰੰਗ ਦਾ ਸ਼ੇਅਰ ਲਿਖ ਕੇ ਇਸ ਮਹਾਨ ਕਵੀ ਨੂੰ, ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

ਪੂਰੀ ਨਾ ਹੋ ਮੇਰੇ ਲੀਏ, ਜ਼ਮੀਨ ਕੀ ਚਾਦਰ
ਮੇਰਾ ਕਫਨ ਮੇਰੇ ਲੀਏ ਆਸਮਾਂ ਹੋ ਜਾਏ
ਕੋਈ ਸਾਥ ਨਾ ਚਲੇ ਮੇਰੇ ਸਾਏ ਕੇ ਸਿਵਾ
ਜੋਸ਼ ਕੇ ਸਰ ਨਾ ਕੋਈ ਅਹਿਸਾਂ ਹੋ ਜਾਏ।

Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

ਅਡਵ ਸ ਤ ਬਸਿਕ ਟਰ ਗ ਤਸ ਬਿਖ਼ਸ਼ ਸਵ ਵ ਈ ਸਪਰਕ ਕਰ।

19 Years Road Experience
15 Hours in Class Room & 10 Hours in Car Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780 265 6990



2019 61st St NW, Edmonton, AB, T6L 1M5
Tel: 780 265 6990 Fax: 780 461 6990
Email: elitedriving@hotmail.com, www.elitedrivingschoolltd.ca

# ਦਾ ਹਿਸਟਰੀ ਆਫ ਪੰਜਾਬੀ ਲਿਟਰੇਚਰ

## ਭਾਗ-1, ਮਾਡਰਨ ਪੰਜਾਬੀ ਪੋਇਟਰੀ

**ਲੇਖਕ : ਡਾ. ਤੇਜਵੰਤ ਸਿੰਘ ਗਿੱਲ, ਪੰਨੇ ; 220, ਕੀਮਤ : 250 ਰੁਪਏ, ਪ੍ਰਕਾਸ਼ਕ : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।**


ਡਾ. ਤੇਜਵੰਤ ਸਿੰਘ ਗਿੱਲ




ਸਾਹਿਤ ਦੀ ਇਤਿਹਾਸਕਾਰੀ ਦੇ ਕਈ ਪੱਖ ਤੇ ਅਨੇਕਾਂ ਸਮੱਸਿਆਵਾਂ ਅਥਵਾ ਗੁੰਝਲਾਂ ਹਨ। ਇਸ ਕਰ ਕੇ ਹੀ ਸਾਹਿਤ ਇਤਿਹਾਸ ਦੇ ਲੇਖਕਾਂ ਵੱਲੋਂ ਸਾਹਿਤ ਦਾ ਇਤਿਹਾਸ ਬਿਆਨ ਕਰਨ ਲਈ ਵੱਖ-ਵੱਖ ਵਿਧੀਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਸਾਹਿਤ ਇਤਿਹਾਸ ਦੇ ਚੰਗੇ ਲੇਖਕ ਦੀ ਕੋਸ਼ਿਸ਼ ਇਹੋ ਹੁੰਦੀ ਹੈ ਕਿ ਸਾਹਿਤ ਨੂੰ ਪ੍ਰਭਾਵਵਾਦੀ ਬਿਰਤੀ ਤੋਂ ਮੁਕਤ ਰਹਿ ਕੇ ਵਧੇਰੇ ਵਿਗਿਆਨਕ ਢੰਗ ਨਾਲ ਕਿਸੇ ਲੇਖਕ ਦੇ ਵਾਸਤਵਕ ਯੋਗਦਾਨ ਨੂੰ ਉਸ ਦੇ ਕਾਲ ਖੰਡ ਦੇ ਸੰਦਰਭ ਵਿਚ ਅਤੇ ਸਮੁੱਚੇ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਪੇਸ਼ ਕੀਤਾ ਜਾਵੇ।

ਲੇਖਕ ਦੇ ਯੋਗਦਾਨ ਦਾ ਮੁਲੰਕਣ ਉਸ ਦੀ ਸਾਹਿਤਕ ਦੇਣ ਨੂੰ ਮੁੱਖ ਰੱਖ ਕੇ ਤੇ ਤੁਲਨਾਤਮਕ ਵਿਧੀ ਰਾਹੀਂ ਕਰਨ ਦਾ ਯਤਨ ਕੀਤਾ ਜਾਵੇ। ਹੱਥਲੀ ਪੁਸਤਕ ਵਿਚ ਉਘੇ ਸਾਹਿਤ ਚਿੰਤਕ ਡਾ. ਤੇਜਵੰਤ ਸਿੰਘ ਗਿੱਲ ਨੇ ਇਹੋ ਪਹੁੰਚ ਅਪਣਾਈ ਪ੍ਰਤੀਤ ਹੁੰਦੀ ਹੈ। ਇਤਿਹਾਸਕਾਰੀ ਦੀ ਇਸ ਪਹੁੰਚ ਦਾ ਇਕ ਵਿਸ਼ੇਸ਼ ਲੱਛਣ ਇਹ ਹੁੰਦਾ ਹੈ ਕਿ ਇਸ ਵਿਚ ਮਹਿਜ਼ ਕਾਲ-ਕ੍ਰਮ ਵਿਧੀ ਨੂੰ ਵਧੇਰੇ ਮਹੱਤਵ ਨਹੀਂ ਦਿੱਤਾ ਜਾਂਦਾ ਤੇ ਇਤਿਹਾਸ ਨੂੰ ਕੇਵਲ ਰੇਖਿਕੀ ਰੂਪ ਵਿਚ ਨਹੀਂ ਆਂਕਿਆ ਜਾਂਦਾ ਤੇ ਇਸ ਦਾ ਭਾਵੀ ਸਿੱਟਾ ਇਹ ਨਿਕਲਦਾ ਹੈ ਕਿ ਬਹੁਤ ਸਾਰੀਆਂ ਪੂਰਬਲੀਆਂ ਮਿੱਥਾਂ ਟੁੱਟ ਜਾਂਦੀਆਂ ਹਨ, ਅਰਥਾਤ ਨਵੀਆਂ ਧਾਰਨਾਵਾਂ ਦੇ ਵਿਗਾਸ ਲਈ ਮਾਹੌਲ ਪੈਦਾ ਹੋ ਜਾਂਦਾ ਹੈ।

ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਡਾ. ਤੇਜਵੰਤ ਸਿੰਘ ਗਿੱਲ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਉਦਭਵ ਤੋਂ ਆਰੰਭ ਕੀਤਾ ਹੈ। ਜ਼ਾਹਿਰ ਹੈ ਕਿ ਕਾਲ-ਕ੍ਰਮ ਸਹਿਜ ਰੂਪ ਵਿਚ ਇਸ ਇਤਿਹਾਸ ਦਾ ਭਾਗ ਬਣ ਗਿਆ ਹੈ, ਇਸ ਤੋਂ ਮਗਰੋਂ ਇਤਿਹਾਸਕਾਰ ਦਾ ਧਿਆਨ ਸਮੇਂ-ਸਮੇਂ ਉਭਰਦੇ ਵੱਖ-ਵੱਖ ਕਾਵਿਕ ਰੁਝਾਨਾਂ ਉਪਰ ਕੇਂਦਰਿਤ ਹੋ ਜਾਂਦਾ ਹੈ ਤੇ ਉਹ ਅਧਿਆਏ-ਵਾਰ ਇਨ੍ਹਾਂ ਰੁਝਾਨਾਂ ਦਾ ਭਰਪੂਰ ਬਿਓਰਾ ਹੀ ਪੇਸ਼ ਨਹੀਂ ਕਰਦਾ, ਸਗੋਂ ਇਨ੍ਹਾਂ ਦਾ ਵਿਸਤ੍ਰਿਤ ਵਿਸ਼ਲੇਸ਼ਣ ਵੀ ਕਰਦਾ ਹੈ ਤੇ ਵਿਸ਼ੇਸ਼ ਕਾਲ-ਖੰਡ ਵਿਚ ਉਭਰੇ ਵਿਸ਼ੇਸ਼ ਰੁਝਾਨਾਂ ਦੇ ਚਰਚਿਤ ਕਵੀਆਂ ਦੇ ਨਾਲ-ਨਾਲ ਉਨ੍ਹਾਂ ਕਵੀਆਂ ਦੀ ਦੇਣ ਨੂੰ ਵੀ ਅਗਰਭੂਮੀ 'ਤੇ ਲਿਆਉਂਦਾ ਹੈ, ਜਿਨ੍ਹਾਂ ਨੂੰ ਸਾਡੀ ਪੱਖਪਾਤੀ ਤੇ ਪੇਤਲੀ ਇਤਿਹਾਸਕ ਸੂਝ ਨੇ 'ਭੁੱਲੇ ਵਿਸਰੇ ਕਵੀਆਂ' ਦਾ ਦਰਜਾ ਪ੍ਰਦਾਨ ਕੀਤਾ ਹੋਇਆ ਹੈ। ਡਾ. ਤੇਜਵੰਤ ਸਿੰਘ ਗਿੱਲ ਨੇ ਬੀਤੇ ਸੌ ਸਾਲਾਂ ਦੌਰਾਨ ਪੰਜਾਬੀ ਕਾਵਿ ਖੇਤਰ ਵਿਚ ਉਭਰੇ ਕੁੱਲ ਪੰਦਰਾਂ ਰੁਝਾਨਾਂ ਦੀ ਨਿਸ਼ਾਨਦੇਹੀ ਕੀਤੀ ਹੈ, ਇਨ੍ਹਾਂ ਵਿਚੋਂ ਪੰਜ ਦੇਸ਼ ਵੰਡ ਤੋਂ ਪਹਿਲਾਂ ਦੇ ਹਨ ਤੇ ਦਸ ਦੇਸ਼ ਵੰਡ ਤੋਂ ਮਗਰੋਂ ਦੇ। ਇਸ ਦਾ ਅਰਥ ਹੈ ਕਿ ਦੇਸ਼ ਵੰਡ ਤੋਂ ਮਗਰੋਂ ਪੰਜਾਬੀ ਕਵਿਤਾ ਦਾ ਦ੍ਰਿਸ਼ ਤੇਜ਼ੀ ਨਾਲ ਬਦਲਦਾ ਰਿਹਾ ਹੈ। ਇਹ ਸਾਰੇ ਰੁਝਾਨ ਆਪੋ-ਆਪਣੇ ਇਤਿਹਾਸਕ-ਸਭਿਆਚਾਰਕ ਤੇ ਸਮਾਜਿਕ-ਰਾਜਸੀ ਪ੍ਰਭਾਵ ਰੱਖਦੇ

**ਪ੍ਰੋ. ਰਾਕੇਸ਼ ਰਮਨ**

ਹਨ, ਜਿਨ੍ਹਾਂ ਨੂੰ ਡੂੰਘਾ ਅਧਿਐਨ ਵੀ ਵਿਦਵਾਨ ਇਤਿਹਾਸਕਾਰ ਨੇ ਪੁਸਤਕ ਵਿਚ ਪੇਸ਼ ਕੀਤਾ ਹੈ।ਡਾ. ਤੇਜਵੰਤ ਸਿੰਘ ਗਿੱਲ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਦੀ ਅਧਿਆਏ-ਵੰਡ ਸੋਲਾਂ ਖੰਡਾਂ ਵਿਚ ਕੀਤੀ ਹੈ। ਹਰ ਅਧਿਆਏ ਵਿਚ ਵੱਖ-ਵੱਖ ਰੁਝਾਨਾਂ ਨੂੰ ਵਿਭਿੰਨ ਪਸਾਰਾਂ ਤੇ ਵਿਰੋਧ ਜੁੱਟਾਂ ਵਿਚ ਰੱਖ ਕੇ ਨਿਰਖਿਆ-ਪਰਖਿਆ ਗਿਆ ਹੈ। ਹਰ ਰੁਝਾਨ ਦੀ ਕਵਿਤਾ ਵਿਚ ਦਿੱਤੇ ਕਵੀਆਂ ਦੇ ਯੋਗਦਾਨ ਦਾ ਮੁਲੰਕਣ ਸਬੰਧਤ ਕਵੀਆਂ ਦੀ ਕਵਿਤਾ ਦੇ ਕਈ ਸਾਰੇ ਪੱਖਾਂ ਨੂੰ ਮੁੱਖ ਰੱਖ ਕੇ ਤੁਲਨਾਤਮਕ ਵਿਧੀ ਰਾਹੀਂ ਕੀਤਾ ਗਿਆ ਹੈ। ਡਾ. ਗਿੱਲ ਨੇ ਆਧੁਨਿਕ ਪੰਜਾਬੀ ਕਵਿਤਾ ਦਾ ਕੋਈ ਰੁਝਾਨ ਅਣਛੋਹਿਆ ਨਹੀਂ ਛੱਡਿਆ ਤੇ ਵਾਹ ਲਗਦੀ ਹੁਣ ਤੱਕ ਦੀ ਆਧੁਨਿਕ ਪੰਜਾਬੀ ਕਵਿਤਾ ਵਿਚ ਯੋਗਦਾਨ ਪਾਉਣ ਵਾਲੇ ਹਰ ਕਵੀ ਨੂੰ ਇਸ ਪੁਸਤਕ ਵਿਚ ਪ੍ਰਤੀਨਿੱਧਤਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਬਹੁਤ ਸਾਰੇ ਸਮਰਥ ਪਰ ਅਣਗੌਲੇ ਪੰਜਾਬੀ ਕਵੀਆਂ ਲਈ ਤਾਂ ਡਾ. ਤੇਜਵੰਤ ਸਿੰਘ ਗਿੱਲ ਸਾਹਿਤ-ਇਤਿਹਾਸਕਾਰ ਹੋਣ ਦੇ ਨਾਲ-ਨਾਲ ਮੁਨਸਿਫ਼ ਵੀ ਸਾਬਤ ਹੋਏ ਹਨ। ਅਫ਼ਸੋਸ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਕਵੀ (ਮਿਸਾਲ ਵਜੋਂ ਅਵਤਾਰ ਸਿੰਘ ਆਜ਼ਾਦ) ਆਪਣੀ ਕਵਿਤਾ ਨਾਲ ਨਿਆਂ ਹੋਇਆ ਦੇਖਣ ਲਈ ਇਸ ਸਮੇਂ ਇਸ ਦੁਨੀਆ ਵਿਚ ਨਹੀਂ ਹਨ। ਹੱਥਲੀ ਪੁਸਤਕ ਦੀ ਨਿਵੇਕਲੀ ਸਿਫ਼ਤ ਇਹ ਵੀ ਹੈ ਕਿ ਇਸ ਵਿਚ ਪਹਿਲਾਂ ਲਿਖੇ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਮਾਤਰ ਥੋੜ੍ਹੇ ਬਹੁਤ ਫਰਕ ਨਾਲ ਦੁਹਰਾਇਆ ਨਹੀਂ ਗਿਆ ਹੈ ਅਤੇ ਨਾ ਹੀ ਆਧੁਨਿਕ ਪੰਜਾਬੀ ਸਾਹਿਤ (ਕਵਿਤਾ) ਦੇ ਦ੍ਰਿਸ਼ ਨੂੰ ਵੱਡਾ ਕਰਕੇ ਦਿਖਾਉਣ ਦਾ ਯਤਨ ਕੀਤਾ ਗਿਆ ਹੈ, ਇਸ ਦੀ ਥਾਂ ਡਾ. ਗਿੱਲ ਦੀ ਕੋਸ਼ਿਸ਼ ਇਹ ਰਹੀ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਦੇ ਅਧੂਰੇ ਦ੍ਰਿਸ਼ ਨੂੰ ਮੁਕੰਮਲ ਕੀਤਾ ਜਾਵੇ।

ਇਸ ਦ੍ਰਿਸ਼ ਵਿਚ ਪੰਜਾਬੀ ਦੇ ਮਹਾਨ ਕਵੀਆਂ ਤੋਂ ਲੈ ਕੇ ਅੱਜ-ਕੱਲ੍ਹ ਕਵਿਤਾ ਲਿਖ ਰਹੇ ਅਸਲੋਂ ਨਵੇਂ ਕਵੀਆਂ ਨੂੰ ਥਾਂ ਮਿਲੀ ਹੈ ਤਾਂ ਸੁਭਾਵਿਕ ਹੈ ਕਿ ਵਰਤਮਾਨ ਅਤੇ ਭਵਿੱਖ ਵਿਚ ਪੰਜਾਬੀ ਕਵੀਆਂ ਲਈ ਵਧੇਰੇ ਉਤਸ਼ਾਹਜਨਕ ਮਾਹੌਲ ਪੈਦਾ ਹੋਣ ਦੀ ਸੰਭਾਵਨਾ ਬਣੀ ਹੈ। ਇਹ ਪੁਸਤਕ ਮੂਲ ਅੰਗਰੇਜ਼ੀ ਵਿਚ ਲਿਖੀ ਗਈ ਹੈ। ਇਸ ਦਾ ਉਲੱਥਾ ਛੇਤੀ ਹੀ ਪੰਜਾਬੀ ਵਿਚ ਵੀ ਕਰਵਾਇਆ ਜਾਣਾ ਚਾਹੀਦਾ ਹੈ ਤਾਂ ਕਿ ਪੰਜਾਬੀ ਪਾਠਕ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਨਵੇਂ ਨਜ਼ਰੀਏ ਤੋਂ ਪੜ੍ਹ-ਸਮਝ ਸਕਣ।

# ਪੰਜਾਬੀ ਚੌਮਾਸਕ 'ਹੁਣ' ਦੇ ਸੱਤ ਸਾਲ


ਗੁਲਜ਼ਾਰ ਸਿੰਘ ਸੰਧੂ




ਮੇਰਾ ਮਿੱਤਰ ਅਵਤਾਰ ਜੰਡਿਆਲਵੀ ਉਨ੍ਹਾਂ ਪੰਜਾਬੀਆਂ ਵਿਚੋਂ ਇਕ ਹੈ, ਜਿਹੜੇ ਅੱਧੀ ਸਦੀ ਪਹਿਲਾਂ ਇੰਗਲੈਂਡ ਜਾਣੇ ਸ਼ੁਰੂ ਹੋਏ ਤੇ ਤਿੰਨ-ਚਾਰ ਦਹਾਕੇ ਸਖ਼ਤ ਮਿਹਨਤ ਰਾਹੀਂ ਪੌਂਡ ਕੁੱਟਣ ਤੋਂ ਪਿੱਛੋਂ ਸਾਹ ਲੈਣ ਦੇ ਯੋਗ ਹੋਏ। ਰਣਜੀਤ ਧੀਰ ਤੇ ਅਜੀਤ ਸਤਭੰਮਰਾ ਉਨ੍ਹਾਂ ਵਿਚੋਂ ਜਾਣੇ-ਪਛਾਣੇ ਹਨ। ਅਵਤਾਰ ਪੰਜਾਬੀ ਕਵੀ ਹੈ। ਕਾਫੀ ਹੱਦ ਤੱਕ ਪ੍ਰਵਾਨ ਵੀ ਚੜ੍ਹਿਆ ਹੈ। ਵੀਹਵੀਂ ਸਦੀ ਦੇ ਡੁੱਬਣ ਤੋਂ ਪਹਿਲਾਂ ਉਸ ਦੇ ਮਨ ਵਿਚ ਵਿਲੱਖਣ ਕਿਸਮ ਦਾ ਪੰਜਾਬੀ ਰਸਾਲਾ ਕੱਢਣ ਦਾ ਭੂਤ ਸਵਾਰ ਹੋ ਗਿਆ। ਉਹ ਜਿਸ ਕਿਸੇ ਨੂੰ ਮਿਲਦਾ, ਇਸ ਵਿਚ ਛਾਪੇ ਜਾਣ ਵਾਲੇ ਵਿਸ਼ਿਆਂ ਤੇ ਕਾਲਮਾਂ ਦੀ ਵਿਉਂਤਬੰਦੀ ਦੀ ਗੱਲ ਕਰਦਾ। ਸੁਣਨ ਵਾਲੇ 'ਹੋਊ ਪਰੇ' ਕਰ ਛੱਡਦੇ। ਬਹੁਤੇ ਏਸ ਲਈ ਕਿ ਇਹ ਵਰ੍ਹੇ ਵਧੀਆ ਤੋਂ ਵਧੀਆ ਰਸਾਲਿਆਂ ਦੀ ਮੌਤ ਦੇ ਸਨ।

ਅੰਗਰੇਜ਼ੀ ਦੀ 'ਇਲਸਟ੍ਰੇਟਡ ਵੀਕਲੀ' ਤੇ 'ਕੈਰਾਵਾਨ', ਪੰਜਾਬੀ ਦੇ 'ਆਰਸੀ' ਤੇ 'ਨਾਗਮਣੀ' ਅਤੇ ਹਿੰਦੀ ਦੇ 'ਧਰਮਯੁਗ' ਤੇ 'ਸਰਿਤਾ' ਮਰ ਚੁੱਕੇ ਸਨ, ਜਾਂ ਮਰਨ ਵਾਲੇ ਸਨ। ਪੰਜਾਬੀ ਰਸਾਲੇ ਨੂੰ ਕਿਸਨੇ ਗੌਲਣਾ ਸੀ, ਕਿੰਨਾ ਵੀ ਨਿਵੇਕਲਾ ਕਿਉਂ ਨਾ ਹੁੰਦਾ। ਅਵਤਾਰ ਜੰਡਿਆਲਵੀ ਟਲਣ ਵਾਲਾ ਨਹੀਂ ਸੀ। ਬੋਝੇ ਵਿਚ ਆਉਂਦੇ ਪੌਂਡ ਉਸ ਨੂੰ ਟਿਕਣ ਨਹੀਂ ਸਨ ਦਿੰਦੇ। ਉਸਨੇ ਚੰਡੀਗੜ੍ਹ ਨਿਵਾਸੀ ਸੁਸ਼ੀਲ ਦੁਸਾਂਝ ਨੂੰ ਆਪਣੇ ਨਾਲ ਗੰਢਿਆ ਤੇ 'ਹੁਣ' ਨਾਂਅ ਦਾ ਪਰਚਾ ਕੱਢ ਲਿਆ। ਰਾਸ਼ਟਰੀ ਤੇ ਅੰਤਰਰਾਸ਼ਟਰੀ ਗੱਲਾਂ ਤੇ ਪੰਜਾਬੀ ਸਾਹਿਤ ਨਾਲ ਖੇਡਾਂ ਖੇਡਣ ਵਾਲਾ ਰਸਾਲਾ। ਮੀਲਾਂ ਲੰਮੀਆਂ ਮੁਲਾਕਾਤਾਂ ਅਤੇ ਤਲਖ, ਤੁਰਸ਼ ਤੇ ਸ਼ੀਰੀ ਟਿੱਪਣੀਆਂ ਨਾਲ ਭਰਪੂਰ। ਕੱਛੂ ਦੀ ਤੋਰੇ ਤੁਰ ਕੇ ਸਹੇ ਨੂੰ ਮਾਤ ਪਾਉਣ ਵਾਲਾ।


ਅਵਤਾਰ ਜੰਡਿਆਲਵੀ

ਹਾਲ ਵਿਚ 'ਹੁਣ' ਦਾ ਅੱਠਵਾਂ ਵਰ੍ਹਾ ਸ਼ੁਰੂ ਹੋਇਆ ਹੈ। ਮਈ-ਅਗਸਤ 2012 ਅੰਕ ਦੀ ਵਿਸ਼ਾ ਸੂਚੀ ਇਸਦੀ ਵਿਲੱਖਣਤਾ ਦਾ ਪ੍ਰਮਾਣ ਹੈ। ਪ੍ਰਸਿੱਧ ਚਿੰਤਕ ਕਾਰਲ ਮਾਰਕਸ ਨਾਲ ਜ਼ਾਹਿਰਾ ਤੇ ਗਾਇਬਾਨਾ ਮੁਲਾਕਾਤਾਂ, ਮਿਰਜ਼ਾ ਗਾਲਿਬ ਨੂੰ ਉਸਦੀ ਚਿੱਠੀ ਤੇ ਮਿਰਜ਼ਾ ਦਾ ਉਸਨੂੰ ਉੱਤਰ, ਮਾਇਕਲਏਂਜਲੋ, ਅਬਦੁਲ ਅਜੀਜ਼ ਖਾਂ ਬੀਨਕਾਰ, ਰਾਬਿੰਦਰ ਨਾਥ ਟੈਗੋਰ ਤੇ ਰੂਸ ਦੀ ਬੁਲਬੁਲ ਲੁਡਮਿਲਾ ਜਾਈਕੀਨਾ ਬਾਰੇ ਲੇਖ ਹੀ ਨਹੀਂ, ਕਾਰਲ ਮਾਰਕਸ ਦੇ ਸਮਿਆਂ ਦੀ ਵਲਾਇਤ ਅਤੇ ਅਜੋਕੀ ਵਲਾਇਤ ਦੇ ਭੱਠਿਆਂ ਬਾਰੇ ਦਿਲਚਸਪ ਜਾਣਕਾਰੀ ਇਸਦਾ ਸ਼ਿੰਗਾਰ ਹੈ। ਸੱਭਿਅਤਾ, ਅਖਾੜੇ, ਰਿਸ਼ਤੇ, ਹਕੀਕਤਾਂ, ਸ਼ਾਇਰੀ ਤੇ ਸ਼ਤਰੰਜ ਸਭ ਕੁਝ ਹੀ। ਲਿਖਣ ਵਾਲੇ ਉਹ ਸਾਰੇ, ਜਿਨ੍ਹਾਂ ਨਾਲ ਪਰਚਾ ਕੱਢਣ ਤੋਂ ਪਹਿਲਾਂ ਸਲਾਹ-ਮਸ਼ਵਰੇ ਹੁੰਦੇ ਰਹੇ ਹਨ। ਉਹ ਹਨ ਹਰਪਾਲ ਸਿੰਘ ਪੰਨੂ, ਸੁਖਦੇਵ ਸਿੱਧੂ, ਬਲਬੀਰ ਸਿੰਘ ਕੰਵਲ, ਪ੍ਰਿੰ. ਸਰਵਣ ਸਿੰਘ, ਹਰਭਜਨ ਸਿੰਘ ਹੁੰਦਲ, ਮਨਮੋਹਨ ਬਾਵਾ ਤੇ ਕਈ ਹੋਰ। ਦੀਪਾਂ, ਸਾਗਰਾਂ ਤੇ ਟਾਪੂਆਂ ਦੇ ਤਾਰੂ। ਰੰਗਾ-ਰੰਗ ਕਾਲਮ, ਮਾਪੇ ਤੋਲੇ ਪੁਸਤਕ ਰੀਵੀਊ ਤੇ ਸਮਤੋਲ ਚਿੱਠੀਆਂ ਰਸਾਲੇ ਨੂੰ ਵਧੀਆ ਬਣਾਉਂਦੀਆਂ ਹਨ। ਪੰਜਾਬੀ ਦਾ ਸੱਜਰਾ ਤੇ ਨਰੋਆ ਸਾਹਿਤ ਝੁੰਗੇ ਵਿਚ।

ਆਪਣੀ ਘਟ ਰਹੀ ਪੜ੍ਹਨ ਦੀ ਇੱਛਾ ਦੇ ਬਾਵਜੂਦ ਮੈਂ ਇਸ ਪਰਚੇ ਦੀ ਓਸੇ ਤਰ੍ਹਾਂ ਉਡੀਕ ਕਰਦਾ ਹਾਂ ਜਿਵੇਂ 50 ਸਾਲ ਪਹਿਲਾਂ ਉਰਦੂ ਦੇ 'ਨਕੂਸ਼', 'ਫਨਕਾਰ' ਤੇ 'ਅਦਬੀ ਦੁਨੀਆਂ' ਜਾਂ ਪੰਜਾਬੀ ਦੀ 'ਪ੍ਰੀਤਲੜੀ' ਤੇ 'ਪੰਜ ਦਰਿਆ' ਦੀ। ਅਵਤਾਰ ਜੰਡਿਆਲਵੀ ਦੀ ਸਿਹਤ ਲਈ ਦੁਆਵਾਂ, ਜਿਸਦੀ ਲਗਨ ਤੇ ਸਿਰੜ ਸਦਕਾ ਸੱਤ ਸਮੁੰਦਰਾਂ ਤੇ ਅਨੇਕਾਂ ਨਦੀਆਂ ਦਾ ਖੱਟਾ-ਮਿੱਠਾ ਪ੍ਰਵਾਹ ਕਾਇਮ ਹੈ।

ਇਹ ਵੀ ਉਸ ਦੀ ਦਿੱਬ ਦ੍ਰਿਸ਼ਟੀ, ਪਹੁੰਚ ਅਤੇ ਪਾਠਕਾਂ ਵੱਲੋਂ ਮਿਲੇ ਹੁੰਗਾਰੇ ਦੀ ਦੇਣ ਹੀ ਹੈ ਕਿ ਪੰਜਾਬੀ ਦਾ ਇਹ ਰਸਾਲਾ ਹੁਣ ਵੈੱਬਸਾਈਟ ਉੱਤੇ ਸ਼ਾਹਮੁਖੀ ਅੱਖਰਾਂ ਵਿਚ ਵੀ ਪਾ ਦਿੱਤਾ ਗਿਆ ਹੈ। ਗੁਰਮੁਖੀ ਅੱਖਰਾਂ ਵਿੱਚ ਤਾਂ ਇਸਦੇ ਪੁਰਾਣੇ ਅੰਕ ਵੀ ਪੜ੍ਹੇ ਜਾ ਸਕਦੇ ਹਨ।


Best Truck Wash

Your Mobile Wash Professionals Edmonton & Area

ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।

ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ



We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease



For more info Call:

BIN: (780) 267-9102

CAM: (780) 238-8161

# ਵਿਟਾਮਨਾਂ ਤੇ ਪ੍ਰੋਟੀਨ ਨਾਲ ਭਰਪੂਰ ਸਬਜ਼ੀਆਂ

**ਬਰੋਕਲੀ (ਹਰੀ ਗੋਭੀ)–** ਬਰੋਕਲੀ ਵਿਚ ਖ਼ੂਨ ਦੇ ਵਹਾਅ ਨੂੰ ਸਹੀ ਰੱਖਣ ਵਾਲੇ ਕੈਰੋਟੀਨੋਇਡ, ਲੁਟੇਨ ਹੁੰਦੇ ਹਨ। ਇਹ ਵਿਟਾਮਨ ਕੇ, ਸੀ ਤੇ ਏ ਦਾ ਵਧੀਆ ਸਰੋਤ ਹੁੰਦੀ ਹੈ। ਇਸ ਵਿਚਲੇ ਮੌਜੂਦ ਰੇਸ਼ੇ ਪਾਚਣ ਪ੍ਰਣਾਲੀ ਨੂੰ ਦਰੁਸਤ ਰੱਖਦੇ ਹਨ। ਇਸ ਵਿਚ ਭਰਪੂਰ ਮਾਤਰਾ ਵਿਚ ਫਾਸਫੋਰਸ, ਪੋਟਾਸ਼ੀਅਮ, ਮੈਗਨੀਸੀਅਮ ਤੇ ਵਿਟਾਮਨ ਬੀ–6 ਤੇ ਈ ਹੁੰਦੇ ਹਨ।

**ਪੱਤਾ ਗੋਭੀ–** ਪੱਤਾ ਗੋਭੀ ਵਿਟਾਮਨ ਸੀ ਦਾ ਬਹੁਤ ਵਧੀਆ ਸਰੋਤ ਹੈ। ਇਸ ਵਿਚ ਰੇਸ਼ੇ, ਮੈਗਨੀਜ਼, ਵਿਟਾਮਨ ਬੀ–6, ਪੋਟਾਸ਼ੀਅਮ, ਓਮੇਗਾ–3 ਚਰਬੀ ਵਾਲੇ ਤੱਤ ਹੁੰਦੇ ਹਨ। ਇਹ ਵਿਟਾਮਨ ਬੀ–1, ਵਿਟਾਮਨ ਬੀ–2, ਕੈਲਸ਼ੀਅਮ, ਵਿਟਾਮਨ ਏ, ਤੇ ਪ੍ਰੋਟੀਨ ਦਾ ਵੀ ਚੰਗਾ ਸਰੋਤ ਹੈ।

**ਗਾਜਰ–** ਇਹ ਵਿਟਾਮਨ ਏ ਦਾ ਸਭ ਤੋਂ ਉਤਮ ਸਰੋਤ ਹੈ। ਇਸ ਤੋਂ ਇਲਾਵਾ ਇਸ ਵਿਚ ਵਿਟਾਮਨ ਸੀ, ਵਿਟਾਮਨ ਕੇ, ਰੇਸ਼ੇ ਤੇ ਪੋਟਾਸ਼ੀਅਮ ਦੀ ਵੀ ਚੰਗੀ ਮਾਤਰਾ ਹੁੰਦੀ ਹੈ।

**ਫੁੱਲ ਗੋਭੀ**– ਇਕ ਕੱਪ ਉਬਲੀ ਗੋਭੀ ਵਿਚ ਵਿਟਾਮਨ ਸੀ, ਫੋਲੇਟ ਤੇ ਰੇਸ਼ੇ ਦੀ ਭਰਪੂਰ ਮਾਤਰਾ ਹੁੰਦੀ ਹੈ। ਫੁੱਲ ਗੋਭੀ ਦੀ ਏਨੀ ਹੀ ਮਾਤਰਾ ਵਿਚ ਵਿਟਾਮਨ ਬੀ–5, ਵਿਟਾਮਨ ਬੀ–6, ਮੈਗਨੀਜ਼ ਤੇ ਓਮੇਗਾ–3 ਚਰਬੀ ਵਾਲੇ ਤੱਤ ਹੁੰਦੇ ਹਨ।

**ਸੈਲਰੀ–**ਇਹ ਵਿਟਾਮਨ ਸੀ ਦਾ ਬਹੁਤ ਚੰਗਾ ਸਰੋਤ ਹੈ। ਇਸ ਵਿਚ ਭੋਜਨ ਨੂੰ ਪਚਾਉਣ ਵਾਲੇ ਰੇਸ਼ੇ, ਪੋਟਾਸ਼ੀਅਮ, ਫੋਲੇਟ, ਮੋਲੀਬੈਡੀਨਮ, ਮੈਗਨੀਜ਼ ਤੇ ਵਿਟਾਮਨ ਬੀ–6 ਵੀ ਮੌਜੂਦ ਹੁੰਦੇ ਹਨ। ਸੈਲਰੀ ਕੈਲਸ਼ੀਅਮ, ਵਿਟਾਮਨ ਬੀ–1, ਵਿਟਾਮਨ ਬੀ–2, ਮੈਗਨੀਜ਼, ਵਿਟਾਮਨ ਏ, ਫਾਸਫੋਰਸ ਤੇ ਆਇਰਨ ਦਾ ਬਹੁਤ ਵਧੀਆ ਸਰੋਤ ਹੈ।

**ਬੈਂਗਣ–** ਬੈਂਗਣ ਵਿਚ ਜਲਦੀ ਪਚਣ ਵਾਲੇ ਰੇਸ਼ੇ, ਪੋਟਾਸ਼ੀਅਮ, ਮੈਗਨੀਜ਼, ਕਾਪਰ ਤੇ ਥੀਆਮਿਨ (ਵਿਟਾਮਨ ਬੀ 1) ਹੁੰਦੇ ਹਨ। ਇਹ ਵਿਟਾਮਨ ਬੀ–6, ਫੋਲੇਟ, ਮੈਗਨੀਜ਼ਅਮ ਤੇ ਨਿਆਸਿਨ ਦਾ ਵੀ ਚੰਗਾ ਸਰੋਤ ਹੈ। ਬੈਂਗਣ ਵਿਚ ਨਾਸੂਨਿਨ ਤੇ ਕਲੋਰੋਜੈਨਿਕ ਐਸਿਡ ਵੀ ਹੁੰਦਾ ਹੈ।



ਡਾ. ਬਲਵਿੰਦਰ ਕੌਰ

Certified Diabetic Educator
Pfizer India Ltd., Chandigarh
Mob. No : +91-99158-02886
balwinderdietician77@gmail.com

**ਲਸਣ–** ਲਸਣ ਵਿਚ ਮੈਗਨੀਜ਼ ਭਰਪੂਰ ਮਾਤਰਾ ਵਿਚ ਹੁੰਦਾ ਹੈ। ਇਹ ਵਿਟਾਮਨ ਬੀ–6 ਤੇ ਵਿਟਾਮਨ ਸੀ ਦਾ ਵੀ ਸਰੋਤ ਹੈ। ਇਸ ਤੋਂ ਇਲਾਵਾ ਲਸਣ ਵਿਚ ਪ੍ਰੋਟੀਨ ਤੇ ਥੀਆਮਿਨ (ਵਿਟਾਮਨ ਬੀ–1) ਅਤੇ ਮਿਨਰਲ ਫਾਸਫੋਰਸ, ਸੈਲੀਨੀਅਮ, ਕੈਲਸ਼ੀਅਮ, ਪੋਟਾਸ਼ੀਅਮ, ਆਇਰਨ ਤੇ ਕਾਪਰ ਵੀ ਮੌਜੂਦ ਹੁੰਦੇ ਹਨ।

**ਹਰੀਆਂ ਫਲੀਆਂ–**ਹਰੀਆਂ ਫਲੀਆਂ ਵਿਟਾਮਨ ਸੀ, ਵਿਟਾਮਨ ਕੇ ਤੇ ਮੈਗਨੀਜ਼ ਦੇ ਬਹੁਤ ਹੀ ਚੰਗੀਆਂ ਸਰੋਤ ਹਨ। ਇਸ ਵਿਚ ਵਿਟਾਮਨ ਏ, ਰੇਸ਼ੇ, ਪੋਟਾਸ਼ੀਅਮ, ਫੋਲੇਟ ਤੇ ਆਇਰਨ ਦੇ ਵੀ ਗੁਣ ਹਨ। ਇਸ ਤੋਂ ਇਲਾਵਾ ਮੈਗਨੀਸੀਅਮ, ਥੀਆਮਿਨ, ਰਿਬੋਫਲੈਵਿਨ, ਨਿਆਸਿਨ, ਕਾਪਰ, ਕੈਲਸ਼ੀਅਮ, ਫਾਸਫੋਰਸ, ਪ੍ਰੋਟੀਨ ਤੇ ਓਮੇਗਾ–3 ਚਰਬੀ ਵਾਲੇ ਐਸਿਡਸ ਵੀ ਹੁੰਦੇ ਹਨ।

**ਕੇਲ (ਗੋਭੀ ਦੀ ਇਕ ਕਿਸਮ)–** ਕੇਲ ਵਿਚ ਵਿਟਾਮਨ ਏ, ਵਿਟਾਮਨ ਸੀ ਤੇ ਮੈਗਨੀਜ਼ ਹੁੰਦਾ ਹੈ। ਇਹ ਰੇਸ਼ੇ, ਕਾਪਰ, ਕੈਲਸ਼ੀਅਮ, ਵਿਟਾਮਨ ਬੀ–6 ਤੇ ਪੋਟਾਸ਼ੀਅਮ ਦੇ ਵੀ ਚੰਗੇ ਸਰੋਤ ਹਨ।

**ਮਸ਼ਰੂਮਜ਼–**ਮਸ਼ਰੂਮ ਵਿਚ ਸੈਲੀਨੀਅਮ, ਕਾਪਰ, ਪੋਟਾਸ਼ੀਅਮ, ਫਾਸਫੋਰਸ ਤੇ ਜ਼ਿੰਕ ਸਮੇਤ ਕਈ ਖਣਿਜ ਹੁੰਦੇ ਹਨ। ਇਸ ਵਿਚ ਵਿਟਾਮਨ ਬੀ–2, ਪੈਂਟੋਥੈਨਿਕ ਐਸਿਡ ਤੇ ਨਿਆਸਿਨ ਸਮੇਤ ਵਿਟਾਮਨ ਬੀ ਦੀ ਭਰਪੂਰ ਮਾਤਰਾ ਹੁੰਦੀ ਹੈ। ਇਸ ਤੋਂ ਇਲਾਵਾ ਕਰੈਮਿਨੀ ਮਸ਼ਰੂਮਜ਼ ਵਿਟਾਮਨ ਬੀ–1, ਵਿਟਾਮਨ ਬੀ–6, ਜ਼ਿੰਕ, ਮੈਗਨੀਜ਼ ਤੇ ਪ੍ਰੋਟੀਨ ਦੀਆਂ ਚੰਗੀਆਂ ਸਰੋਤ ਹਨ।

**ਸਾਗ–**ਸਾਗ ਵਿਚ ਵਿਟਾਮਨ ਏ, ਵਿਟਾਮਨ ਸੀ, ਫੋਲੇਟ ਤੇ ਵਿਟਾਮਨ ਈ ਸਮੇਤ ਕਈ ਵਿਟਾਮਨ ਹੁੰਦੇ ਹਨ। ਇਹ ਖਣਿਜ ਮੈਗਨੀਜ਼ ਦਾ ਉਤਮ ਸਰੋਤ ਹੈ। ਇਸ ਤੋਂ ਇਲਾਵਾ ਸਾਗ ਵਧੇਰੇ ਪਾਚਣਯੋਗ ਹੁੰਦਾ ਹੈ।

**ਜੈਤੂਨ–**ਜੈਤੂਨ ਵਿਚ ਬਿਨਾਂ ਤੇਲ ਵਾਲੀ ਚਰਬੀ ਤੇ ਆਇਰਨ, ਵਿਟਾਮਨ ਈ, ਕਾਪਰ ਤੇ ਰੇਸ਼ਿਆਂ ਦੇ ਗੁਣ ਹੁੰਦੇ ਹਨ।

**ਪਿਆਜ਼–**ਪਿਆਜ਼ਾਂ ਵਿਚ ਵਿਟਾਮਨ ਸੀ, ਕਰੋਮੀਅਮ ਤੇ ਰੇਸ਼ੇ ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਮੈਗਨੀਜ਼, ਮੋਲੀਬਡੈਨਮ, ਵਿਟਾਮਨ ਬੀ 6, ਫੋਲੇਟ, ਪੋਟਾਸ਼ੀਅਮ, ਫਾਸਫੋਰਸ ਤੇ ਕਾਪਰ ਦੇ ਚੰਗੇ ਸਰੋਤ ਹੁੰਦੇ ਹਨ।

**ਆਲੂ–**ਆਲੂਆਂ ਵਿਚ ਵਿਟਾਮਨ ਸੀ ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਵਿਟਾਮਨ ਬੀ–6, ਕਾਪਰ, ਪੋਟਾਸ਼ੀਅਮ, ਮੈਗਨੀਜ਼ ਤੇ ਰੇਸ਼ਿਆਂ ਦੇ ਵੀ ਚੰਗੇ ਸਰੋਤ ਹੁੰਦੇ ਹਨ।

**ਪਾਲਕ–**ਪਾਲਕ ਵਿਚ ਵਿਟਾਮਨ ਕੇ, ਵਿਟਾਮਨ ਏ, ਮੈਗਨੀਜ਼, ਫੋਲੇਟ, ਮੈਗਨੀਸੀਅਮ, ਆਇਰਨ, ਵਿਟਾਮਨ ਸੀ, ਵਿਟਾਮਨ ਬੀ–2, ਕੈਲਸ਼ੀਅਮ, ਪੋਟਾਸ਼ੀਅਮ ਤੇ ਵਿਟਾਮਨ ਬੀ–6 ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਪਾਚਣਸ਼ੀਲ ਰੇਸ਼ਿਆਂ, ਕਾਪਰ, ਪ੍ਰੋਟੀਨ, ਫਾਸਫੋਰਸ, ਜ਼ਿੰਕ ਤੇ ਵਿਟਾਮਨ ਈ ਦੀ ਚੰਗੀ ਸਰੋਤ ਹੈ। ਇਸ ਤੋਂ ਇਲਾਵਾ ਇਸ ਵਿਚ ਓਮੇਗਾ–3 ਚਰਬੀ ਐਸਿਡਸ ਤੇ ਨਿਆਸਿਨ ਤੇ ਸੈਲੀਨੀਅਮ ਦੇ ਵੀ ਗੁਣ ਹਨ।

**ਸ਼ਕਰਕੰਦੀ–**ਇਸ ਵਿਚ ਵਿਟਾਮਨ ਏ ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਵਿਟਾਮਨ ਸੀ ਤੇ ਮੈਗਨੀਜ਼ ਦੇ ਚੰਗੇ ਸਰੋਤ ਹਨ। ਇਸ ਵਿਚ ਕਾਪਰ, ਪਾਚਣਸ਼ੀਲ ਰੇਸ਼ੇ, ਵਿਟਾਮਨ ਬੀ–6, ਪੋਟਾਸ਼ੀਅਮ ਤੇ ਆਇਰਨ ਦੇ ਵੀ ਗੁਣ ਹਨ।

**ਟਮਾਟਰ–**ਟਮਾਟਰਾਂ ਵਿਚ ਵਿਟਾਮਨ ਸੀ, ਵਿਟਾਮਨ ਏ ਤੇ ਵਿਟਾਮਨ ਕੇ ਦੀ ਭਰਪੂਰ ਮਾਤਰਾ ਹੈ। ਇਹ ਮੋਲੀਬਡੈਨਮ, ਪੋਟਾਸ਼ੀਅਮ, ਮੈਗਨੀਜ਼, ਪਾਚਣਸ਼ੀਲ ਰੇਸ਼ੇ, ਕਰੋਮੀਅਮ ਤੇ ਵਿਟਾਮਨ ਬੀ–1 ਦੇ ਚੰਗੇ ਸਰੋਤ ਹਨ। ਇਸ ਤੋਂ ਇਲਾਵਾ ਇਨ੍ਹਾਂ ਵਿਚ ਵਿਟਾਮਨ ਬੀ–6, ਫੋਲੇਟ, ਕਾਪਰ, ਨਿਆਸਿਨ, ਵਿਟਾਮਨ ਬੀ–2, ਮੈਗਨੀਜ਼, ਆਇਰਨ, ਪੈਂਟੋਥੈਨਿਕ ਐਸਿਡ, ਫਾਸਫੋਰਸ, ਵਿਟਾਮਨ ਈ ਤੇ ਪ੍ਰੋਟੀਨ ਸ਼ਾਮਲ ਹਨ।

**ਹਰੇ ਸ਼ਲਗਮ–** ਇਨ੍ਹਾਂ ਵਿਚ ਵਿਟਾਮਨ ਏ, ਵਿਟਾਮਨ ਸੀ, ਵਿਟਾਮਨ ਈ, ਵਿਟਾਮਨ ਬੀ–6 ਤੇ ਫੋਲੇਟ ਸਮੇਤ ਕਈ ਵਿਟਾਮਨ ਹੁੰਦੇ ਹਨ। ਇਹ ਖਣਿਜ ਕੈਲਸ਼ੀਅਮ, ਕਾਪਰ ਤੇ ਮੈਗਨੀਜ਼ ਦੇ ਵੀ ਚੰਗੇ ਸਰੋਤ ਹਨ। ਇਸ ਤੋਂ ਇਲਾਵਾ ਇਨ੍ਹਾਂ ਵਿਚ ਪਚਾਉਣ ਵਾਲੇ ਰੇਸ਼ੇ ਹੁੰਦੇ ਹਨ।

**ਅਰਬੀ–**ਇਸ ਵਿਚ ਪਾਚਣਸ਼ੀਲ ਰੇਸ਼ਿਆਂ, ਪੋਟਾਸ਼ੀਅਮ, ਵਿਟਾਮਨ ਸੀ, ਮੈਗਨੀਜ਼ ਤੇ ਵਿਟਾਮਨ ਬੀ–6 ਦੀ ਭਰਪੂਰ ਮਾਤਰਾ ਹੁੰਦੀ ਹੈ।






# ਪਰਿਵਾਰਕ ਦੇਖਭਾਲ ਕਲੀਨਿਕਾਂ ਦੀ ਲੋੜ ਕਿਉਂ?

ਡਾ. ਡੇਵਿਡ ਸਵੈਨ

ਪ੍ਰੀਮੀਅਰ ਰੈਡਫੋਰਡ ਆਪਣੇ ਮਹਿੰਗੇ ਤੇ ਖਰਚੀਲੇ ਪਰਿਵਾਰਕ ਦੇਖਭਾਲ ਕਲੀਨਿਕਸ (ਐਫ.ਸੀ.ਸੀ.) ਦੀ ਨਵੀਂ ਸਕੀਮ ਨਾਲ ਮੌਜੂਦਾ ਪ੍ਰਾਇਮਰੀ ਕੇਅਰ ਨੈਟਵਰਕਸ (ਪੀ.ਸੀ.ਐਨ.) ਨੂੰ ਬਦਲਣ ਲਈ ਕਿਉਂ ਐਨੇ ਯਤਨਸ਼ੀਲ ਹਨ? ਸਾਡੀ ਸਿਹਤ ਸਬੰਧੀ ਪ੍ਰਣਾਲੀ ਨਾਲ ਇਹੋ ਜਿਹਾ ਖਿਲਵਾੜ 2008 'ਚ ਵੀ ਹੋਇਆ ਸੀ, ਜਦੋਂ ਇਕਲੇ ਸਿਹਤ ਬੋਰਡ 'ਚ ਰਲਣ ਨਾਲ ਹੈਰਾਨੀਜਨਕ ਪਾੜ ਪੈ ਗਿਆ ਸੀ। ਅੱਠ ਸਾਲ ਪਹਿਲਾਂ ਉਸ ਦੇ ਆਰੰਭ ਤੋਂ ਬਾਅਦ ਪੀ.ਸੀ.ਐਨ. ਨੇ ਅਲਬਰਟਾ 'ਚ ਸੁਧਰੀਆਂ ਹੋਈਆਂ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਸਨ। ਇਹ ਸੇਵਾਵਾਂ ਹੁਣ ਦੀਆਂ ਸਿਹਤ ਸੇਵਾਵਾਂ ਦੇ ਮੁਕਾਬਲੇ ਸਸਤੀਆਂ ਅਤੇ ਬੇਹਤਰੀਨ ਸਨ। ਮੈਨੂੰ ਇਹ ਲਗੱਦਾ ਹੈ ਕਿ ਸਿਹਤ ਸੇਵਾਵਾਂ ਦੀ ਇਹ ਵਿਲੱਖਣ ਸਫ਼ਲਤਾ ਹੈ, ਜਿਸ ਨੂੰ ਅੱਗੇ ਤੋਰਿਆ ਜਾਣਾ ਲਾਹੇਵੰਦ ਹੈ। ਇਸ ਦੇ ਉਲਟ ਪ੍ਰੀਮੀਅਰ ਆਪਣੇ ਫੈਮਿਲੀ ਕੇਅਰ ਕਲੀਨਿਕਸ 'ਤੇ ਜ਼ਿਆਦਾ ਜ਼ੋਰ ਦੇ ਰਹੇ ਹਨ। ਉਨ੍ਹਾਂ ਨੇ ਐਚ.ਕਿਊ.ਸੀ.ਏ ਦੀ ਉਸ ਚੇਤਾਵਨੀ ਨੂੰ ਛਿੱਕੇ ਟੰਗ ਦਿੱਤਾ, ਜਿਸ 'ਚ ਕਿਹਾ ਗਿਆ ਸੀ ਕਿ ਸਪਸ਼ਟ ਯੋਜਨਾ, ਤਾਰਕਿਕ ਆਧਾਰ ਅਤੇ ਸਲਾਹ ਮਸ਼ਵਰੇ ਤੋਂ ਬਗੈਰ ਕੋਈ ਵੀ ਨਵਾਂ ਫੇਰ ਬਦਲ ਨਹੀਂ ਕੀਤਾ ਜਾਣਾ ਚਾਹੀਦਾ। ਇਸ ਸਰਕਾਰ ਨੇ ਇਕ ਵਾਰ ਮੁੜ ਤੋਂ ਸਾਡੇ ਸਿਹਤ ਸੇਵਾਵਾਂ ਸਬੰਧੀ ਮਾਹਰਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ।

140 ਨਵੇਂ ਕਲੀਨਿਕ ਸਥਾਪਤ ਕਰਨ ਦੀ ਯੋਜਨਾ 'ਚ ਇਕ ਹੋਰ ਵੱਡੀ ਖ਼ਾਮੀ ਇਹ ਹੈ ਕਿ ਤਿੰਨ ਮਾਰਗ ਦਰਸ਼ਕ ਐਫ.ਸੀ.ਸੀ. ਹਾਲ ਹੀ ਵਿਚ ਸ਼ੁਰੂ ਹੋਏ ਹਨ। ਸਾਡੇ ਕੋਲ ਕੋਈ ਅਰਥਪੂਰਨ ਹਿਸਾਬ ਕਿਤਾਬ ਨਹੀਂ ਹੈ, ਬੱਸ ਐਨੀ ਹੀ ਜਾਣਕਾਰੀ ਹੈ ਕਿ ਇਸ ਨਾਲ ਪ੍ਰਤੀ ਮਰੀਜ਼ ਮਹਿੰਗਾ ਇਲਾਜ਼ ਹੋਏਗਾ।

ਦੂਜੇ ਪਾਸੇ ਪ੍ਰੀਮੀਅਰ ਦਾ ਦਾਅਵਾ ਹੈ ਕਿ ਐਫ.ਸੀ.ਸੀ 'ਚ ਤਬਦੀਲੀ ਨਾਲ ਹੋਰਨਾਂ ਸਿਹਤ ਸੇਵਾਵਾਂ ਦੇਣ ਵਾਲਿਆਂ ਨੂੰ ਟ੍ਰੇਨਿੰਗ ਦੇ ਪੂਰੇ–ਪੂਰੇ ਮੌਕਿਆਂ ਲਈ ਹੱਲਾਸ਼ੇਰੀ ਮਿਲੇਗੀ। ਮੌਜੂਦਾ ਪ੍ਰਣਾਲੀ ਦਾ ਇਕ ਹੋਰ ਵੱਡਾ ਸੱਚ ਇਹ ਹੈ ਕਿ ਸ਼ੁਰੂ ਤੋਂ ਹੀ ਮਰੀਜ਼ ਡਾਕਟਰ ਕੋਲ ਜਾਏ ਬਗੈਰ–ਜਦੋਂ ਤੱਕ ਉਨ੍ਹਾਂ ਕੋਲ ਮੁੱਢਲਾ ਸਿਹਤ ਮੁਲਾਂਕਣ ਹੈ, ਉਦੋਂ ਤਕ ਉਹ ਪੀ.ਸੀ.ਐਨ ਦੇ ਹੋਰਨਾਂ ਮਾਹਰਾਂ ਕੋਲ ਇਲਾਜ ਲਈ ਆਉਂਦੇ ਰਹੇ ਹਨ।

ਪ੍ਰੀਮੀਅਰ ਬਿਨਾਂ ਕਿਸੇ ਆਧਾਰ 'ਤੇ ਇਸ ਗੱਲ 'ਤੇ ਜਿਰ੍ਹਾ ਕਰ ਰਹੇ ਹਨ ਕਿ ਮਰੀਜ਼ਾਂ ਵਲੋਂ ਇਲਾਜ ਲਈ ਰਜਿਸਟ੍ਰੇਸ਼ਨ ਕਰਵਾਉਣ ਲਈ ਪੀ.ਸੀ.ਐਨ. ਨੂੰ ਸਾਲਾਨਾ ਤੌਰ 'ਤੇ ਫੀਸ ਮਿਲਦੀ ਹੈ। ਭਾਵੇਂ ਇਹ ਮਰੀਜ਼ ਬਾਅਦ ਵਿਚ ਉਨ੍ਹਾਂ ਕੋਲ ਇਲਾਜ ਕਰਵਾਉਣ ਜਾਂ ਨਾ ਕਰਵਾਉਣ। ਅਸਲ ਗੱਲ ਇਹ ਹੈ ਕਿ ਜੇਕਰ ਉਨ੍ਹਾਂ ਕੋਲ ਮਰੀਜ਼ ਨਹੀਂ ਆਉਂਦੇ ਹਨ ਤਾਂ ਪੀ.ਸੀ.ਐਨ. ਨੂੰ ਪੈਸੇ ਮਿਲਣੇ ਬੰਦ ਹੋ ਜਾਣਗੇ। ਪੀ.ਸੀ.ਐਨ. ਉਨ੍ਹਾਂ ਮਰੀਜ਼ਾਂ ਨੂੰ ਵੀ ਆਪਣੀਆਂ ਸੇਵਾਵਾਂ ਦਿੰਦਾ ਹੈ, ਜਿਨ੍ਹਾਂ ਨੇ ਆਪਣੀ ਰਜਿਸਟ੍ਰੇਸ਼ਨ ਉਨ੍ਹਾਂ ਕੋਲ ਨਹੀਂ ਕਰਵਾਈ ਹੁੰਦੀ ਪਰ ਉਨ੍ਹਾਂ ਕੋਲ ਕਿਤੇ ਹੋਰ ਜਾਣ ਦੀ ਸਮਰਥਾ ਨਹੀਂ ਹੁੰਦੀ। ਅੱਠ ਸਾਲਾਂ ਬਾਅਦ ਹੁਣ ਨਵੇਂ ਫੰਡਾਂ ਨਾਲ ਪੀ.ਸੀ.ਐਨ. ਅਹਿਮ ਮੁਕਾਮ 'ਤੇ ਪਹੁੰਚ ਗਿਆ ਹੈ। ਪ੍ਰੀਮੀਅਰ ਇਕ ਵਾਰ ਮੁੜ ਤੋਂ ਵਿਸਥਾਰਤ ਸੰਕੇਤਕ ਸੂਖ਼ਮ ਸੰਚਾਲਨ ਸਬੰਧੀ ਕਿਸੇ ਜਾਣਕਾਰੀ, ਸਲਾਹ–ਮਸ਼ਵਰੇ ਅਤੇ ਸੂਝ ਦੇ ਬਗੈਰ ਹੀ ਇਸ ਗੁੰਝਲਦਾਰ ਅਤੇ ਵਿਗਿਆਨਿਕ ਕੇਅਰ ਸਿਸਟਮ 'ਚ ਦਖ਼ਲ ਦੇ ਰਹੀ ਹੈ ਅਤੇ ਜਿਸ ਨਾਲ ਅਲਬਰਟਾ ਸਿਹਤ ਸੇਵਾਵਾਂ ਸਬੰਧੀ ਬੋਰਡ ਦੇ ਕਿਰਦਾਰ 'ਤੇ ਅਸਰ ਪੈ ਰਿਹਾ ਹੈ। ਜੇਕਰ ਪ੍ਰੀਮੀਅਰ ਅਤੇ ਸਿਹਤ ਸਬੰਧੀ ਮੰਤਰੀ ਸਾਡੀ ਸਿਹਤ ਪ੍ਰਣਾਲੀ 'ਚ ਕੁਝ ਸੁਧਾਰ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਿਆਸੀ ਦਖ਼ਲਅੰਦਾਜ਼ੀ ਬੰਦ ਕਰਨੀ ਚਾਹੀਦੀ ਹੈ ਅਤੇ ਸਿਹਤ ਸਬੰਧੀ ਮਾਹਰਾਂ ਨਾਲ ਵਿਸ਼ਵਾਸ ਅਤੇ ਕੰਮਕਾਜੀ ਸਬੰਧਾਂ ਨੂੰ ਮੁੜ ਤੋਂ ਸਥਾਪਤ ਕਰਨਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੂੰ ਹੇਠਾਂ ਦੱਸੀਆਂ ਤਿੰਨ ਚੀਜ਼ਾਂ 'ਤੇ ਅਮਲ ਕਰਨਾ ਚਾਹੀਦਾ ਹੈ:

- ਅਗਲੇ ਪੰਜ ਸਾਲਾਂ ਦੀ ਪ੍ਰਾਇਮਰੀ ਕੇਅਰ 'ਚ ਸੁਧਾਰ ਅਤੇ ਉਸ ਦੇ ਵਿਕਾਸ ਅਤੇ ਨਾਲ ਹੀ ਤਿੰਨ ਨਵੇਂ ਉਭਰ ਰਹੇ ਐਫ.ਸੀ.ਸੀ. ਦੇ ਢਾਂਚੇ ਦੀ ਪੜਚੋਲ ਨੂੰ ਦੇਖਣ ਲਈ ਸੁਤੰਤਰ ਸਲਾਹਕਾਰ ਕਮੇਟੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ।
- ਨਵੇਂ ਕਲੀਨਿਕਾਂ ਦੇ ਅਰੰਭ ਹੋਣ ਤੋਂ ਪਹਿਲਾਂ, ਭਾਵੇਂ ਕਿ ਇਹ ਵਿਘਨਕਾਰੀ ਅਤੇ ਘਾਤਕ ਹਨ, ਦੋਨਾਂ ਦੀਆਂ ਮੌਜੂਦਾ ਵਿੱਤੀ ਯੋਜਨਾਵਾਂ ਅਤੇ ਐਫ.ਸੀ.ਸੀ. ਦੀ ਲਾਗਤ ਪ੍ਰਭਾਵਕਤਾ ਦਾ ਮੁਲਾਂਕਣ ਕੀਤਾ ਜਾਵੇ।
- ਪੀ.ਸੀ.ਐਨ. ਦੇ ਪੂਰਕ ਵਜੋਂ ਇਨ੍ਹਾਂ ਮੌਜੂਦਾ ਵਿਕਾਸ ਅਧੀਨ ਤਿੰਨ ਐਫ.ਸੀ.ਸੀ. ਨੂੰ ਅੱਗੇ ਤੋਰਿਆ ਜਾਣਾ ਚਾਹੀਦਾ ਹੈ ਅਤੇ ਦੋਨਾਂ ਦੀ ਪਹੁੰਚ, ਮਿਆਰ ਅਤੇ ਕੰਮਾਂ ਦੇ ਨਤੀਜਿਆਂ ਦੀ ਲਾਗਤ ਦੀ ਪੜਚੋਲ ਕਰਨੀ ਚਾਹੀਦੀ ਹੈ।

ਮਰੀਜ਼ਾਂ ਅਤੇ ਮਾਹਰਾਂ ਨੂੰ ਗੰਭੀਰ, ਤਸਦੀਕਸ਼ੁਦਾ ਫੈਸਲਿਆਂ ਦਾ ਹੱਕ ਹੈ ਜੋ ਕੇ ਮੋਹਰੀਆਂ ਦੀ ਰਾਇ 'ਤੇ ਅਧਾਰਤ ਵਿਸ਼ਵਾਸ ਨੂੰ ਹੋਰ ਪੱਕਿਆਂ ਕਰਦਾ ਹੈ।

# ਭਾਰਤੀਆਂ ਦੇ ਦਿਮਾਗ ਵਿਚ ਠੂਸਿਆ ਜਾ ਰਿਹੈ ਆਈ.ਪੀ.ਐਲ.






ਡਾ. ਤੇਜਿੰਦਰ ਵਿਰਲੀ
+91 94647 97400
virli@rediffmail.com

ਪੰਜਵਾਂ ਆਈ. ਪੀ.ਐਲ.ਆਪਣੀਆਂ ਨਾ ਮਿਟਣ ਵਾਲੀਆਂ ਕੌੜੀਆਂ ਯਾਦ ਨਿਸ਼ਾਨੀਆਂ ਛੱਡਕੇ ਸਮਾਪਤ ਹੋ ਗਿਆ ਹੈ। ਕ੍ਰਿਕਟ ਦੀ ਦੁਨੀਆ ਵਿਚ ਗਵਾਚੇ ਲੋਕਾਂ ਨੂੰ ਹੁਣ ਸ਼ਾਇਦ ਕੁਝ ਵਿਗੋਚਾ ਵੀ ਹੋਵੇ ਕਿ ਇਨ੍ਹਾਂ ਦਿਨਾਂ ਵਿਚ ਉਨ੍ਹਾਂ ਦਾ ਹੋਰ ਕੀ ਰੁਝੇਵਾਂ ਹੋਵੇ। ਮੀਡੀਆ ਨੂੰ ਵੀ ਹੁਣ ਖਬਰਾਂ ਲਈ ਏਧਰ ਓਧਰ ਹੱਥ ਪੈਰ ਮਾਰਨੇ ਪੈਣਗੇ। ਪਰ ਭਾਰਤ ਦਾ ਇਕ ਚਿੰਤਨਸ਼ੀਲ ਵਰਗ ਇਸ ਸਾਰੇ ਵਰਤਾਰੇ ਤੋਂ ਬੇਹੱਦ ਉਦਾਸ ਹੈ ਕਿ ਉਹ ਕਿਸ ਦੌਰ ਵਿਚ ਜੀ ਰਿਹਾ ਹੈ ਤੇ ਕਿਸ ਪਾਸੇ ਵੱਲ ਵੱਧ ਰਿਹਾ ਹੈ। ਪੰਜਵੇ ਆਈ.ਪੀ.ਐਲ. ਦਾ ਆਖਰੀ ਉਤਸਵ ਕੱਲਕੱਤੇ ਦੇ ਈਡਨ ਗਾਰਡਨ ਵਿਚ ਹੋਇਆ ਜਿੱਥੇ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਦੇ ਲੱਖਾਂ ਰੁਪਏ ਇਕ ਨਿੱਜੀ ਕੰਪਨੀ ਦੀ ਜੇਤੂ ਟੀਮ ਉਪਰ ਖਰਚ ਕਰ ਦਿੱਤੇ ਗਏ। ਇਸੇ ਸਮਾਗਮ ਵਿਚ ਖੇਡ ਪ੍ਰੇਮੀਆਂ ਦੇ ਜਨੂੰਨੀ ਹੜ੍ਹ ਨੂੰ ਪੁਲਿਸ ਦੀਆਂ ਡਾਗਾਂ ਦੇ ਨਾਲ ਨਵਾਜਿਆ ਗਿਆ। ਇਸ ਪ੍ਰੋਗਰਾਮ ਦਾ ਅਜੋਯਨ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜ਼ੀ ਕਰ ਰਹੀ ਸੀ, ਜਿਹੜੀ ਚਾਰ ਮਹੀਨੇਂ ਪਹਿਲਾਂ ਰੇਲਵੇ ਟਿਕਟ ਦੇ ਦੋ ਪੈਸੇ ਦੇ ਵਾਧੇ ਦੇ ਖਿਲਾਫ ਆਪਣੇ ਹੀ ਸਾਥੀ ਮੈਂਬਰ ਦੇ ਖਿਲਾਫ ਹੋ ਗਈ ਸੀ। ਇਸ ਨਜ਼ਾਰੇ ਨੂੰ ਮੀਡੀਏ ਰਾਹੀਂ ਸੰਸਾਰ ਭਰ ਵਿਚ ਦੇਖਿਆ ਗਿਆ ਕਿ ਗਰੀਬਾਂ ਦੀ ਅਖੌਤੀ ਹਮਦਰਦ ਗਰੀਬਾਂ ਦੇ ਧਨ ਦਾ ਉਜਾੜਾ ਅਮੀਰਾਂ ਲਈ ਕਿਵੇਂ ਕਰ ਰਹੀ ਹੈ। ਲੋਕਾਂ ਨੂੰ ਪੁਲਿਸ ਦੀ ਕੁੱਟ ਦਾ ਦਰਦ ਤਾਂ ਸ਼ਾਇਦ ਭੁਲ ਜਾਵੇਗਾ ਪਰ ਇਸ ਖੇਡ ਟੂਰਨਾਮੈਂਟ ਦਾ ਸਿਧਾਂਤਕ ਫਲਸਫਾ ਜਿਹੜਾ ਲੋਕਾਂ ਦੇ ਮਨਾਂ ਵਿਚ ਬੜੀ ਹੀ ਚਲਾਕੀ ਦੇ ਨਾਲ ਠੂਸਿਆ ਜਾ ਰਿਹਾ ਹੈ ਉਹ ਦੇਰ ਤੱਕ ਆਪਣਾ ਰੰਗ ਦਿਖਾਉਂਦਾ ਰਹੇਗਾ।

ਭਾਰਤ ਜਿੱਥੇ 83 ਕਰੋੜ ਲੋਕ ਰੋਜ 20 ਰੁਪਏ ਤੋਂ ਘੱਟ ਨਾਲ ਗੁਜ਼ਾਰਾ ਕਰਦੇ ਹੋਣ। ਆਜ਼ਾਦੀ ਦੇ 65 ਸਾਲ ਬੀਤ ਜਾਣ ਬਾਦ ਵੀ ਜਿੱਥੇ ਆਬਾਦੀ ਦੇ ਇਕ ਵੱਡੇ ਹਿੱਸੇ ਨੂੰ ਪੀਣ ਲਈ ਸ਼ੁਧ ਪਾਣੀ ਨਾ ਮਿਲ ਰਿਹਾ ਹੋਵੇ। ਜਿਸ ਦੇਸ਼ ਦੀ ਕੇਵਲ 12ਫੀਸਦੀ ਆਬਾਦੀ ਹੀ ਉਚ ਵਿਦਿਆ ਪ੍ਰਾਪਤ ਕਰਨ ਲਈ ਕਾਲਜਾਂ ਯੁਨੀਵਰਸਿਟੀਆਂ ਵਿਚ ਜਾਂਦੀ ਹੋਵੇ। ਜਿਸ ਦੇਸ਼ ਦੀ ਲੱਗਭਗ ਅੱਧੀ ਆਬਾਦੀ ਬੇ ਇਲਾਜ ਮਰਨ ਲਈ ਮਜਬੂਰ ਹੋਵੇ। ਜਿਸ ਦੇਸ਼ ਵਿਚ ਰੋਟੀ ਦੀ ਖਾਤਰ ਔਰਤਾਂ ਜਿਸਮ ਵੇਚਣ ਲਈ ਮਜਬੂਰ ਹੋਣ। ਉਸ ਦੇਸ਼ ਵਿਚ ਜੇ ਕਰ ਆਈ.ਪੀ.ਐਲ. ਵਰਗਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਜਾਂਦਾ ਹੋਵੇ, ਜਿਸ ਵਿਚ ਕਰੋੜਾਂ ਰੁਪਏ ਦੀ ਬੋਲੀ 'ਤੇ ਖਿਡਾਰੀ ਵਿਕਦੇ ਹੋਣ ਤਾਂ ਇਕ ਇਕ ਰਨ ਉਪਰ ਲੱਗਦੇ ਲੱਖਾਂ ਦੇ ਸੱਟੇ ਦੇ ਸਿਧਾਤਕ ਫਲਸਫੇ ਨੂੰ ਸਮਝਣਾ ਸਮੇਂ ਦੀ ਲੋੜ ਵੀ ਬਣ ਜਾਂਦਾ ਹੈ।

ਇਕ ਅਰਬ ਤੋਂ ਵੱਧ ਆਬਾਦੀ ਵਾਲੇ ਇਸ ਦੇਸ਼ ਅੰਦਰ ਹੋਏ ਇਸ ਕ੍ਰਿਕਟ ਟੂਰਨਾਂਮੈਂਟ ਨੂੰ ਸੰਸਾਰ ਭਰ ਦੇ ਵੱਖ ਵੱਖ ਕੋਨਿਆਂ ਵਿਚ ਦੇਖਿਆ ਗਿਆ। 16 ਕਰੋੜ ਲੋਕਾਂ ਨੇ ਇਸ ਨੂੰ ਟੀ ਵੀ ਚੈਨਲਾਂ ਰਾਹੀਂ ਦੇਖਿਆ। 10 ਕਰੋੜ ਲੋਕਾਂ ਨੇ ਇੰਟਰਨੈੱਟ ਉਪਰ ਦੇਖਿਆ। 20 ਲੱਖ ਤੋਂ ਵੱਧ ਲੋਕਾਂ ਨੇ ਇਸ ਟੂਰਨੰਮੈਂਟ ਨੂੰ ਸਟੇਡੀਅਮ ਵਿਚ ਬੈਠ ਕੇ ਦੇਖਿਆ। ਜਿਸ ਤੋਂ ਇਸ ਟੂਰਨਾਮੈਂਟ ਦੇ ਪ੍ਰਬੰਧਕਾਂ ਨੂੰ 200 ਕਰੋੜ ਤੋਂ ਵੱਧ ਦੀ ਆਮਦਨ ਹੋਈ। ਜੇ ਦੇਖਿਆ ਜਾਵੇ ਤਾਂ ਭਾਰਤ ਵਿਚ ਇਸ ਦੇ ਦੀਵਾਨਿਆਂ ਦੀ ਗਿਣਤੀ 20 ਫੀਸਦੀ ਤੋਂ ਵੱਧ ਨਹੀਂ ਬਣਦੀ। ਜਿਸ ਨੂੰ ਭਾਰਤੀ ਮੀਡੀਆ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ ਕਿ ਕ੍ਰਿਕਟ ਦੇ ਇਸ ਮਹਾਂ ਕੁਭ ਵਿਚ ਸਾਰਾ ਭਾਰਤ ਹੀ ਡੁੱਬਕੀਆਂ ਲਾ ਰਿਹਾ ਹੈ। ਹਾਂ ਭਾਰਤ ਦਾ ਰਾਜਸੀ ਤੰਤਰ ਚਾਹੁੰਦਾ ਇਹ ਹੀ ਹੈ ਕਿ ਸਾਰੇ ਭਾਰਤ ਵਾਸੀ ਆਪਣੇ ਫਿਕਰਾਂ ਤੋਂ ਨਿਜਾਤ ਪਾਉਣ ਲਈ ਧੋਨੀ ਦੀਆਂ ਦੌੜਾਂ ਦੀ ਗਿਣਤੀ ਕਰਨ ਤੇ ਤੰਦੂਲਕਰ ਨੇ ਕਿੰਨੀਆਂ ਸੈਂਚਰੀਆਂ ਮਾਰ ਲਈਆਂ ਹਨ ਉਸ ਵਿਚ ਵਿਅਸਤ ਹੋ ਜਾਣ। ਕੰਪਨੀਆਂ ਦਾ ਵੀ ਇਸੇ ਵਿਚ ਫਾਇਦਾ ਹੈ ਕਿ ਉਹ ਇਨ੍ਹਾਂ ਅਖੌਤੀ ਲੋਕ ਨਾਇਕਾਂ ਪਾਸੋਂ ਆਪਣੇ ਪ੍ਰੋਡਕਟ ਦੀ ਐਡਵਰਟਾਈਜ਼ ਕਰਵਾਉਣ ਤੇ ਲੋਕਾਂ ਵਿਚ ਆਪਣੇ ਉਤਪਾਦ ਵੇਚਣ। ਇਸ ਲਈ ਇਹ ਟੂਰਨਾਂਮੈਂਟ ਚਲਦਾ ਹੀ ਰਹੇਗਾ ਭਾਂਵੇਂ ਮੇਰੇ ਵਰਗੇ ਇਕੱਕਾ ਦੁੱਕਾ ਇਸ ਬਾਰੇ ਕੁਝ ਵੀ ਕਹਿਣ ਤੇ ਕੁਝ ਵੀ ਕਰਨ।

ਆਓ ਆਪਣੀ ਯਾਦ ਸ਼ਕਤੀ ਨੂੰ ਤਾਜ਼ਾ ਕਰੀਏ ਤੇ ਇਸ ਟੂਰਨਾਂਮੈਂਟ ਦੀਆਂ ਕੁਝ ਵੱਡੀਆਂ ਘਟਨਾਵਾਂ ਉਪਰ ਝਾਤੀ ਮਾਰੀਏ ਕਿ ਇਸ ਕ੍ਰਿਕਟ ਟੂਰਨਾਮੈਂਟ ਵਿਚ ਕੀ ਕੀ ਵਾਪਰਿਆ? ਮੁਟਿਆਰ ਕੁੜੀਆਂ ਨੂੰ ਨਚਾਰ ਦੇ ਤੋਰ 'ਤੇ ਪੇਸ਼ ਕਰਨਾਂ ਤਾਂ ਹੁਣ ਸਥਾਪਿਤ ਹੋ ਹੀ ਗਿਆ ਹੈ। ਪਰ ਇਕ ਔਰਤ ਵੱਲੋਂ ਜਿਤ ਦੇ ਸਮੇਂ ਨਿਰਬਸਤਰ ਹੋ ਜਾਣਾ ਭਾਰਤੀਆਂ ਲਈ ਅਜੇ ਨਵੀਂ ਗੱਲ ਸੀ। ਇਸ ਖੇਡ ਨੇ ਇਸ ਧਾਰਨਾ ਨੂੰ ਹੋਰ ਪੱਕਿਆਂ ਕਰ ਦਿੱਤਾ ਹੈ ਕਿ ਪੂੰਜੀਵਾਦੀ ਪ੍ਰਬੰਧ ਲਈ ਔਰਤ ਕੇਵਲ ਮਨੋਰੰਜਨ ਦਾ ਹੀ ਇਕ ਸਾਧਨ ਹੈ। ਹੁਣ ਤਾਂ ਨਸ਼ਾ ਵੀ ਇਸ ਖੇਡ ਦੇ ਨਾਲ ਪੱਕੇ ਤੋਰ 'ਤੇ ਜੁੜਦਾ ਜਾ ਰਿਹਾ ਹੈ। ਮੁਹਾਲੀ ਵਿਚ ਮੈਚ ਜਿੱਤਣ ਦੀ ਖੁਸ਼ੀ ਵਿਚ ਇਕ ਟੀਮ ਨੇ14 ਲੱਖ ਦੀ ਦਾਰੂ ਕੇਵਲ ਟੀਮ ਨੂੰ ਖੁਸ਼ੀ ਵਿਚ ਪਿਲਾਈ। ਸ਼ਰਾਬ ਤੇ ਸ਼ਬਾਬ ਇਸ ਖੇਡ ਦੇ ਨਾਲ ਨਾਲ ਰਹੇ। 15 ਮਈ ਨੂੰ ਅਖਬਾਰਾਂ ਵਿਚ ਪੰਜ ਖਿਡਾਰੀਆਂ ਦੇ ਹੋਏ ਸਟਿੰਗ ਉਪਰੇਸ਼ਨ ਦੀਆਂ ਖਬਰਾਂ ਨੇ ਇਸ ਟੂਰਮਾਂਮੈਂਟ ਦੇ ਖਿਡਾਰੀਆਂ ਦੀ ਖੇਡ ਭਾਵਨਾ ਉਪਰ ਹੀ ਸਵਾਲੀਆ ਨਿਸ਼ਾਨ ਲਗਾ ਦਿੱਤੇ। ਚੈਨਲ ਦੁਆਰਾ ਕੀਤੇ ਸਟਿੰਗ ਅਪਰੇਸ਼ਨ ਵਿਚ ਖਿਡਾਰੀਆਂ ( ਮੋਹਨ ਮਿਸ਼ਰਾ, ਸ਼ੁਲਭ ਸ਼੍ਰੀ ਵਾਸਤਿਵ, ਟੀਪੀ ਸੁਧੀਰ, ਅਮਿਤ ਯਾਦਵ ਤੇ ਅਬਿਨਿਵ ਬਾਲੀ ) ਨੇ ਇਹ ਮੰਨਿਆਂ ਕਿ ਉਨ੍ਹਾਂ ਨੇ ਵਿਰੋਧੀ ਟੀਮ ਨਾਲ ਮਿਲਕੇ ਟੂਰਨਾਮੈਂਟ ਖੇਡਿਆਂ। ਜਿਸ ਵਿਚ ਇਕ ਇਕ ਨੋ ਬਾਲ ਲਈ ਦਸ ਦਸ ਲੱਖ ਤੱਕ ਦੀ ਰਕਮ ਲਈ ਗਈ। ਇਹ ਉਹ ਖੇਡ ਹੈ ਜਿਸ ਵਿਚ ਮਧ ਵਰਗੀ ਘਰਾਂ ਦੇ ਬੱਚੇ ਇਮਤਿਹਾਨ ਦੇ ਦਿਨ੍ਹਾਂ ਵਿਚ ਘਰਦਿਆਂ ਤੋਂ ਚੋਰੀ ਇਕ ਇਕ ਗੇਂਦ ਨੂੰ ਜਿਤ ਹਾਰ ਦੇ ਉਤਸਾਹ ਨਾਲ ਦੇਖਣ ਲਈ ਘੰਟਿਆਂ ਬੱਧੀ ਟੀਵੀ ਵੱਲ ਮੂੰਹ ਕਰਕੇ ਬੈਠੇ ਰਹਿੰਦੇ ਹਨ। ਆਈ. ਪੀ. ਐਲ.ਵਿਚ ਸੰਸਾਰ ਭਰ ਦੇ ਖਿਡਾਰੀਆਂ ਦੀ ਬੋਲੀ ਲਗਦੀ ਹੈ ਤੇ ਅਮੀਰ ਲੋਕ ਇਨ੍ਹਾਂ ਨੂੰ ਵੱਧ ਤੋਂ ਵੱਧ ਬੋਲੀ ਲਾਕੇ ਖਰੀਦ ਲੈਂਦੇ ਹਨ। ਕੋਈ ਕਿਸੇ ਦੇਸ਼ ਦਾ ਕੋਈ ਕਿਸੇ ਸੂਬੇ ਦਾ ਕਿਸੇ ਅਮੀਰ ਦੀ ਟੀਮ ਲਈ ਖੇਡਦਾ ਹੈ। ਕੁਲ ਬਣਕੇ ਇਹ ਕਰੋੜਾਂ ਦਾ ਧੰਦਾ ਬਣ ਜਾਂਦਾ ਹੈ। ਇਹੋ ਹੀ ਕਾਰਨ ਹੈ ਕਿ ਨਾਮੀ ਖਿਡਾਰੀ ਕਿਸੇ ਦੇਸ਼ ਦੀ ਟੀਮ ਤੋਂ ਤਾਂ ਭਾਵੇਂ ਸੰਨਿਆਸ ਲੈ ਲੈਂਦਾ ਹੈ ਪਰ ਇਸ ਕਮਾਈ ਵਾਲੇ ਧੰਦੇ ਤੋਂ ਸੰਨਿਆਸ ਨਹੀਂ ਲੈਂਦਾ। ਜਦ ਤੱਕ ਮੱਡੀ ਵਿਚ ਉਸ ਦਾ ਰੇਟ ਮਿਲਦਾ ਹੈ ਉਹ ਵਿਕਦਾ ਹੈ। ਘਰਾਂ ਵਿਚ ਬੈਠੇ ਦਰਸ਼ਕ ਵੀ ਆਪੋਂ ਆਪਣੀ ਪਸੰਦ ਦੇ ਮੁਤਾਬਕ ਵੱਖ ਵੱਖ ਟੀਮਾਂ ਦੇ ਹਮਦਰਦ ਹੋ ਜਾਂਦੇ ਹਨ। ਰਾਸਟਰ ਭਾਵਨਾ ਤੇ ਰਾਸ਼ਟਰ ਭਗਤੀ ਦੀ ਥਾਂ ਵਿਅਕਤੀਵਾਦ ਤੇ ਕੰਪਨੀਆਂ ਦੇ ਝੰਡੇ ਉੱਚੇ ਹੁੰਦੇ ਹਨ। ਇਸ ਖੇਡ ਦਾ ਇੱਕੋ ਇਕ ਮਨੋਰਥ ਪੈਸਾ ਕਮਾਉਣਾ ਤੇ ਮਨੋਰੰਜਨ ਕਰਨਾ ਹੀ ਰਹਿ ਜਾਂਦਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਕੋਈ ਕਿਵੇਂ ਪੈਸਾ ਕਮਾਉਂਦਾ ਹੈ ਇਸ ਬਾਰੇ ਫਿਕਰ ਘੱਟ ਹੀ ਕੀਤਾ ਜਾਂਦਾ ਹੈ।

16 ਮਈ ਨੂੰ ਕਲਕੱਤਾ ਨਾਈਟ ਰਾਈਡਰਜ਼ ਟੀਮ ਦਾ ਮਾਲਕ ਆਪਣੇ ਵਿਵਾਦ ਕਰਕੇ ਅਖਬਾਰਾਂ ਵਿਚ ਛਾਇਆ ਰਿਹਾ। ਵੇਸੇ ਤਾਂ ਇਸ ਦੇ ਵਿਵਾਦ ਕੋਈ ਇਕ ਜਾਂ ਦੋ ਨਹੀਂ ਹਨ। ਕਦੇ ਸਟੇਡੀਅਮ ਵਿਚ ਸਿਗਰਿਟ ਪੀਣ ਦਾ ਵਿਵਾਦ, ਕਦੀ ਪਿਚ ਦੇਖਣ ਲਈ ਜਾਦੇ ਬੱਚਿਆਂ ਤੋਂ ਪੈਦਾ ਹੋਇਆ ਵਿਵਾਦ ਤੇ ਕਦੇ ਕਿਸੇ ਦਰਸ਼ਕ ਕੁੜੀ ਨਾਲ ਕੀਤੀ ਬਦਤਮੀਜ਼ੀ ਦਾ ਵਿਵਾਦ। ਜਲੰਧਰ ਤੋਂ ਛਪਦੀ ਇਕ ਪੰਜਾਬੀ ਅਖਬਾਰ ਨੇ ਇਸ ਵਿਵਾਦ ਨੂੰ ਪ੍ਰਮੁੱਖਤਾ ਨਾਲ ਛਾਪਿਆ ਹੈ ਕਿ ਜਦੋਂ ਵਾਨਖੇੜੇ ਸਟੇਡੀਅਮ ਵਿਚ ਕਲਕੱਤਾ ਨਾਈਟ ਰਾਈਡਰਜ਼ ਦੀ ਟੀਮ ਬੰਬਈ ਇੰਡੀਅਨਜ਼ ਪਾਸੋਂ ਜਿੱਤ ਗਈ ਤਾਂ ਇਕ ਨੌਜਵਾਨ ਕੁੜੀ ਨੂੰ ਸ਼ਾਹਰੁਖ ਖਾਨ ਨਸ਼ੇ ਦੀ ਹਾਲਤ ਵਿਚ ਰੋਕ ਕੇ ਪੁੱਛਦਾ ਹੈ ਕਿ 'ਤੂੰ ਕਿਸ ਟੀਮ ਵੱਲ ਏਂ' ਕੁੜੀ ਦਾ ਜਵਾਬ ਬੰਬਈ ਇੰਡੀਅਨਜ਼ ਸੁਣ ਕੇ ਉਹ ਅੱਗ ਬਬੂਲਾ ਹੋ ਗਿਆ ਤੇ ਉਸ ਕੁੜੀ ਨੂੰ ਗਾਲਾਂ ਕੱਢਣ ਲੱਗਾ। ਫੇਰ ਕੀ ਸੀ ਕਿ ਨਸ਼ੇ ਵਿਚ ਧੁੱਤ ਭਾਰਤ ਦੇ ਇਸ 'ਮਹਾਨ' ਕਲਾਕਾਰ ਨੂੰ ਇਹ ਵੀ ਪ੍ਰਵਾਹ ਨਾ ਰਹੀ ਕਿ ਉਸ ਦੇ ਸਾਹਮਣੇ ਕੋਣ ਆਇਆ ਤੇ ਕੋਣ ਨਹੀਂ। ਗੰਦੀਆਂ ਗਾਲਾਂ ਦਾ ਜੋ ਮੀਂਹ ਸ਼ਾਹਰੁਖ ਖਾਨ ਨੇ ਵਰ੍ਹਾਇਆ ਉਸ ਵਿਚ ਨਾ ਕੇਵਲ ਸਕਿਓਰਟੀ ਵਾਲੇ ਹੀ ਭਿੱਜੇ ਸਗੋਂ ਪ੍ਰਬੰਧਕ ਵੀ ਵਿੱਚੇ ਹੀ ਲਪੇਟੇ ਗਏ। ਜਾਪਦਾ ਤਾਂ ਇਹ ਸੀ ਕਿ ਵਾਨਖੇੜੇ ਸਟੇਡੀਅਮ ਦਾ ਵਿਵਾਦ ਆਖਰੀ ਤੇ ਸਿਖਰਲਾ ਹੋਵੇਗਾ ਪਰ ਅਗਲੇ ਦਿਨ ਲਈ ਨਵਾਂ ਵਿਵਾਦ ਤਿਆਰ ਖੜਾ ਸੀ। ਇਸ ਕਰਕੇ ਅਖ਼ਬਾਰਾਂ ਦਾ ਧਿਆਨ ਉਸ ਵੱਲ ਚਲਾ ਗਿਆ। ਬਿਜਲਈ ਮੀਡੀਆ ਨੇ ਵੀ ਦੂਜੀ ਘਟਨਾਂ ਵੱਲ ਦੌੜਨ ਲਈ ਮਜਬੂਰ ਹੋਣਾ ਹੀ ਸੀ।

19 ਮਈ ਨੂੰ ਭਾਰਤੀ ਮੂਲ ਦੀ ਅਮਰੀਕਣ ਕੁੜੀ ਜੋਹਲ ਹਾਮੀਦ ਨਾਲ ਹੋਟਲ ਵਿਚ ਆਈ. ਪੀ.ਐਲ. ਦੇ ਆਸਟ੍ਰੈਲੀਅਨ ਖਿਡਾਰੀ ਲੀਊਕ ਪਾਸਰਬੈਕ ਨੇ ਬਦ ਤਮੀਜ਼ੀ ਕੀਤੀ। ਜਦੋਂ ਕੁੜੀ ਦੇ ਮੰਗੇਤਰ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਲੀਊਕ ਉਸ ਨਾਲ ਵੀ ਹੱਥੋਪਾਈ 'ਤੇ ਉਤਰ ਆਇਆ। ਇਸ ਘਟਨਾ ਦੀ ਸ਼ਿਕਾਰ ਕੁੜੀ ਨੇ ਜਦੋਂ ਪਰਚਾ ਦਰਜ਼ ਕਰਵਾਇਆ ਤਾਂ ਉਸ ਨੇ ਇਹ ਵੀ ਕਿਹਾ ਕਿ ਮੇਰੇ ਉਪਰ ਇਹ ਦਬਾਅ ਪਾਇਆ ਜਾ ਰਿਹਾ ਹੈ ਕਿ ਮੈਂ ਪਰਚਾ ਦਰਜ਼ ਨਾ ਕਰਵਾਵਾਂ ਨਹੀਂ ਤਾਂ ਇਸ ਦਾ ਖਮਿਆਜ਼ਾ ਭੁਗਤਣ ਲਈ ਤਿਆਰ ਰਹਾਂ। ਇਹ ਵੀ ਜੱਗ ਜਾਹਰ ਹੈ ਕਿ ਹੁਣ ਉਸ ਕੁੜੀ ਨੇ ਪਰਚਾ ਵਾਪਸ ਵੀ ਲੈ ਲਿਆ ਹੈ। ਲੀਊਕ ਦਾ ਆਪਣਾ ਹੀ ਇਸ ਕਿਸਮ ਦਾ ਇਤਿਹਾਸ ਹੈ। 2007 ਤੇ 2009 ਵਿਚ ਵੀ ਉਹ ਵਿਵਾਦਾਂ ਵਿਚ ਫਸਿਆ ਰਿਹਾ ਹੈ। ਇਸ ਘਟਨਾਂ ਨੇ ਵੀ ਸ਼ਰਾਬ ਤੇ ਸ਼ਬਾਬ ਦੀ ਉਦਾਹਰਣ ਹੀ ਦਿੱਤੀ।

20 ਮਈ ਨੂੰ ਓਕਵੁਡ ਹੋਟਲ ਦੀ ਛੱਤ ਉਪਰ ਚਲ ਰਹੀ ਰੇਵ ਡਰਗਜ਼ ਪਾਰਟੀ 'ਤੇ ਪੁਲਿਸ ਨੇ ਅਚਾਨਕ ਛਾਪਾ ਮਾਰਿਆ ਤਾਂ 96 ਲੋਕਾਂ ਨੂੰ ਮੁਢਲੀ ਪੁਛਗਿੱਛ ਲਈ ਹਿਰਾਸਤ ਵਿਚ ਲਿਆ। ਇਸ ਪਾਰਟੀ ਵਿਚ ਛੇ ਆਈ.ਪੀ.ਐਲ. ਦੇ ਖਿਡਾਰੀ ਵੀ ਸਨ ਜਿਨਾਂ ਵਿੱਚੋਂ ਚਾਰ ਖਿਸਕ ਗਏ ਤੇ ਦੋ( ਰਾਹੁਲ ਸ਼ਰਮਾ ਤੇ ਦਖਣੀ ਅਫਰੀਕਾ ਦੇ ਵੇਨ ਪਨੇਲ) ਫੜੇ ਗਏ। ਇਸ ਪਾਰਟੀ ਵਿੱਚੋਂ ਪੁਲਿਸ ਨੇ 110 ਗ੍ਰਾਮ ਕੋਕੀਨ ਤੋਂ ਇਲਾਵਾ ਅਫੀਮ ਚਰਸ ਤੇ ਹੋਰ ਨਸ਼ੀਲੇ ਪਦਾਰਥ ਵੀ ਫੜੇ ਹਨ। ਇਸ ਪਾਰਟੀ ਵਿਚ ਸਾਰੇ ਨੌਜਵਾਨ ਲੜਕੇ ਲੜਕੀਆਂ ਹੀ ਸਨ। ਜਿਨ੍ਹਾਂ ਵਿਚੋਂ ਬਹੁਤਿਆਂ ਨੇ ਨਸ਼ੇ ਦੀ ਵਰਤੋਂ ਕੀਤੀ ਹੋਈ ਸੀ।

ਆਈ. ਪੀ.ਐਲ 'ਚ ਇਸ ਤੋਂ ਪਹਿਲਾਂ ਵੀ ਐਸਾ ਹੀ ਹੁੰਦਾ ਰਿਹਾ ਹੈ। ਇੱਥੋਂ ਤੱਕ ਕਿ ਆਈ. ਪੀ.ਐਲ. ਦੇ ਪਹਿਲੇ ਪ੍ਰਬੰਧਕਾਂ ਉਪਰ ਵੱਡੇ ਭਰਿਸ਼ਟਾਚਾਰ ਦੇ ਦੋਸ਼ ਵੀ ਲੱਗੇ ਹਨ। ਜਿਸ ਕਰਕੇ ਭਾਰਤ ਦੀ ਸੰਸਦ ਵਿੱਚੋਂ ਵੀ ਇਸ ਨੂੰ ਬੰਦ ਕਰਵਾਉਣ ਦੀਆਂ ਆਵਾਜ਼ਾਂ ਉੱਠਣ ਲੱਗ ਪਈਆਂ ਹਨ। ਇਹ ਇਲਜ਼ਾਮ ਸ਼ਰੇਆਮ ਭਾਰਤ ਦੇ ਸਾਂਸਦਾਂ ਨੇ ਲਾਏ ਹਨ ਕਿ ਇਹ ਟੂਰਨਾਂਮੈਂਟ ਕਾਲੇ ਧਨ ਨੂੰ ਚਿੱਟਾ ਕਰਨ ਦਾ ਹੀ ਇਕ ਸਾਧਨ ਹੈ।

ਜੇ ਇਹ ਕੇਵਲ ਕਾਲੇ ਧਨ ਨੂੰ ਚਿੱਟਾ ਕਰਨ ਦਾ ਹੀ ਸਾਧਨ ਹੁੰਦਾ ਤਾਂ ਹੋ ਸਕਦਾ ਸੀ ਕਿ ਹੁਣ ਤੱਕ ਬੰਦ ਵੀ ਹੋ ਜਾਂਦਾ ਪਰ ਇਹ ਤਾਂ ਰਾਜਸੀ ਪ੍ਰਬੰਧ ਦੀਆਂ ਕਾਲੀਆਂ ਕਰਤੂਤਾਂ ਉਪਰ ਆਈ. ਪੀ.ਐਲ ਦੀ ਚਾਦਰ ਪਾਉਣ ਦਾ ਵੀ ਕੰਮ ਕਰਦਾ ਹੈ ਇਸ ਕਰਕੇ ਹਾਕਮ ਧਿਰਾਂ ਇਸ ਨੂੰ ਸਭ ਤੋਂ ਵੱਧ ਮਹੱਤਵ ਦਿੰਦੀਆਂ ਹਨ ਤੇ ਇਸ ਕੋਸ਼ਿਸ਼ ਵਿਚ ਹਨ ਕਿ ਇਹ ਚਲਦਾ ਰਹੇ ਤੇ ਭਾਰਤ ਦੇ ਮਧ ਵਰਗੀ ਲੋਕ ਇੰ ਖੇਡ ਵਿਚ ਹੀ ਵਿਅਸਤ ਹੋਕੇ ਰਹਿ ਜਾਣ। ਇਸੇ ਮਕਸਦ ਲਈ ਹੀ ਇਸ ਮਹਿੰਗੀ ਖੇਡ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ ਜਾ ਰਿਹਾ ਹੈ। ਜਦ ਕਿ ਅਸਲੀਅਤ ਇਹ ਹੈ ਕਿ ਭਾਰਤ ਦੇ ਆਮ ਲੋਕਾਂ ਕੋਲ ਇਸ ਖੇਡ ਨੂੰ ਖੇਡਣ ਲਈ ਨਾ ਤਾਂ ਖੁੱਲੇ ਖੇਡ ਮੈਦਾਨ ਹਨ ਤੇ ਨਾ ਹੀ ਐਸਾ ਪ੍ਰਬੰਧ ਹੈ ਕਿ ਇਹ ਲੋਕ ਸਟੇਡੀਅਮ ਵਿਚ ਜਾਕੇ ਆਪਣਾ ਮਨ ਪ੍ਰਚਾਵਾ ਕਰ ਸਕਣ। ਪਰ ਬਹੁ ਰਾਸ਼ਟਰੀ ਕੰਪਨੀਆਂ ਦੇ ਹਿੱਤ ਇਸ ਗੱਲ ਵਿਚ ਸੁਰੱਖਿਅਤ ਹਨ ਕਿ ਇਹ ਚੱਲਦਾ ਰਹੇ ਇਸ ਕਰਕੇ ਆਓ ਛੇਵੇਂ ਆਈ. ਪੀ.ਐਲ ਦੀ ਉਡੀਕ ਕਰੀਏ। ਇਹੋ ਹੀ ਇਸ ਖੇਡ ਟੂਰਨਾਮੈਂਟ ਦਾ ਸਿਧਾਂਤਕ ਫਲਸਫਾ ਹੈ।

# ਓਲੰਪਿਕ 'ਚ ਔਰਤਾਂ ਨਹੀਂ ਲੈਣਗੀਆਂ ਹਿੱਸਾ : ਸਾਊਦੀ ਅਰਬ



ਹੁਣ ਤੱਕ ਸਾਊਦੀ ਅਰਬ ਇਕੱਲਾ ਅਜਿਹਾ ਦੇਸ਼ ਹੈ ਜੋ ਆਪਣੇ ਕਿਸੇ ਮਹਿਲਾ ਖਿਡਾਰੀ ਨੂੰ ਲੰਦਨ ਓਲੰਪਿਕ ਵਿੱਚ ਹਿੱਸਾ ਲੈਣ ਲਈ ਨਹੀਂ ਭੇਜ ਰਿਹਾ। ਹਾਲਾਂਕਿ ਕੌਮਾਂਤਰੀ ਓਲੰਪਿਕ ਸੰਘ ਦੇ ਪ੍ਰਧਾਨ ਜੈਕਸ ਰੋਗ ਨੇ ਆਸ ਪ੍ਰਗਟਾਈ ਹੈ ਕਿ ਖੇਡਾਂ ਦੇ ਸ਼ੁਰੂ ਹੋਣ ਤੱਕ ਸਾਊਦੀ ਅਰਬ ਦੀਆਂ ਮਹਿਲਾਵਾਂ ਵੀ ਖੇਡਾਂ ਵਿੱਚ ਹਿੱਸਾ ਲੈ ਰਹੀਆਂ ਹੋਣਗੀਆਂ।

ਸੰਘ ਨੇ ਕਾਫ਼ੀ ਗੱਲਬਾਤ ਦੇ ਬਾਅਦ ਦੋ ਹੋਰ ਇਸਲਾਮੀ ਮੁਲਕਾਂ ਕਤਰ ਅਤੇ ਬਰੁਨਾਈ ਨੂੰ ਵੀ ਆਪਣੇ ਦੇਸ਼ ਵਲੋਂ ਮਹਿਲਾ ਖਿਡਾਰੀਆਂ ਨੂੰ ਭੇਜਣ ਲਈ ਮਨਾ ਲਿਆ ਹੈ।

ਓਲੰਪਿਕ ਸੰਘ ਅਤੇ ਸਾਊਦੀ ਅਰਬ ਲੰਬੇ ਸਮੇਂ ਤੋਂ ਇਸ ਬਾਰੇ ਗੱਲਬਾਤ ਕਰ ਰਹੇ ਹਨ ਲੇਕਿਨ ਸਾਊਦੀ ਅਰਬ ਹੁਣ ਤੱਕ ਇਸ ਗੱਲ ਲਈ ਰਾਜ਼ੀ ਨਹੀਂ ਹੋਇਆ। ਓਲੰਪਿਕ ਵਿੱਚ ਔਰਤਾਂ ਨੂੰ ਨਾ ਭੇਜਣ ਉੱਤੇ ਸਾਊਦੀ ਅਰਬ ਖਿਲਾਫ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਵਿਚ ਸਾਊਦੀ ਅਰਬ ਦੇ ਕਿਸੇ ਵੀ ਖਿਡਾਰੀ ਨੂੰ ਹਿੱਸਾ ਲੈਣ ਦੀ ਆਗਿਆ ਨਾ ਦੇਣਾ ਵੀ ਸ਼ਾਮਿਲ ਹੈ।

**ਧਾਰਮਿਕ ਮਾਨਤਾਵਾਂ :**

ਸੰਘ ਸਾਊਦੀ ਅਰਬ ਦੀਆਂ ਔਰਤਾਂ ਨੂੰ ਸ਼ਾਮਲ ਕਰਨ ਲਈ ਆਪਣੇ ਮਾਪਦੰਡਾਂ ਵਿੱਚ ਕੁੱਝ ਛੋਟ ਵੀ ਦੇਣ ਲਈ ਤਿਆਰ ਹੈ।

ਪਰ ਸਾਊਦੀ ਅਰਬ ਦੀ ਸਰਕਾਰ ਵਿੱਚ ਸ਼ਾਮਲ ਕੱਟੜਪੰਥੀ ਲੋਕ ਆਪਣੇ ਦੇਸ਼ ਦੀਆਂ ਔਰਤਾਂ ਨੂੰ ਓਲੰਪਿਕ ਵਿੱਚ ਹਿੱਸਾ ਲੈਣ ਦੇਣ ਲਈ ਰਾਜ਼ੀ ਨਹੀਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਕਾਰਨ ਪਰਦੇ ਨੂੰ ਲੈ ਕੇ ਉਨ੍ਹਾਂ ਦੀਆਂ ਧਾਰਮਿਕ ਮਾਨਤਾਵਾਂ ਨੂੰ ਠੇਸ ਪੁੱਜੇਗੀ।

ਪਿਛਲੇ ਮਹੀਨੇ ਲੰਬੀ ਜੱਦੋ-ਜਹਿਦ ਤੋਂ ਬਾਅਦ ਸਾਊਦੀ ਅਰਬ ਦੇ ਕੌਮੀ ਓਲੰਪਿਕ ਸੰਘ ਨੇ ਔਰਤਾਂ ਨੂੰ ਖੇਡਣ ਦੀ ਇਜਾਜ਼ਤ ਦੇਣ ਤੋਂ ਤਾਂ ਮਨ੍ਹਾ ਕਰ ਦਿੱਤਾ ਸੀ, ਪਰ ਸਾਊਦੀ ਸੰਘ ਨੇ ਇਹ ਜ਼ਰੂਰ ਕਿਹਾ ਸੀ ਕਿ ਜੇਕਰ ਉਨ੍ਹਾਂ ਦੇ ਦੇਸ਼ ਦੀਆਂ ਕੁੱਝ ਔਰਤਾਂ ਕਿਸੇ ਨਿਰਪੱਖ ਝੰਡੇ ਹੇਠਾਂ ਖੇਡਣਾ ਚਾਹੁੰਦੀਆਂ ਹੋਣ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ।

ਜੈਕਸ ਰੋਗ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਹ ਪ੍ਰਸਤਾਵ ਮਨਜ਼ੂਰ ਨਹੀਂ ਹੈ, ਸਾਊਦੀ ਔਰਤਾਂ ਕੌਮਾਂਤਰੀ ਓਲੰਪਿਕ ਸੰਘ ਦੇ ਜਾਂ ਕਿਸੇ ਹੋਰ ਦੇ ਝੰਡੇ ਹੇਠਾਂ ਖੇਡਣ ਇਹ ਠੀਕ ਨਹੀਂ ਹੈ। ਇਹ ਕੋਈ ਆਸਾਨ ਰਸਤਾ ਨਹੀਂ ਹੈ, ਪਰ ਹਾਂ ਰਸਤਾ ਕੱਢਣ ਦੀ ਕੋਸ਼ਿਸ਼ ਕਰ ਰਹੇ ਹਾਂ।

ਸਾਊਦੀ ਅਰਬ ਤੋਂ ਇਲਾਵਾ ਕਤਰ ਅਤੇ ਬਰੁਨਾਈ ਪਹਿਲੀ ਵਾਰ ਆਪਣੇ ਦੇਸ਼ ਤੋਂ ਮਹਿਲਾ ਖਿਡਾਰੀਆਂ ਨੂੰ ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣ ਲਈ ਭੇਜਣਗੇ।

ਇਸ ਦੌਰਾਨ ਨੂਰ ਅਲ ਮੇਨਾਈ, ਜੋ ਸਾਲ 2020 ਦੇ ਓਲੰਪਿਕ ਨੂੰ ਦੋਹਾ ਵਿੱਚ ਕਰਵਾਉਣ ਲਈ ਕੰਮ ਕਰ ਰਹੇ ਹਨ, ਉਨ੍ਹਾਂ ਨੇ ਵੀ ਸਾਊਦੀ ਅਰਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਦੇਸ਼ ਤੋਂ ਮਹਿਲਾ ਖਿਡਾਰੀਆਂ ਨੂੰ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਲਈ ਭੇਜਣ।


PHF
PUNJABI HERITAGE FOUNDATION
Presents
Folk
summer camp
2012
Age 5 to 70
Where you and your kids can learn: all Punjabi Folk Dance Like Bhangra, Gidha, Jindua, Luddi, Sammi Jhoomer, Dhamaal & Malwai Gidha. Also Learn how to play folk instruments like Dhol, Toombi, Algoze Sarangi, Dhad, Bugdu, Chemte etc. We also teach Punjabi, how to tie Turban (all Styles).
How to Sing Gorian, Suhaag, Dohe, Mahiyea, Jugni, Challa, Lok geet etc.
We also teach Gidda and Classic dance for ladies.
ਜਿੱਥੋਂ ਤੁਸੀਂ ਅਤੇ ਤੁਹਾਡੇ ਬੱਚੇ ਸਿੱਖ ਸਕਦੇ ਹੋ:
ਭੰਗੜਾ, ਗਿੱਧਾ, ਜਿੰਦੂਆ, ਲੁੱਢੀ, ਸੰਮੀ, ਝੂਮਰ, ਧਮਾਲ ਅਤੇ ਮਲਵਈ ਗਿੱਧਾ। ਲੋਕ ਸਾਜ਼ ਵਜਾਣੇ ਵੀ ਸਿੱਖ ਸਕਦੇ ਹੋ ਜਿਵੇਂ ਢੋਲ, ਤੂੰਬੀ, ਅਲਗੋਜ਼ੇ, ਸਾਰੰਗੀ, ਢੱਡ, ਬੁਗਚੂ, ਚਿਮਟੇ ਆਦਿਕ । ਅਸੀਂ ਪੰਜਾਬੀ ਵੀ ਪੜ੍ਹਉਂਦੇ ਹਾਂ ਅਤੇ ਪੱਗ ਬੰਨਣੀ ਵੀ ਸਿਖਾਉਂਦੇ ਹਾਂ ।ਘੋੜੀਆਂ, ਸੁਹਾਗ, ਦੋਹੇ, ਮਾਹੀਆ, ਜੁਗਨੀ, ਛੱਲਾ ਅਤੇ ਹੋਰ ਲੋਕ ਗੀਤ ਵੀ ਸਿੱਖੋ।
ਲੇਡੀਜ਼ ਲਈ ਗਿੱਦਾ ਅਤੇ ਕਲਾਸਿਕਲ ਡਾਂਸ ਦੀ ਵੀ ਕਲਾਸ ਲਾਈ ਜਾਵੇਗੀ॥
From July 4th ,2012 to August 10th 2012
This Camp will be held at two locations
North and South Edmonton
For More info please call
Manjit Singh
Cultural director
780 952 5075


Creative Doors
& Mouldings Ltd.
"Your Complete Finishing Store"
* Interior * Prehung Units
* Locks & Hardware * French Doors
* Bi-Folds * Mouldings * Accessories
* Railing
Phone: 780 438 2224
Fax: 780 438 4422
9838-60 Avenue Edmonton, AB T6E 0C5

All Vehicles Certified & Carproof Verified

# MILLWOODS SUZUKI.COM
## PRE-OWNED SUPER CENTER

SHOP 24/7 @ www.millwoodssuzuki.com
Over 500 vehicles to choose from. Lease Rates As Low As 0.9%*

Bring In This Ad & Receive 1 Year Free Oil Changes

| Vehicle | Details | Price |
|---|---|---|
| 2011 SUZUKI GRAND VITARA JX 4X4 | #12006-0 LOADED | $20,995 |
| 2011 SUZUKI SX4 JA | #12007-0 LOADED | $12,995 |
| 2008 SUZUKI XL7 JLX | #12058-0 7 PASS, AWD, LOADED, LEATHER, P. ROOF | $19,995 |
| 2007 TOYOTA YARIS | #12023-1 RS HATCHBACK, FWD | $6,995 |
| 2010 HYUNDAI GENESIS | #11C203-1 COUPE, LOADED | $22,995 |
| 2010 SUZUKI GRAND VITARA JX 4X4 | #11921-0 LOADED | $16,995 |
| 2010 SUZUKI SX4 SPORT | #12093-0 4 DOOR, LOADED | $12,995 |
| 2007 HONDA CIVIC SI | #12004-1 2 DOOR COUPE | $17,995 |
| 2008 MERCEDES C300 4MATIC | #11914-0 LEATHER, SUNROOF | $23,995 |
| 2011 BUICK LUCERNE | #12061-0 4 DOOR SEDAN | $19,995 |
| 2010 GMC YUKON SLT | #11T177-1 7 PASS., AWD | $36,995 |
| 2010 FORD FUSION | #12020-0 SE, 4 DR SEDAN | $13,995 |
| 2011 CHEVROLET TRAVERSE LS | #12033-0 4 DOOR, AWD | $25,995 |
| 2008 LEXUS RX350 | #CN0002 | $26,995 |
| 2012 CHEVROLET IMPALA | #12087-0 LS, LOADED | $19,995 |
| 2009 CHRYSLER SEBRING | #12062-0 TOURING, 4 DOOR | $13,995 |
| 2008 KIA MAGENTIS | #12080-0 LX, 4 DOOR SEDAN | $10,995 |
| 2008 FORD ESCAPE XLT | #12045-0 4X4, LEATHER | $16,995 |
| 2010 KIA RIO 5 | #12073-0 H/B, FULLY LOADED | $12,995 |
| 2009 PONTIAC G6 | #12082-0 4 DOOR, POWER SEAT | $13,995 |
| 2010 TOYOTA MATRIX H/B | #12102-0 LOADED | $14,995 |
| 2008 MAZDA 6I | #12081-0 V6, LOADED | $14,995 |
| 2011 SUZUKI SWIFT | #12074-0 AUTOMATIC, A/C | $11,995 |
| 2000 FORD MUSTANG GT | #12C215-1 5 SPD, SPORT MAN | $7,995 |
| 2006 FORD F350 | CREW CAB LARIAT 4X4 — C301169-1 | $22,995 |
| 2007 FORD F150 | SUPER CREW CAB 4X4 XLT — 12100-0 | $18,995 |
| 2012 FORD ESCAPE LTD | 12091-0 | $28,995 |
| 2010 DODGE GRAND CARAVAN SE | LOADED, STOW 'N GO — CN0005 | $14,995 |
| 2010 JEEP GRAND CHEROKEE | LOADED, STOW 'N GO — 12070-0 | $26,995 |

SHOP 24/7 @
MILLWOODS SUZUKI.com
780-450-4500
ON THE AUTO ROW | 3403-93 ST. TOLL FREE 1-866-897-4500


Jessy Parihar — Nand Bhasin — Vijay Soni

# NEW WAY Stucco Ltd.



Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

# Moga Painting Company
Serving Since 1985
Experts in Interior & Exterior Paint



Residential & Commercial
> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070


Sales Representative
Harinder Hundal
M.Sc. Eco, M.B.A

Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
Fax : 905 672 0672
hpshundal@gmail com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

50 SunnyVale Gate, Unit # 7,
Brampton, ON L6S OC4

# ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)



Charanjit Brar
Producer & Host
Ph: 647 300 8436
cbrar@rogers.com



# ‘ਸਤਯਮੇਵ ਜਯਤੇ’ ਦਾ ਸਿਹਤ ਸੇਵਾਵਾਂ ਅਧਿਆਇ



ਪ੍ਰੋ. ਨਵੀਨ ਰਮਨ
+91 98788 31166
naveen.mlp@gmail.com

‘ਸਤਯਮੇਵ ਜਯਤੇ’ ਲੜਵਾਰ ਉਦੋਂ ਆਰੰਭ ਹੋਇਆ ਹੈ, ਜਦੋਂ ਹਿੰਦੀ ਭਾਸ਼ਾਈ ਛੋਟੇ ਪਰਦੇ ਤੋਂ ਗੰਭੀਰ ਸਮਾਜਿਕ ਵਿਸ਼ਿਆਂ ਨਾਲ ਸਬੰਧਤ ਲੜੀਵਾਰ ਲਗਪਗ ਗਾਇਬ ਹੋ ਗਏ ਹਨ। ਇਨ੍ਹਾਂ ਦੀ ਥਾਂ ਕਾਲਪਨਿਕ ਰੁਮਾਂਟਿਕ ਪਰਿਵਾਰਕ ਲੜੀਵਾਰਾਂ ਨੇ ਲੈ ਲਈ ਹੈ। ਇਹ ਲੜਵੀਕਾਰ ਦਰਸ਼ਕਾਂ ਨੂੰ ਮਾੜਾ-ਮੋਟਾ ਮਨੋਰੰਜਨ ਵੀ ਦਿੰਦੇ ਹੋਣਗੇ, ਪਰ ਜ਼ਿਆਦਾਤਰ ਇਹ ਦੇਖਣ ਵਾਲਿਆਂ ਲਈ ਮਨੋਗੁੰਝਲਾਂ ਹੀ ਪੈਦਾ ਕਰਦੇ ਹਨ। ਇਹ ਆਮ ਕਰਕੇ ਮੱਧਵਰਗੀ ਪਰਿਵਾਰਾਂ ਦੀਆਂ ਔਰਤਾਂ ਦੇ ਸੁਭਾਅ ਅਤੇ ਚਰਿੱਤਰ ਨੂੰ ਨਕਾਰਾਤਮਿਕ ਰੂਪ ਵਿਚ ਪ੍ਰਭਾਵਿਤ ਕਰ ਰਹੇ ਹਨ। ‘ਸਤਯਮੇਵ ਜਯਤੇ’ ਭਾਵੇਂ ਕੋਈ ਡਰਾਮਾ ਨਹੀਂ ਹੈ, ਪਰ ਇਸ ਦੀ ਪੇਸ਼ਕਾਰੀ ਉਪਰੋਕਤ ਕਿਸਮ ਦੇ ਲੜੀਵਾਰਾਂ ਨਾਲੋਂ ਵੀ ਕਿਤੇ ਵੱਧ ਨਾਟਕੀ ਅਤੇ ਜ਼ੋਰਦਾਰ ਹੈ, ਹੋਵੇ ਵੀ ਕਿਉਂ ਨਾ ਆਖ਼ਰਕਾਰ ਇਸ ਦਾ ਪੇਸ਼ਕਾਰ ਹਿੰਦੀ ਸਿਨੇਮਾ ਦਾ ਗ੍ਰੇਟ ਮਾਸਟਰ ਆਮਿਰ ਖਾਨ ਹੈ। ਆਮਿਰ ਖਾਨ ਨੂੰ ਸਲਾਮ ਕਰਨਾ ਬਣਦਾ ਹੈ, ਜਿਸ ਨੇ ਆਪਣੇ ਸੁਪਰ ਸਟਾਰਡਮ ਦੇ ਬਾਵਜੂਦ ਹੋਸ਼ ਹਵਾਸ ਕਾਇਮ ਰੱਖਿਆ ਹੋਇਆ ਹੈ ਤੇ ਉਸ ਨੇ ਕਦੇ ਵੀ ਦੇਸ਼ ਦੇ ਵਡੇਰੇ ਸਮਾਜਿਕ ਸਰੋਕਾਰਾਂ ਨੂੰ ਨਹੀਂ ਵਿਸਾਰਿਆ।

‘ਸਤਯਮੇਵ ਜਯਤੇ’ ਸਟਾਰ ਪਲੱਸ ਤੋਂ ਦਿਖਾਇਆ ਜਾ ਰਿਹਾ ਹੈ। ਇਸ ਦੇ ਹਰ ਅੰਕ ਵਿਚ ਕੋਈ ਭਖ਼ਦਾ ਸਮਾਜਿਕ ਮਸਲਾ ਲਿਆ ਜਾਂਦਾ ਹੈ ਤੇ ਉਸ ਦੀਆਂ ਲਗਪਗ ਸਾਰੀਆਂ ਤੈਹਾਂ ਫਰੋਲੀਆਂ ਜਾਂਦੀਆਂ ਹਨ। ਮਸਲਿਆਂ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਸ਼ੋਅ ਦੌਰਾਨ ਪੇਸ਼ ਕੀਤਾ ਜਾਂਦਾ ਹੈ, ਉਨ੍ਹਾਂ ਦੀ ਹੱਡਬੀਤੀ ਉਨ੍ਹਾਂ ਦੇ ਮੂੰਹੋਂ ਸੁਣੀ ਜਾਂਦੀ ਹੈ ਤਾਂ ਮਾਹੌਲ ਬੇਹੱਦ ਭਾਵੁਕ ਹੋ ਜਾਂਦਾ ਹੈ। ਆਮਿਰ ਖਾਨ ਦੇ ਲੜੀਵਾਰ ਦੀ ਅਪੀਲ ਇੰਨੀ ਜ਼ਬਰਦਸਤ ਹੈ ਕਿ ਦਰਸ਼ਨ ਸੋਚਣ ਲਈ ਹੀ ਮਜਬੂਰ ਨਹੀਂ ਹੁੰਦਾ, ਸਗੋਂ ਧੁਰ ਅੰਦਰ ਤੱਕ ਹਲੂਣਿਆ ਜਾਂਦਾ ਹੈ। ਉਸ ਦੀ ਜ਼ਮੀਰ ਝੰਜੋੜੀ ਜਾਂਦੀ ਹੈ। ਉਹ ਇਸ ਫੈਸਲੇ ’ਤੇ ਪਹੁੰਚ ਜਾਂਦਾ ਹੈ ਕਿ ਹੱਥ ’ਤੇ ਹੱਕ ਧਰ ਕੇ ਬੈਠਿਆਂ ਗੁਜ਼ਾਰਾ ਨਹੀਂ ਹੋਣਾ, ਕੋਈ ਨਾ ਕੋਈ ਚਾਰਾ ਤਾਂ ਕਰਨਾ ਹੀ ਪਵੇਗਾ। 31 ਮਈ ਨੂੰ ‘ਸਤਯਮੇਵ ਜਯਤੇ’ ਦਾ ਸਿਹਤ ਸੇਵਾਵਾਂ ਅਧਿਆਇ ਪੇਸ਼ ਕੀਤਾ ਗਿਆ। ਇਸ ਵਿਚ ਦੇਸ਼ ਅੰਦਰਲੀ ਸਿਹਤ ਸੇਵਾਵਾਂ ਦੀ ਘਿਨਾਉਣੀ ਸਥਿਤੀ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ।

ਸਿਹਤ ਸਮਾਜ ਦਾ ਸਭ ਤੋਂ ਅਹਿਮ ਮੁੱਦਾ ਹੈ ਤੇ ਆਪਣੇ ਲੜੀਵਾਰ ਵਿਚ ਆਮਿਰ ਖਾਨ ਨੇ ਠੀਕ ਹੀ ਦਰਸਾਇਆ ਹੈ ਕਿ ਇਸ ਨੂੰ ਹੀ ਸਭ ਤੋਂ ਵੱਧ ਨਜ਼ਰ ਅੰਦਾਜ਼ ਵੀ ਕੀਤਾ ਹੋਇਆ ਹੈ। ਲੜੀਵਾਰ ਵਿਚ ਸਿਹਤ ਸੇਵਾਵਾਂ ਨਾਲ ਜੁੜੇ ਸਭ ਲੋਕਾਂ ਅਤੇ ਸੰਸਥਾਵਾਂ ਨੂੰ ਯਥਾਰਥਕ ਦ੍ਰਿਸ਼ਟੀ ਤੋਂ ਫੋਕਸ ਕੀਤਾ ਗਿਆ ਹੈ। ਡਾਕਟਰਾਂ ਅਤੇ ਹਸਪਤਾਲਾਂ ਦਾ ਮਰੀਜ਼ਾਂ ਪ੍ਰਤੀ ਵਤੀਰਾ, ਜੋ ਕਿ ਬੇਹੱਦ ਘ੍ਰਿਣਤ ਹੈ, ਮਰੀਜ਼ਾਂ ਜਾਂ ਉਨ੍ਹਾਂ ਦੇ ਸਬੰਧੀਆਂ ਦੇ ਮੂੰਹੋਂ ਬਿਆਨ ਕਰਵਾਇਆ ਗਿਆ। ਲੋਕ ਆਪਣੇ ਤਜ਼ਰਬੇ ਬਿਆਨ ਕਰਦੇ ਹਨ ਤਾਂ ਦੇਖਣ-ਸੁਣਨ ਵਾਲੇ ਇਕ ਵਾਰ ਤਾਂ ਸੁਣ ਕੇ ਸੁੰਨ ਹੋ ਜਾਂਦੇ ਹਨ। ਡਾਕਟਰ ਆਮ ਕਰਕੇ ਜ਼ਿਆਦਾਤਰ ਮਰੀਜ਼ਾਂ ਨੂੰ ਉਨ੍ਹਾਂ ਦੀ ਬਿਮਾਰੀ ਬਾਰੇ ਭੈਭੀਤ ਕਰਦੇ ਹਨ। ਫਿਰ ਉਨ੍ਹਾਂ ਦੀ ਆਤੰਕਿਤ ਮਨੋਦਸ਼ਾ ਦਾ ਖ਼ੂਬ ਸ਼ੋਸ਼ਣ ਕੀਤਾ ਜਾਂਦਾ ਹੈ। ਅਕਸਰ ਮਰੀਜ਼ਾਂ ਦੇ ਉਹ ‘ਇਲਾਜ’ ਕਰ ਦਿੱਤੇ ਜਾਂਦੇ ਹਨ, ਜਿਹੜੀ ਕਿ ਉਨ੍ਹਾਂ ਨੂੰ ਬਿਮਾਰੀ ਹੀ ਨਹੀਂ ਹੁੰਦੀ। ਮਰੀਜ਼ਾਂ ਦੀ ਜਾਨ ਜੋਖਿਮ ਵਿਚ ਪਾ ਕੇ ਉਨ੍ਹਾਂ ਦੇ ਮਹਿੰਗੇ ਆਪ੍ਰੇਸ਼ਨ ਕਰ ਦਿੱਤੇ ਜਾਂਦੇ ਹਨ। ਅਜਿਹੇ ਆਪ੍ਰੇਸ਼ਨਾਂ ਦੇ ਮਰੀਜ਼ਾਂ ਦੇ ਪਰਿਵਾਰਾਂ ਕੋਲੋਂ ਲੱਖਾਂ ਬਟੋਰ ਲਏ ਜਾਂਦੇ ਹਨ ਤੇ ਮਰੀਜ਼ ਵੀ ਜਾਨ ਤੋਂ ਹੱਥ ਧੋ ਬੈਠਦੇ ਹਲ। ਲੜੀਵਾਰ ਵਿਚ ਡਾਕਟਰਾਂ ਤੇ ਹਸਪਤਾਲਾਂ ਦੀ ਨੰਗੀ-ਚਿੱਟੀ ਲੁੱਟ ਤੋਂ ਪ੍ਰਭਾਵਿਤ ਵਿਅਕਤੀਆਂ ਜਾਂ (ਜਾਨ ਗੁਆ ਚੁੱਕੇ) ਵਿਅਕਤੀਆਂ ਦੇ ਸਬੰਧੀਆਂ ਦੇ ਲੂ ਕੰਡੇ ਖੜ੍ਹੇ ਕਰ ਦੇਣ ਵਾਲੇ ਅਨੁਭਵ ਸੁਣਵਾਏ ਗਏ। ਮੁਲਾਕਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਕਿਵੇਂ ਪੈਸੇ ਦੇ ਲਾਲਚ ਵਿਚ ਉਨ੍ਹਾਂ ਦੇ ਬਿਨਾਂ ਵਜ੍ਹਾ ਅੰਗ ਕੱਟ ਦਿੱਤੇ ਗਏ, ਕਿਸੇ ਦੇ ਸਬੰਧੀ ਦੀ ਬਿਨਾਂ ਲਾਇਸੰਸ ਵਾਲੇ ਡਾਕਟਰ ਨੇ ਕਿਡਨੀ ਟਰਾਂਸਪਲਾਂਟ ਕਰ ਦਿੱਤੀ, ਮਰੀਜ਼ ਵੀ ਮਰ ਮੁਕਾਇਆ ਤੇ ਬਿੱਲ ਵੀ ਸਵਾ ਅੱਠ ਲੱਖ ਬਣਾ ਦਿੱਤਾ। ਜਿਸ ਹਸਪਤਾਲ ਵਿਚ ਕਿਡਨੀ ਟਰਾਂਸਪਲਾਂਟ ਦਾ ਆਪ੍ਰੇਸ਼ਨ ਕਰਵਾਇਆ ਗਿਆ, ਉਸ ਕੋਲ ਵੀ ਅਜਿਹਾ ਆਪ੍ਰੇਸ਼ਨ ਕਰਨ ਦਾ ਕੋਈ ਲਾਇਸੰਸ ਨਹੀਂ ਸੀ। ਆਂਧਰਾ ਪ੍ਰਦੇਸ਼ ਦੇ ਇਕ ਪਿੰਡ ਦੀਆਂ ਲਗਪਗ ਸਭ ਵਿਆਹੁਤਾ ਔਰਤਾਂ ਦੀਆਂ ਬੱਚੇਦਾਨੀਆਂ ਕੱਢ ਦਿੱਤੀਆਂ ਗਈਆਂ, ਜਦ ਕਿ ਅਜਿਹਾ ਕਰਨ ਦੀ ਲੋੜ ਕਿਸੇ ਹੀ ਗੁੰਝਲਦਾਰ ਕੇਸ ਵਿਚ ਕਰਨ ਦੀ ਜ਼ਰੂਰਤ ਪੈਂਦੀ ਹੈ। ਇਹ ਸਭ ਕੁਝ ਡਾਕਟਰੀ ਪੇਸ਼ੇ ਵਿਚ ਫੈਲੀ ਹੋਈ ਵਿਆਪਕ ਅਪਰਾਧ ਬਿਰਤੀ ਦੀ ਮੂੰਹ ਬੋਲਦੀ ਤਸਵੀਰ ਹੈ।

ਇਸ ਤੋਂ ਅੱਗੇ ਆ ਜਾਂਦੇ ਹਨ ਡਾਕਟਰਾਂ ਅਤੇ ਲੈਬਾਰਟੀਆਂ ਦੇ ਸਬੰਧ। ਇਥੇ ਵੀ ਸ਼ਰਮਨਾਕ ਗੜਬੜ ਹੈ। ਡਾਕਟਰ ਮਰੀਜ਼ਾਂ ਨੂੰ ਕੁਝ ਵਿਸ਼ੇਸ਼ ਲੈਬਾਰਟਰੀਆਂ ਤੋਂ ਟੈਸਟ ਕਰਵਾਉਣ ਲਈ ਕਹਿੰਦੇ ਹਨ, ਇਨ੍ਹਾਂ ਲੈਬਾਰਟਰੀਆਂ ਨਾਲ ਉਨ੍ਹਾਂ ਦੇ ਕਮਿਸ਼ਨ ਕੀਤੇ ਹੋਏ ਹੁੰਦੇ ਹਨ। ਕਈ ਗੈਰਜ਼ਰੂਰੀ ਟੈਸਟ ਕੇਵਲ ਲੈਬਾਰਟਰੀ ਵਾਲੇ ਨੂੰ ਕੰਮ ਦੇਣ ਲਈ ਕਰਵਾਏ ਜਾਂਦੇ ਹਨ। ਕਈ ਵਾਰ ਬਲੱਡ ਸੈਂਪਲ ਲੈ ਕੇ ਲੈਬਾਰਟਰੀ ਤੋਂ ਮਹਿਜ਼ ਮਰੀਜ਼ ਨੂੰ ਦਿਖਾਉਣ ਲਈ ਨਾਰਮਲ ਰਿਪੋਰਟਾਂ ਲੈ ਲਈਆਂ ਜਾਂਦੀਆਂ ਹਨ, ਇੰਝ ਬਿਨਾਂ ਟੈਸਟਾਂ ਤੋਂ ਮਰੀਜ਼ ਤੋਂ ਡਾਕਟਰ ਤੇ ਲੈਬਾਰਟਰੀ ਮਾਲਕ ਦੋਵੇਂ ਪੈਸੇ ਬਟੋਰ ਲੈਂਦੇ ਹਨ। ਡਾਕਟਰੀ ਪੇਸ਼ੇ ਵਿਚ ਇਹ ਅਨੈਤਿਕ ਪ੍ਰੈਕਟਿਸ ਬਹੁਤ ਵੱਡੀ ਪੱਧਰ ’ਤੇ ਹੋ ਰਹੀ ਹੈ ਤੇ ਲੋਕਾਂ ਦੀ ਸਿਹਤ ਨਾਲ ਬੜੀ ਬੇਰਹਿਮੀ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।

ਡਾਕਟਰੀ ਪੇਸ਼ੇ ਅਥਵਾ ਸਿਹਤ ਸੇਵਾਵਾਂ ਦੇ ਖ ੇਤਰ ਵਿਚ ਦਵਾ ਫਰੋਸ਼ਾਂ ਨੇ ਵੀ ਹਨ੍ਹੇਰ-ਗਰਦੀ ਮਚਾ ਰੱਖੀ ਹੈ। ਕੰਪਨੀਆਂ ਡਾਕਟਰਾਂ ਕੋਲੋਂ ਆਪਣੀਆਂ ਦਵਾਈਆਂ ਮਰੀਜ਼ਾਂ ਦੀਆਂ ਪਰਚੀਆਂ ਉਪਰ ਲਿਖਵਾਉਂਦੇ ਹਨ ਤੇ ਬਦਲੇ ਵਿਚ ਡਾਕਟਰਾਂ ਨੂੰ ਮੋਟਾ ਕਮਿਸ਼ਨ ਦਿੰਦੇ ਹਨ। ਦਵਾਈਆਂ ਦੀਆਂ ਲਾਗਤਾਂ ਬਹੁਤ ਘੱਟ ਹੁੰਦੀਆਂ ਹਨ, ਪਰ ਕੰਪਨੀਆਂ ਇਨ੍ਹਾਂ ਨੂੰ ਬਾਜ਼ਾਰ ਵਿਚ ਕਈ 100 ਫੀਸਦੀ ਮੁਨਾਫ਼ਾ ਲੈ ਕੇ ਵੀ ਵੇਚਦੀਆਂ ਹਨ। ਲੜੀਵਾਰ ਵਿਚ ਸਹੀ ਕੀਮਤ ਦੀਆਂ ਦੁਕਾਨਾਂ ਵੀ ਦਿਖਾਈਆਂ ਗਈਆਂ। ਡਾਕਟਰ ਦੀ ਲਿਖੀ ਦਵਾਈ ਜਦੋਂ ਆਮ ਕੈਮਿਸਟ ਸ਼ਾਪ ਤੋਂ ਖਰੀਦੀ ਗਈ ਤਾਂ ਇਸ ਦੀ ਕੀਮਤ ਲਗਪਗ ਦੋ ਹਜ਼ਾਰ ਰੁਪਏ ਵਸੂਲੀ ਗਈ, ਦੂਜੇ ਪਾਸੇ ਜਦੋਂ ਇਸੇ ਸਾਲਟ ਵਾਲੀ ਦਵਾਈ ਇਕ ਸਹੀ ਕੈਮਿਸਟ ਸ਼ਾਪ ਤੋਂ ਖਰੀਦੀ ਗਈ ਤਾਂ ਇਸ ਦੀ ਕੀਮਤ ਕੇਵਲ ਤਿੰਨ ਸੌ ਰੁਪਏ ਬਣੀ। ਸਹੀ ਮੁੱਲ ਦੀਆਂ ਦੁਕਾਨਾਂ ਰਾਜਸਥਾਨ ਸਰਕਾਰ ਦੇ ਸਹਿਯੋਗ ਨਾਲ ਇਕ ਜਨਕਲਿਆਣ ਸੰਸਥਾ ਵੱਲੋਂ ਰਾਜਸਥਾਨ ਪ੍ਰਾਂਤ ਵਿਚ ਖੋਲ੍ਹੀਆਂ ਗਈਆਂ ਹਨ। ਇਸ ਮੁਹਿੰਮ ਦੇ ਸੰਚਾਲਕ ਨੇ ਹੀ ਲੜੀਵਾਰ ਵਿਚ ਮੁਲਾਕਾਤ ਦੌਰਾਨ ਦੱਸਿਆ ਕਿ ਜ਼ਰੂਰੀ ਦਵਾਈਆਂ ਦੀ ਲਾਗਤ ਕੀਮਤ ਅਤੇ ਬਾਜ਼ਾਰ ਵਿਚ ਵਸੂਲੀ ਜਾ ਰਹੀ ਕੀਮਤ ਵਿਚ ਜ਼ਮੀਨ ਆਸਮਾਨ ਦਾ ਅੰਤਰ ਹੈ। ਇਸ ਅੰਤਰ ਕਾਰਨ ਕਈ ਵਾਰ ਦਵਾ ਗਰੀਬ ਆਦਮੀ ਦੀ ਪਹੁੰਚ ਤੋਂ ਦੂਰ ਰਹਿ ਜਾਂਦੀ ਹੈ ਅਤੇ ਆਮ ਆਦਮੀ ਦੀ ਜੇਬ ’ਤੇ ਭਾਰੀ ਨਾਜਾਇਜ਼ ਬੋਝ ਵੀ ਪਾਉਂਦੀ ਹੈ।

ਲੜੀਵਾਰ ਸਿਹਤ ਸੇਵਾਵਾਂ ਦੇ ਸਮੁੱਚੇ ਪ੍ਰਬੰਧ ਦਾ ਜ਼ਿੰਮੇਵਾਰੀ ਵੱਲ ਮੁੜਦਾ ਹੈ ਤਾਂ ਸਥਿਤੀ ਬੇਹੱਦ ਚਿੰਤਾਜਨਕ ਦਿਖਾਈ ਦਿੰਦੀ ਹੈ। ਇਹ ਜ਼ਿੰਮੇਵਾਰੀ ਮੈਡੀਕਲ ਕੌਂਸਲ ਆਫ਼ ਇੰਡੀਆ ਦੀ ਹੈ। ਇਸ ਸੰਸਥਾ ਦੇ ਨਿਘਾਰ ਨੂੰ ਦਰਸਾਉਣ ਲਈ ਇਸ ਦੇ ਇਕ ਸਾਬਕਾ ਨਿਰਦੇਸ਼ਕ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਕਿਵੇਂ ਉਹ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਆਪਣੇ ਅਹੁਦੇ ਤੋਂ ਮੁਅੱਤਲ ਕੀਤਾ ਗਿਆ ਸੀ, ਮਗਰੋਂ ਉਹ ਬਹਾਲ ਹੋ ਗਿਆ ਤੇ ਫਿਰ ਦੁਬਾਰਾ ਆਪਣੇ ਅਹੁਦੇ ’ਤੇ ਹੁੰਦਿਆਂ ਰਿਸ਼ਵਤ ਲੈਂਦਾ ਰੰਗੇ ਹੱਥੀਂ ਫੜਿਆ ਗਿਆ। ਇਸ ਤੋਂ ਮਗਰੋਂ ਇਕ ਸੇਵਾ ਮੁਕਤ ਮਿਲਟਰੀ ਜਨਰਲ ਨੂੰ ਨਿਰਦੇਸ਼ਕ ਨਿਯੁਕਤ ਕੀਤਾ ਗਿਆ, ਜਿਸ ਨੇ ਲੜੀਵਾਰ ਵਿਚ ਮੁਲਾਕਾਤ ਦੌਰਾਨ ਦੱਸਿਆ ਕਿ ਮੈਡੀਕਲ ਕੌਂਸਲ ਆਫ ਇੰਡੀਆ ਦਾ ਨਿਰਦੇਸ਼ਕ ਹੁੰਦਿਆਂ ਉਸ ਨੇ ਦੇਖਿਆ ਕਿ ਵਿਭਾਗ ਵਿਚ ਭ੍ਰਿਸ਼ਟਾਚਾਰ ਬੁਰੀ ਤਰ੍ਹਾਂ ਫੈਲਿਆ ਹੋਇਆ ਹੈ। ਉਸ ਨੇ ਇਸ ਨੂੰ ਖ਼ਤਮ ਕਰਨ ਲਈ ਪੂਰੀ ਵਾਹ ਲਾਈ, ਪਰ ਅਸਫ਼ਲ ਰਹਿਣ ’ਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਹੀ ਬਿਹਤਰ ਸਮਝਿਆ। ਮੈਡੀਕਲ ਕੌਂਸਲ ਆਫ ਇੰਡੀਆ ਦੇ ਵਰਤਮਾਨ ਨਿਰਦੇਸ਼ਕ ਨੇ ਵੀ ਮੁਲਾਕਾਤ ਦੌਰਾਨ ਵਿਭਾਗ ਵਿਚ ਭ੍ਰਿਸ਼ਟਾਚਾਰ ਦੀ ਗੱਲ ਕਬੂਲ ਕੀਤੀ, ਪਰ ਵਾਅਦਾ ਕੀਤਾ ਕਿ ਇਸ ਨੂੰ ਖ਼ਤਮ ਕਰਨ ਲਈ ਜ਼ਰੂਰੀ ਉਪਰਾਲੇ ਕੀਤੇ ਜਾਣਗੇ। ਡਾਕਟਰਾਂ ਦੇ ਚਰਿੱਤਰ ਬਾਰੇ ਲੜੀਵਾਰ ਵਿਚ ਇਥੋਂ ਤੱਕ ਦਿਖਾਇਆ ਗਿਆ ਹੈ ਕਿ ਉਹ ਆਪਣਾ ਮਰੀਜ਼ ਦੂਜੇ ਡਾਕਟਰ ਕੋਲ ਭੇਜਣ ਦਾ ਵੀ ਚੰਗਾ ਕਮਿਸ਼ਨ ਵਸੂਲ ਕਰਦੇ ਹਨ। ਇਸ ਪ੍ਰਸੰਗ ਵਿਚ ਜਦੋਂ ਇਕ ਵਿਦੇਸ਼ੀ ਡਾਕਟਰ ਦੀ ਆਪਬੀਤੀ ਸੁਣਾਈ ਗਈ ਤਾਂ ਭਾਰਤੀ ਡਾਕਟਰਾਂ ਦੇ ਚਰਿੱਤਰ ’ਤੇ ਸੱਚਮੁਚ ਸ਼ਰਮ ਆਉਣ ਲੱਗਦੀ ਹੈ। ਆਮਿਰ ਖਾਨ ਨੇ ਆਰ.ਟੀ.ਆਈ ਰਾਹੀਂ ਹਾਸਲ ਕੀਤੇ ਅੰਕੜਿਆਂ ਦਾ ਹਵਾਲਾ ਦੇ ਕੇ ਦੱਸਿਆ ਕਿ ਡਾਕਟਰਾਂ ਦੀ ਨੰਗੀ-ਚਿੱਟੀ ਹੈਵਾਨੀਅਤ ਦੇ ਬਾਵਜੂਦ ਮੈਡੀਕਲ ਕੌਂਸਲ ਆਫ ਇੰਡੀਆ ਨੇ ਅਜੇ ਤੱਕ ਇਕ ਵੀ ਡਾਕਟਰ ਦਾ ਲਾਇਸੰਸ ਪੱਕੇ ਤੌਰ ’ਤੇ ਰੱਦ ਨਹੀਂ ਕੀਤਾ ਹੈ, ਜਦ ਕਿ ਇੰਗਲੈਂਡ ਵਿਚ ਆਪਣੇ ਕੰਮ ਵਿਚ ਕੋਤਾਹੀ ਵਰਤਣ ਵਾਲੇ ਸੈਂਕੜੇ ਡਾਕਟਰਾਂ ਦੇ ਲਾਇਸੰਸ ਸਥਾਈ ਰੂਪ ਵਿਚ ਰੱਦ ਕਰ ਦਿੱਤੇ ਗਏ ਹਨ।

ਸਿਹਤ ਸੇਵਾਵਾਂ ਪ੍ਰਬੰਧ ਦਾ ਬੇਟਾ ਕਿਉਂ ਗਰਕ ਹੋਇਆ ਹੈ? ਇਸ ਦਾ ਜਵਾਬ ਦੇਣ ਲਈ ਪੇਸ਼ਕਾਰ ਆਮਿਰ ਖਾਨ ਇਕ ਮਾਹਿਰ ਨਾਲ ਮੁਲਾਕਾਤ ਕਰਵਾਉਂਦਾ ਹੈ। ਇਸ ਮਾਹਿਰ ਦਾ ਦੋ ਟੁਕ ਜਵਾਬ ਹੈ ਕਿ ਸਰਕਾਰ ਪ੍ਰਾਈਵੇਟ ਖੇਤਰ ਨੂੰ ਵੱਡਾ ਕਰ ਰਹੀ ਹੈ ਤੇ ਜਨਤਕ ਖੇਤਰ ਨੂੰ ਛੋਟਾ। ਉਸ ਨੇ ਅੰਕੜਿਆਂ ਦੇ ਹਵਾਲੇ ਨਾਲ ਦੱਸਿਆ ਕਿ ਆਜ਼ਾਦੀ ਤੋਂ ਪਹਿਲਾਂ ਕੇਵਲ ਇਕੋ ਮੈਡੀਕਲ ਸੰਸਥਾ ਸੀ, ਜਦ ਕਿ ਜਨਤਕ ਖੇਤਰ ਵਿਚ ਤੀਹ ਮੈਡੀਕਲ ਸੰਸਥਾਵਾਂ ਸਨ। ਅੱਜ ਇਹ ਅਨੁਪਾਤ ਉਲਟ ਹੋ ਚੁੱਕੀ ਹੈ। ਅੰਨ੍ਹੇ ਮੁਨਾਫ਼ੇ ਕਮਾਉਣ ਵਾਲਿਆਂ ਨੂੰ ਇਸ ਖੇਤਰ ਵਿਚ ਆਉਣ ਦੇ ਦਰ ਖੋਲ੍ਹਣ ਦਾ ਅਸਰ ਇਹ ਹੋਇਆ ਕਿ ਮੈਡੀਕਲ ਸਿੱਖਿਆ ਮਹਿੰਗੀ ਬਹੁਤ ਹੋ ਗਈ ਹੈ। ਨਿੱਜੀ ਸੰਸਥਾਵਾਂ ਵਿਚ ਡਾਕਟਰੀ ਦੀ ਪੜ੍ਹਾਈ ਲਈ 50-60 ਲੱਖ ਰੁਪਏ ਤਾਂ ਡੋਨੇਸ਼ਨ ਹੀ ਦੇਣੀ ਪੈਂਦੀ ਹੈ। ਇੰਨਾ ਖਰਚ ਕਰਕੇ ਸੁਪਾਵਿਕ ਹੈ ਕਿ ਡਾਕਟਰ ਆਪਣੇ ਕਿੱਤੇ ਵਿਚ ਵੱਧ ਤੋਂ ਵੱਧ ਕਮਾਈ ਕਰਨ ਦੀ ਕੋਸ਼ਿਸ਼ ਕਰਨਗੇ। ਮਾਹਿਰ ਨੇ ਇਹ ਵੀ ਦੱਸਿਆ ਕਿ ਦੇਸ਼ ਵਿਚ ਕੁੱਲ ਘਰੇਲੂ ਉਤਪਾਦਨ/ ਆਮਦਨ ਦਾ ਕੇਵਲ 1.7 ਫੀਸਦੀ ਹੀ ਸਿਹਤ ਸੇਵਾਵਾਂ ’ਤੇ ਖਰਚਾ ਕੀਤਾ ਜਾਂਦਾ ਹੈ, ਜਦ ਕਿ ਬਹੁਤ ਸਾਰੇ ਦੇਸ਼ਾਂ ਵਿਚ ਇਹ ਖਰਚ 8 ਫੀਸਦੀ ਤੱਕ ਵੀ ਹੈ। ਮਾਹਿਰ ਦੀ ਰਾਏ ਸੀ ਕਿ ਜੇਕਰ ਸਾਡੇ ਦੇਸ਼ ਵਿਚ ਵੀ ਖਰਚਾ 8 ਫੀਸਦੀ ਤੱਕ ਕਰ ਦਿੱਤਾ ਜਾਵੇ ਤਾਂ ਹਰ ਦੇਸ਼ ਵਾਸੀ ਨੂੰ ਤਸੱਲੀਬਖਸ਼ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਸਕਦੀਆਂ ਹਨ। ਮਾਹਿਰ ਨੇ ਵਿਅੰਗ ਨਾਲ ਕਿਹਾ ਕਿ ਅਸੀਂ ਤਾਂ ਕੇਵਲ ਪਾਕਿਸਤਾਨ ਨਾਲ ਹੀ ਆਪਣੀ ਤੁਲਨਾ ਕਰਕੇ ਮਨ ਬਹਿਲਾ ਲੈਂਦੇ ਹਾਂ। ‘‘ਪਾਕਿਸਤਾਨ ਆਪਣੀ ਕੁੱਲ ਘਰੇਲੂ ਆਮਦਨ ਦਾ 1.5 ਫੀਸਦੀ ਸਿਹਤ ਸੇਵਾਵਾਂ ’ਤੇ ਖਰਚ ਕਰਦਾ ਹੈ, ਅਸੀਂ 1.7 ਫੀਸਦੀ ਖਰਚ ਕਰਦੇ ਹਾਂ, ਤਾੜੀਆਂ!!!’’

‘ਸਤਯਮੇਵ ਜਯਤੇ’ ਸ਼ੋਅ ਵਿਚ ਮੈਡੀਕਲ ਕਾਲਜਾਂ ਦੇ ਵਿਦਿਆਰਥੀ ਵੀ ਹਾਜ਼ਰ ਹਨ। ਪੇਸ਼ਕਾਰ ਆਮਿਰ ਖਾਨ ਦੁਆਰਾ ਡਾਕਟਰੀ ਪੇਸ਼ੇ ਦਾ ਦੁਹਰਾਇਆ ਗਿਆ ‘ਕੋਡ ਆਫ ਕੰਡਕਟ’ ਵੀ ਸੁਣਦੇ ਹਨ। ਇਸ ਆਦਰਸ਼ ਜ਼ਾਬਤੇ ਵਿਚ ਸਪਸ਼ਟ ਲਿਖਿਆ ਗਿਆ ਹੈ ਕਿ ਡਾਕਟਰੀ ਪੇਸ਼ੇ ਦਾ ਮਕਸਦ ਮਹਿਜ਼ ਪੈਸਾ ਕਮਾਉਣਾ ਨਹੀਂ ਹੈ, ਸਗੋਂ ਮਾਨਵਤਾ ਦਾ ਭਲਾ ਕਰਨਾ ਹੈ। ਪੇਸ਼ਕਾਰ ਆਮਿਰ ਖਾਨ ਦਾ ਨੌਜਵਾਨ ਡਾਕਟਰਾਂ ਲਈ ਸੰਦੇਸ਼ ਹੈ ਕਿ ਪੈਸਾ ਕਮਾਉਣ ਲਈ ਸਮਾਜ ਵਿਚ ਹੋਰ ਬਹੁਤ ਸਾਰੇ ਕੰਮ-ਧੰਦੇ ਹਨ, ਉਹ ਅਪਣਾ ਲਏ ਜਾਣ ਜੇਕਰ ਪੈਸਾ ਕਮਾਉਣ ਦੀ ਪ੍ਰਬਲ ਇੱਛਾ ਹੋਵੇ ਤਾਂ, ਪਰ ਡਾਕਟਰੀ ਵਰਗੇ ਕੰਮ ਨੂੰ ਅੰਨ੍ਹੀ ਕਮਾਈ ਦੀ ਹਵਸ ਨਾਲ ਜੋੜ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਕੀਤਾ ਜਾਵੇ। ਇਸ ਸੰਦੇਸ਼ ਨਾਲ ਲੜੀਵਾਰ ਦਾ ਇਹ ਅਧਿਆਇ ਆਪਣੇ ਸਿਖ਼ਰ ’ਤੇ ਪਹੁੰਚ ਜਾਂਦਾ ਹੈ। ਹਰ ਗੰਭੀਰ ਦਰਸ਼ਕ ਦੇਖ ਕੇ ਆਮਿਰ ਖਾਨ ਦੀ ਪ੍ਰਤਿਭਾ ਅਤੇ ਪ੍ਰਤੀਬੱਧਤਾ ’ਤੇ ਅਸ਼-ਅਸ਼ ਕਰ ਉਠਦਾ ਹੈ। ਸਲਾਮ ਆਮਿਰ ਖਾਨ।






ਆਓ 'ਸਾਊਥ ਕਾਮਨ ਫਾਰਮਰਜ਼ ਮਾਰਕੀਟ' ਵਿੱਚ ਅਤੇ ਪਾਓ ਸਥਾਨਕ ਵਿਕਰੇਤਾਵਾਂ ਵੱਲੋਂ ਤਿਆਰ ਵਸਤਾਂ, ਤਾਜ਼ਾ ਸਬਜ਼ੀਆਂ ਅਤੇ ਬਹੁਤ ਕੁਝ ਹੋਰ...

# South Common

## Farmers' Market

**Now Open Saturday & Sunday from 10-4pm**

19th ave & Parsons Rd. , Go to

www.southcommonmarket.ca for more infromation

Bring this ad to the Kettle Corn booth for a dollar off a reg. size bag of great tasting Kettle corn.

'ਸਾਊਥ ਕਾਮਨ ਫਾਰਮਰਜ਼ ਮਾਰਕੀਟ' ਸਬੰਧੀ ਹੋਰ ਜਾਣਕਾਰੀ ਲਈ ਸੰਪਰਕ ਕਰੋ: ਬਰਾਇਨ (ਮੈਨੇਜਰ ) 780-465-5882

**WILDROSE MASONARY STONE WORKS**



Commertial & Residential

Ph: 780 340 1400
Off: 780 450 1413
Fax: 780 490 4888

**Dave Johal**



ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ

Culture Stone Blocks | Bricks | Glass Blocks

email:wildrosemasonary@live.ca 1404-69th St. SW Edmonton, AB T6L 1L4

**STP ELECTRIC LTD.**

stpelectric@hotmail.com



Offering Full Range of Electrical Services of

C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**

Certified Master Electrician

ਸਰਟੀਫ ਈਡ ਮ ਸਟਰ ਇਲਟੀਸ਼ਨ

*We'd Like...*

*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*

*Toll Free: 1-866-996-9776*

*sales@progressivewarranty.com*

*www.progressivewarranty.com*

CARB CANADIAN ALLIANCE OF RESIDENTIAL BUILDERS

progressive
home warranty solutions inc.

*Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

ਬਚਪਨ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ!

# ਜੁਰਮ ਵੱਡਿਆਂ ਦਾ ਹੈ, ਪਰ ਕੈਦ ਬੱਚਿਆਂ ਦੇ ਹਿੱਸੇ ਕਿਉਂ ਆ ਰਹੀ ਹੈ?

ਸ਼ਮਸ ਤਾਹਿਰ ਖਾਨ



ਬਾਲ ਅਪਰਾਧੀਆਂ ਨੂੰ ਬਾਲ ਸੁਧਾਰ ਘਰਾਂ ਵਿਚ ਰੱਖਿਆ ਜਾਂਦਾ ਹੈ, ਪਰ ਇਨ੍ਹਾਂ ਦੀ ਹਾਲਤ ਦੇ ਚਲਦਿਆਂ ਇਥੇ ਆ ਕੇ ਬੱਚੇ ਸੁਧਰਨ ਦੀ ਬਜਾਏ ਜ਼ਿਆਦਾ ਵਿਗੜਦੇ ਹਨ। ਇਥੇ ਇਕ ਕਮਰੇ ਵਿਚ 25-30 ਬੱਚਿਆਂ ਨੂੰ ਰੱਖਿਆ ਜਾਂਦਾ ਹੈ। ਬੱਚਿਆਂ ਦੇ ਸੁਧਾਰ ਲਈ ਜੋ ਪ੍ਰੋਗਰਾਮ ਹੈ, ਉਹ ਮੌਜੂਦਾ ਦੌਰ ਦੇ ਅਨੁਸਾਰ ਨਹੀਂ ਹੈ। ਸਮਾਜ ਵੀ ਅਜਿਹੇ ਬੱਚਿਆਂ ਨੂੰ ਅਪਰਾਧੀ ਦੀ ਨਜ਼ਰ ਨਾਲ ਹੀ ਦੇਖਦਾ ਹੈ।

ਸਾਡੇ ਘਰਾਂ ਵਿਚ ਹਰ ਥੋੜ੍ਹੀ ਦੇਰ ਬਾਅਦ ਸਾਡਾ ਧਿਆਨ ਆਪਣੇ ਵੱਲ ਮੋੜਨ ਲਈ ਉਤਾਵਲੇ ਬੱਚਿਆਂ ਦੀ ਗਿਣਤੀ ਅਸੀਂ ਉਂਗਲੀਆਂ 'ਤੇ ਗਿਣ ਲੈਂਦੇ ਹਾਂ ਅਤੇ ਦੁਨੀਆ ਦੇ ਵੱਡੇ ਫਿਕਰਾਂ ਵਿਚਾਲੇ ਇਹ ਜਾਣਦੇ ਹੀ ਨਹੀਂ ਹਾਂ ਕਿ ਦੇਸ਼ ਦੀ ਆਬਾਦੀ ਵਿਚ ਇਹ 42 ਫੀਸਦੀ ਦੇ ਹਿੱਸੇਦਾਰ ਹਨ।

ਅਸੀਂ ਤਰੱਕੀ ਦੇ ਨਾਮ 'ਤੇ ਅਸਮਾਨਤਾ ਦੀ ਜਿਹੜੀ ਖ਼ਤਰਨਾਕ ਦੁਨੀਆ ਆਪਣੇ ਚਾਰੇ ਪਾਸੇ ਬੁਣੀ ਹੈ, ਉਹ ਖ਼ਤਰਾ ਇਨ੍ਹਾਂ 42 ਫੀਸਦੀ ਬੱਚਿਆਂ ਦੇ ਹਿੱਸੇ ਵਿਚ ਵੀ ਆਉਂਦਾ ਹੈ।

ਹੁਣ ਗੌਰ ਕਰਦੇ ਜਾਓ ਅਤੇ ਤੁਸੀਂ ਦੇਖੋਗੇ ਕਿ ਜੇਕਰ ਜੁਰਮ ਹੈ, ਹਾਦਸੇ ਹਨ, ਵਾਰਦਾਤ ਹੈ... ਤਾਂ ਇਸ ਦਾ ਅੱਧਾ ਹਿੱਸਾ ਆਬਾਦੀ ਦੇ ਇਸ ਅੱਧੇ ਹਿੱਸੇ ਦੀ ਕਿਸਮਤ ਵਿਚ ਵੀ ਆਉਂਦਾ ਹੈ। ਅਸੀਂ ਅਤੇ ਤੁਸੀਂ ਸ਼ਾਇਦ ਆਪਣੇ ਅਨੁਭਵ ਅਤੇ ਹੁਸ਼ਿਆਰੀ ਨਾਲ ਜੁਰਮ ਦੇ ਇਹ ਖ਼ਤਰਨਾਕ ਰਸਤੇ ਪਛਾਣ ਵੀ ਲੈਂਦੇ ਹਾਂ ਅਤੇ ਉਨ੍ਹਾਂ ਤੋਂ ਕਿਨਾਰਾ ਵੀ ਕਰ ਲੈਂਦੇ ਹਾਂ, ਪਰ ਇਹ ਬੱਚੇ ਬੱਸ ਇਥੇ ਮਾਤ ਖਾ ਜਾਂਦੇ ਹਨ। ਬਸ ਇਥੋਂ ਸ਼ੁਰੂ ਹੁੰਦਾ ਹੈ ਉਹ ਸਿਲਸਿਲਾ ਜਿਹੜਾ ਇਨ੍ਹਾਂ ਮਾਸੂਮਾਂ ਦੀ ਮਾਸੂਮੀਅਤ ਖੇਡ-ਖੇਡ ਵਿਚ ਕਦੋਂ ਖੋਹ ਲੈਂਦਾ ਹੈ, ਖੁਦ ਇਨ੍ਹਾਂ ਨੂੰ ਵੀ ਨਹੀਂ ਪਤਾ ਚਲਦਾ।

ਸਾਡੀ ਆਬਾਦੀ ਦਾ ਇਹ ਅੱਧਾ ਹਿੱਸਾ ਨਾ ਤਾਂ ਸੜਕਾਂ 'ਤੇ ਸੁਰੱਖਿਅਤ ਹੈ, ਨਾ ਘਰਾਂ ਵਿਚ। ਬੱਚੇ ਜ਼ੁਲਮ ਦਾ ਸ਼ਿਕਾਰ ਕਿਵੇਂ ਹੁੰਦੇ ਹਨ, ਇਸ ਦੀ ਮਿਸਾਲ ਅਸੀਂ ਨੋਇਡਾ ਦੇ ਨਿਠਾਰੀ ਕਾਂਡ ਵਿਚ ਦੇਖ ਚੁੱਕੇ ਹਾਂ ਅਤੇ ਇਸ ਦੇਸ਼ ਵਿਚ ਸੰਗਠਿਤ ਅਤੇ ਅਸੰਗਠਿਤ ਦੋਨਾਂ ਤਰੀਕਿਆਂ ਦੀਆਂ ਨਿਠਾਰੀਆਂ ਕਿਸ ਤਾਦਾਦ ਵਿਚ ਮੌਜੂਦ ਹਨ, ਇਹ ਸਮਝਣ ਲਈ ਨਾ ਤਾਂ ਸਾਡੇ ਕੋਲ ਸਮਾਂ ਹੈ, ਨਾ ਹਿੰਮਤ।

ਵੱਡਿਆਂ ਦੀ ਤਵੱਜੋ ਬੱਚਿਆਂ ਦੀ ਮਾਸੂਮੀਅਤ ਦੇ ਸਾਹਮਣੇ ਬਹੁਤ ਆਸਾਨੀ ਨਾਲ ਲਾਚਾਰ ਹੋ ਜਾਂਦੀ ਹੈ। ਬਸ ਇਥੋਂ ਮੌਕਾ ਮਿਲਦਾ ਹੈ ਬੱਚਿਆਂ ਨੂੰ ਰਸਤੇ ਤੋਂ ਭਟਕਣ ਦਾ। ਆਪਣੇ ਆਸਪਾਸ ਦੇ ਮਾਹੌਲ ਨੂੰ ਜਦੋਂ ਉਹ ਦੇਖਦੇ ਹਨ ਤਾਂ ਬਸ ਉਸੇ ਵਿਚ ਢਲਣ ਲਈ ਕਾਹਲੇ ਹੋ ਜਾਂਦੇ ਹਾਂ। ਬਾਕੀ ਕਸਰ ਟੀਵੀ ਚੈਨਲ ਅਤੇ ਉਸ 'ਤੇ ਦਿਖਾਏ ਜਾਣ ਵਾਲੇ ਪ੍ਰੋਗਰਾਮ ਪੂਰੀ ਕਰ ਦਿੰਦੇ ਹਨ। ਉਹ ਸਮੇਂ ਤੋਂ ਪਹਿਲਾਂ ਬੱਚਿਆਂ ਨੂੰ ਵੱਡਾ ਅਤੇ ਬੁਰਾ ਦੋਨੋਂ ਬਣਾ ਦਿੰਦੇ ਹਨ। ਇਹੀ ਕਾਰਨ ਹੈ ਕਿ ਹੁਣ ਸਕੂਲਾਂ ਤੱਕ ਵਿਚ ਗੋਲੀਆਂ ਅਤੇ ਚਾਕੂ ਚੱਲਣ ਲੱਗੇ ਹਨ।

ਜ਼ਾਹਿਰ ਹੈ ਇਸ ਲਈ ਕਿਤੇ ਨਾ ਕਿਤੇ ਅਸੀਂ ਤੇ ਤੁਸੀਂ ਹੀ ਜ਼ਿੰਮੇਵਾਰ ਹਾਂ, ਜਿਹੜੇ ਆਪਣੇ ਬੱਚਿਆਂ ਨੂੰ ਅਜਿਹਾ ਮਾਹੌਲ ਪਰੋਸ ਰਹੇ ਹਾਂ। ਬੱਚਿਆਂ ਵਿਚ ਵਧ ਰਹੇ ਅਪਰਾਧ ਨੂੰ ਸਿਰਫ਼ ਕਾਨੂੰਨ ਨਾਲ ਨਹੀਂ ਰੋਕਿਆ ਜਾ ਸਕਦਾ। ਕਾਨੂੰਨ ਉਨ੍ਹਾਂ ਨੂੰ ਨਹੀਂ ਸੁਧਾਰ ਸਕਦਾ। ਇਸ ਲਈ ਪਹਿਲਾਂ ਸਾਨੂੰ ਖੁਦ ਨੂੰ ਸੁਧਾਰਨ ਦੀ ਲੋੜ ਹੈ ਕਿਉਂਕਿ ਬੱਚੇ ਆਮ ਤੌਰ 'ਤੇ ਉਹੀ ਕਰਦੇ ਹਨ, ਜੋ ਵੱਡਿਆਂ ਨੂੰ ਕਰਦੇ ਦੇਖਦੇ ਹਨ।

****

ਬਾਲ ਅਪਰਾਧ ਨਾਲ ਨਜਿੱਠਣ ਲਈ ਦੇਸ਼ ਵਿਚ ਜੁਵੇਲਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡ੍ਰਨ) ਐਕਟ, 2000 ਬਣਾਇਆ ਗਿਆ ਹੈ, ਪਰ ਇਸ ਵਿਚ ਅਤੇ ਇਹਦੇ ਲਾਗੂ ਕਰਨ ਵਿਚ ਕਮੀਆਂ ਹਨ। ਇਸ ਕਾਨੂੰਨ ਅਨੁਸਾਰ ਹਰ ਪੁਲਿਸ ਸਟੇਸ਼ਨ ਵਿਚ ਬਾਲ ਅਪਰਾਧ ਸ਼ਾਖਾ ਦਾ ਹੋਣਾ ਲਾਜ਼ਮੀ ਹੈ, ਜਿਸ ਵਿਚ ਬਾਲ ਅਪਰਾਧ ਨਾਲ ਨਜਿੱਠਣ ਅਤੇ ਉਸ ਨੂੰ ਰੋਕਣ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ, ਪਰ ਅਜਿਹਾ ਹਕੀਕਤ ਵਿਚ ਨਹੀਂ ਹੁੰਦਾ। ਜ਼ਿਆਦਾਤਰ ਪੁਲਿਸ ਸਟੇਸ਼ਨਾਂ ਵਿਚ ਬਾਲ ਅਪਰਾਧ ਸ਼ਾਖਾ ਹੁੰਦੀ ਹੀ ਨਹੀਂ ਹੈ ਅਤੇ ਹੁੰਦੀ ਵੀ ਹੈ, ਤਾਂ ਉਸ ਵਿਚ ਨਿਯੁਕਤ ਅਧਿਕਾਰੀ ਦੂਜੇ ਕੰਮ ਜ਼ਿਆਦਾ ਹੋਣ ਕਰਕੇ ਆਪਣੀ ਮੁਢਲੀ ਜ਼ਿੰਮੇਵਾਰੀ ਦਾ ਪਾਲਣ ਨਹੀਂ ਕਰ ਪਾਉਂਦੇ।

****

ਬਾਲ ਅਪਰਾਧੀਆਂ ਨੂੰ ਬਾਲ ਸੁਧਾਰ ਘਰਾਂ ਵਿਚ ਰੱਖਿਆ ਜਾਂਦਾ ਹੈ, ਪਰ ਇਨ੍ਹਾਂ ਦੀ ਹਾਲਤ ਦੇ ਚਲਦਿਆਂ ਇਥੇ ਆ ਕੇ ਬੱਚੇ ਸੁਧਰਨ ਦੀ ਬਜਾਏ ਜ਼ਿਆਦਾ ਵਿਗੜਦੇ ਹਨ। ਇਥੇ ਇਕ ਕਮਰੇ ਵਿਚ 25-30 ਬੱਚਿਆਂ ਨੂੰ ਰੱਖਿਆ ਜਾਂਦਾ ਹੈ। ਬੱਚਿਆਂ ਦੇ ਸੁਧਾਰ ਲਈ ਜੋ ਪ੍ਰੋਗਰਾਮ ਹੈ, ਉਹ ਮੌਜੂਦਾ ਦੌਰ ਦੇ ਅਨੁਸਾਰ ਨਹੀਂ ਹੈ। ਸਮਾਜ ਵੀ ਅਜਿਹੇ ਬੱਚਿਆਂ ਨੂੰ ਅਪਰਾਧੀ ਦੀ ਨਜ਼ਰ ਨਾਲ ਹੀ ਦੇਖਦਾ ਹੈ।

****

ਅੱਜ ਨਾ ਬਾਲ ਅਪਰਾਧੀਆਂ ਦੀ ਕਮੀ ਹੈ ਅਤੇ ਨਾ ਬੱਚਿਆਂ ਨਾਲ ਹੋਣ ਵਾਲੇ ਅਪਰਾਧਾਂ ਦੀ। ਦੋਨੋਂ ਹਾਲਾਤ ਦੇਸ਼ ਦੇ ਕਮਜ਼ੋਰ ਭਵਿੱਖ ਵੱਲ ਇਸ਼ਾਰਾ ਕਰਦੀਆਂ ਹਨ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਪੂਰੇ ਦੇਸ਼ ਵਿਚ ਅਪਰਾਧਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਪਰ ਇਸ ਤੋਂ ਵੀ ਜ਼ਿਆਦਾ ਚਿੰਤਾ ਦੀ ਗੱਲ ਇਹ ਹੈ ਕਿ ਬਾਲ ਅਪਰਾਧਾਂ ਦੀ ਗਿਣਤੀ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਪਿਛਲੇ ਦਸ ਸਾਲਾਂ ਦੌਰਾਨ ਬੱਚਿਆਂ ਵੱਲੋਂ ਕੀਤੇ ਗਏ ਅਪਰਾਧਾਂ ਵਿਚ ਢਾਈ ਗੁਣਾਂ ਵਾਧਾ ਹੋਇਆ ਹੈ ਅਤੇ ਕੁਲ ਅਪਰਾਧਾਂ ਦੀ ਤੁਲਨਾ ਵਿਚ ਬਾਲ ਅਪਰਾਧਾਂ ਦਾ ਅਨੁਪਾਤ ਵੀ ਦੁਗਣੇ ਤੋਂ ਜ਼ਿਆਦਾ ਹੋ ਚੁੱਕਾ ਹੈ। ਇਹ ਤਾਂ ਕੇਵਲ ਉਹ ਅੰਕੜੇ ਹਨ, ਜੋ ਪੁਲਿਸ ਥਾਣਿਆਂ ਵਿਚ ਦਰਜ ਕੀਤੇ ਗਏ ਹਨ। ਇਹ ਗੱਲ ਕਿਸੇ ਤੋਂ ਲੁਕੀ ਨਹੀਂ ਹੈ ਕਿ ਅਪਰਾਧ ਦੇ ਲਗਪਗ ਅੱਧੇ ਮਾਮਲੇ ਪੁਲਿਸ ਕੋਲ ਨਹੀਂ ਪਹੁੰਚ ਪਾਉਂਦੇ ਜਾਂ ਪਹੁੰਚਦੇ ਵੀ ਹਨ ਤਾਂ ਦਰਜ ਨਹੀਂ ਹੋ ਪਾਉਂਦੇ।


**Harjeet Sandhu**
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

**LIQUOR STORE ON SALE**
Located In a Very Busy Plaza
Close To Cineplex, Restaurants
ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।
ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।
Contact ਸੰਪਰਕ : ਪਾਲ ਬੜਵਾਲ
587-708-6866

Ph: 780-462-4940
Toll Free: 1-888-462-4623
**A City Limos Ltd.**


Wedding
School Proms
Birthday
City Tours
Airport Service
Edmonton-Calgary Vancouver

Contact
780-951-7260
e-mail: dhaliwalsd@hotmail.com, www.acitylimousine.com

# ਭਾਸ਼ਾ 'ਚ ਲਿੰਗ ਭੇਦ

ਗਾਇਤਰੀ ਆਰਿਆ

**ਅੱਜ ਦੇ ਦੌਰ 'ਚ ਸਾਨੂੰ ਇਹ ਸਮਝ ਲੱਗੀ ਹੈ ਕਿ ਭਾਸ਼ਾ ਦਾ ਲਿੰਗ ਚਰਿਤਰ ਵੀ ਹੈ। ਭਾਸ਼ਾ ਸਮਾਜ ਦੇ ਇਕ ਲਿੰਗ ਨੂੰ ਨਾ ਸਿਰਫ਼ ਸਰਵੋਤਮ ਸਾਬਤ ਕਰਦੀ ਹੈ ਬਲਕਿ ਦੂਸਰੇ ਲਿੰਗ ਨੂੰ ਹੀਣ ਵੀ ਸਾਬਤ ਕਰਨ 'ਚ ਸਹਾਇਕ ਹੁੰਦੀ ਹੈ। ਭਾਸ਼ਾ ਪੁਰਸ਼ ਨੂੰ ਸਰਵੋਤਮ, ਕਰਤਾ-ਧਰਤਾ ਅਤੇ ਸਹੀ ਫੈਸਲੇ ਲੈਣ ਵਾਲਾ ਐਲਾਨਦੀ ਹੈ। ਜਦੋਂ ਕਿ ਔਰਤ ਨੂੰ ਭੋਗ ਕਰਨ ਵਾਲੀ ਚੀਜ਼, ਨਕਾਰਾ ਅਤੇ ਦਿਮਾਗ ਤੋਂ ਪੈਦਲ ਠਹਿਰਾਇਆ ਜਾਂਦਾ ਹੈ। ਸਮਾਜ 'ਚ ਲਿੰਗ ਭੇਦ ਨੂ ਵੱਧਾਉਣ 'ਚ ਭਾਸ਼ਾ ਨੇ ਬਹੁਤ ਵੱਡਾ ਯੋਗਦਾਨ ਦਿੱਤਾ ਹੈ। ਭਾਸ਼ਾ ਮੂਲ ਰੂਪ 'ਚ ਲਿੰਗ ਭੇਦੀ ਹੈ। ਹੋਰ ਬਹੁਤ ਸਾਰੀਆਂ ਸੰਸਥਾਵਾਂ ਵਾਂਗ ਸੰਵਿਧਾਨ ਦੀ ਲਿੰਗ ਸਮਾਨਤਾ ਦੀ ਭਾਵਨਾ ਦੇ ਉਲਟ ਸਾਡੀ ਭਾਸ਼ਾ ਵੀ ਲਿੰਗ-ਭੇਦੀ ਹੈ। ਉਹ ਔਰਤ-ਪੁਰਸ਼ 'ਚ ਸਿਰਫ਼ ਵਿਆਕਰਣ ਸਬੰਧਤ ਭੇਦ ਹੀ ਨਹੀਂ ਬਲਕਿ ਸਮਾਜਕ ਭੇਦ ਵੀ ਕਰਦੀ ਹੈ ਅਤੇ ਉਸ ਭੇਦ-ਭਾਵ ਨੂੰ ਹੱਲਾ-ਸ਼ੇਰੀ ਵੀ ਦਿੰਦੀ ਹੈ।**



ਇਨਸਾਨ ਲਈ ਪ੍ਰਗਟਾਵੇ ਦੀ ਜ਼ਰੂਰਤ ਭੁੱਖ-ਪਿਆਸ, ਨੀਂਦ ਵਰਗੀ ਤਾਂ ਨਹੀਂ ਹੈ ਪਰ ਉਸ ਤੋਂ ਘੱਟ ਵੀ ਨਹੀਂ ਹੈ। ਜਦੋਂ ਤੱਕ ਮਨ ਦੇ ਛੋਟੇ-ਛੋਟੇ ਭਾਵਾਂ ਦੇ ਪ੍ਰਗਟਾਵਿਆਂ ਲਈ ਸਹੀ ਸ਼ਬਦ ਨਹੀਂ ਮਿਲਦੇ ਉਦੋਂ ਤੱਕ ਮਨ ਉੱਗੋ-ਦੁੱਗੀ ਹੋਇਆ ਰਹਿੰਦਾ ਹੈ। ਇਥੋਂ ਤੱਕ ਕਿ ਭਾਵਨਾਵਾਂ ਮੁਤਾਬਕ ਢੁਕਵੇਂ ਸ਼ਬਦਾਂ ਦੀ ਚੋਣ ਅਤੇ ਵਰਤੋਂ ਵੇਲੇ ਅਸੀਂ ਵਿਆਕਰਣ ਦੀ ਵੀ ਜ਼ਿਆਦਾ ਪ੍ਰਵਾਹ ਨਹੀਂ ਕਰਦੇ। ਵਿਆਕਰਣ ਵਿਅਕਤੀ ਦੀ ਆਰਥਕ, ਸਮਾਜਕ, ਵਿੱਦਿਅਕ, ਜਾਤੀਗਤ ਅਤੇ ਲਿੰਗਗਤ ਸਥਿਤੀ ਦੇ ਅਧਾਰ 'ਤੇ ਭੇਦ ਕਰਨਾ ਨਹੀਂ ਸਿਖਾਉਂਦੀ। ਪਰ ਭਾਸ਼ਾ ਆਰਥਕ ਸਥਿਤੀ, ਸਮਾਜਕ ਹੈਸੀਅਤ, ਵਿਦਿਅਕ ਹੈਸੀਅਤ ਦੇ ਅਧਾਰਤ ਅਤੇ ਜਾਤੀਗਤ, ਲਿੰਗਗਤ ਸਬੰਧੀ ਭੇਦ ਕਰਦੀ ਹੈ। ਰਵੱਈਏ ਜਾਂ ਵਿਹਾਰ 'ਚ ਇਹ ਸਾਰੇ ਭੇਦ ਐਨੇ ਡੂੰਘੇ ਹੁੰਦੇ ਹਨ ਕਿ ਅਸੀਂ ਇਸ ਦੇ ਹਿਸਾਬ ਨਾਲ ਭਾਸ਼ਾ ਨੂੰ ਤੋੜਨ-ਮਰੋੜਨ ਜਾਂ ਮਨਮਰਜ਼ੀ ਨਾਲ ਵਰਤੋਂ ਕਰਨ ਤੋਂ ਬਾਜ਼ ਨਹੀਂ ਆਉਂਦੇ। ਬਲਕਿ ਹਾਲਾਤ ਤਾਂ ਇਥੋਂ ਤਕ ਬਣ ਗਏ ਹਨ ਕਿ ਜੇਕਰ ਅਸੀਂ ਅਹੁਦੇ, ਪੈਸੇ, ਰੁਤਬੇ, ਲਿੰਗ, ਜਾਤੀ ਦੇ ਮੁਤਾਬਕ ਆਪਣੀ ਭਾਸ਼ਾ, ਸ਼ਬਦਾਂ, ਹਾਵਭਾਵ, ਮਨੋਬਿਰਤੀ ਨੂੰ ਨਾ ਬਦਲੀਏ ਤਾਂ ਕਈ ਵਾਰੀ ਸਾਨੂੰ ਖੁਦ ਨੂੰ ਹੀ ਅਜੀਬ ਲੱਗਣਾ ਸ਼ੁਰੂ ਹੋ ਜਾਂਦਾ ਹੈ, ਸੰਤੁਸ਼ਟੀ ਨਹੀਂ ਮਿਲਦੀ। ਮਿਸਾਲ ਦੇ ਤੌਰ 'ਤੇ ਅਸੀਂ ਕਿਸੇ ਅਸਰ-ਰਸੂਖ ਵਾਲੇ ਵਿਅਕਤੀ ਨਾਲ ਤੂੰ-ਤੜਾਕ ਕਰਕੇ ਗੱਲ ਕਰਾਂਗੇ ਤਾਂ ਸਾਨੂੰ ਖੁਦ ਹੀ ਲੱਗੇਗਾ ਕਿ ਅਸੀਂ ਗਲਤ ਕਰ ਰਹੇ ਹਾਂ। ਅਸੀਂ ਅਸਹਿਜ ਮਹਿਸੂਸ ਕਰਨ ਲੱਗ ਪਵਾਂਗੇ। ਇਸ ਦੇ ਉਲਟ ਅਸੀਂ ਕਿਸੇ ਗਰੀਬ ਜਾਂ ਬਹੁਤ ਘੱਟ ਹੈਸੀਅਤ ਵਾਲੇ ਵਿਅਕਤੀ ਨਾਲ ਨਰਮ ਅਤੇ ਸਭਿਅਤ ਭਾਸ਼ਾ 'ਚ ਗੱਲ ਕਰਾਂਗੇ ਤਾਂ ਸਾਨੂੰ ਖੁਦ ਨੂੰ ਮਹਿਸੂਸ ਹੋਵੇਗਾ ਕਿ ਅਸੀਂ ਸਾਹਮਣੇ ਵਾਲੇ ਨੂੰ ਉਹ ਦੇ ਰਹੇ ਹਾਂ ਜਿਸ ਦਾ ਉਹ ਹੱਕਦਾਰ ਨਹੀਂ ਹੈ। ਜਾਂ ਫੇਰ ਕਿਸੇ ਦਲਿਤ ਨਾਲ ਗੱਲ ਕਰਦਿਆਂ ਜੇਕਰ ਜਾਤੀਗਤ ਗਾਲ੍ਹਾਂ ਨਾ ਕਢੀਆਂ ਜਾਣ ਉਦੋਂ ਤੱਕ ਤਸੱਲੀ ਜਿਹੀ ਨਹੀਂ ਮਿਲਦੀ। ਇਸੇ ਤਰ੍ਹਾਂ ਕਿਸੇ ਔਰਤ ਨਾਲ ਗੱਲ ਕਰਦਿਆਂ ਜਾਂ ਉਸ ਬਾਰੇ ਗੱਲ ਕਰਦਿਆਂ ਦੋ ਅਰਥਾਂ ਵਾਲੇ ਸ਼ਬਦਾਂ, ਵਾਕਾਂ, ਅਸ਼ਲੀਲ ਵਿਹਾਰ ਅਤੇ ਕਾਮੁਕਤਾ ਦੇ ਪ੍ਰਦਰਸ਼ਨ ਦੀ ਫ਼ੀਸਦ ਵੀ ਕਾਫ਼ੀ ਵੱਧ ਜਾਂਦੀ ਹੈ।

ਭਾਸ਼ਾ ਮਾਹਰਾਂ ਦਾ ਮੰਨਣਾ ਹੈ ਕਿ ਭਾਸ਼ਾ ਮਨੁੱਖ ਦੀ ਉਤਪਾਦਕ ਸਰਗਰਮੀ ਨਾਲ ਸਿੱਧੇ-ਸਿੱਧੇ ਜੁੜੀ ਹੁੰਦੀ ਹੈ। ਸਭਿਅਤਾ ਦੀ ਸ਼ੁਰੂਆਤ ਤੋਂ ਹੀ ਔਰਤ ਦੀ ਜ਼ਿੰਦਗੀ ਦਾ ਅਹਿਮ ਕਿਰਦਾਰ ਮਾਂ ਬਣਨ ਅਤੇ ਲਗਾਤਾਰ ਬਣਦੇ ਰਹਿਣ 'ਚ ਉਲਝਿਆ ਰਿਹਾ ਹੈ। ਇਸੇ ਕਰਕੇ ਉਸ ਦੇ ਵਲੋਂ ਬੱਚਿਆਂ ਦੇ ਪਾਲਣ-ਪੋਸ਼ਣ 'ਚ ਕੀਤੀ ਜਾਣ ਵਾਲੀ ਅੰਤਹੀਨ ਕਿਰਤ 'ਚ ਹੀ ਉਸ ਦੀ ਜ਼ਿੰਦਗੀ ਦਾ ਬਹੁਤਾ ਸਮਾਂ ਬੀਤਦਾ ਸੀ ਤੇ ਅੱਜ ਵੀ ਬੀਤ ਰਿਹਾ ਹੈ। ਔਰਤ ਦੀ ਜ਼ਿੰਦਗੀ 'ਚ ਕੀਤੀ ਮਿਹਨਤ ਆਮ ਤੌਰ 'ਤੇ ਨਜ਼ਰਅੰਦਾਜ਼ ਹੁੰਦੀ ਸੀ ਅਤੇ ਅੱਜ ਵੀ ਹੁੰਦੀ ਹੈ। ਮੂਲ ਉਤਪਾਦਕ ਹਮੇਸ਼ਾ ਆਦਮੀ ਹੀ ਮੰਨਿਆ ਗਿਆ ਕਿਉਂਕਿ ਉਸ ਦੀ ਮਿਹਨਤ ਨਜ਼ਰ ਆਉਂਦੀ ਸੀ ਅਤੇ ਹੁਣ ਵੀ ਨਜ਼ਰ ਆਉਂਦੀ ਹੈ। ਬੱਚਿਆਂ ਦੇ ਪਾਲਣ-ਪੋਸ਼ਣ, ਉਸ ਨੂੰ ਵੱਡੇ ਕਰਨ 'ਚ ਕੀਤੀ ਜਾਣ ਵਾਲੀ ਮਿਹਨਤ ਤਾਂ ਨਜ਼ਰ ਨਹੀਂ ਆਉਂਦੀ ਜਦੋਂ ਕਿ ਉਸ ਦੌਰ 'ਚ ਜਦੋਂ ਭਾਸ਼ਾ ਦਾ ਨਿਰਮਾਣ ਹੋ ਰਿਹਾ ਹੋਵੇਗਾ, ਔਰਤਾਂ ਦੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਤਾਂ ਇਸੇ ਮਿਹਨਤ ਯਾਨੀ ਬੱਚੇ ਪੈਦਾ ਕਰਨ ਅਤੇ ਪਾਲਣ-ਪੋਸ਼ਣ 'ਚ ਹੀ ਨਿਕਲਦਾ ਰਿਹਾ ਹੋਵੇਗਾ। ਅੱਜ ਜਦੋਂ ਕਿ ਗਰਭ ਕੰਟਰੋਲ ਦੇ ਐਨੇ ਸਾਰੇ ਤਰੀਕੇ ਆ ਗਏ ਹਨ, ਇਸ ਕਰਕੇ ਦੇਸ਼ ਦੀ ਵੱਡੀ ਆਬਾਦੀ ਦੀਆਂ ਮਹਿਲਾਵਾਂ ਸਾਲ-ਦਰ-ਸਾਲ ਬੱਚੇ ਜੰਮਣ ਲਈ ਮਜਬੂਰ ਨਹੀਂ ਹਨ। ਇਸ ਤੋਂ ਸਹਿਜੇ ਹੀ ਕਲਪਨਾ ਕੀਤੀ ਜਾ ਸਕਦੀ ਹੈ ਕਿ ਸਭਿਅਤਾ ਦੇ ਸ਼ੁਰੂਆਤੀ ਦੌਰ 'ਚ ਔਰਤਾਂ ਦੀ ਜ਼ਿੰਦਗੀ ਦਾ ਜ਼ਿਆਦਾ ਹਿੱਸਾ ਸਿਰਫ਼ ਬੱਚੇ ਜੰਮਣ 'ਚ ਹੀ ਬੀਤਦਾ ਹੋਵੇਗਾ। ਬੱਚੇ ਪੈਦਾ ਕਰਨ ਅਤੇ ਉਨ੍ਹਾਂ ਦੇ ਪਾਲਣ-ਪੋਸ਼ਣ ਦੀ ਮਿਹਨਤ ਤੋਂ ਇਲਾਵਾ ਹੋਰ ਵੀ ਕੰਮ ਹੁੰਦੇ ਸਨ ਜੋ ਕਿਸੇ ਗਿਣਤੀ 'ਚ ਨਹੀਂ ਸਨ ਆਉਂਦੇ। ਸਮੇਂ 'ਤੇ ਰੋਟੀ ਮੁਹੱਈਆ ਕਰਨੀ, ਸਾਫ਼-ਸਫ਼ਾਈ, ਕੱਪੜਿਆਂ ਦੀ ਸਲਾਈ-ਕਢਾਈ ਆਦਿ ਜ਼ਰੂਰੀ ਤੇ ਅਦਿੱਖ ਕੰਮ ਇਸ 'ਚ ਸ਼ਾਮਲ ਹਨ। ਜ਼ਾਹਰ ਹੈ ਫੇਰ ਉਤਪਾਦਕ ਸਰਗਰਮੀ ਨਾਲ ਸਿੱਧੇ-ਸਿੱਧੇ ਜੁੜਨ ਵਾਲੇ ਆਦਮੀਆਂ ਨੇ ਹੀ ਭਾਸ਼ਾ ਦੇ ਨਿਰਮਾਣ 'ਚ ਅਹਿਮ ਭੂਮਿਕਾ ਨਿਭਾਈ। ਇਹ ਮਨੁੱਖ ਦਾ ਸੁਭਾਅ ਹੈ ਕਿ ਜਿਸ ਪੀੜ ਨੂੰ ਉਹ ਮਹਿਸੂਸ ਨਹੀਂ ਕਰਦਾ ਉਸ ਨੂੰ ਪ੍ਰਗਟ ਕਰਨ ਲਈ ਉਹ ਤੜਫਦਾ ਵੀ ਨਹੀਂ ਹੈ। ਇਸੇ ਨਾਲ ਔਰਤ ਦੇ ਜੀਵਨ ਨਾਲ ਅਟੁੱਟ ਤਰੀਕੇ ਨਾਲ ਜੁੜੇ ਦਰਦ ਅਤੇ ਤਜਰਬਿਆਂ ਦੇ ਪ੍ਰਗਟਾਵੇ ਲਈ ਸਹੀ ਸ਼ਬਦਾਂ ਅਤੇ ਸਹੀ ਭਾਸ਼ਾ ਦੀ ਨਾ ਆਦਮੀ ਨੇ ਖੋਜ ਕੀਤੀ ਅਤੇ ਨਾ ਹੀ ਕਮੀ ਜਾਂ ਘਾਟ ਹੀ ਮਹਿਸੂਸ ਹੋਈ।

ਅੱਜ ਦੇ ਦੌਰ 'ਚ ਸਾਨੂੰ ਇਹ ਸਮਝ ਲੱਗੀ ਹੈ ਕਿ ਭਾਸ਼ਾ ਦਾ ਲਿੰਗ ਚਰਿਤਰ ਵੀ ਹੈ। ਭਾਸ਼ਾ ਸਮਾਜ ਦੇ ਇਕ ਲਿੰਗ ਨੂੰ ਨਾ ਸਿਰਫ਼ ਸਰਵੋਤਮ ਸਾਬਤ ਕਰਦੀ ਹੈ ਬਲਕਿ ਦੂਸਰੇ ਲਿੰਗ ਨੂੰ ਹੀਣ ਵੀ ਸਾਬਤ ਕਰਨ 'ਚ ਸਹਾਇਕ ਹੁੰਦੀ ਹੈ। ਭਾਸ਼ਾ ਪੁਰਸ਼ ਨੂੰ ਸਰਵੋਤਮ, ਕਰਤਾ-ਧਰਤਾ ਅਤੇ ਸਹੀ ਫੈਸਲੇ ਲੈਣ ਵਾਲਾ ਐਲਾਨਦੀ ਹੈ। ਜਦੋਂ ਕਿ ਔਰਤ ਨੂੰ ਭੋਗ ਕਰਨ ਵਾਲੀ ਚੀਜ਼, ਨਕਾਰਾ ਅਤੇ ਦਿਮਾਗ ਤੋਂ ਪੈਦਲ ਠਹਿਰਾਇਆ ਜਾਂਦਾ ਹੈ। ਸਮਾਜ 'ਚ ਲਿੰਗ ਭੇਦ ਨੂੰ ਵੱਧਾਉਣ 'ਚ ਭਾਸ਼ਾ ਨੇ ਬਹੁਤ ਵੱਡਾ ਯੋਗਦਾਨ ਦਿੱਤਾ ਹੈ। ਭਾਸ਼ਾ ਮੂਲ ਰੂਪ 'ਚ ਲਿੰਗ ਭੇਦੀ ਹੈ। ਹੋਰ ਬਹੁਤ ਸਾਰੀਆਂ ਸੰਸਥਾਵਾਂ ਵਾਂਗ ਸੰਵਿਧਾਨ ਦੀ ਲਿੰਗ ਸਮਾਨਤਾ ਦੀ ਭਾਵਨਾ ਦੇ ਉਲਟ ਸਾਡੀ ਭਾਸ਼ਾ ਵੀ ਲਿੰਗ-ਭੇਦੀ ਹੈ। ਉਹ ਔਰਤ-ਪੁਰਸ਼ 'ਚ ਸਿਰਫ਼ ਵਿਆਕਰਣ ਸਬੰਧਤ ਭੇਦ ਹੀ ਨਹੀਂ ਬਲਕਿ ਸਮਾਜਕ ਭੇਦ ਵੀ ਕਰਦੀ ਹੈ ਅਤੇ ਉਸ ਭੇਦ-ਭਾਵ ਨੂੰ ਹੱਲਾ-ਸ਼ੇਰੀ ਵੀ ਦਿੰਦੀ ਹੈ।

ਸਮਾਜਕ ਹੈਸੀਅਤ, ਆਰਥਕ ਸਥਿਤੀ ਪ੍ਰਤੀ ਸਾਡੀ ਭਾਸ਼ਾ, ਸਾਡੇ ਸ਼ਬਦ ਨਾਂਹਪੱਖੀ ਤਰੀਕੇ ਤੋਂ ਸੁਚੇਤ ਹੁੰਦੇ ਹਨ। ਉਸੇ ਤਰ੍ਹਾਂ ਹੀ ਲਿੰਗ ਨੂੰ ਲੈ ਕੇ ਸਾਡੀ ਭਾਸ਼ਾ ਵੀ ਬੇਹਦ ਸੁਚੇਤ ਹੁੰਦੀ ਹੈ। ਜਿਵੇਂ ਸ਼ਬਦ ਸਮਾਜ 'ਚ ਮੌਜੂਦ ਵਰਗੀਕਰਣ ਅਤੇ ਹੈਸੀਅਤ ਦਾ ਅਹਿਸਾਸ ਦਵਾਉਂਦੇ ਹਨ, ਉਸੇ ਤਰ੍ਹਾਂ ਹੀ ਲਿੰਗ ਭੇਦ ਰਾਹੀਂ ਔਰਤ ਅਤੇ ਪੁਰਸ਼ ਲਿੰਗ ਦੀ ਵੱਖ-ਵੱਖ ਸਮਾਜਕ ਹੈਸੀਅਤ ਨੂੰ ਵੀ ਪ੍ਰਗਟ ਕਰਦੇ ਹਨ। ਵਿਆਕਰਣ ਅਹੁਦੇ, ਪੈਸੇ ਅਤੇ ਇੱਜ਼ਤ ਮਾਨ ਮੁਤਾਬਕ ਭਾਸ਼ਾ 'ਚ ਫ਼ਰਕ ਨਹੀਂ ਕਰਦੀ। ਪਰ ਅਸੀਂ ਵਿਆਕਰਣ ਦੇ ਨਿਯਮਾਂ ਨੂੰ ਖੂੰਡੇ ਲਾਈਨ ਲਗਾ ਕੇ ਸਮਾਜਕ ਕਦਰਾਂ-ਕੀਮਤਾਂ ਤੇ ਨਿਯਮਾਂ ਦੇ ਅਧਾਰ 'ਤੇ ਭਾਸ਼ਾ 'ਚ ਅਹੁਦੇ, ਪੈਸੇ ਅਤੇ ਸ਼ਾਨ ਮੁਤਾਬਕ ਸ਼ਬਦਾਂ ਅਤੇ ਵਾਕਾਂ ਨੂੰ ਬਦਲਦੇ ਹਾਂ। ਮਿਸਾਲ ਦੇ ਤੌਰ 'ਤੇ ਅਸੀਂ ਕਹਾਂਗੇ, 'ਮੰਤਰੀ ਜੀ ਦੇ ਪਿਤਾ ਜੀ ਗੁਜ਼ਰ ਗਏ' ਜਾਂ ਫੇਰ ਕਿਸੇ ਰਿਕਸ਼ਾ ਵਾਲੇ ਲਈ ਕਹਾਂਗੇ, 'ਰਿਕਸ਼ਾ ਵਾਲੇ ਕਾ ਬਾਪ ਮਰ ਗਿਆ'। ਅਸੀਂ ਕਦੇ ਨਹੀਂ ਕਹਿ ਪਾਵਾਂਗੇ ਕਿ 'ਮੰਤਰੀ ਦਾ ਬਾਪ ਮਰ ਗਿਆ'। ਜਦੋਂ ਕਿ ਵਿਆਕਰਣ ਸਾਨੂੰ ਸਿਰਫ਼ ਸਨਮਾਨ ਸੂਚਕ ਸ਼ਬਦ ਬੋਲਣ ਲਈ ਪ੍ਰੇਰਦੀ ਹੈ ਪਰ ਅਸੀਂ ਵਿਆਕਰਣ ਨੂੰ ਭੁਲਕੇ ਖੁਦ ਹੀ ਨਿਸ਼ਚਤ ਕਰਦੇ ਹਾਂ ਕਿ ਕਿਸ ਨੂੰ ਕਿੰਨਾ ਕੁ ਸਨਮਾਨ ਦੇਣਾ ਹੈ ਅਤੇ ਕਿਸ ਦਾ ਸਨਮਾਨ ਨਹੀਂ ਕਰਨਾ ਹੈ। ਅਹੁਦਾ ਅਤੇ ਪੈਸਾ ਸਾਡੀ ਭਾਸ਼ਾ ਨੂੰ ਅਮੀਰ ਬਣਾਉਂਦਾ ਹੈ। ਆਰਥਕ ਥੁੜ੍ਹ, ਗਰੀਬੀ, ਤੰਗੀ ਜਾਂ ਹੇਠਲੇ ਦਰਜੇ ਦੀ ਹੈਸੀਅਤ ਸਾਡੀ ਭਾਸ਼ਾ ਤੋਂ ਸਨਮਾਨ ਸੂਚਕ ਸ਼ਬਦ ਹਟਾ ਕੇ ਸਖ਼ਤ ਅਤੇ ਅਪਮਾਨ ਵਾਲੇ ਸ਼ਬਦਾਂ ਦੀ ਵਰਤੋਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਹੁਣ ਜਦੋਂ ਕਿ ਔਰਤ ਦੀ ਸਮਾਜ 'ਚ ਹੈਸੀਅਤ ਪੁਰਸ਼ ਦੇ ਮੁਕਾਬਲੇ ਦੂਸਰੇ ਦਰਜੇ 'ਤੇ ਹੈ।

ਵਿਹਾਰ 'ਚ ਸਾਨੂੰ ਇਹ ਪਤਾ ਲੱਗਦਾ ਹੈ ਕਿ ਘੱਟ ਹੈਸੀਅਤ ਵਾਲਿਆਂ ਨਾਲ ਸਾਡੀ ਭਾਸ਼ਾ ਦਾ ਕੀ ਰਵੱਈਆ ਹੁੰਦਾ ਹੈ। ਅਕਸਰ ਹੀ ਛੋਟੀ ਹੈਸੀਅਤ ਵਾਲਿਆਂ ਨਾਲ ਅਸੀਂ ਸੰਬੋਧਨ ਵੇਲੇ ਤੂੰ-ਤੜਾਕ 'ਤੇ ਆ ਜਾਂਦੇ ਹਾਂ। ਮਿਸਾਲ ਵਜੋਂ ਹੇਠਲੇ ਦਰਜੇ ਵਾਲੇ ਕਿਸੇ ਵਿਅਕਤੀ ਨੂੰ ਜੇਕਰ ਕੋਈ ਕੰਮ ਨਾ ਆਉਂਦਾ ਹੋਵੇ ਤਾਂ ਅਸੀਂ ਕਹਾਂਗੇ, 'ਤੇਰੇ ਵਸ ਦੀ ਗੱਲ ਨਹੀਂ ਹੈ'। ਜੇਕਰ ਉੱਚੀ ਹੈਸੀਅਤ ਵਾਲਾ ਵਿਅਕਤੀ ਹੋਵੇਗਾ ਤਾਂ ਅਸੀਂ ਉਸ ਨੂੰ ਬੜੀ ਇੱਜ਼ਤ ਨਾਲ ਕਹਾਂਗੇ, 'ਬੁਰਾ ਨਾ ਮੰਨਿਓ ਪਰ ਮੈਂ ਸਮਝਦੀ ਹਾਂ ਕਿ ਇਹ ਕੰਮ ਸ਼ਾਇਦ ਤੁਸੀਂ ਨਹੀਂ ਕਰ ਸਕੋਗੇ'। ਹੁਣ ਇਨ੍ਹਾਂ ਦੋ ਵੱਖ-ਵੱਖ ਸਮਾਜਕ ਹੈਸੀਅਤ ਵਾਲੇ ਲੋਕਾਂ ਨੂੰ ਕਹੀ ਗੱਲ ਜਾਂ ਵਰਤੀ ਗਈ ਭਾਸ਼ਾ 'ਤੇ ਵਿਚਾਰ ਕਰਦੇ ਹਾਂ। ਉੱਚ ਹੈਸੀਅਤ ਵਾਲੇ ਵਿਅਕਤੀ ਨਾਲ ਕੀਤੀ ਗਈ ਗੱਲ 'ਚ ਸਾਡੀ ਭਾਸ਼ਾ, ਸਾਡਾ ਅੰਦਾਜ਼, ਹਾਵ-ਭਾਵ ਸਭ ਕੁਝ ਬਹੁਤ ਨਿਮਰਤਾ ਭਰਪੂਰ ਹਨ ਅਤੇ ਨਾਲ ਹੀ ਸ਼ਬਦਾਂ ਦੀ ਚੋਣ ਵੀ ਵਿਸ਼ੇਸ਼ ਤੌਰ 'ਤੇ ਸੁਚੇਤ ਹੋ ਕੇ ਕੀਤੀ ਗਈ ਹੈ ਕਿ ਕੀਤੇ ਉਕਤ ਵਿਅਕਤੀ ਨੂੰ ਕੋਈ ਠੇਸ ਨਾ ਪਹੁੰਚ ਸਕੇ। ਸਾਡੇ ਸ਼ਬਦ ਉਸ ਨੂੰ ਅਪਮਾਨਜਨਕ ਨਾ ਲੱਗਣ। ਜੇਕਰ ਗਲਤੀ ਨਾਲ ਕੋਈ ਗਲਤ ਸ਼ਬਦ ਵਰਤਿਆ ਵੀ ਜਾਂਦਾ ਹੈ ਤਾਂ ਗੱਲ ਦੇ ਦੌਰਾਨ ਹੀ ਮੁਆਫ਼ੀ ਮੰਗ ਲਈ ਜਾਂਦੀ ਹੈ।

ਦੂਸਰੇ ਪਾਸੇ ਹੇਠਲੇ ਦਰਜੇ ਦੀ ਸਮਾਜਕ ਹੈਸੀਅਤ ਵਾਲੇ ਆਮ ਇਨਸਾਨ ਨਾਲ ਗੱਲ ਕਰਦਿਆਂ ਸਾਡੀ ਭਾਸ਼ਾ, ਹਾਵ-ਭਾਵ, ਸ਼ੈਲੀ ਸਭ ਕੁਝ ਸਖ਼ਤ, ਅਤੇ ਅਪਮਾਨਜਨਕ ਹੋ ਜਾਵੇਗਾ। ਅਸੀਂ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਸਾਡੇ ਸ਼ਬਦ ਉਸ ਵਿਅਕਤੀ ਦੀ ਬੇਇੱਜ਼ਤੀ ਕਰ ਰਹੇ ਹਨ। ਅਸੀਂ ਸ਼ਬਦਾਂ ਦੀ ਚੋਣ ਵੇਲੇ ਵੀ ਸੁਚੇਤ ਨਹੀਂ ਰਹਿੰਦੇ। ਸੱਚਾਈ ਤਾਂ ਇਹ ਹੈ ਕਿ ਸਾਡੇ ਸ਼ਬਦਾਂ ਦੀ ਚੋਣ ਨਾਲ ਸਾਹਮਣੇ ਵਾਲੇ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਸ ਦੀ ਹੈਸੀਅਤ ਕੀ ਹੈ। ਇਹ ਸੱਚ ਭਾਸ਼ਾ 'ਤੇ ਵੀ ਲਾਗੂ ਹੁੰਦਾ ਹੈ ਜਦੋਂ ਉੱਚ ਸਮਾਜਕ ਹੈਸੀਅਤ ਵਾਲੇ ਪੁਰਸ਼ ਦਾ ਮੁਕਾਬਲਾ ਉਸ ਤੋਂ ਹੇਠਲੇ ਦਰਜੇ ਦੀ ਹੈਸੀਅਤ ਵਾਲੀ ਔਰਤ ਨਾਲ ਕੀਤਾ ਜਾਂਦਾ ਹੈ। ਕੁਝ ਇਹੋ ਜਿਹੇ ਭਾਵ ਅਤੇ ਸ਼ਬਦਾਂ ਦੀ ਚੋਣ ਔਰਤ ਨੂੰ ਸੰਬੋਧਨ ਕਰਨ ਵੇਲੇ ਹੁੰਦੀ ਹੈ। ਜਿਥੇ ਮਨਮਰਜ਼ੀ ਦੇ ਸ਼ਬਦ ਨਾ ਹੋ ਕੇ ਹਾਵ-ਭਾਵ, ਸ਼ੈਲੀ, ਅੰਦਾਜ਼, ਸਭ ਕੁਝ ਇਸ ਤਰ੍ਹਾਂ ਦਾ ਹੁੰਦਾ ਹੈ ਜਿਵੇਂ ਕਹਿ ਰਹੇ ਹੋਣ, 'ਤੈਨੂੰ ਕੀ ਕਹੀਏ...ਤੂੰ ਔਰਤ ਦਿਮਾਗ! ਤੂੰ ਬਦਜ਼ਾਤ! ਖਾਲੀ ਦਿਮਾਗ! ਆਫ਼ਤ ਦੀ ਪੁੜੀ!, ਨਾਜ਼ੁਕ ਸ਼ਰੀਰ! ਵਾਸਨਾ ਦੀ ਦੇਵੀ!' ਘੱਟ ਸਮਾਜਕ ਹੈਸੀਅਤ ਵਾਲੇ ਵਿਅਕਤੀ ਨਾਲ ਗੱਲ ਕਰਦਿਆਂ ਜਿਹੜਾ ਰੁੱਖਾ ਰਵੱਈਆ, ਅਸਭਿਅਕ, ਗੈਰਮਨੁੱਖੀ, ਅਪਮਾਨਜਨਕ ਤੇ ਨਿਮਰਤਾ ਤੋਂ ਸੱਖਣੇ ਸ਼ਬਦ ਸਾਡੇ ਦਿਮਾਗ 'ਚ ਉਪਜਦੇ ਹਨ, ਉਥੇ ਇਹ ਸਭ ਹਾਵ-ਭਾਵ ਇਕ ਪੁਰਸ਼ ਦੀ ਬਜਾਏ ਔਰਤ ਨਾਲ ਗੱਲ ਕਰਦਿਆਂ ਸਾਡੇ ਦਿਮਾਗ 'ਚ ਉਪਜਦੇ ਹਨ।

ਇਸ ਤਰ੍ਹਾਂ ਪੁਰਸ਼ ਲਿੰਗ ਦੇ ਉਲਟ ਔਰਤ ਲਿੰਗ ਦੀ ਛੋਟੀ ਸਮਾਜਕ ਹੈਸੀਅਤ ਲਿੰਗ ਭੇਦੀ ਭਾਸ਼ਾ ਨੂੰ ਜਨਮ ਦਿੰਦੀ ਹੈ। ਕੁਝ ਖਾਸ ਮੌਕਿਆਂ 'ਤੇ ਸਹਿਜੇ ਹੀ ਆਪਣੇ ਆਸ-ਪਾਸ ਇਹੋ-ਜਿਹੀ ਲਿੰਗਭੇਦੀ ਭਾਸ਼ਾ ਦੀ ਵਰਤੋਂ ਹੁੰਦਿਆਂ ਦੇਖ ਸਕਦੇ ਹਾਂ। ਜਿਵੇਂ ਜਦੋਂ ਕਿਸੇ ਔਰਤ ਵਲੋਂ ਚਲਾਈ ਜਾ ਰਹੀ ਕਾਰ ਕਿਸੇ ਨਾਲ ਟਕਰਾਉਂਦੀ ਹੈ ਤਾਂ ਉਹ ਵਿਅਕਤੀ ਇਹ ਕਹੇਗਾ, 'ਹੈ ਤਾਂ ਔਰਤ ਹੀ ਨਾ..... ਆਦਮੀਆਂ ਦਾ ਕੰਮ ਪਤਾ ਨਹੀਂ ਕਿਉਂ ਕਰਦੀ ਫਿਰਦੀ ਹੈ!' ਜਾਂ ਫੇਰ ਕਿਸੇ ਕੁੜੀ ਵਲੋਂ ਪ੍ਰੇਮੀ ਨਾਲ ਭੱਜ ਜਾਣ 'ਤੇ ਕੁੜੀ ਦੀ ਹੀ ਮਿੱਟੀ ਪਲੀਤ ਕੀਤੀ ਜਾਂਦੀ ਹੈ। ਪ੍ਰੇਮੀ ਪੁਰਸ਼ ਬਾਰੇ ਤਾਂ ਚੁੱਪੀ ਹੀ ਧਾਰ ਲਈ ਜਾਂਦੀ ਹੈ। ਜਾਂ ਜਦੋਂ ਕੋਈ ਔਰਤ ਤਲਾਕ ਲੈਂਦੀ ਹੈ ਤਾਂ ਸਮਾਜ ਵਿਚ ਹਮੇਸ਼ਾ ਉਸੇ ਦੀ ਹੀ ਗਲਤੀ ਕੱਢੀ ਜਾਂਦੀ ਹੈ। ਸਮਾਜ ਇਹੀ ਕਹਿੰਦਾ ਨਜ਼ਰ ਆਵੇਗਾ ਕਿ ਔਰਤ ਵਿਚ ਹੀ ਕੋਈ ਖੋਟ ਹੋਣੀ ਹੈ, ਜਾਂ ਫੇਰ ਉਹ ਬਹੁਤ ਲੜਾਕੀ ਸੀ, ਜਾਂ ਫੇਰ ਕਹਿਣਗੇ ਕਿ ਉਹ ਬਦਚਲਣ ਸੀ ਇਸ ਕਰਕੇ ਨਿਭਾ ਨਾ ਸਕੀ।

ਔਰਤਾਂ ਸਿਰਫ਼ ਇਕੋ ਹਾਲਾਤ 'ਚ ਆਪਣੇ ਆਪ ਨੂੰ ਭਾਸ਼ਾਈ ਰੂਪ 'ਚ ਤੇ ਹੋਰਨਾਂ ਸਾਰੇ ਤਰੀਕਿਆਂ ਤੋਂ ਪੁਰਸ਼ ਤੋਂ ਉੱਚੀ ਸਥਿਤੀ 'ਚ ਹੁੰਦੀ ਹੈ, ਜਦੋਂ ਸਾਹਮਣੇ ਵਾਲਾ ਆਦਮੀ ਛੋਟੀ ਜਾਤੀ ਦਾ ਹੋਵੇ ਜਾਤ ਦਾ ਐਨਾ ਡੂੰਘਾ ਅਸਰ ਹੈ ਕਿ ਉਸ ਦੇ ਸਾਹਮਣੇ ਆਰਥਕ ਹਾਲਾਤ ਅਤੇ ਅਸਰ ਰਸੂਖ਼ ਵਾਲੀ ਹੈਸੀਅਤ ਵੀ ਟਿਕ ਨਹੀਂ ਪਾਉਂਦੀ। ਜੇਕਰ ਭਾਸ਼ਾ ਦੇ ਸਾਹਮਣੇ ਲਿੰਗ, ਜਾਤ, ਸਮਾਜਕ ਹੈਸੀਅਤ, ਆਰਥਕ ਹਾਲਾਤ ਆਦਿ ਦੇ ਬਦਲ ਹੋਣ ਤਾਂ ਇਨਸਾਨਾਂ ਵਾਂਗ ਭਾਸ਼ਾ ਦੀ ਵੀ ਪਹਿਲੀ ਪਸੰਦ ਜਾਤ-ਪਾਤ ਹੀ ਹੁੰਦੀ। ਕਹਿਣ ਦਾ ਭਾਵ ਕਿ ਭਾਸ਼ਾ ਸਭ ਤੋਂ ਪਹਿਲਾਂ ਜਾਤ ਨੂੰ ਹੀ ਚੁਣਦੀ ਹੈ। ਦੂਸਰੀ ਪਸੰਦ ਲਿੰਗਗਤ ਗਾਲ੍ਹਾਂ ਹਨ। ਪੈਸੇ ਰੁਤਬੇ ਮੁਤਾਬਕ ਜੋ ਸਾਡੀ ਭਾਸ਼ਾ ਬਦਲਦੀ ਹੈ, ਉਸ ਦੀ ਆਰਥਕ ਸਥਿਤੀ ਜਾਂ ਸਮਾਜਕ ਹੈਸੀਅਤ ਦੇ ਹਿਸਾਬ ਨਾਲ ਨਹੀਂ। ਇਕ ਉੱਚੀ ਜਾਤ ਦੀ ਗਰੀਬ ਔਰਤ ਆਪਣੇ ਤੋਂ ਜ਼ਿਆਦਾ ਪੈਸੇ ਵਾਲੇ ਤੇ ਜ਼ਿਆਦਾ ਅਮੀਰ ਦਲਿਤ ਦੇ ਮੁਕਾਬਲੇ ਆਪਣੇ ਆਪ ਨੂੰ ਜ਼ਿਆਦਾ ਸਨਮਾਨਤ ਹਾਲਤ 'ਚ ਪਾਉਂਦੀ ਹੈ ਅਤੇ ਬੇਖੌਫ਼ ਹੋ ਕ ਸਾਹਮਣੇ ਵਾਲੇ ਨੂੰ ਜਾਤਵਾਦ ਗਾਲ੍ਹਾਂ ਕਢਦੀ ਹੈ। ਯਾਨੀ ਕੇ ਜਦੋਂ ਤਕ ਅਸੀਂ ਆਪਣੇ ਹੇਠਲੇ ਵਾਲੇ ਨੂੰ ਦੱਬਾਂਗੇਂ ਨਹੀਂ, ਉਦੋਂ ਤਕ ਅਸੀਂ ਖੁਦ ਨੂੰ ਕਿਸੇ ਵੀ ਸਨਮਾਨ ਪੂਰਵਕ ਹਾਲਤ 'ਚ ਨਹੀਂ ਪਾਵਾਂਗੇ। ਇਹ ਕਿਹੋ ਜਿਹੀ ਗੈਰ-ਮਨੁੱਖੀ ਸਥਿਤੀ ਹੈ?

ਭਾਸ਼ਾ ਵਿਅਕਤੀ ਦੀ ਆਰਥਕ ਸਥਿਤੀ ਪ੍ਰਤੀ ਬਹੁਤ ਸੁਚੇਤ ਹੁੰਦੀ ਹੈ। ਬਹੁਤੇ ਪੜ੍ਹੇ ਲਿਖੇ ਵਿਅਕਤੀ ਅਤੇ ਅਨਪੜ੍ਹ ਵਿਅਕਤੀ ਨਾਲ ਵੀ ਅਕਸਰ ਸਾਡਾ ਭਾਸ਼ਾਈ ਰਵੱਈਆ ਬਦਲ ਜਾਂਦਾ ਹੈ। ਪੜ੍ਹੇ-ਲਿਖੇ ਵਿਅਕਤੀ ਨਾਲ ਅਸੀਂ ਸਭਿਅਕ ਹੁੰਦੇ ਹਾਂ। ਅਨਪੜ੍ਹ ਵਿਅਕਤੀ ਨਾਲ ਅਸੀਂ ਅਸਭਿਅਕ ਸ਼ਬਦਾਂ ਦੀ ਵਰਤੋਂ ਵਧੇਰੇ ਕਰਦੇ ਹਾਂ। ਅਪਮਾਨ ਭਰੇ ਸ਼ਬਦਾਂ, ਵਾਕਾਂ ਅਤੇ ਭਾਵਾਂ ਨੂੰ ਅੱਗੇ ਰੱਖਦੇ ਹਾਂ। ਸ਼ਬਦਾਂ, ਵਾਕਾਂ ਅਤੇ ਭਾਵ ਪ੍ਰਦਰਸ਼ਨ ਹਰ ਥਾਂ 'ਤੇ ਜਾਹਲਤਾ ਦੇ ਨਿਸ਼ਾਨ ਮਿਲਣੇ ਸ਼ੁਰੂ ਹੋ ਜਾਂਦੇ ਹਨ। ਇਹ ਗੱਲ ਪ੍ਰਤਖ ਹੈ ਕਿ ਔਰਤਾਂ ਪੁਰਸ਼ਾਂ ਦੇ ਮੁਕਾਬਲੇ ਅਜੇ ਵੀ ਘੱਟ ਪੜ੍ਹੀਆਂ ਲਿਖੀਆਂ ਹਨ। ਭਾਵੇਂ ਆਪਣੀਆਂ ਘੱਟ ਪੜ੍ਹੀਆਂ-ਲਿਖੀਆਂ ਮਾਂਵਾਂ ਨੂੰ ਅਸੀਂ ਬਹੁਤ ਪੜ੍ਹੇ ਲਿਖੇ ਪਿਤਾਵਾਂ ਦੇ ਮੁਕਾਬਲੇ ਜ਼ਿਆਦਾ ਹੁਨਰਮੰਦ, ਜ਼ਿਆਦਾ ਚੰਗਾ ਪ੍ਰਬੰਧ ਕਰਨ ਵਾਲੀਆਂ, ਜ਼ਿਆਦਾ ਵਿਹਾਰਕ, ਜ਼ਿਆਦਾ ਮਨੁੱਖੀ ਵਰਤਾਰਾ ਵਰਤਣ ਵਾਲੀਆਂ ਤੇ ਜ਼ਿਆਦਾ ਸਮਾਜਕ ਪਾਇਆ ਹੈ। ਪਰ ਉਨ੍ਹਾਂ ਦੇ ਇਹ ਹੁਨਰ ਅਦਿੱਖ ਹਨ, ਜਿਸ ਕਰਕੇ ਉਹ ਜ਼ਿਆਦਾ ਸਨਮਾਨ ਦੀਆਂ ਹੱਕਦਾਰ ਨਹੀਂ ਬਣਦੀਆਂ। ਅਸਲ 'ਚ ਸਾਡੀ ਭਾਸ਼ਾ ਪੁਰਸ਼ ਦੇ ਪ੍ਰਤੀ ਸਭਿਅਕ ਤੇ ਵਿਨਮਰ ਹੈ ਅਤੇ ਔਰਤ ਦੇ ਪ੍ਰਤੀ ਅਸਭਿਅਕ, ਸਖ਼ਤ ਤੇ ਕਾਮੁਕ ਹੁੰਦੀ ਹੈ। ਔਰਤ ਦੀ ਅੰਤਹੀਨ ਸੁੰਦਰਤਾ ਦੀ ਵਿਆਖਿਆ'ਚ ਜਿਸ ਤਰ੍ਹਾਂ ਨਿਰਮਲ ਤੇ ਕੋਮਲ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ, ਅਸਲ 'ਚ ਉਹ ਕਾਮੁਕਤਾ ਨਾਲ ਭਰੀ ਹੁੰਦੀ ਹੈ। ਜੇਕਰ ਇਸ ਤਰ੍ਹਾਂ ਨਾ ਹੁੰਦਾ ਤਾਂ ਸਿਰਫ਼ ਸਾਡੇ ਸ਼ਰੀਰ ਦੇ ਉਲੇਖ ਅਤੇ ਤਰੀਫ਼ਾਂ ਨਾਲ ਗ੍ਰੰਥ ਦੇ ਗ੍ਰੰਥ ਨਾ ਭਰੇ ਹੁੰਦੇ। ਪਰ ਸੁੰਦਰ ਤਾਂ ਸ਼ਰੀਰ ਹੈ ਕਿਉਂਕਿ ਇਹੀ ਹੈ ਜੋ ਕਾਮਵਾਸਨਾ ਦੀ ਪੂਰਤੀ ਕਰਦਾ ਹੈ। ਔਰਤ ਦਾ ਦਿਮਾਗ ਅਤੇ ਹੁਨਰ ਭਲਾ ਕਿਵੇਂ ਕਿਸੇ ਪੁਰਸ਼ ਦੀ ਕਾਮਨਾ ਨੂੰ ਸ਼ਾਂਤ ਕਰਦੇ ਹਨ। ਇਹ ਚੀਜ਼ਾਂ ਤਾਂ ਕਾਮਨਾ 'ਤੇ ਠੰਢਾ ਪਾਣੀ ਪਾਉਂਦੀਆਂ ਹਨ। ਆਦਮੀਆਂ ਦੇ ਰੋਮਾਂਸ 'ਚ ਰੁਕਾਵਟ ਪੈਦਾ ਕਰਦਾ ਹੈ ਔਰਤ ਦਾ ਦਿਮਾਗ। ਅਸੀਂ ਮਨ ਲੈਂਦੇ ਹਾਂ ਕਿ ਔਰਤ ਦੇ ਸ਼ੁਹੱਪਣ ਨੂੰ ਬਹੁਤ ਹੀ ਚੰਗੀ ਅਤੇ ਸਭਿਅਕ ਸ਼ੈਲੀ 'ਚ ਪੇਸ਼ ਕੀਤਾ ਗਿਆ ਹੈ, ਜਿਸ 'ਚ ਸਨਮਾਨਤ ਤੇ ਮਿੱਠੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਹੁਣ ਸਮਝ 'ਚ ਆਉਂਦਾ ਹੈ ਕਿ ਐਮ.ਏ. ਦੇ ਕੋਰਸ ਨੂੰ ਪੜ੍ਹਾਉਂਦਿਆਂ ਹੋਇਆਂ ਸਾਡੀ ਅਧਿਆਪਕਾ ਨੇ ਕਿਉਂ ਕਿਹਾ ਸੀ ਕਿ ਕੁਝ ਲੇਖਕਾਂ ਦੇ ਅਧਿਐਨਾਂ ਨੂੰ ਅਸੀਂ ਆਪੇ ਹੀ ਪੜ੍ਹ ਲਈਏ ਕਿਉਂਕਿ ਕਲਾਸ 'ਚ ਮੁੰਡਿਆਂ ਦੇ ਸਾਹਮਣੇ ਉਹ ਉਨ੍ਹਾਂ ਕਲਾਸਿਕ ਪਰ ਕਾਮੁਕ ਤੇ ਅਸ਼ਲੀਲ ਸਾਹਿਤ ਦੀ ਵਿਆਖਿਆ ਕਰਨ 'ਚ ਕਿਉਂ ਅਸਹਿਜ ਮਹਿਸੂਸ ਕਰਦੀ ਸੀ। ਕੀ ਸੈਕਸ ਪੂਰਤੀ ਅਤੇ ਬੱਚੇ ਪੈਦਾ ਕਰਨ ਤੋਂ ਵੱਖ ਇਸ ਦੁਨੀਆ ਅਤੇ ਸਮਾਜ ਨੂੰ ਔਰਤਾਂ ਦਾ ਕੋਈ ਯੋਗਦਾਨ ਨਹੀਂ ਹੈ? ਜੇਕਰ ਹੈ ਤਾਂ ਕਿਉਂ ਕਦੇ ਉਸ ਯੋਗਦਾਨ ਨੂੰ ਸੁਹਣੇ, ਸਨਮਾਨਤ ਅੱਖਰਾਂ 'ਚ ਨਹੀਂ ਬੋਲਿਆ, ਲਿਖਿਆ ਗਿਆ। ਲਿਖਿਆ ਹੋਇਆ ਇਤਿਹਾਸ ਤਾਂ ਇਹ ਦੱਸਦਾ ਹੈ ਕਿ ਔਰਤ ਨੇ ਸਮਾਜ ਦੇ ਵਿਕਾਸ 'ਚ ਸਿਰਫ਼ ਆਪਣੀ ਸੁੰਦਰਤਾ ਅਤੇ ਆਪਣੀ ਕੁੱਖ ਦਾ ਹੀ ਭਾਰ ਚੁੱਕਿਆ ਹੈ, ਬਾਕੀ ਦੀ ਸਾਰੀ ਉਤਪਾਦਕਤਾ ਦਾ ਭਾਰ ਸਿਰਫ਼ ਪੁਰਸ਼ਾਂ ਦੇ ਮੋਢਿਆਂ 'ਤੇ ਸੀ।

# ਓਪਰਾ ਮਰਦ




## ਓਪਰਾ ਮਰਦ ਬਨਾਮ ਆਪਣਾ ਮਰਦ

ਓਪਰਾ ਮਰਦ' ਕਹਾਣੀ ਗੁਰਬਚਨ ਸਿੰਘ ਭੁੱਲਰ ਦੀਆਂ ਉਨ੍ਹਾਂ ਸਰਵੋਤਮ ਕਹਾਣੀਆਂ ਵਿਚੋਂ ਹੈ, ਜਿਸ ਸਦਕਾ ਉਸ ਨੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਚੰਗਾ ਨਾਮਣਾ ਖੱਟਿਆ। ਇਹ ਕਹਾਣੀ ਭਾਰਤੀ ਔਰਤ ਦੀ ਵਿਸ਼ੇਸ਼ ਮਾਨਸਿਕਤਾ ਨੂੰ ਪੇਸ਼ ਕਰਦੀ ਹੈ, ਇਸੇ ਮੂਲ ਮਾਨਸਿਕਤਾ ਕਰਕੇ ਹੀ ਸ਼ਾਇਦ ਭਾਰਤ ਵਿਚ 'ਪਰਿਵਾਰ' ਰੂਪੀ ਸੰਸਥਾ ਅਜੇ ਜੀਵਤ ਹੈ। ਭਾਰਤੀ ਨਾਰੀ ਲਈ ਉਸ ਦਾ ਪਤੀ ਹੀ ਉਸ ਦਾ 'ਆਪਣਾ ਮਰਦ' ਹੈ, ਇਸੇ ਮਰਦ ਵਿਚੋਂ ਹੀ ਉਸ ਨੂੰ ਆਪਣੀ ਸੁਰੱਖਿਆ ਦੀ ਜ਼ਾਮਨੀ ਅਤੇ ਆਤਮਿਕ ਤ੍ਰਿਪਤੀ ਹਾਸਲ ਹੁੰਦੀ ਹੈ। ਕੋਈ ਦੂਸਰਾ ਮਰਦ ਭਾਵੇਂ ਉਸ ਨਾਲ ਕਿਸੇ ਵੀ ਹੱਦ ਤੱਕ ਨੇੜਤਾ ਕਿਉਂ ਨਾ ਕਾਇਮ ਕਰ ਲਵੇ, ਉਸ ਲਈ ਓਪਰਾ ਹੀ ਰਹਿੰਦਾ ਹੈ। ਇਹ ਓਪਰਾ ਮਰਦ ਜੇਕਰ ਸਰੀਰਕ ਹੱਦ-ਬੰਨੇ ਟੱਪਣ ਵਿਚ ਸਫ਼ਲ ਹੋ ਜਾਂਦਾ ਹੈ ਤੇ ਔਰਤ ਨੂੰ ਮਨਇੱਛਤ ਸਰੀਰਕ ਨੇੜਤਾ ਲਈ ਉਕਸਾ ਲੈਂਦਾ ਹੈ ਜਾਂ ਔਰਤ ਖੁਦ ਹੀ ਉਸ ਵੱਲ ਖਿੱਚੀ ਜਾਂਦੀ ਹੈ, ਤਦ ਵੀ ਔਰਤ ਅੰਤ ਨੂੰ ਪਛਤਾਵਾ ਹੀ ਕਰਦੀ ਹੈ। ਉਸ ਅੰਦਰ ਆਤਮਗਿਲਾਨੀ ਦੀ ਤੀਬਰ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਇਹ ਕਹਾਣੀ ਇਕ ਬੇਹੱਦ ਮਹੱਤਵਪੂਰਨ ਵਿਸ਼ੇ ਨੂੰ ਫੋਕਸ ਕਰਦੀ ਹੈ। ਪਾਠਕ ਪੜ੍ਹੇਗਾ ਤਾਂ ਉਸ ਨੂੰ ਇਸ ਕਹਾਣੀ ਵਿਚੋਂ ਸਾਡੇ ਪਰੰਪਰਾਗਤ ਸਭਿਆਚਾਰ ਦੀ ਇਕ ਜੀਵੰਤ ਝਲਕ ਵੀ ਦੇਖਣ ਨੂੰ ਮਿਲੇਗੀ। ਰਵਾਇਤੀ ਵਿਆਹ ਦਾ ਜੋ ਦ੍ਰਿਸ਼ ਕਹਾਣੀ ਵਿਚ ਚਿਤਰਿਆ ਗਿਆ ਹੈ, ਉਹ ਸੱਚਮੁੱਚ ਹੀ ਦੁਰਲੱਭ ਹੈ।

-ਸੰਪਾਦਕ

ਦੀਪੋ ਹਰ ਸ਼ਾਮ ਮੰਜੇ ਡਾਹੁੰਦੀ ਤਾਂ ਉਹਨੂੰ ਲਗਦਾ ਜਿਵੇਂ ਉਹ ਆਪਣੀ ਬਾਹੀ ਕਿਸੇ ਓਪਰੇ ਮਰਦ ਦੀ ਬਾਹੀ ਨਾਲ ਜੋੜ ਰਹੀ ਹੋਵੇ ਤੇ ਉਹਨੂੰ ਕਚਿਆਣ ਦੀ ਧੁੜਧੁੜੀ ਆ ਜਾਂਦੀ।

ਹਰਚੰਦ ਨਾਲ ਦੀਪੋ ਦਾ ਵਿਆਹ ਹੋਇਆਂ ਛੇ ਮਹੀਨੇ ਹੋਏ ਸਨ। ਛੇ ਮਹੀਨਿਆਂ ਵਿਚੋਂ ਕੁਝ ਚਿਰ ਉਹ ਪੇਕੀਂ ਲਾ ਆਈ ਸੀ। ਜਦੋਂ ਉਹ ਸਹੁਰੀਂ ਹੁੰਦੀ, ਹਰ ਸ਼ਾਮ ਮੰਜੇ ਡਾਹੁੰਦੀ ਅਤੇ ਹਰ ਸ਼ਾਮ ਹੀ ਉਹਨੂੰ ਇਹੋ ਕੁਸੈਲਾ ਅਨੁਭਵ ਹੁੰਦਾ ਤੇ ਉਹਦੇ ਆਪਣੀਆਂ ਸਹੇਲੀਆਂ ਵੱਲੋਂ ਉਹਨੂੰ ਵਿਖਾਇਆ ਗਿਆ 'ਪਰਾਹੁਣਾ' ਯਾਦ ਆ ਜਾਂਦਾ।

ਦੀਪੋ ਦਾ ਸ਼ਗਨ ਪਾਉਣ ਤੋਂ ਪਿੱਛੋਂ ਸਾਰੇ ਆਂਢ-ਗੁਆਂਢ ਵਿਚ ਪਤਾ ਲੱਗ ਗਿਆ ਸੀ ਕਿ ਉਹਦਾ ਮੰਗੇਤਰ ਪੜ੍ਹਦਾ ਹੈ। ਜਦੋਂ ਦੀਪੋ ਦੇ ਪਿਉ ਨੇ ਚਾਂਦੀ ਦੇ ਗਿਆਰਾਂ ਰੁਪਏ ਝੋਲੀ ਵਿਚ ਪਾ ਕੇ, ਮੁੰਡੇ ਦੇ ਬੁੱਲ੍ਹਾਂ ਨੂੰ ਮਿਸ਼ਰੀ ਛੁਹਾ ਕੇ ਉਹਦਾ ਮੋਢਾ ਪਲੋਸਿਆ ਸੀ ਤਾਂ ਉਹ ਸੱਤਵੀਂ ਵਿਚ ਪੜ੍ਹਦਾ ਸੀ। ਉਹਨਾਂ ਗੱਲਾਂ ਨੂੰ ਤਿੰਨ ਸਾਲ ਹੋ ਗਏ ਸਨ ਤੇ ਦੀਪੋ ਦੀਆਂ ਸਹੇਲੀਆਂ ਉਹਦਾ ਪੜ੍ਹਿਆ-ਲਿਖਿਆ ਹੋਣ ਵਾਲਾ ਪਤੀ ਯਾਦ ਕਰਵਾ ਕੇ ਉਹਨੂੰ ਵਾਰ-ਵਾਰ ਛੇੜਦੀਆਂ।

''ਨੀ ਹੁਣ ਤਾਂ ਤੇਰਾ ਲਗਦਾ ਦਸਵੀਂ ਵਿਚ ਹੋਣਾ ਐ'', ਇਕ ਆਖਦੀ।

''ਪਟਵਾਰੀ ਬਣੂ ਤੇ ਆਪਣੀ ਦੀਪੋ ਪਟਵਾਰਨ'', ਦੂਜੀ ਬੋਲਦੀ।

''ਅੱਖ ਪਟਵਾਰਨ ਦੀ, ਇੱਲ੍ਹ ਦੇ ਆਲ੍ਹਣੇ ਆਂਡਾ'', ਤੀਜੀ ਛੇੜਦੀ।

ਤੇ ਸਾਰੀਆਂ ਖਿੜ-ਖਿੜ ਹੱਸ ਪੈਂਦੀਆਂ।

ਦੀਪੋ ਰਾਤਾਂ ਨੂੰ ਜਾਗਦੀ ਪਈ ਸੁਫਨੇ ਲੈਂਦੀ ਰਹਿੰਦੀ। ਜੇ ਹਰਚੰਦ ਦਸ ਪੜ੍ਹ ਕੇ ਕਿਤੇ ਨੌਕਰ ਹੋ ਜਾਵੇ, ਉਹ ਦੋਵੇਂ ਰਿਹਾ ਕਰਨ। ਨਾ ਕੋਈ ਜੰਜਾਲ, ਨਾ ਝਮੇਲਾ, ਮੌਜ ਰਹੇ, ਦੋਵੇਂ ਜੀਅ, ਹੱਸਣ-ਖੇਡਣ, ਨਾ ਕਿਸੇ ਦੀ ਹੈਂ-ਹੈਂ, ਨਾ ਖੈਂ-ਖੈਂ। ਮਨ-ਭਾਉਂਦਾ ਖਾਣ, ਹੰਢਾਉਣ। ਮਰਜ਼ੀ ਨਾਲ ਸੌਣ, ਮਰਜ਼ੀ ਨਾਲ ਜਾਗਣ, ਕਦੀ ਉਹ ਟਿਕੀ ਰਾਤ ਵਿਚ ਅੱਖਾਂ ਖੋਲ੍ਹ ਕੇ ਅੰਬਰ ਦੇ ਚੰਦ ਵੱਲ ਵੇਖਣ ਲਗਦੀ ਅਤੇ ਹਰਚੰਦ ਦੇ ਨਕਸ਼ ਚਿਤਵਦੀ। ਕਦੀ ਉਹ ਅੱਖਾਂ ਬੰਦ ਕਰ ਲੈਂਦੀ ਅਤੇ ਉਸੇ ਦੀ ਕਲਪਨਾ ਕਰਦੀ।

ਹਰਚੰਦ ਕੋਲ ਜ਼ਮੀਨ ਚੰਗੀ ਸੀ। ਭਾਈ ਉਹਦੇ ਬੱਸ ਇਕ ਹੋਰ ਸੀ। ਉਸ ਤੋਂ ਛੋਟਾ ਤੇ ਦੋਵਾਂ ਨੂੰ ਤੀਹ-ਤੀਹ ਘੁਮਾ ਵਧੀਆ ਉਪਜਾਊ ਧਰਤੀ ਆਉਂਦੀ ਸੀ। ਮਾਂ-ਪਿਓ, ਦੋਵੇਂ ਜਿਉਂਦੇ ਸਨ।

ਜਦੋਂ ਦੀਪ ਦੇ ਪਿਓ ਨੇ ਰਿਸ਼ਤਾ ਪੱਕਾ ਕੀਤਾ ਸੀ, ਉਹਨੂੰ ਹਰਚੰਦ ਦੀ ਪੜ੍ਹਾਈ ਨਾਲ ਕੋਈ ਮਤਲਬ ਨਹੀਂ ਸੀ। ਉਹਨੇ ਤਾਂ ਮੁੰਡਾ ਵੇਖਿਆ ਸੀ, ਜ਼ਮੀਨ ਵੇਖੀ ਸੀ ਅਤੇ ਛੋਟਾ ਜਿਹਾ ਟੱਬਰ ਵੇਖਿਆ ਸੀ। ਖੁਦ ਉਹਦਾ ਸਾਰਾ ਟੱਬਰ ਅਨਪੜ੍ਹ ਸੀ। ਉਹ ਸੋਚਦਾ ਸੀ, ਜਿਸ ਮੁੰਡੇ ਨੂੰ ਅੱਜ-ਕੱਲ੍ਹ ਦੇ ਜ਼ਮਾਨੇ ਵਿਚ ਤੀਹ ਘੁਮਾ ਜ਼ਮੀਨ ਆਉਂਦੀ ਹੋਵੇ, ਉਹਨੂੰ ਪੜ੍ਹਾਈ ਦੀ ਕੀ ਲੋੜ? ਪੜ੍ਹ ਕੇ ਕੀ ਕਮਾਈ ਕਰੇਗਾ? ਸਾਰੇ ਸਾਲ ਦੀ ਨੌਕਰੀ ਜਿੰਨੀ ਰਕਮ ਤਾਂ ਇਕ ਏਕੜ ਨਰਮੇ ਵਿਚੋਂ ਨਿਕਲ ਆਉਂਦੀ ਹੈ। ਇਹ ਤਾਂ ਰਿਸ਼ਤੇ ਦੀ ਗੱਲ ਕਰਦਿਆਂ ਐਵੇਂ ਗੱਲਾਂ ਵਿਚੋਂ ਗੱਲ ਨਿਕਲ ਆਈ ਸੀ ਕਿ ਮੁੰਡਾ ਸੱਤਵੀਂ ਵਿਚ ਪੜ੍ਹਦਾ ਹੈ ਤੇ ਗੱਲ ਹੌਲੀ-ਹੌਲੀ ਦੀਪੋ ਅਤੇ ਉਹਦੀਆਂ ਸਹੇਲੀਆਂ ਤੱਕ ਪੁੱਜ ਗਈ ਸੀ।

ਦੀਪੋ ਦੀ ਜੰਞ ਆਈ। ਉਤਾਰਾ ਪੱਕੀ ਧਰਮਸ਼ਾਲਾ ਵਿਚ ਦਿੱਤਾ ਗਿਆ। ਰੁੱਤ ਗਰਮੀ ਦੀ ਸੀ। ਜਾਂਞੀਆਂ ਨੇ ਪੱਗਾਂ ਅਤੇ ਕਮੀਜ਼ਾਂ ਲਾਹ ਕੇ ਕਿੱਲੀਆਂ ਉਤੇ ਟੰਗ ਦਿੱਤੇ। ਗਰਮੀ ਦੇ ਮਾਰੇ ਉਹ ਪੱਖੀਆਂ ਝੱਲਣ ਲੱਗ ਪਏ। ਕੁੜੀ ਵਾਲੇ ਭੱਜ ਕੇ ਚਾਹ ਦੀਆਂ ਵਲਟੋਹੀਆਂ ਅਤੇ ਠੰਢਿਆਈ ਦੀਆਂ ਬਾਲਟੀਆਂ ਲੈ ਆਏ। ਨਾਈ ਨੇ ਨਲਕੇ ਵਿਚੋਂ ਤੌੜੇ ਭਰ ਕੇ ਧਰਮਸ਼ਾਲਾ ਦੇ ਇਕ ਪਾਸੇ ਬਣੇ ਗੁਸਲਖਾਨੇ ਕੋਲ ਪਿਆ ਕੁੜਾਹਾ ਭਰਨਾ ਸ਼ੁਰੂ ਕਰ ਦਿੱਤਾ।

ਬਹੁਤੀ ਗਰਮੀ ਮੰਨਣ ਵਾਲੇ ਨ੍ਹਾਉਣ ਲੱਗ ਪਏ। ਕੁਝ ਜਾਂਞੀਆਂ ਨੇ ਗਲਾਸਾਂ ਵਿਚ ਠੰਢਿਆਈ ਪੁਆ ਲਈ। ਬਾਕੀਆਂ ਨੇ ਚਾਹ ਪੁਆ ਕੇ ਤਪੇ ਹੋਏ ਪਿੱਤਲ ਦੇ ਗਲਾਸ ਰੇਸ਼ਮੀ ਰੁਮਾਲਾਂ ਨਾਲ ਫੜ ਲਏ ਅਤੇ ਫੂਕਾਂ ਮਾਰ-ਮਾਰ ਪੀਣ ਲੱਗੇ। ਚਾਹ ਪੀਣ ਵਾਲੇ ਆਖ ਰਹੇ ਸਨ ਕਿ ਜਿਹੜਾ ਮੁੜ੍ਹਕਾ ਆਉਣਾ ਹੈ, ਇਕੱਠਾ ਹੀ ਆ ਜਾਵੇ, ਉਹ ਫੇਰ ਨ੍ਹਾਉਣਗੇ।

ਧਰਮਸ਼ਾਲਾ ਦੀਆਂ ਬਾਰੀਆਂ ਪਿਛਲੇ ਪਾਸੇ ਵੀਹੀ ਵਿਚ ਖੁਲ੍ਹਦੀਆਂ ਸਨ। ਇਕ ਬਾਰੀ ਦੇ ਸਾਹਮਣੇ ਰੌਣਕੀ ਬਾਣੀਏ ਦੀ ਦੁਕਾਨ ਸੀ। ਦੁਕਾਨ ਉਤੋਂ ਵੱਡੇ ਦਰਵਾਜ਼ੇ ਵਾਲਿਆਂ ਦੀ ਬੁੜ੍ਹੀ ਕੋਈ ਸੌਦਾ ਲੈਣ ਗਈ। ਮੁੜਦੀ ਹੋਈ ਭੱਜੀ-ਭੱਜੀ ਆਈ ਅਤੇ ਉਹਨੇ ਦੀਪੋ ਦੁਆਲੇ ਬੈਠੀਆਂ ਕੁੜੀਆਂ ਨੂੰ ਦੱਸਿਆ ਕਿ ਦੀਪੋ ਦੇ ਪਰਾਹੁਣੇ ਦਾ ਮੰਜਾ ਰੌਣਕੀ ਬਾਣੀਏ ਦੀ ਹੱਟੀ ਦੇ ਸਾਹਮਣੇ ਵਾਲੀ ਬਾਰੀ ਕੋਲ ਸੀ।

''ਤੈਨੂੰ ਕੀ ਪਛਾਣ ਐ? ਤੂੰ ਕੀ ਉਹਦੇ ਸਿਹਰੇ ਵੇਖੇ ਸੀ?'' ਇਕ ਸਿਆਣੀ ਕੁੜੀ ਨੇ ਪੁੱਛਿਆ।

''ਨੀ ਪੜ੍ਹੇ ਹੋਏ ਸਿਹਰੇ ਕਿਥੇ ਬੰਨ੍ਹਦੇ ਐ। ਬਾਹਰਲੀ ਕੋਠੀ ਵਾਲਿਆਂ ਦੇ ਪਰਾਹੁਣੇ ਦੇ ਢੁਕਣ ਵੇਲੇ ਕਿੰਨੇ ਕੁ ਸਿਹਰੇ ਬੰਨ੍ਹੇ ਹੋਏ ਸੀ। ਉਹਦੇ ਗੁੱਟ ਉਤੇ ਸ਼ਗਨਾਂ ਦੀ ਪਹੁੰਚੀ ਐ,'' ਬੁੜ੍ਹੀ ਬੋਲੀ।

''ਲੈ ਸੁਣ ਲੈ ਇਹਦੀ ਗੱਲ। ਇਹਨੂੰ ਉਹਦੇ ਵਿਚੋਂ ਮੁਸ਼ਕ ਆ ਗਿਆ, ਬਈ ਇਹੋ ਪਰਾਹੁਣਾ ਐ। ਪਹੁੰਚੀ ਜੇ ਕਿਸੇ ਹੋਰ ਨੇ ਬੰਨ੍ਹੀ ਹੋਈ ਹੋਵੇ?'' ਇਕ ਹੋਰ ਕੁੜੀ ਨੇ ਬੁੜ੍ਹੀ ਦੀ ਗੱਲ ਦਾ ਜਵਾਬ ਦਿੱਤਾ।

''ਨੀ ਉਹ ਪਾੜ੍ਹਾ ਐ। ਘੋਟਮੀ ਪੱਗ। ਸੋਹਣੇ-ਸੋਹਣੇ ਕੱਪੜੇ। ਨਾਲੇ ਉਹਨੇ ਪਤਲੂਨ ਪਾਈ ਹੋਈ ਐ। ਹੱਥ ਵਿਚ ਰੇਸ਼ਮੀ ਰੁਮਾਲ। ਅੱਖਾਂ ਵਿਚ ਸੁਰਮਾ। ਬਾਰੀ ਸਾਹਮਣੇ ਖੜ੍ਹਾ ਸੀ। ਨੀ ਸਹੁੰ ਵੀਰ ਦੀ, ਜਮਾਂ ਇਹਦਾ ਪਰਾਹੁਣਾ ਲਗਦਾ ਐ'', ਬੁੜ੍ਹੀ ਬਿਚਾਰੀ ਨੇ ਅੰਤਿਮ ਦਲੀਲ ਦਿੱਤੀ।

ਸਾਰੀਆਂ ਕੁੜੀਆਂ ਬੁੜ੍ਹੀ ਦੀ ਭੋਲੀ ਗੱਲ ਉਤੇ ਖਿੜ-ਖਿੜ ਹੱਸ ਪਈਆਂ। ਉਨ੍ਹਾਂ ਵਿਚੋਂ ਉਠਦਿਆਂ ਛਿੰਦੀ ਬੋਲੀ, ''ਨੀ ਮੈਂ ਪਤਾ ਕਰ ਕੇ ਆਉਨੀ ਆਂ ਸਾਰੀ ਗੱਲ ਦਾ।''

ਉਹ ਬਾਹਰ ਨਿਕਲੀ ਤਾਂ ਵੀਹੀਂ ਵਿਚ ਭਜਨਾ ਨਾਈ ਘਰੋਂ ਕੋਈ ਚੀਜ਼ ਲੈਣ ਆ ਰਿਹਾ ਸੀ। ਛਿੰਦੀ ਨੇ ਅੱਗਾ-ਪਿੱਛਾ ਵੇਖਿਆ ਅਤੇ ਬੋਲੀ, ''ਚਾਚਾ, ਇਕ ਗੱਲ ਦੱਸੀਂ।''

''ਹਾਂ ਭਾਈ?'' ਕਾਹਲੀ-ਕਾਹਲੀ ਤੁਰੇ ਆਉਂਦੇ ਭਜਨੇ ਨੇ ਪੈਰ ਮਲੇ।

''ਚਾਚਾ, ਜੰਨ ਵਿਚ ਪੜ੍ਹੇ ਹੋਏ ਬੰਦੇ ਕਿੰਨੇ ਕੁ ਐ?'' ਛਿੰਦੀ ਨੇ ਹੌਲੀ ਜਿਹੀ ਪੁੱਛਿਆ।

''ਪੜ੍ਹੇ ਹੋਏ ਕਿਹੜੇ ਐ ਭਾਈ। ਇਕੋ ਮੁੰਡਾ ਪੜ੍ਹਿਆ ਦਿਸਦਾ ਐ। ਬਾਕੀ ਸਾਰੇ ਠੂਠ ਅਨਪੜ੍ਹ ਐ। ਇਉਂ ਲਗਦਾ ਐ ਜਿਵੇਂ ਸਭ ਕਪਾਹਾਂ ਗੁਡਦੇ-ਗੁਡਦੇ, ਨਵੇਂ ਲੀੜੇ ਪਾ ਕੇ ਜੰਨ ਆ ਗਏ ਹੋਣ,'' ਭਜਨਾ ਹੱਸਿਆ।

ਛਿੰਦੀ ਭੱਜੀ-ਭੱਜੀ ਆਈ ਅਤੇ ਚੜ੍ਹੇ ਹੋਏ ਸਾਹ ਨਾਲ ਬੋਲੀ, ''ਨੀ ਮੈਂ ਭਜਨੇ ਤੋਂ ਪੁੱਛਿਆ ਐ, ਜੰਨ ਵਿਚ ਪੜ੍ਹਿਆ ਹੋਰ ਹੈ ਈ ਕੋਈ ਨ੍ਹੀਂ। ਬੁੜ੍ਹੀ ਬਿਚਾਰੀ ਸੱਚੀ ਐ। ਉਹੋ ਬੱਸ ਏਸੇ ਦਾ ਕੁਛ ਲਗਦਾ ਹੀ ਪਾੜ੍ਹਾ ਐ।''

ਕੁੜੀਆਂ ਬੈਠੀਆਂ ਹੱਸਦੀਆਂ ਰਹੀਆਂ ਅਤੇ ਦੀਪੋ ਨੂੰ ਟਿੱਚਰਾਂ ਕਰਦੀਆਂ ਰਹੀਆਂ।

ਸਾਰੇ ਜਾਂਞੀ ਨ੍ਹਾ-ਧੋ ਚੁੱਕੇ ਸਨ। ਪਰਛਾਵੇਂ ਕਾਫੀ ਲੰਮੇ ਹੋ ਗਏ। ਧੀ ਵਾਲਿਆਂ ਨੇ ਮੰਜੇ ਧਰਮਸ਼ਾਲਾ ਦੇ ਛਿੜਕੇ ਹੋਏ ਵਿਹੜੇ ਵਿਚ ਡਾਹ ਦਿੱਤੇ। ਬੁੜ੍ਹੇ-ਠੇਰੇ ਸਿਰਾਂ ਹੇਠ ਸਰ੍ਹਾਣੇ ਦੇ ਕੇ ਲੰਮੇ ਪੈ ਗਏ। ਪਿਆਕਾਂ ਨੇ ਨਾਲ ਲਿਆਂਦੀਆਂ ਬੋਤਲਾਂ ਕੱਢ ਲਈਆਂ। ਕੋਈ ਵਿਹੜੇ ਵਿਚ ਬੈਠਾ ਬੋਤਲ ਦੀ ਕੰਗਣੀ ਤੋੜ ਰਿਹਾ ਸੀ ਅਤੇ ਕੋਈ ਅੰਦਰ ਬੈਠਾ ਪੀ ਰਿਹਾ ਸੀ। ਜਿਹੜੇ ਨਾਲ ਨਹੀਂ ਸਨ ਲਿਆਏ, ਉਹ ਛੂਹਵੇਂ ਚਾਦਰੇ ਬੰਨ੍ਹ ਕੇ ਅਤੇ ਸਿਰਾਂ ਉਤੇ ਹੱਥ-ਹੱਥ ਉਚੇ ਫਰੱਰੇ ਛੱਡ ਕੇ ਪਿੰਡ ਵਿਚ ਠੇਕਾ ਪੁੱਛਦੇ-ਪੁਛਾਉਂਦੇ ਬੋਤਲਾਂ ਲੈਣ ਤੁਰ ਪਏ। ਉਹ ਇਕ ਦੂਜੇ ਨੂੰ ਆਖ ਰਹੇ ਸਨ, ''ਨਾਲੇ ਪਿੰਡ ਵੇਖ ਕੇ ਆਵਾਂਗੇ, ਚੱਲ ਨਾਲੇ ਬੋਤਲਾਂ ਲਿਆਵਾਂਗੇ।''

ਸੱਤ-ਅੱਠ ਕੁੜੀਆਂ ਰੌਣਕੀ ਬਾਣੀਏ ਦੀ ਹੱਟੀ ਉਤੇ ਆਈਆਂ। ਸਾਧਾਰਨ ਕੱਪੜਿਆਂ ਵਿਚ ਦੀਪੋ ਉਨ੍ਹਾਂ ਦੇ ਵਿਚਾਲੇ ਲੁਕੀ ਹੋਈ ਸੀ। ਦੂਜੀਆਂ ਸਾਰੀਆਂ ਕੁੜੀਆਂ ਉਹਦੇ ਚਾਰ-ਚੁਫੇਰੇ ਸਨ।

''ਆਓ ਭਾਈ?'' ਰੌਣਕੀ ਨੇ ਕਿਹਾ।

''ਤਾਇਆ ਮਹਿੰਦੀ ਲੈਣੀ ਐ। ਵਧੀਆ ਰੰਗਲੀ ਹੋਵੇ, ਗੂੜ੍ਹੇ ਰੰਗ ਦੀ,'' ਇਕ ਕੁੜੀ ਬੋਲੀ।

ਰੌਣਕੀ ਨੇ ਵੇਖਿਆ, ਸਾਰੀਆਂ ਕੁੜੀਆਂ ਦੀ ਨਿਗਾਅ ਧਰਮਸ਼ਾਲਾ ਵੱਲ ਸੀ। ਹੁਸ਼ਿਆਰ ਬਾਣੀਆ ਤਾੜ ਗਿਆ ਕਿ ਮਹਿੰਦੀ ਦਾ ਤਾਂ ਬਹਾਨਾ ਸੀ। ਕੁੜੀਆਂ ਜੰਞ ਵੇਖਣ ਆਈਆਂ ਸਨ। ਉਹ ਬੋਲਿਆ, ''ਭਾਈ ਕੁੜੀਓ, ਮੈਂ ਸ਼ਹਿਰੋਂ ਪੀਠੀ ਹੋਈ ਮਹਿੰਦੀ ਲਿਆਈ ਤਾਂ ਸੀ। ਫੇਰ ਮੈਂ ਸੋਚਿਆ, ਤੀਆਂ ਵਿਚ ਤਾਂ ਅਜੇ ਚਿਰ ਐ। ਉਹ ਡੱਬਾ ਮੈਂ ਉਤੇ ਰੋਸ਼ਨਦਾਨ ਵਿਚ ਰੱਖ ਦਿੱਤਾ। ਤੁਸੀਂ ਭਾਈ ਦੋ ਮਿੰਟ ਇਥੇ ਖੜ੍ਹੋ। ਮੈਂ ਅੰਦਰਲੇ ਘਰੋਂ ਪੌੜੀ ਲੈ ਆਵਾਂ।''

ਤੇ ਰੌਣਕੀ ਬਾਣੀਆ ਆਪਣੇ ਛੇ-ਸੱਤ ਸਾਲ ਦੇ ਪੁੱਤਰ ਨੂੰ ਹੱਟੀ ਵਿਚ ਛੱਡ ਕੇ ਪੌੜੀ ਲੈਣ ਤੁਰ ਗਿਆ।

''ਆਹ ਨੋਟ ਲੈ ਕੇ ਮਿੱਤਰਾਂ ਨੂੰ ਵੀ ਹੱਟੀ ਤੋਂ ਲੈਚੀਆਂ ਫੜਾਇਓ'', ਬਾਰੀ ਵਿਚ ਦੀਪੋ ਦਾ ਪਰਾਹੁਣਾ ਹੱਥ ਵਿਚ ਨੋਟ ਫੜ੍ਹੀਂ ਖੜ੍ਹਾ ਸੀ।

''ਬੜਾ ਲੁੱਚਾ ਐ ਨੀ, ਭੋਰਾ ਨੀ ਸੰਗਦਾ,'' ਕੁੜੀਆਂ ਨੇ ਇਕ ਦੂਜੀ ਨਾਲ ਘੁਸਰ-ਮੁਸਰ ਕੀਤੀ।

''ਪਾੜ੍ਹਾ ਕੀ ਸੰਗੂ? ਪੜ੍ਹੇ ਹੋਇਆਂ ਦੀ ਤਾਂ ਸੰਗ-ਸ਼ਰਮ ਲਾਹੀ ਹੋਈ ਹੁੰਦੀ ਐ।'' ਇਕ ਕੁੜੀ ਬੋਲੀ।

''ਵੇ ਤੂੰ ਸਾਰਾ ਨੋਟ ਖਰਚ ਕੇ ਕੀ ਕਰਨੈਂ, ਕੋਈ ਅਠਿਆਨੀ-ਚੁਆਨੀ ਹੈ ਤਾਂ ਦੇ ਦੇ,'' ਛਿੰਦੀ ਨੇ ਟਿੱਚਰ ਕੀਤੀ।

''ਸਾਡੇ ਪਿੰਡ ਅਠਿਆਨੀਆਂ-ਚੁਆਨੀਆਂ ਨ੍ਹੀਂ ਹੁੰਦੀਆਂ, ਨੋਟ ਹੀ ਹੁੰਦੇ ਨੇ।'' ਅੱਖਾਂ ਵਿਚ ਮੁਸਕਰਾ ਕੇ ਮੁੰਡੇ ਨੇ ਜਵਾਬ ਦਿੱਤਾ।

''ਸਿੱਟ ਦੇ ਬਾਹਰ'' ਇਕ ਹੋਰ ਕੁੜੀ ਨੇ ਕਿਹਾ।


ਗੁਰਬਚਨ ਸਿੰਘ ਭੁੱਲਰ

''ਉਰ੍ਹੇ ਹੋ ਕੇ ਲੈ ਲਓ! ਇਹਨੂੰ ਕੰਡੇ ਤਾਂ ਨ੍ਹੀ ਲੱਗੇ ਹੋਏ। ਲਓ ਫੜੋ'' ਮੁੰਡਾ ਨੋਟ ਨੂੰ ਹੱਥ ਵਿਚ ਪਲੋਸਦਿਆਂ ਮੁਸਕਰਾਇਆ। ਫੇਰ ਉਹਨੇ ਨੋਟ ਬਾਰੀ ਵਿਚੋਂ ਬਾਹਰ ਕਰ ਦਿੱਤਾ।

ਛਿੰਦੀ ਨੇ ਝਬੱਟ ਮਾਰ ਕੇ ਨੋਟ ਖੋਹ ਲਿਆ ਅਤੇ ਬੋਲੀ, ''ਵੇ ਇਹ ਤਾਂ ਇਕ ਰੁਪਈਏ ਦਾ ਨੋਟ ਐ। ਆਬਦੀ ਕਿਹੜੀ ਭੈਣ ਦਾ ਸਾਕ ਸਾਡੇ ਮੁੰਡਿਆਂ ਨੂੰ ਕਰੇਂਗਾ ਰੁਪਈਆ ਹੱਥ ਧਰ ਕੇ?''

ਸਾਰੀਆਂ ਕੁੜੀਆਂ ਖਿੜ-ਖਿੜ ਹੱਸ ਪਈਆਂ। ਮੁੰਡੇ ਨੂੰ ਏਨੀ ਵੱਡੀ ਟਿੱਚਰ ਦੀ ਆਸ ਨਹੀਂ ਸੀ। ਉਹ ਕੱਚਾ ਜਿਹਾ ਹੋ ਗਿਆ ਅਤੇ ਉਹਨੇ ਬਦਲਾ ਲਾਹੁਣ ਲਈ ਕੋਈ ਮੋੜ ਕੀਤਾ। ਪਰ ਉਹਦਾ ਜਵਾਬ ਕੁੜੀਆਂ ਦੇ ਹਾਸੇ ਵਿਚ ਦੱਬ ਕੇ ਰਹਿ ਗਿਆ।

ਦੂਰੋਂ, ਵੀਹੀ ਦੇ ਮੋੜ ਤੋਂ ਰੌਣਕੀ ਬਾਣੀਏ ਨੇ ਕੁੜੀਆਂ ਨੂੰ ਸਾਵਧਾਨ ਕਰਨ ਲਈ ਖੰਘੂਰ ਮਾਰੀ। ਛਿੰਦੀ ਕਾਹਲੀ ਨਾਲ ਬੋਲੀ, ''ਵੇ ਲੁੱਚਿਆ, ਸਾਡੇ ਪਿੰਡ ਲੈਚੀਆਂ ਨ੍ਹੀਂ ਹੁੰਦੀਆਂ, ਜੇ ਕਹੇਂ, ਲੌਂਗ ਲੈ ਦੇਈਏ?''

''ਲੈਚੀਆਂ ਦੀ ਤਾਂ ਮੇਰੀਆਂ ਅੱਖਾਂ ਮੂਹਰੇ ਢੇਰੀ ਲੱਗੀ ਪਈ ਐ। ਤੂੰ ਕਹਿਨੀਂ ਐ, ਮਿਲਦੀਆਂ ਨੀਂ। ਜੇ ਮਹਿੰਗੀਆਂ ਨੇ, ਸਹੁੰ ਗੁਰੂ ਦੀ ਮੁੱਲ ਤਾਰਨ ਨੂੰ ਤਿਆਰ ਆਂ।'' ਮੁੰਡਾ ਲੋਰ ਵਿਚ ਹੁੰਦਾ ਜਾਂਦਾ ਸੀ।

''ਵੇ ਤੂੰ ਮੁੱਲ ਕੀ ਤਾਰੇਂਗਾ, ਵੱਡਾ ਵਪਾਰੀ।'' ਛਿੰਦੀ ਨੇ ਬੁੱਲ੍ਹ ਮਰੋੜੇ।

''ਕਿਉਂ, ਇਕ ਲੈਚੀ ਥੋਡੀ ਲੈ ਨੀ ਚੱਲੇ? ਹੌਲੀ-ਹੌਲੀ ਹੋਰ ਲੈ ਜਾਵਾਂਗੇ। ਪਰ ਤੇਰੀ ਵਰਗੀ ਲੈਚੀ ਹੋਵੇ ਤਾਂ ਆਬਦਾ ਆਪ ਵੇਚ ਦਿਆਂ,'' ਮੁੰਡੇ ਨੇ ਹਉਕਾ ਭਰਿਆ।

''ਮੈਂ ਤਾਂ ਸਾਰੀਆਂ ਵਿਚੋਂ ਵਧੀਆ ਲੈਚੀ ਆਂ। ਪਰ ਤੂੰ ਆਬਦਾ ਮੂੰਹ ਕਦੇ ਸ਼ੀਸ਼ੇ ਵਿਚ ਵੇਖਿਆ ਐ? ਅੱਜ ਵੇਖੀਂ'', ਛਿੰਦੀ ਨੇ ਨੱਕ ਚੜ੍ਹਾਇਆ ਅਤੇ ਸਾਰੀਆਂ ਕੁੜੀਆਂ ਦਾ ਹਾਸਾ ਫੇਰ ਡੁੱਲ੍ਹ ਗਿਆ।

ਰੌਣਕੀ ਪੌੜੀ ਲੈ ਕੇ ਆ ਗਿਆ ਅਤੇ ਬੋਲਿਆ, ''ਵੇਖਿਓ ਭਾਈ ਕੁੜੀਓ, ਪੌੜੀ ਲੰਘਾ ਲੈਣ ਦਿਓ... ਕਿੰਨੇ ਦੀ ਦੇਵਾਂ ਮਹਿੰਦੀ?''

''ਚਾਚਾ, ਰੁਪਈਏ ਦੀ ਦੇ ਦੇ'', ਛਿੰਦੋ ਨੇ ਮੁੰਡੇ ਵੱਲ ਵੇਖਦਿਆਂ ਉਹਤੋਂ ਖੋਹਿਆ ਨੋਟ ਰੌਣਕੀ ਨੂੰ ਫੜਾ ਦਿੱਤਾ। ਅੱਖਾਂ-ਅੱਖਾਂ ਵਿਚ ਹੱਸਦੀਆਂ ਕੁੜੀਆਂ ਮਹਿੰਦੀ ਲੈ ਕੇ ਅਤੇ ਉਹਨੂੰ ਠੋਸੇ ਵਿਖਾ ਕੇ ਤੁਰ ਗਈਆਂ।

ਧਰਮਸ਼ਾਲਾ ਤੋਂ ਅੱਗੇ ਜਾ ਕੇ, ਮੋੜ ਮੁੜ ਕੇ ਉਹ ਉਸੇ ਭੀੜੀ ਅਤੇ ਸੁੰਨੀ ਜਿਹੀ ਵੀਹੀਂ ਪੈ ਗਈਆਂ ਜਿਹੜੀ ਵਿਚੋਂ ਦੀ ਉਹ ਦੁਕਾਨ ਉਤੇ ਆਈਆਂ ਸਨ। ਇਹ ਗਲੀ ਦੀਪੋ ਦੇ ਘਰ ਦੇ ਪਿਛਲੇ ਪਾਸੇ ਉਹਦੇ ਤਾਏ ਦੇ ਘਰ ਲੈ ਜਾਂਦੀ ਸੀ। ਉਨ੍ਹਾਂ ਦੀ ਪੌੜੀ ਚੜ੍ਹ ਕੇ ਦੀਪੋ ਦਾ ਘਰ ਨਾਲ ਹੀ ਸੀ।

ਇਸ ਤੰਗ ਵੀਹੀਂ ਵਿਚ ਅੱਗੇ-ਪਿੱਛੇ ਕੋਈ ਨਹੀਂ ਸੀ। ਕੁੜੀਆਂ ਨੇ ਦੀਪੋ ਦੇ ਚੂੰਢੀਆਂ ਵੱਢਣੀਆ ਸ਼ੁਰੂ ਕਰ ਦਿੱਤੀਆਂ, ''ਕਿਉਂ ਨੀਂ, ਵੇਖਿਆ ਆਬਦਾ ਪਟਵਾਰੀ? ਕਿਵੇਂ ਲੁਤਰ-ਲੁਤਰ ਬੋਲਦਾ ਸੀ, ਲੁੱਚਾ...।''

''ਹਾਇ ਨੀ, ਮੇਰੀਆਂ ਵੱਖੀਆਂ ਕਿਉਂ ਖਾਣ ਲੱਗੀਉਂ, ਓਸ ਪਤੰਦਰ ਨਾਲ ਮੱਥਾ ਲਾਉਂਦੀਆਂ,'' ਦੀਪੋ ਨੇ ਅੰਦਰੋਂ ਗਦ-ਗਦ ਹੋ ਕੇ ਰੋਸ ਪਰਗਟਾਇਆ।

''ਲੈ ਨੀ, ਤੇਰੇ ਕੁਛ ਲਗਦੇ ਨੇ, ਤੇਰੀ ਖਾਤਰ ਰੁਪਈਏ ਦੀ ਮਹਿੰਦੀ ਭੇਜੀ ਐ'' ਮਹਿੰਦੀ ਵਾਲੀ ਕੁੜੀ ਨੇ ਪੁੜੀ ਉਹਦੇ ਹੱਥ ਵਿਚ ਦੇ ਦਿੱਤੀ।

''ਸ਼ਰਮ ਕਰੋ ਨੀ। ਅੱਧ-ਪਚੱਧ ਦੀਆਂ ਤਾਂ ਲੈਚੀਆਂ ਲੈ ਕੇ ਆਬਦੇ ਖਸਮ ਨੂੰ ਦੇ ਆਉਂਦੀਆਂ। ਬਾਕੀ ਪੈਸਿਆਂ ਦੀ ਮਹਿੰਦੀ ਲੈ ਆਉਂਦੀਆਂ,'' ਦੀਪੋ ਨੇ ਜਾਣ-ਬੁੱਝ ਕੇ ਕੁੜੀਆਂ ਨੂੰ ਛੇੜਨ ਲਈ ਆਖਿਆ।

''ਖਸਮ ਲਗਦਾ ਹੋਊ ਤੇਰਾ। ਸਾਡਾ ਤਾਂ ਸਾਲਾ ਲਗਦਾ ਐ,'' ਛਿੰਦੀ ਨੇ ਦੀਪੋ ਨੂੰ ਠੱਸਾ ਵਿਖਾਇਆ।

''ਹਾਇ ਨੀ, ਇਹ ਤਾਂ ਹੁਣੇ ਓਸੇ ਦੀ ਹੋ ਗਈ...''

''ਨੀ ਆਬਦੇ ਨਵੇਂ ਘਰ ਨੂੰ ਸਿਆਣੀ...''

''ਅੜਿਆ, ਇਹ ਤਾਂ ਪਹਿਲੀ ਵਾਰੀ ਵੇਖ ਕੇ ਹੀ ਉਹਦੇ ਉਤੇ ਮਰ ਮੁੱਕ ਗਈ...''

''ਨੀ ਚੰਦਰਾ ਸੋਹਣਾ ਕਿਹੜਾ ਥੋੜ੍ਹਾ ਐ...''

ਤੇ ਖਿੜ-ਖਿੜ ਹਸਦੀ ਕੁੜੀਆਂ ਦੀ ਜੁੰਡਲੀ ਦੀਪੋ ਨੂੰ ਆਪਣੇ ਵਿਚਕਾਰ ਲੈ ਕੇ ਉਨ੍ਹਾਂ ਦੀ ਸਭਾਤ ਵਿਚ ਪਹੁੰਚ ਗਈ।

''ਕੁੜੇ ਕਿੱਧਰ ਗਈਆਂ ਸੀ ਸਾਰੀਆਂ?'' ਦੀਪੋ ਦੀ ਤਾਈ ਨੇ ਪੁੱਛਿਆ।

''ਤਾਈ ਜੰਗਲ-ਪਾਣੀ ਗਈਆਂ ਸੀ,'' ਛਿੰਦੋ ਸਾਰੀਆਂ ਤੋਂ ਪਹਿਲਾਂ ਬੋਲ ਪਈ। ਗੱਲ ਦਾ ਮੋੜ ਮੌਕੇ ਸਿਰ ਉਹਨੂੰ ਹੀ ਕਰਨਾ ਆਉਂਦਾ ਸੀ।

''ਨਾ ਧੀਓ, ਪਿੰਡ ਵਿਚ ਜਾਨੀਂ ਫਿਰਦੇ ਐ। ਹੁਣ ਨ੍ਹੀਂ

ਇਹਨੂੰ ਘਰੋਂ ਬਾਹਰ ਕੱਢਣਾ। ਅੰਦਰ ਬੈਠੋ, ਹੱਸੋ, ਖੇਡੋ,'' ਬੁੜ੍ਹੀ ਨੇ ਮੱਤ ਦਿੱਤੀ।

''ਚੰਗਾ ਤਾਈ'' ਛਿੰਦੋ ਆਗਿਆਕਾਰ ਬਣ ਕੇ ਬੋਲੀ।

ਸਵੇਰ ਹੋਈ। ਭਈ ਜੀ ਨੇ ਸਾਜ਼ ਸ਼ੁਰੂ ਕਰ ਲਏ। ਕੁੜੀਆਂ ਦੀਪੋ ਨੂੰ ਤਿਆਰ ਕਰਨ ਲੱਗ ਪਈਆਂ।

ਜਾਂਞੀ ਆਏ ਅਤੇ ਥਾਉਂ-ਥਾਈਂ ਬੈਠ ਗਏ। ਲਾੜਾ ਗਰੰਥ ਸਾਹਿਬ ਅੱਗੇ ਵਿੱਛੇ ਗੁਦੈਲੇ ਤੋਂ ਪਿੱਛੇ ਹਟ ਕੇ ਬੈਠ ਗਿਆ। ਕੁਝ ਚਿਰ ਪਿੱਛੋਂ ਭਾਈ ਜੀ ਬੋਲਿਆ, ''ਕਾਕਾ ਅੱਗੇ ਆ ਜਾਵੋ ਬਈ, ਨਾਲੇ ਬੀਬੀ ਨੂੰ ਲਿਆਓ''

ਤੇ ਝੁੰਗਲਮਾਟਾ ਬਣੀ ਦੀਪੋ ਆਪਣੀ ਵੱਡੀ ਭੈਣ ਦੇ ਆਸਰੇ ਨਿੱਕੇ-ਨਿੱਕੇ ਪੈਰ ਪੁਟਦੀ ਸਿਹਰਿਆਂ ਵਿਚ ਸਜੇ ਬੈਠੇ ਲਾੜੇ ਦੇ ਖੱਬੇ ਹੱਥ ਆ ਬੈਠੀ।

ਚਾਦਰੇ ਵਿਚ ਲਪੇਟੀ ਦੀਪੋ ਨੂੰ ਕੋਈ ਪਤਾ ਨਾ ਲੱਗਿਆ, ਪਰ ਕੁੜੀਆਂ ਪਰੇਸ਼ਾਨ ਸਨ। ਲੈਚੀਆਂ ਵਾਲਾ 'ਦੀਪੋ ਦਾ ਪਰਾਹੁਣਾ' ਜਾਂਞੀਆਂ ਵਿਚ ਬੈਠਾ ਸੀ ਅਤੇ ਸਿਹਰਿਆਂ ਵਿਚ ਕੋਈ ਹੋਰ ਸੀ।

ਆਨੰਦ ਕਾਰਜ ਪਿੱਛੋਂ ਲਾੜੇ ਨੂੰ ਅੰਦਰ ਬੁਲਾਇਆ ਗਿਆ-ਕੁੜੀਆਂ ਨੇ ਛੰਦ ਸੁਣਨ-ਸੁਣਾਉਣ ਦੀ ਰਸਮ ਕਰਨੀ ਸੀ।

ਹਰਚੰਦ ਆਪਣੇ ਨਾਲ ਦੋ ਮੁੰਡੇ ਹੋਰ ਲੈ ਕੇ ਗਿਆ। ਉਨ੍ਹਾਂ ਵਿਚੋਂ ਇਕ ਕੁੜੀਆਂ ਦਾ 'ਲੈਚੀਆਂ ਵਾਲਾ' ਸੀ। ਦੀਪੋ ਨੇ ਕੁੜੀਆਂ ਦੀ ਓਟ ਵਿਚੋਂ ਲਾੜੇ ਵੱਲ ਵੇਖਿਆ ਅਤੇ ਫੇਰ ਸਹੇਲੀਆਂ ਵੱਲੋਂ ਵਿਖਾਏ ਗਏ 'ਆਪਣੇ ਪਰਾਹੁਣੇ' ਵੱਲ, ਜੋ ਸਰਵ੍ਹਾਲਾ ਬਣ ਕੇ ਨਾਲ ਹੀ ਆਇਆ ਸੀ। ਹਰਚੰਦ ਸੁਹਣਾ ਗੱਭਰੂ ਸੀ ਭਾਵੇਂ ਸਰਵ੍ਹਾਲੇ ਜਿੰਨਾ ਨਾ ਸਹੀ, ਪਰ ਦੀਪੋ ਦੇ ਅੰਦਰ ਕੁਝ ਜਗਦਾ-ਜਗਦਾ ਬੁਝ ਗਿਆ।

ਕੁੜੀਆਂ-ਮੁੰਡੇ ਕਿੰਨਾ ਹੀ ਚਿਰ ਇਕ-ਦੂਜੇ ਨੂੰ ਟਿੱਚਰਾਂ-ਮਖੌਲ ਕਰਦੇ ਰਹੇ। ਪਿੱਛੋਂ ਕੁੜੀਆਂ ਨੇ ਪਤਾ ਕੀਤਾ, ਸਰਵ੍ਹਾਲੇ ਦਾ ਨਾਂ ਰਣਧੀਰ ਸੀ। ਉਹ ਹਰਚੰਦ ਦੇ ਮਾਮੇ ਦਾ ਪੁੱਤ ਸੀ। ਉਹ ਬਠਿੰਡੇ ਬਾਰ੍ਹਵੀਂ ਜਮਾਤ ਵਿਚ ਪੜ੍ਹਦਾ ਸੀ। ਹਰਚੰਦ ਬਿਚਾਰਾ ਤਾਂ ਮੰਗਣੇ ਤੋਂ ਪਿੱਛੋਂ ਦੋ ਵਾਰ ਫੇਲ੍ਹ ਹੋ ਕੇ ਪੜ੍ਹਨੋਂ ਹੀ ਹਟ ਗਿਆ ਸੀ।

ਅਗਲੇ ਦਿਨ ਦੀਪੋ ਵਿਦਾ ਹੋਈ। ਤੀਜੇ ਦਿਨ ਉਹ ਵਾਪਸ ਪੇਕੀਂ ਮੁੜੀ ਤਾਂ ਨਾਲ ਹਰਚੰਦ ਅਤੇ ਚਾਰ ਬੰਦੇ ਹੋਰ ਸਨ। ਉਹ ਮੁਕਲਾਵਾ ਲੈਣ ਆਏ ਸਨ। ਰਣਧੀਰ ਨਾਲ ਨਹੀਂ ਸੀ। ਉਹਨੂੰ ਛੁੱਟੀ ਨਹੀਂ ਸੀ ਮਿਲੀ। ਉਹਦਾ ਕੋਈ ਇਮਤਿਹਾਨ ਸੀ।

ਦੀਪੋ ਮੁਕਲਾਵੇ ਆਈ। ਦੀਪੋ ਸਹੁਰੀਂ ਵਸਣ-ਰਸਣ ਲੱਗੀ। ਉਹ ਹਸਦੀ-ਖੇਡਦੀ। ਦਿਨ ਨੂੰ ਉਹ ਗਵਾਂਢ ਦੀਆਂ ਕੁੜੀਆਂ ਨਾਲ ਰਚੀ-ਮਿਚੀ ਰਹਿੰਦੀ। ਪਰ ਜਦੋਂ ਡੂੰਘੀ ਆਥਣ ਹੁੰਦੀ ਅਤੇ ਉਹ ਕੰਮ ਤੋਂ ਵਿਹਲੀ ਹੋ ਕੇ ਮੰਜੇ ਡਾਹੁੰਦੀ ਤਾਂ ਹਰ ਸ਼ਾਮ ਹੀ ਉਹਨੂੰ ਲਗਦਾ ਜਿਵੇਂ ਉਹ ਆਪਣੀ ਬਾਹੀ ਕਿਸੇ ਓਪਰੇ ਮਰਦ ਦੀ ਬਾਹੀ ਨਾਲ ਜੋੜ ਰਹੀ ਹੋਵੇ।

ਤੇ ਉਹਨੂੰ ਰਣਧੀਰ ਯਾਦ ਆ ਜਾਂਦਾ।

ਇਕ ਦਿਨ ਵਿਹਲੀ ਬੈਠੀ ਦੀਪੋ ਨੇ ਕਰੋਸ਼ੀਏ ਉਤੇ ਰੁਮਾਲ ਲਾਇਆ। ਜਦੋਂ ਉਹਨੇ ਪਹਿਲੇ ਕੁੰਡੇ ਪਾਏ, ਪਤਾ ਨਹੀਂ ਕਿਉਂ ਰਣਧੀਰ ਉਹਨੂੰ ਇਕਦਮ ਯਾਦ ਆ ਗਿਆ। ਉਹਨੇ ਆਪਣੇ ਆਪ ਨੂੰ ਝਿੜਕਿਆ-ਰਣਧੀਰ ਉਹਦਾ ਕੀ ਲਗਦਾ ਸੀ? ਉਹਨੇ ਹਰਚੰਦ ਨਾਲ ਗੁਰੂ-ਮਹਾਰਾਜ ਸਾਹਮਣੇ ਲਾਵਾਂ ਲਈਆਂ ਸਨ। ਭਾਈ ਜੀ ਨੇ ਦੋ ਪਿੰਡਾਂ ਸਾਹਮਣੇ ਉਨ੍ਹਾਂ ਦੇ ਆਨੰਦ ਪੜ੍ਹੇ ਸਨ। ਹਰਚੰਦ ਦੇ ਮੋਢੇ ਉਤੇ ਰੱਖ ਜਿਹੜੇ ਤੌਲੀਏ ਦੇ ਲੜ ਨਾਲ ਉਹਦੇ ਪੱਲੇ ਦੀ ਗੰਢ ਪੁਆ ਕੇ ਭਾਈ ਜੀ ਨੇ ''ਮੇਰੀ ਬਾਂਹ ਨਾ ਛੱਡੀਂ ਵੇ ਸਾਜਨਾ, ਮੈਂ ਲੜ ਲੱਗ ਗਈ ਤੇਰੇ...'' ਸ਼ਬਦ ਪੜ੍ਹਿਆ ਸੀ, ਸੰਦੂਖ ਵਿਚ ਸਾਂਭੇ ਪਏ ਉਸ ਤੌਲੀਏ ਦੇ ਲੜ ਉਤੇ ਪਈ ਹੋਈ ਮਰੋੜੀ ਵੀ ਅਜੇ ਉਵੇਂ ਜਿਵੇਂ ਕਾਇਮ ਸੀ। ਉਹ ਰਣਧੀਰ ਬਾਰੇ ਕਿਉਂ ਸੋਚੇ!

******

ਵਿਆਹ ਤੋਂ ਛੇ ਮਹੀਨੇ ਪਿੱਛੋਂ ਰਣਧੀਰ ਇਕ ਦਿਨ ਭੂਆ ਦੇ ਪਿੰਡ ਮਿਲਣ ਆਇਆ। ਹਰਚੰਦ ਅਤੇ ਉਹਦਾ ਛੋਟਾ ਭਾਈ ਮੱਖਣ ਮਸ਼ੀਨ ਉਤੇ ਚਾਰਾ ਕੁਤਰ ਰਹੇ ਸਨ। ਦੀਪੋ ਚੁੱਲ੍ਹੇ ਕੋਲ ਬੈਠੀ ਰੋਟੀ ਦਾ ਆਹਰ ਕਰ ਰਹੀ ਸੀ।

ਰਣਧੀਰ ਦੇ ਭੂਆ ਅਤੇ ਫੁੱਫੜ ਉਹਦੇ ਆਉਣ ਤੋਂ ਬੱਸ ਇਕ ਘੰਟੇ ਪਹਿਲਾਂ ਨੇੜੇ ਦੇ ਕਿਸੇ ਪਿੰਡ ਗਏ ਸਨ। ਉਥੇ ਮੂੰਹ-ਮਲਾਹਜ਼ੇ ਵਾਲਾ ਕੋਈ ਬੰਦਾ ਬੀਮਾਰ ਸੀ ਅਤੇ ਉਹ ਉਹਦਾ ਪਤਾ ਲੈਣ ਗਏ ਸਨ।

ਸ਼ਾਮ ਪੈ ਗਈ। ਸੀਰੀ ਅਤੇ ਮੱਖਣ ਰੋਟੀ ਖਾਣ ਪਿੱਛੋਂ ਰੋਜ਼ ਵਾਂਗ ਬਰਛੇ ਚੁੱਕ ਕੇ ਨਰਮੇ ਦੀ ਰਾਖੀ ਰੱਖਣ ਲਈ ਖੇਤ ਨੂੰ ਤੁਰ ਪਏ। ਰਣਧੀਰ ਨੇ ਆਪਣਾ ਅਟੈਚੀ ਖੋਲ੍ਹਿਆ ਅਤੇ ਵਲਾਇਤੀ ਸ਼ਰਾਬ ਦੀ ਬੋਤਲ ਕੱਢ ਲਈ। ਸਭਾਤ ਵਿਚ ਬੈਠ ਕੇ ਉਹ ਅਤੇ ਹਰਚੰਦ ਪੀਣ ਲੱਗ ਪਏ।

''ਕੁਛ ਨਾਲ ਨੂੰ ਸਲੂਣਾ ਤਾਂ ਮੰਗਵਾ,'' ਰਣਧੀਰ ਨੇ ਗਲਾਸਾਂ ਵਿਚ ਸ਼ਰਾਬ ਪਾਉਂਦਿਆਂ ਆਖਿਆ।

''ਦੀਪੋ ਹੈਥੋਂ ਦਾਲ ਦੀ ਕੌਲੀ ਲਿਆ। ਨਾਲੇ ਚਮਚਾ ਲੈ ਆਈਂ,'' ਹਰਚੰਦ ਨੇ ਆਵਾਜ਼ ਦਿੱਤੀ।

ਹੱਥ ਲੰਮਾ ਘੁੰਡ ਕਢਿਆ ਹੋਇਆ, ਦੀਪੋ ਕਾਂਸੀ ਦੇ ਕਟੋਰੇ ਵਿਚ ਦਾਲ ਲੈ ਕੇ ਆਈ। ਵਿਚ ਚਮਚਾ ਰੱਖਿਆ ਹੋਇਆ।

''ਵਾਹ ਬਈ ਵਾਹ! ਹਰਚੰਦ, ਤੁਸੀਂ ਮੈਨੂੰ ਜੇਠ ਬਣਾਉਣ ਨਾਲੋਂ ਦੋਵੇਂ ਜੀਅ ਉਂਝ ਹੀ ਮੇਰੇ ਜੁੱਤੀਆਂ ਮਾਰ ਲਓ। ਭਾਬੀ, ਬਾਈ ਹਰਚੰਦ ਤਾਂ ਮੈਥੋਂ ਪੰਜ ਮਹੀਨੇ ਵੱਡਾ ਐ। ਮੈਥੋਂ ਘੁੰਡ ਦਾ ਕੀ ਕੰਮ?'' ਰਣਧੀਰ ਨੇ ਗਿਲਾ ਕੀਤਾ।

ਦੀਪੋ ਚੁੱਪ ਰਹੀ। ਪਰ ਰਣਧੀਰ ਨੂੰ ਲੱਗਿਆ, ਜਿਵੇਂ ਉਹ ਘੁੰਡ ਵਿਚ ਮੁਸਕਰਾ ਰਹੀ ਹੋਵੇ।

ਹਰਚੰਦ ਨੇ ਵੀ ਸਿਫਾਰਸ਼ ਕੀਤੀ, ''ਦੀਪੋ, ਰਣਧੀਰ ਤਾਂ ਸੱਚੀਓਂ ਮੈਥੋਂ ਪੰਜ ਮਹੀਨੇ ਛੋਟਾ ਐ। ਘੁੰਡ ਚੱਕ ਦੇ।''

''ਹੁਣ ਇਕ ਵਾਰ ਜਦੋਂ ਕੱਢ ਹੀ ਲਿਆ, ਇਉਂ ਹੀ ਕਿਵੇਂ ਚੱਕ ਦਿਆਂ,'' ਦੀਪੋ ਹੌਲੇ ਜਿਹੇ ਬੋਲੀ।

''ਰਣਧੀਰ, ਬਈ ਘੁੰਡ-ਛੁਡਾਈ ਦੇ-ਦੇ'', ਹਰਚੰਦ ਹੱਸਿਆ।

ਰਣਧੀਰ ਨੇ ਸੌ ਦਾ ਨੋਟ ਬਟੂਏ ਵਿਚੋਂ ਕੱਢ ਕੇ ਆਖਿਆ, ''ਲੈ ਭਾਬੀ, ਆਹ ਤੇਰੇ ਚਰਨਾਂ ਵਿਚ।''

''ਏਨਿਆਂ ਦਾ ਕੋਈ ਰਾਹ ਐ? ਕੋਈ ਛੋਟਾ ਨੋਟ ਦੇ ਦੇ,'' ਦੀਪੋ ਨੇ ਨੋਟ ਮੋੜ ਕੇ ਰਣਧੀਰ ਵੱਲ ਕੀਤਾ।

''ਮੇਰੇ ਕੋਲ ਇਹਤੋਂ ਛੋਟਾ ਨੋਟ ਹੀ ਨ੍ਹੀਂ। ਨਾਲੇ ਤੇਰੀ ਮੂੰਹ ਵਿਖਾਈ ਦਾ, ਭਾਬੀ ਇਹ ਕੀ ਕੋਈ ਬਹੁਤਾ ਐ?''

''ਨਹੀਂ, ਏਨੇ ਨ੍ਹੀਂ ਮੈਂ ਰੱਖਣੇ। ਘਰ ਆਏ ਦੇ ਲੀੜੇ ਤਾਂ ਨ੍ਹੀਂ ਲਾਹੁਣੇ।''

''ਨਹੀਂ ਭਾਬੀ, ਤੂੰ ਰੱਖ। ਐਵੇਂ ਰੌਲਾ ਨਾ ਪਾ'' ਰਣਧੀਰ ਬੋਲਿਆ।

''ਚੱਲ ਹੁਣ ਤਾਂ ਚੱਕ। ਤੜਕੇ ਪੰਜ ਰੁਪਈਏ ਰੱਖ ਕੇ ਬਾਕੀ ਮੋੜ ਦੇਈਂ। ਹੁਣ ਕਿਉਂ ਐਵੇਂ ਰੌਲਾ ਪਾਇਐ ਵਾਧੂ। ਜਾਹ ਅਚਾਰ ਲਿਆ ਜਾ ਕੇ'' ਹਰਚੰਦ ਬੋਲਿਆ।

ਦੀਪੋ ਅਚਾਰ ਲੈਣ ਰਸੋਈ ਵਿਚ ਗਈ। ਜਦੋਂ ਮੁੜੀ ਉਹਨੇ ਘੁੰਡ ਨਹੀਂ ਸੀ ਕਢਿਆ ਹੋਇਆ।

ਉਹਦੇ ਮੱਥੇ ਵਿਚ ਚਾਨਣ ਫੁੱਟ-ਫੁੱਟ ਪੈ ਰਿਹਾ ਸੀ। ਸੋਹਣੀ ਕੁੜੀ ਅਤੇ ਨਵੀਂ ਵਿਆਹੀ, ਜੀਹਨੂੰ ਅਜੇ ਵਿਆਹੁਤਾ ਜੀਵਨ ਵਾਲਾ ਕੋਈ ਚਿੰਤਾ-ਫਿਕਰ ਨਾ ਚਿੰਬੜਿਆ ਹੋਵੇ, ਬੱਸ ਮਰਦ ਦੀ ਛੋਹ ਹੀ ਛੋਹ ਮਿਲੀ ਹੋਵੇ, ਉਹਦੇ ਰੂਪ ਦੀ ਝਾਲ ਕੌਣ ਝੱਲੇ? ਰਣਧੀਰ ਕੀਲਿਆ ਗਿਆ। ਉਹ ਇਕ ਪਲ ਦੀਪੋ ਦੇ ਦਗ-ਦਗ ਕਰਦੇ ਚਿਹਰੇ ਵੱਲ ਵੇਖਦਾ ਹੀ ਰਹਿ ਗਿਆ। ਫੇਰ ਉਹਨੇ ਹਰਚੰਦ ਤੋਂ ਝਿਪ ਕੇ ਉਸ ਵੱਲੋਂ ਅੱਖਾਂ ਮੋੜੀਆਂ ਅਤੇ ਬੋਲਿਆ, ''ਚੰਦ, ਬਾਈ ਬੜੇ ਭਾਗਾਂ ਵਾਲਾ ਬੰਦਾ ਐਂ, ਜੀਹਨੂੰ ਭਾਬੀ ਵਰਗੀ...!''

''ਉਇ ਭਾਈ, ਐਵੇਂ ਨਾ ਮੇਰੇ ਸਿਰ ਚੜ੍ਹਾ ਜਾਈਂ, ਸੋਹਣੀ-ਸੋਹਣੀ ਕਰ ਕੇ'' ਹਰਚੰਦ ਨੇ ਉਤਰ ਦਿੱਤਾ ਅਤੇ ਤਿੰਨੇ ਹੱਸ ਪਏ।

''ਤੂੰ ਸਿਰ ਚੜ੍ਹਾਉਣ ਦੀ ਗੱਲ ਕਰਦਾ ਐਂ, ਭਾਬੀ ਵਰਗੀ ਸੋਹਣੀ ਤਾਂ ਕੋਈ ਜੇ ਸਿਰ ਉਤੇ ਪੀੜ੍ਹਾ ਡਾਹ ਕੇ ਚੱਕੀ ਰੱਖਣੀ ਹੋਵੇ ਤਾਂ ਵੀ ਸਹੁੰ ਗੁਰੂ ਦੀ, ਭੋਰਾ ਭਾਰ ਨਾ ਲੱਗੇ'' ਰਣਧੀਰ ਨੇ ਆਖਿਆ। ਹਰਚੰਦ ਅਤੇ ਉਹ ਹੱਸ ਪਏ। ਦੀਪੋ ਨੇ ਸੰਗ ਕੇ ਨੀਵੀਂ ਪਾ ਲਈ।

ਦੀਪੋ ਫੇਰ ਰਸੋਈ ਵਿਚ ਚਲੀ ਗਈ। ਹਰਚੰਦ ਉਠਿਆ ਅਤੇ ਬੋਲਿਆ, ''ਰਣਧੀਰ ਦੋ ਮਿੰਟ ਬੈਠ। ਮੈਂ ਇਕ ਵਾਰੀ ਪਸ਼ੂਆਂ ਨੂੰ ਥਾਉਂ-ਥਾਈਂ ਵੇਖ ਆਵਾਂ। ਨਾਲੇ ਦੋ ਟੋਕਰੇ ਪੱਠੇ ਸਿੱਟ ਦਿਆਂ ਉਹਨਾਂ ਮੂਹਰੇ।''

ਦੀਪੋ ਹਰਚੰਦ ਨੂੰ ਪਸ਼ੂਆਂ ਵਾਲੇ ਕੋਠੇ ਵਿਚ ਜਾਂਦਿਆਂ ਵੇਖ ਕੇ ਸਭਾਤ ਵਿਚ ਆਈ। ਸੰਦੂਖ ਖੋਲ੍ਹ ਕੇ ਉਹਨੇ ਕਰੋਸ਼ੀਏ ਨਾਲ ਬੁਣਿਆ ਹੋਇਆ ਰੁਮਾਲ ਕੱਢਿਆ ਅਤੇ ਰਣਧੀਰ ਦੇ ਪੱਟਾਂ ਉਤੇ ਰੱਖ ਕੇ ਬੋਲੀ, ''ਲੈ ਦਿਉਰਾ, ਤੈਨੂੰ ਮੂੰਹ ਵਿਖਾਉਣ ਦੇ ਨਾਲ ਨਿਸ਼ਾਨੀ। ਸਾਂਭ ਕੇ ਰੱਖੀਂ।''

''ਭਾਬੀਏ, ਤੇਰੀ ਨਿਸ਼ਾਨੀ ਹੋਵੇ ਤੇ ਮੈਂ ਸਾਂਭ ਕੇ ਨਾ ਰੱਖਾਂ। ਭਾਬੀ, ਇਹ ਤਾਂ ਮੇਰੀ ਹਿੱਕ ਨਾਲ ਰਿਹਾ ਕਰੂ'' ਰਣਧੀਰ ਨੇ ਰੁਮਾਲ ਨੂੰ ਬੁੱਲ੍ਹਾਂ ਨਾਲ ਲਾਇਆ ਤੇ ਤਹਿ ਕਰ ਕੇ ਜੇਬ ਵਿਚ ਸਾਂਭ ਲਿਆ।

ਕਿੰਨੀ ਹੀ ਰਾਤ ਗਈ ਤੱਕ ਰਣਧੀਰ ਅਤੇ ਹਰਚੰਦ ਪੀਂਦੇ ਰਹੇ। ਉਹਨ੍ਹਾਂ ਦੇ ਮੰਜਿਆਂ ਤੋਂ ਪਰ੍ਹੇ ਕਾਫੀ ਹਟਵਾਂ, ਥੰਮ੍ਹ ਦੇ ਦੂਜੇ ਪਾਸੇ ਦੀਪੋ ਨੇ ਆਪਣਾ ਮੰਜਾ ਵਿਛਾ ਲਿਆ। ਉਹ ਵਿਹਲੀ ਬੈਠੀ ਹਰਚੰਦ ਦੇ ਸੁਆਟਰ ਦੀਆਂ ਸਲਾਈਆਂ ਪਾਉਣ ਲੱਗ ਪਈ। ਕਦੀ ਕਿਸੇ ਗੱਲ ਵਿਚ ਉਹ ਹੁੰਗਾਰਾ ਭਰ ਦਿੰਦੀ, ਕਦੀ ਬੱਸ ਉਨ੍ਹਾਂ ਦੀ ਗੱਲ ਉਤੇ ਉਹ ਚੁੱਪ ਰਹਿ ਕੇ ਹੱਸ ਜਾਂ ਮੁਸਕਰਾ ਛੱਡਦੀ।

ਹਰਚੰਦ ਨੇ ਹੁਣ ਤੱਕ ਘਰੇਲੂ ਦਸਤਕਾਰੀ ਦੀ ਰੂੜੀ ਮਾਰਕਾ ਜਾਂ ਵੱਧ ਤੋਂ ਵੱਧ ਖਾਸੇ ਦੀ ਬਣੀ ਤੇ ਕੋਕ ਵਾਲਿਆਂ ਦੇ ਧੱਕੇ ਚੜ੍ਹੀ ਸੰਤਰਾ ਹੀ ਪੀਤੀ ਸੀ, ਜੋ ਬਹੁਤ ਵਾਂਗ ਸਿਰ ਨੂੰ ਚੜ੍ਹ ਜਾਇਆ ਕਰਦੀ ਸੀ। ਵਿਸਕੀ ਉਹਨੂੰ ਇਕ ਅਨੋਖਾ ਹੁਲਾਰਾ ਤਾਂ ਜ਼ਰੂਰ ਦੇ ਰਹੀ ਸੀ, ਪਰ ਉਸ ਜਿੰਨੀ ਨਸ਼ੀਲੀ ਨਹੀਂ ਸੀ ਲੱਗ ਰਹੀ। ਰਣਧੀਰ ਬਹੁਤੀ ਨਹੀਂ ਸੀ ਪੀਂਦਾ। ਉਹ ਥੋੜ੍ਹਾ ਜਿਹਾ ਪੈਗ ਪਾਉਂਦਾ। ਪਰ ਹਰਚੰਦ ਚੰਗਾ ਵਾਹਵਾ ਪਾ ਲੈਂਦਾ। ਬੋਤਲ ਵਿਚ ਤੀਜਾ ਕੁ ਹਿੱਸਾ ਸ਼ਰਾਬ ਰਹਿ ਗਈ ਸੀ। ਹਰਚੰਦ ਨੂੰ ਧੀਮਾ-ਧੀਮਾ ਨਸ਼ਾ ਚੜ੍ਹਦੇ ਦਾ ਪਤਾ ਵੀ ਨਾ ਲੱਗਿਆ। ਹੁਣ ਉਹ ਗੱਲਾਂ ਕਰਦਾ-ਕਰਦਾ ਹੀ ਬੈਠਾ-ਬੈਠਾ ਕਬੂਤਰ ਵਾਂਗ ਅੱਖਾਂ ਮੀਚਣ ਲੱਗ ਪਿਆ ਸੀ।

ਰਣਧੀਰ ਨੇ ਦੀਪੋ ਨੂੰ ਕਿਹਾ, ''ਭਾਬੀ ਰੋਟੀ ਲਿਆ, ਖਾਈਏ।'' ਤੇ ਉਹਨੇ ਦੀਪੋ ਵੱਲ ਵੇਖਿਆ ਤਾਂ ਉਹਦਾ ਮੂੰਹ ਹੁਣ ਹੋਰ ਵੀ ਸੋਹਣਾ ਲੱਗਿਆ। ਉਹਨੇ ਆਪਣੇ ਆਪ ਨੂੰ ਆਖਿਆ, ''ਬੱਸ ਹੁਣ ਹੋਰ ਨ੍ਹੀਂ ਪੀਣੀ। ਸੋਹਣੀਆਂ ਚੀਜ਼ਾਂ ਹੋਰ ਵੀ ਸੋਹਣੀਆਂ ਲੱਗਣ ਲੱਗ ਪਈਆਂ। ਹੁਣ ਅੱਖਾਂ ਵਿਚ ਪੂਰਾ ਤਰਾਰਾ ਆ ਗਿਆ ਐ।''

ਦੀਪੋ ਰੋਟੀ ਲੈ ਆਈ।

''ਬਾਈ, ਇਕ-ਇਕ ਹਾੜਾ ਹੋਰ ਲਾ ਲਈਏ। ਰੋਟੀ ਚੰਗੀ ਤਰ੍ਹਾਂ ਖਾਧੀ ਜਾਊ'' ਹਰਚੰਦ ਬੋਲਿਆ।

''ਨਹੀਂ, ਚੰਦ ਬਾਈ, ਬੱਸ। ਹੁਣ ਤਾਂ ਰੋਟੀ ਖਾਣ ਵਾਲੇ ਹੋਏ ਪਏ ਆਂ। ਫੇਰ ਔਖੇ ਹੋਵਾਂਗੇ। ਤੇਰੀ ਮਰਜ਼ੀ ਐ। ਪੀਣੀ ਐ, ਬੇਸ਼ੱਕ ਪੀ ਲੈ। ਪਈ ਅਜੇ ਬਹੁਤ ਐ। ਮੈਂ ਤਾਂ ਪੀਣੀ ਨ੍ਹੀਂ'' ਰਣਧੀਰ ਨੇ ਸਿਰ ਮਾਰ ਦਿੱਤਾ।

''ਚੰਗਾ ਫੇਰ ਪ੍ਰੇਮ-ਪਿਆਲਾ ਤਾਂ ਕਰ ਲਈਏ?'' ਹਰਚੰਦ ਨੇ ਰਣਧੀਰ ਦਾ ਹੱਥ ਘੁੱਟ ਕੇ ਆਖਿਆ।

''ਤੇਰੀ ਮਰਜ਼ੀ'', ਰਣਧੀਰ ਨੇ ਪੇਂਡੂ ਪਿਆਕਾਂ ਦੀ ਪੁਰਾਣੀ ਰਵਾਇਤ ਸਾਹਮਣੇ ਸਿਰ ਨਿਵਾ ਦਿੱਤਾ।

ਹਰਚੰਦ ਨੇ ਇਕੋ ਗਲਾਸ ਵਿਚ ਵਾਹਵਾ ਸ਼ਰਾਬ ਪਾਈ ਅਤੇ ਪਾਣੀ ਪਾ ਕੇ ਰਣਧੀਰ ਨੂੰ ਫੜਾ ਦਿੱਤੀ। ਰਣਧੀਰ ਨੇ ਦੋ ਘੁੱਟਾਂ ਭਰੀਆਂ ਤੇ ਗਲਾਸ ਹਰਚੰਦ ਦੇ ਹਵਾਲੇ ਕਰ ਦਿੱਤਾ। ਹਰਚੰਦ ਨੇ ਗਲਾਸ ਲਾਲਟੈਣ ਵੱਲ ਕੀਤਾ ਅਤੇ ਬੋਲਿਆ, ''ਰਣਧੀਰ ਵੀਰਾ ਬੁੱਲ੍ਹ ਛੁਹਾਉਣ ਦਾ ਸ਼ਗਣ ਹੀ ਕੀਤਾ ਐ ਬੱਸ। ਦਾਰੂ ਤੇ ਓਨੀ ਹੀ ਓਨੀਂ ਪਈ ਐ।''

''ਬੱਸ, ਬੱਸ, ਪੀ ਲੈ। ਹੁਣ ਰੋਟੀ ਖਾਈਏ'', ਰਣਧੀਰ ਰੋਟੀ ਲਈ ਕਾਹਲਾ ਸੀ। ਰਾਤ ਬਹੁਤ ਹੋ ਗਈ ਸੀ।

ਹਰਚੰਦ ਨੂੰ ਬਹੁਤ ਚੜ੍ਹ ਗਈ। ਰਹਿੰਦੀ-ਖੂੰਹਦੀ ਕਸਰ ਪ੍ਰੇਮ-ਪਿਆਲੇ ਨੇ ਪੂਰੀ ਕਰ ਦਿੱਤੀ। ਉਹਨੇ ਇਕ-ਅੱਧ ਰੋਟੀ ਨਿਗਲੀ ਅਤੇ ਟੇਢਾ ਹੋ ਗਿਆ। ਰਣਧੀਰ ਨੇ ਉਠ ਕੇ ਉਹਨੂੰ ਝੰਜੋੜਦਿਆਂ ਪੁੱਛਿਆ, ''ਹਰਚੰਦ, ਬਾਈ ਰੋਟੀ ਬੱਸ?''

ਹਰਚੰਦ ਨੇ ਲਾਲ ਹੋ ਚੁੱਕੀਆਂ ਬੋਝਲ ਅੱਖਾਂ ਪੁੱਟੀਆਂ ਅਤੇ ਮੂੰਹੋਂ ਕੁਝ ਆਖਿਆ। ਪਰ ਨਸ਼ੇ ਦੀ ਬਹੁਲਤਾ ਵਿਚ ਉਹਦੀ ਗੱਲ ਸਮਝ ਨਹੀਂ ਸੀ ਆ ਰਹੀ। ਉਹਨੇ ਕੁਝ ਉਲਲ-ਉਲਲ ਕਰ ਕੇ ਹੱਥ ਮਾਰ ਦਿੱਤਾ। ਰਣਧੀਰ ਨੇ ਉਹਨੂੰ ਮੋਢਿਆਂ ਤੋਂ ਫੜ ਕੇ ਠੀਕ ਤਰ੍ਹਾਂ ਪਾਇਆ ਅਤੇ ਉਤੇ ਖੇਸ ਦੇ ਦਿੱਤਾ। ਉਹ ਰੱਜੇ ਹੋਏ ਸੂਰ ਵਾਂਗ ਸਾਹ ਲੈਣ ਲੱਗ ਪਿਆ ਸੀ।

ਰਣਧੀਰ ਨੇ ਦੋ-ਚਾਰ ਬੁਰਕੀਆਂ ਹੋਰ ਲਾਈਆਂ। ''ਲੈ ਭਾਬੀ, ਹੱਥ ਧੁਆ ਦੇ। ਬਾਈ ਤਾਂ ਹੋ ਗਿਆ ਲਮਲੇਟ'', ਉਹ ਹੱਸਿਆ।

''ਇਹ ਤਾਂ ਧੀਰਿਆ, ਜੇ ਬਹੁਤੀ ਪੀ ਲਵੇ, ਏਵੇਂ ਕਰਦਾ ਹੁੰਦਾ ਐ। ਹੁਣ ਬੇਸੁਰਤਾਂ ਵਾਂਗੂੰ ਪਿਆ ਰਹੂ ਬੱਸ ਸਵੇਰ ਤਾਈਂ,'' ਦੀਪੋ ਨੇ ਥਾਲ ਸਟੂਲ ਤੋਂ ਚੁੱਕਦਿਆਂ ਜਵਾਬ ਦਿੱਤਾ।

''ਭਾਬੀ ਭਾਂਡੇ ਕੀ ਭੱਜੇ ਜਾਂਦੇ ਨੇ। ਸਵੇਰੇ ਮਾਂਜ ਲਈਂ। ਦੋ ਘੜੀਆਂ ਬੈਠ ਤਾਂ ਜਾ'' ਰਣਧੀਰ ਨੇ ਇਕ ਤਰ੍ਹਾਂ ਮਿੰਨਤ ਕੀਤੀ।

''ਮਾਂਜ ਤਾਂ ਸਵੇਰੇ ਲਊਂ, ਰੱਖ ਤਾਂ ਦਿਆਂ'' ਤੁਰੀ ਜਾਂਦੀ ਦੀਪੋ ਬੋਲੀ।

ਤੇ ਦੀਪੋ ਮੁੜਦੀ ਹੋਈ ਸਭਾਤ ਦੀ ਕੁੰਡੀ ਵੀ ਲਾ ਆਈ।

''ਦੱਸ ਕੀ ਗੱਲਾਂ ਕਰਨੀਆਂ ਕਹਿੰਦਾ ਸੀ, ਧੀਰਿਆ'' ਦੀਪੋ ਨੇ ਉਹਦੇ ਮੰਜੇ ਦੀ ਬਾਹੀ ਉਤੇ ਪੈਰ ਰੱਖਦਿਆਂ ਕਿਹਾ।

''ਗੱਲਾਂ ਕੀ... ਊਂ ਈ ਭਾਬੀ, ਬੱਸ ਦੋ ਘੜੀਆਂ ਬੈਠ ਜਾ... ਤੇਰੇ ਵਿਆਹ ਵੇਲੇ ਮੈਂ ਤੈਨੂੰ ਬਿਨਾਂ ਵੇਖੇ ਚਲਿਆ ਗਿਆ ਸੀ, ਬੜਾ ਜੀਅ ਕਰਦਾ ਰਿਹਾ, ਭਾਬੀ ਤੈਨੂੰ ਵੇਖਣ ਨੂੰ...'' ਰਣਧੀਰ ਸਿੱਧਾ ਉਹਦੀਆਂ ਅੱਖਾਂ ਵਿਚ ਝਾਕ ਰਿਹਾ ਸੀ।

''ਤਾਂ ਹੀ ਛੇਤੀ ਆ ਗਿਆ ਹੋਵੇਂਗਾ! ਮੈਂ ਤਾਂ ਆਪ ਕਈ ਵਾਰ ਇਕੱਲੀ ਬੈਠੀ ਸੋਚਦੀ, ਧੀਰਾ ਨ੍ਹੀਂ ਆਇਆ'', ਦੀਪੋ ਨੇ ਰਣਧੀਰ ਦੀਆਂ ਅੱਖਾਂ ਦੀ ਤਾਬ ਨਾ ਝਲਦਿਆਂ ਨੀਵੀਂ ਪਾ ਲਈ।

ਬਿੰਦ-ਝੱਟ ਉਹ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਰਹੇ। ਫੇਰ ਦੀਪੋ ਬੋਲੀ, ''ਚੰਗਾ ਧੀਰਿਆ, ਹੁਣ ਪੈ ਜਾ। ਅੱਧੀ ਰਾਤ ਹੋ ਗਈ। ਗੱਲਾਂ ਕੱਲ੍ਹ ਨੂੰ ਕਰਾਂਗੇ।'' ਤੇ ਉਹ ਆਪਣੇ ਮੰਜੇ ਉਤੇ ਜਾ ਪਈ। ਰਣਧੀਰ ਨੇ ਸਟੂਲ ਉਤੇ ਪਈ ਲਾਲਟੈਣ ਵੱਡੀ ਕਰ ਦਿੱਤੀ।

ਰਾਤ ਪੂਰੀ ਤਰ੍ਹਾਂ ਚੁੱਪ ਸੀ। ਹਰਚੰਦ ਦੇ ਘੁਰਾੜਿਆਂ ਤੋਂ ਬਿਨਾਂ ਕੋਈ ਆਵਾਜ਼ ਨਹੀਂ ਸੀ ਆ ਰਹੀ।

ਰਣਧੀਰ ਨੇ ਥੋੜ੍ਹੀ ਪੀਤੀ ਸੀ। ਹੁਣ ਉਹਨੂੰ ਲੱਗਿਆ ਜਿਵੇਂ ਉਹ ਵੀ ਉਤਰ ਗਈ ਹੋਵੇ। ਉਹਨੇ ਖੇਸ ਮੋਢਿਆਂ ਤੱਕ ਕਰ ਲਿਆ। ਸਭਾਤ ਵਿਚ ਘੁੱਪ ਹਨ੍ਹੇਰਾ ਸੀ। ਆਪਦਾ ਹੱਥ ਅੱਖਾਂ ਕੋਲ ਕੀਤਿਆਂ ਵੀ ਵਿਖਾਈ ਨਹੀਂ ਸੀ ਦਿੰਦਾ। ਜਿਥੇ ਕੁ ਦੀਪੋ ਦਾ ਮੰਜਾ ਸੀ, ਰਣਧੀਰ ਨੇ ਨਜ਼ਰ ਉਥੇ ਟਿਕਾਈ। ਉਹਨੂੰ ਲੱਗਿਆ ਜਿਵੇਂ ਦੀਪੋ ਦੀਆਂ ਦੋਵੇਂ ਅੱਖਾਂ ਦੀਵਿਆਂ ਵਾਂਗ ਬਲਦੀਆਂ ਉਹਨੂੰ ਦਿਸ ਰਹੀਆਂ ਹੋਣ ਅਤੇ ਮੁਸਕਰਾ ਰਹੀਆਂ ਹੋਣ। ਉਹਦਾ ਪਿੰਡਾ ਭਖ ਉਠਿਆ। ਖੇਸ ਉਹਨੇ ਸਰੀਰ ਤੋਂ ਲਾਹ ਕੇ ਪੈਰਾਂ ਉਤੇ ਕਰ ਲਿਆ। ਕਿੰਨਾ ਹੀ ਚਿਰ ਉਹ ਘੁੱਪ ਹਨ੍ਹੇਰੀ ਸਭਾਤ ਵਿਚ ਜਗਮਗ ਦਿਸਦੀਆਂ ਅਤੇ ਮੁਸਕਰਾਉਂਦੀਆਂ ਉਹਨਾਂ ਅੱਖਾਂ ਵੱਲ ਇਕ-ਟੱਕ ਵੇਖਦਾ ਰਿਹਾ।

ਹਰਚੰਦ ਦੇ ਘੁਰਾੜਿਆਂ ਵਰਗੇ ਸਾਹਾਂ ਨੇ ਇਕਸਾਰ ਚੁੱਕੀ ਹੋਈ ਸੀ। ਕਦੀ ਉਹ ਨੱਕ ਵਿਚੋਂ ਫੁਰਰ-ਫੁਰਰ ਕਰਦਾ ਅਤੇ ਕਦੀ ਮੂੰਹ ਵਿਚੋਂ ਦੀ ਸਾਹ ਲੈਂਦਾ। ਸ਼ਰਾਬ ਨੇ ਹੌਲੀ-ਹੌਲੀ ਚੜ੍ਹ ਕੇ ਉਹਨੂੰ ਗੁੱਟ ਕਰ ਦਿੱਤਾ ਸੀ। ਸਭ ਕੁਝ ਤੋਂ ਬੇਫ਼ਿਕਰ ਅਤੇ ਬੇਖ਼ਬਰ ਉਹ ਨਿਸਚਿੰਤ ਪਿਆ ਹੋਇਆ ਸੀ। ਰਣਧੀਰ ਦਾ ਉਹਦੇ ਉਤੇ ਦਿੱਤਾ ਹੋਇਆ ਖੇਸ ਉਸੇ ਤਰ੍ਹਾਂ ਉਹਦੇ ਮੋਢਿਆਂ ਤੱਕ ਪਿਆ ਸੀ।

ਦੀਪੋ ਦੀ ਨੀਂਦ ਟਲ ਗਈ ਸੀ। ਉਹਦੀ ਆਦਤ ਸੀ ਕਿ ਜੇ ਕੁਵੇਲਾ ਹੋ ਜਾਵੇ ਅਤੇ ਨੀਂਦ ਇਕ ਵਾਰ ਜਾਂਦੀ ਰਹੇ, ਫੇਰ ਛੇਤੀ-ਛੇਤੀ ਨਹੀਂ ਆਉਂਦੀ। ਉਹਦੇ ਸਰੀਰ ਨੂੰ ਸ਼ਾਇਦ ਨੀਂਦ ਨਾ ਆਉਣ ਕਰਕੇ, ਅੱਚਵੀ ਜਿਹੀ ਲੱਗ ਗਈ। ਕਦੀ ਉਹ ਪਾਸਾ ਕਰ ਲੈਂਦੀ, ਕਦੀ ਸਿੱਧੀ ਪੈ ਜਾਂਦੀ। ਕਦੀ ਉਹ ਖੇਸ ਉਤੇ ਖਿੱਚ ਲੈਂਦੀ, ਕਦੀ ਲਾਹ ਦਿੰਦੀ। ਕਈ ਵਾਰ ਉਹਨੂੰ ਲੱਗਿਆ, ਜਿਵੇਂ ਰਣਧੀਰ ਉਹਦੇ ਮੰਜੇ ਦੀ ਬਾਹੀ ਉਤੇ ਆ ਕੇ ਬੈਠਾ ਹੋਵੇ। ਉਹ ਹੱਥ ਮਾਰ ਕੇ ਵੇਖਦੀ, ਉਥੇ ਕੋਈ ਵੀ ਨਹੀਂ ਸੀ ਹੁੰਦਾ। ਕਿੰਨਾ ਹੀ ਚਿਰ ਉਹ ਬੇਚੈਨੀ ਦੀ ਹਾਲਤ ਵਿਚ ਪਈ ਰਹੀ। ਉਹਦਾ ਅੰਗ-ਅੰਗ ਟੁੱਟਣ ਲੱਗ ਪਿਆ। ਸ਼ਾਇਦ ਨੀਂਦ ਨਾ ਆਉਂਦ ਕਰਕੇ...

ਸਭਾਤ ਦਾ ਕੁੰਡਾ ਖੁੱਲ੍ਹਿਆ। ਉਹਨੇ ਵੇਖਿਆ, ਰਣਧੀਰ ਬਾਹਰ ਗਿਆ ਸੀ। ਦੋ ਮਿੰਟਾਂ ਮਗਰੋਂ ਉਹ ਮੁੜਿਆ ਅਤੇ ਦੀਪੋ ਦੇ ਮੰਜੇ ਕੋਲ ਆ ਕੇ ਬੋਲਿਆ, ''ਭਾਬੀ, ਪਤਾ ਨ੍ਹੀਂ ਓਪਰੀ ਥਾਂ ਕਰਕੇ, ਨੀਂਦ ਹੀ ਨ੍ਹੀਂ ਆਉਂਦੀ। ਥੋਡੀ ਸਭਾਤ ਵਿਚੋਂ ਤਾਂ ਨਾਲੇ ਊਂ ਈ ਡਰ ਲਗਦਾ ਐ...''

''ਨੀਂਦ ਟਲ ਗਈ ਕਰਕੇ ਨ੍ਹੀਂ ਆਉਂਦੀ। ਆਪੇ ਆ ਜਾਊ... ਜਾਹ ਪੈ ਜਾ... ਤੇਰੇ ਬਾਈ ਨੂੰ ਜੇ ਗੱਲਾਂ ਕਰਦੇ ਸੁਣ ਗਏ, ਪੰਗਾ ਖੜ੍ਹਾ ਹੋ ਜਾਊ'' ਦੀਪੋ ਹੌਂਕਦਿਆਂ ਵਾਂਗ ਬੋਲੀ। ਉਹਦਾ ਸਾਹ ਚੜ੍ਹਿਆ ਪਿਆ ਸੀ।

ਪਰ ਹਰਚੰਦ ਪਹਿਲਾਂ ਵਾਂਗ ਹੀ ਫੁਰਰ-ਫੁਰਰ ਕਰ ਰਿਹਾ ਸੀ। ਰਣਧੀਰ ਨੇ ਦੀਪੋ ਦਾ ਹੱਥ ਫੜ ਕੇ ਆਪਣੇ ਮੱਥੇ ਨੂੰ ਲਾ ਲਿਆ, ''ਵੇਖ ਭਾਬੀ, ਮੈਨੂੰ ਤਾਂ ਆਪਣੇ ਆਪ ਵਿਚੋਂ ਸੇਕ ਆਉਂਦਾ ਐ। ਤਾਪ ਚੜ੍ਹ ਗਿਆ ਲਗਦਾ ਐ ਮੈਨੂੰ ਤਾਂ।''

ਦੀਪੋ ਨੇ ਹੱਥ ਨਾ ਛੁਡਾਇਆ। ਉਹ ਬਾਹੀ ਉਤੇ ਬੈਠੇ ਰਣਧੀਰ ਨੂੰ ਕਹਿਣ ਲੱਗੀ, ''ਤੇਰਾ ਮੱਥਾ ਤਾਂ ਸਗੋਂ ਠੰਢਾ ਪਿਆ ਐ। ਮੈਨੂੰ ਲਗਦਾ ਐ, ਮੇਰੇ ਹੱਥ ਤੇਰੇ ਮੱਥੇ ਨਾਲੋਂ ਬਹੁਤੇ ਤੱਤੇ ਨੇ...

ਤੇ ਫੇਰ ਜਦੋਂ ਅਲਸਾਈ ਹੋਈ ਦੀਪੋ ਨੇ ਸੌਂਦੇ ਜਾਂਦੇ ਰਣਧੀਰ ਨੂੰ ਝੰਜੋੜ ਕੇ ਆਪਣੇ ਨਾਲੋਂ ਉਠਾਉਂਦਿਆਂ ਉਹਦੇ ਆਪਣੇ ਮੰਜੇ ਉਤੇ ਭੇਜਿਆ, ਰਾਤ ਅੱਧੀ ਤੋਂ ਬਹੁਤੀ ਲੰਘ ਚੁੱਕੀ ਸੀ।

ਸਵੇਰੇ ਦੀਪੋ ਉਠੀ ਤਾਂ ਉਹਨੂੰ ਆਪਣੇ ਅੰਦਰੋਂ ਮੁਸ਼ਕ ਅਤੇ ਸਰੀਰ ਵਿਚੋਂ ਅਲਕਤ ਆਈ। ਉਹਨੇ ਠਠੰਬਰੀ ਜਿਹੀ ਨੇ ਚਾਹ ਕਰ ਕੇ ਚੁੱਲ੍ਹੇ ਉਤੇ ਪਾਣੀ ਦਾ ਪਤੀਲਾ ਰੱਖ ਦਿੱਤਾ। ਆਪਣੀ ਚਾਹ ਉਹਨੇ ਛੋਟੀ ਗੜਵੀ ਵਿਚ ਪਾ ਕੇ, ਕੌਲੀ ਨਾਲ ਢਕ ਕੇ, ਚੁੱਲ੍ਹੇ ਮੂਹਰੇ ਭੁੱਬਲ ਉਤੇ ਰੱਖ ਦਿੱਤੀ। ਰਣਧੀਰ ਅਤੇ ਚੰਦ ਦੀ ਚਾਹ ਵੱਡੀ ਗੜਵੀ ਵਿਚ ਪਾ ਕੇ ਉਹਨਾਂ ਨੂੰ ਫੜਾ ਦਿੱਤੀ।

''ਦੀਪੋ ਪਾਣੀ ਤੱਤਾ ਰੱਖ ਦੇ। ਰਾਤ ਦਾ ਸਰੀਰ ਟੁੱਟਿਆ ਪਿਆ ਐ। ਨ੍ਹਾਵਾਂਗੇ'' ਹਰਚੰਦ ਨੇ ਆਖਿਆ।

''ਪਾਣੀ ਪਤੀਲੇ ਵਿਚ ਤੱਤਾ ਰੱਖਿਆ ਪਿਆ ਐ। ਅੱਜ ਬੁੱਧਵਾਰ ਐ। ਮੈਂ ਸਿਰ ਨ੍ਹਾਉਣਾ ਐ। ਪਹਿਲਾਂ ਮੈਨੂੰ ਨ੍ਹਾ ਲੈਣ ਦਿਉ। ਨਾਲੇ ਥੋਡੀ ਚਾਹ ਪੀਤੀ ਨੂੰ ਬਿੰਦ-ਝੱਟ ਹੋ ਜਾਊ'' ਦੀਪੋ ਨੇ ਉਤਰ ਦਿੱਤਾ।

ਦੀਪੋ ਨੇ ਵਿਹੜੇ ਵਿਚ ਖਲੋਤੀ ਨਿੰਮ ਤੋਂ ਦਾਤਣ ਤੋੜੀ ਅਤੇ ਧੁਰ ਸੰਘ ਤੱਕ ਫੇਰ ਛੱਡੀ। ਫੇਰ ਸੰਦੂਖ ਵਿਚੋਂ ਨਵੀਂ ਸਾਬਣ ਕੱਢ ਕੇ ਉਹ ਗਰਮ ਪਾਣੀ ਨਾਲ ਮਲ-ਮਲ ਕੇ ਨ੍ਹਾਤੀ। ਪਰ ਉਹਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਉਹਨੇ ਨਾ ਦਾਤਣ ਕੀਤੀ ਹੋਵੇ ਅਤੇ ਨਾ ਹੀ ਉਹ ਨ੍ਹਾਤੀ ਹੋਵੇ। ਅਜੇ ਵੀ ਉਹਨੂੰ ਆਪਣੇ ਅੰਦਰੋਂ ਮੁਸ਼ਕ ਅਤੇ ਪਿੰਡੇ ਵਿਚੋਂ ਅਲਕਤ ਆ ਰਹੀ ਸੀ।

ਉਹ ਗੁਸਲਖਾਨੇ ਵਿਚੋਂ ਨਿਕਲੀ। ਹਰਚੰਦ ਅਤੇ ਰਣਧੀਰ ਵਿਹੜੇ ਵਿਚ ਬੈਠੇ ਗੱਲਾਂ ਕਰ ਰਹੇ ਸਨ। ਉਹਨੇ ਹਰਚੰਦ ਵੱਲ ਵੇਖਿਆ ਅਤੇ ਅੱਖਾਂ ਨੀਵੀਆਂ ਕਰ ਲਈਆਂ। ਓਪਰੇ ਮਰਦ ਦੇ ਮੇਲ ਦਾ ਅਹਿਸਾਸ ਉਹਦੇ ਅੰਦਰ-ਬਾਹਰ ਲਿਪਿਆ ਗਿਆ ਸੀ ਅਤੇ ਹੁਣ ਰਗੜ-ਰਗੜ ਕੇ ਉਤਾਰਿਆਂ ਵੀ ਉਤਰ ਨਹੀਂ ਸੀ ਰਿਹਾ।

ਜਦੋਂ ਹਰਚੰਦ ਨ੍ਹਾਉਣ ਲੱਗ ਗਿਆ, ਦੀਪੋ ਨੇ ਸੌ ਦਾ ਨੋਟ ਉਵੇਂ ਦਾ ਉਵੇਂ ਰਣਧੀਰ ਕੋਲ ਰੱਖਦਿਆਂ ਕਿਹਾ, ''ਲੈ ਰਣਧੀਰ, ਤੂੰ ਆਬਦੇ ਬਾਈ ਨਾਲੋਂ ਛੋਟਾ ਐਂ। ਤੇਰੀ ਮੂੰਹ-ਵਿਖਾਈ ਨ੍ਹੀਂ ਮੈਂ ਰੱਖਣੀ।''

''ਭਾਬੀ, ਕੁਛ ਤਾਂ ਰੱਖ। ਸਾਰੇ ਮੋੜਨ ਦੀ ਕੋਈ ਗੱਲ ਹੋਈ?'' ਰਣਧੀਰ ਨੇ ਨੋਟ ਫੇਰ ਦੀਪੋ ਵੱਲ ਕੀਤਾ।

''ਨਹੀਂ, ਨਹੀਂ, ਇਹ ਕੋਈ ਰਾਹ ਐ। ਮੈਂ ਨ੍ਹੀਂ ਕੁਛ ਵੀ ਲੈਣਾ'' ਦੀਪੋ ਇਹ ਆਖਦਿਆਂ ਹੋਰ ਕੁਝ ਕਹੇ-ਸੁਣੇ ਬਿਨਾਂ ਚਾਹ ਵਾਲੇ ਭਾਂਡੇ ਧੋਣ-ਮਾਂਜਣ ਜਾ ਲੱਗੀ।

ਉਹਦਾ ਦਿਲ ਕਰ ਰਿਹਾ ਸੀ ਕਿ ਰਣਧੀਰ ਵੀ ਉਹਨੂੰ ਉਹਦਾ ਕਰੋਸ਼ੀਏ ਵਾਲਾ ਰੁਮਾਲ ਮੋੜ ਦੇਵੇ।

------------

## ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

## ਕਨਿਆ ਦੀ ਲੜ

Jat Sikh parents from U.S, seeking match for their U.S born son, handsome, 29, 6'-0", running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields.
E-mail: rnnahal@gmail.com

# Matrimonial

## ਕਨਿਆ ਦੀ ਲੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫ਼ੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

## ਕਨਿਆ ਦੀ ਲੜ

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ email : ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

Seeking beautiful & compatible match for handsome professionally qualified Assistant Professor, 4.12 AM, 18-11-12, 6', Ludhiana born boy from reputed family of Mullapur (LDH.) Father Associate Professor in Govt. College, having 16 acres of agricultural land and urban properties. Only son, two sisters married. Pretty and educated girl required. contact 98785-31166, naneen.mlp@gmail.com

# Classified Plus

## Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

SOLD

## HOUSE FOR RENT

3 bedroom bungalow, 2 bathroom and double attached garage on Acreage rent including utility in Beaumont. House has a location in front of shopping mall and golf course. Call: 780 929 9504.

RENTED




# City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304




# Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811

# Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸ ਵੀ ਤਰ੍ਹ ਦੀ
ਪ੍ਰ ਪਰਟੀ ਖਰੀਦਣ
ਜ ਵਚਣ ਲਈ
ਰਸਮਦ
ਰੀਅ ਟਰ ਡੀ
ਫਨ ਕਰ।




Cell: 780-909-5154



9222 51 Avenue, Edmonton, AB T6E 5L8
Phone: 780 439 9818, Fax: 780 439 1257

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ — ਲੜੀ ਨੰਬਰ : 7

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਵੇਖਿਆ ਸ਼ਹਿਰ ਬੰਬਈ...



ਗੁਰਚਰਨ ਸੱਗੂ

ਸੁਖਵੰਤ ਨੇ ਇਕ ਹੋਰ ਬਹੁਤ ਵੱਡੇ ਅਦਾਕਾਰ ਅਨੁਪਮ ਖੇਰ ਨੂੰ ਵੀ ਨਾ ਬਖਸ਼ਿਆ ਤੇ ਅਪਣੇ ਕਰੀਬੀ ਦੋਸਤ ਕੁਲਭੂਸ਼ਨ ਖਰਬੰਦਾ ਨੂੰ ਉਸਦੀ ਜਗ੍ਹਾ ਲੈ ਆਂਦਾ। ਆਰਟਿਸਟ ਕੁਲਭੂਸ਼ਨ ਵੀ ਕੋਈ ਘੱਟ ਨਹੀਂ ਸੀ ਪਰ ਮਾਰਕੀਟ ਵਿਚ ਅਨੁਪਮ ਖੇਰ ਦੀ ਪਰਾਈਸ ਕੁਲਭੂਸ਼ਨ ਤੋਂ ਕਿਤੇ ਵੱਧ ਸੀ। ਇਸ ਤਰ੍ਹਾਂ ਕਰਦਿਆਂ ਕਰਦਿਆਂ ਉਸ ਫਿਲਮ ਦੀ ਜ਼ਬਰਦਸਤ ਕਹਾਣੀ ਨੂੰ ਅਪਣੀਆਂ ਟਿੱਪਣੀਆਂ ਪਾ ਪਾ ਕੇ ਕਨਫਿਊਜ਼ ਕਰ ਲਿਆ, ਬੇਲਗਾਮ ਕਰ ਲਿਆ।

ਸ਼ਾਹ ਜੀ ਕਰਨ ਸਾਊਥ ਦੀਆਂ ਆਰਟ ਫਿਲਮਾਂ ਦਾ ਬਹੁਤ ਹੀ ਸੁਲਝਿਆ ਹੋਇਆ ਕੈਮਰਾਮੈਨ ਸੀ। ਮਦਰਾਸ ਵਿਚ ਉਸ ਦਾ ਬੜਾ ਨਾਂ ਸੀ ਤੇ ਸੁਖਵੰਤ ਦਾ ਉਹ ਪੱਕਾ ਯਾਰ। 'ਏਕ ਚਾਦਰ ਮੈਲੀ' ਦੀ ਉਸ ਹੀ ਫਿਲਮਿੰਗ ਕੀਤੀ ਸੀ। ਯਾਰੀ ਭਾਵੇਂ ਉਹਨਾਂ ਦੀ ਪੱਕੀ ਸੀ ਪਰ ਆਦਤਾਂ ਤੇ ਦਿੱਖ ਤੋਂ ਬਿਲਕੁਲ ਇਕ ਦੂਸਰੇ ਤੋਂ ਉਲਟ ਪੁਲਟ। ਸੁਖਵੰਤ ਪੇਂਡੂ ਹੂੜ ਮੱਤ ਵਾਂਗ ਬਾਂ ਬਾਂ ਕਰਨ ਵਾਲਾ ਤੇ ਸ਼ਾਹ ਜੀ ਗੱਲ ਕਰਨ ਵੇਲੇ ਪਤਾ ਨਾ ਲੱਗੇ ਕਿ ਉਹ ਬੋਲਦਾ ਕੀ ਹੈ, ਸਿਰਫ ਉਸਦੇ ਬੁੱਲ੍ਹ ਹੀ ਹਿਲਦੇ ਨਜ਼ਰ ਆਵਣ।

ਖ਼ੈਰ, ਸੁਖਵੰਤ ਮੈਨੂੰ ਕਹਿਣ ਲੱਗਾ:-

'ਮੈਂ ਸ਼ਾਹ ਜੀ ਨਾਲ ਗੱਲ ਕਰ ਲਈ ਹੈ, ਉਹ ਅਪਣੀ ਫਿਲਮ ਦੀ ਸ਼ੂਟਿੰਗ ਦੌਰਾਨ ਮਦਰਾਸ ਤੋਂ ਆ ਜਾਇਆ ਕਰੇਗਾ। ਜਿੰਨੇ ਦਿਨ ਸ਼ੂਟਿੰਗ ਹੋਇਆ ਕਰੇਗੀ, ਉਹ ਮੇਰੇ ਨਾਲ ਮੇਰੇ ਫਲੈਟ ਵਿਚ ਹੀ ਰਿਹਾ ਕਰੇਗਾ, ਆਪਾਂ ਨੂੰ ਸਿਰਫ ਉਸਦੀ ਹਵਾਈ ਟਿਕਟ ਹੀ ਦੇਣੀ ਪਿਆ ਕਰੇਗੀ, ਪਰ ਉਸ ਤੋਂ ਵੱਡਾ ਅੱਜ ਫਿਲਮ ਇੰਡਸਟਰੀ ਵਿਚ ਕੈਮਰਾਮੈਨ ਨਹੀਂ ਹੈ, ਅਪਣੀ ਫਿਲਮ ਵਿਚ ਉਹ ਨਵੀਂ ਰੂਹ ਫੂਕ ਦੇਵੇਗਾ। ਉਸ ਨੂੰ ਰੰਗਾਂ ਦੀ ਪਹਿਚਾਣ ਹੈ, ਸੀਨ ਨੂੰ, ਇਮੋਸ਼ਨਜ਼ ਨੂੰ ਕੈਮਰੇ ਵਿਚ ਕਿਵੇਂ ਬੰਦ ਕਰਨਾ ਹੈ, ਉਹ ਇਸਦਾ ਮਾਸਟਰ ਹੈ, ਗੁਰੂ ਹੈ।

ਫਿਰ ਅੱਗੇ ਸ਼ਾਹ ਜੀ ਨੂੰ ਸੁਖਵੰਤ ਨੇ ਅਪਣੀ ਬਣਾਈ ਨਵੀਂ ਸਕਰਿਪਟ ਵਿਖਾਈ। ਸ਼ਾਹ ਜੀ ਨੇ ਬੁੱਲ੍ਹ ਹਿਲਾਏ ਤੇ ਨਾਂਹ ਕਰ ਦਿੱਤੀ, ਕਹਿਣ ਲੱਗਾ ਕਿ ਸਕਰਿਪਟ ਵਿਚ ਕੋਈ ਦਮ ਨਹੀਂ ਹੈ। ਸ਼ਾਹ ਜੀ ਦੇ ਸੁਝਾਅ 'ਤੇ ਹੀ ਫਿਰ ਅਸਾਂ ਉਸਦਾ ਇਕ ਕਰੀਬੀ ਮਦਰਾਸੀ ਦੋਸਤ ਮਾਈਕਲ ਸੱਦ ਲਿਆ। ਫਿਲਮ ਦੀ ਨਵੀਂ ਸਕਰਿਪਟ ਲਿਖਣ ਲਈ ਉਸ ਨੂੰ ਇਕ ਲੱਖ ਰੁਪਿਆ ਦੇਣਾ ਸੀ ਜਦਕਿ ਸ਼ਾਹ ਜੀ ਮੁਤਾਬਕ ਉਸਦਾ ਚਲਦਾ ਰੇਟ ਦੋ ਲੱਖ ਰੁਪਏ ਤੋਂ ਘੱਟ ਨਹੀਂ ਸੀ।

... ਤੇ ਇਹ ਸਕਰਿਪਟ ਲਿਖਣ ਲਈ ਜੁਹੂ ਦੇ ਇਕ ਹੋਟਲ 'ਸੀ ਸਾਈਡ' ਵਿਚ ਚਾਰ ਹਫਤਿਆਂ ਲਈ ਇਕ ਕਮਰਾ ਬੁੱਕ ਕਰਵਾ ਦਿੱਤਾ ਗਿਆ।

'ਸੀ ਸਾਈਡ' ਐਸਾ ਹੋਟਲ ਹੈ ਜਿੱਥੇ ਫਿਲਮਾਂ ਨਾਲ ਸਬੰਧ ਰੱਖਣ ਵਾਲੇ ਹੀ ਲੋਕ ਦਿਨ ਭਰ ਆਉਂਦੇ ਜਾਂਦੇ ਰਹਿੰਦੇ ਹਨ। ਪ੍ਰੋਡਿਊਸਰਾਂ, ਡਾਇਰੈਕਟਰਾਂ, ਕਹਾਣੀਕਾਰਾਂ, ਡਾਇਲਾਗ ਲਿਖਣ ਵਾਲਿਆਂ ਆਪੋ ਅਪਣੇ ਕਮਰੇ ਬੁੱਕ ਕਰਵਾਏ ਹੁੰਦੇ ਨੇ, ਜਿੱਥੇ ਫਿਲਮਾਂ ਦੇ ਨਵੇਂ ਪ੍ਰੋਜੈਕਟ ਬਣਦੇ ਹਨ, ਕਹਾਣੀਆਂ ਲਿਖੀਆਂ ਜਾਂਦੀਆਂ ਨੇ, ਡਾਇਲਾਗਾਂ ਦੀ ਤੋੜ ਫੋੜ ਹੁੰਦੀ ਹੈ, ਇਕ ਦੂਜੇ ਦਾ ਅਪਰੇਸ਼ਨ ਕਰਨ ਲਈ ਸਕੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ।

ਨਵੇਂ ਨਵੇਂ ਸੀਨ ਬਣਦੇ ਹਨ, ਇੱਥੇ, ਡਿਸਕਸ਼ਨਜ਼, ਕਿਸ ਨੂੰ ਕੱਢਣਾ-ਪਾਉਣਾ, ਕਿਸ ਨਵੀਂ ਕੁੜੀ ਨੂੰ ਅਪਣੀ ਫਿਲਮ ਵਿਚ ਬਰੇਕ ਦੇਣੀ ਤੇ ਬਰੇਕ ਦੇਣ ਤੋਂ ਪਹਿਲਾਂ ਇੰਟਰਵਿਊ ਲੈਣਾ। ਦਿਨ ਭਰ ਬੀਅਰ ਵਰਤਾਉਂਦੇ ਬੈਅਰਿਆਂ ਦੀ ਕਮਰਿਆਂ ਵਿਚ ਆਵਾਜਾਈ.... ਨਮਕੀਨ, ਸੋਡੇ, ਕੋਕ, ਲਿਮਕਾ, ਚਾਹ ਪਾਣੀ ਤੇ ਫਿਰ ਸ਼ਾਮਾਂ ਨੂੰ ਵਿਸਕੀਆਂ ਦੇ ਦੌਰ, ਆਖਰ ਵਿਚ ਰਾਤ ਦੇ ਬਾਰਾਂ ਇਕ ਵਜੇ ਥੱਲੇ ਚਾਇਨੀਜ਼ ਰੈਸਟੋਰੈਂਟ 'ਵੌਂਗ' ਵਿਚ ਵਧੀਆ ਖਾਣਾ।

ਇਹ ਸਭ ਕੁਝ 'ਰੁਟੀਨ' ਹੈ। ਇਸ ਹੋਟਲ ਵਿਚ ਦਿਨ ਭਰ ਵਾਪਰਨ ਵਾਲਾ ਤੇ ਇਹ ਸਭ ਕੁਝ ਚਲਦਾ ਹੈ ਪ੍ਰੋਡਿਊਸਰ ਦੇ ਖਰਚਿਆਂ 'ਤੇ। ਹੌਲੀ ਹੌਲੀ ਉਸਦਾ ਸਾਹ ਘੁੱਟ ਹੁੰਦਾ ਹੈ, ਅਪਣੀ ਜੇਬ ਖਾਲੀ ਹੁੰਦਿਆਂ ਕਦੇ ਉਹ ਖੁਸ਼ ਹੁੰਦਾ ਹੈ ਕਦੇ ਹੰਝੂਆਂ ਲਈ ਰੁਮਾਲ ਲੱਭਦਾ ਹੈ। ਬਲੀ ਦਾ ਬੱਕਰਾ ਬਣਿਆ ਪ੍ਰੋਡਿਊਸਰ ਝਟਕਈਆਂ ਨਾਲ ਦੋਸਤੀ ਕਰਦਾ ਹੈ, ਉਹਨਾਂ ਦੀ ਚਾਪਲੂਸੀ, ਖ਼ਿਦਮਤ ਕਰਨ ਵਿਚ ਹਰ ਵੇਲੇ ਲੱਗਿਆ ਰਹਿੰਦਾ ਹੈ ਤੇ ਇਕ ਦਿਨ ਉਹ ਸਾਰੇ ਉਸਦੀ ਜ਼ਮੀਰ ਦਾ ਕਤਲ ਕਰਕੇ ਨਵਾਂ ਬੱਕਰਾ ਲੱਭਣ ਲਈ ਨਿਕਲ ਤੁਰਦੇ ਹਨ।

ਮਾਈਕਲ ਨੇ ਹੋਟਲ ਦੇ ਇਸ ਕਮਰੇ ਵਿਚ ਛੇ ਹਫਤੇ ਰਹਿ ਕੇ ਨਵੀਂ ਫਿਲਮ ਦੀ ਨਵੀਂ ਸਕਰਿਪਟ ਅੰਗਰੇਜ਼ੀ ਵਿਚ ਲਿਖ ਕੇ ਇਕ ਦਿਨ ਸਾਡੇ ਹੱਥ ਫੜਾ ਦਿੱਤੀ। ਇਸ ਸਾਰੇ ਸਮੇਂ ਵਿਚ ਸ਼ਾਇਦ ਤਿੰਨ ਚਾਰ ਵਾਰ ਹੀ ਸੁਖਵੰਤ ਮਾਈਕਲ ਨੂੰ ਮਿਲਣ ਗਿਆ ਜਦਕਿ ਉਸਦਾ ਇਹ ਕੰਮ ਸੀ, ਡਿਊਟੀ ਸੀ ਕਿ ਉਹ ਲਿਖੇ ਜਾ ਰਹੇ ਸੀਨਾਂ ਬਾਰੇ ਉਸ ਨਾਲ ਜਾ ਕੇ ਡਿਸਕਸ ਕਰਦਾ। ਡਾਇਰੈਕਟਰ ਦਾ ਤਾਂ ਸਭ ਤੋਂ ਪਹਿਲਾ ਕੰਮ ਹੀ ਸਕਰਿਪਟ ਹੁੰਦਾ ਹੈ, ਇਕ ਇਕ ਸੀਨ ਨੂੰ ਸਮਝਣ ਦਾ ਸਮਝਾਉਣ ਦਾ। ਜੇ ਸਕਰਿਪਟ ਹੀ ਮਾੜੀ ਹੈ, ਜੇ ਕਿਸੇ ਬੂਟੇ ਦਾ ਬੀਜ ਹੀ ਮਾੜਾ ਹੈ ਤਾਂ ਕੋਈ ਉਸ ਉੱਪਰ ਫੁੱਲ, ਫਲ ਵੇਖਣ ਦੀ ਆਸ ਕਿਵੇਂ ਕਰ ਸਕਦਾ ਹੈ?

ਮੇਰੇ ਫਲੈਟ ਵਿਚ ਮਾਈਕਲ ਨੇ ਸਕਰਿਪਟ ਦੀ ਬਣੀ ਜਿਲਦ ਸੁਖਵੰਤ ਨੂੰ ਫੜਾਈ, ਜਿਸ ਨੂੰ ਉਸ ਟੇਬਲ ਦੇ ਡਰਾਅ ਵਿਚ ਰੱਖ ਕੇ ਮੈਨੂੰ ਬਕਾਇਆ ਪੰਜਾਹ ਹਜ਼ਾਰ ਰੁਪਿਆ ਉਸ ਨੂੰ ਦੇਣ ਲਈ ਆਰਡਰ ਕਰ ਦਿੱਤਾ। ਮਾਈਕਲ ਇਕ ਲੱਖ ਰੁਪਿਆ ਕਮਾ ਕੇ ਵਾਪਸ ਮਦਰਾਸ ਉੱਡ ਗਿਆ, ਫਿਲਮ ਸਕਰਿਪਟ ਮੇਰੇ ਟੇਬਲ ਦੇ ਡਰਾਅ ਵਿਚ ਬੰਦ ਕਰ ਦਿੱਤੀ ਗਈ ਤੇ ਸੁਖਵੰਤ ਫਿਲਮ ਦੇ ਸੀਨ ਫਿਰ ਆਪ ਹੀ ਲਿਖਣ ਲੱਗ ਪਿਆ।

ਮਨਮੋਹਨ ਸਿੰਘ ਬੰਬਈ ਫਿਲਮ ਇੰਡਸਟਰੀ ਦਾ ਬਹੁਤ ਹੀ ਹੰਢਿਆ, ਸੁਲਝਿਆ ਤੇ ਕਮਾਲ ਦਾ ਕੈਮਰਾਮੈਨ ਤੇ ਹਰਮੀਤ ਸਿੰਘ ਉਸਦਾ ਅਸਿਸਟੈਂਟ ਕੈਮਰਾਮੈਨ। ਅਪਣੇ ਗੁਰੂ ਤੋਂ ਹਰਮੀਤ ਵੀ ਕੋਈ ਘੱਟ ਨਹੀਂ ਸੀ। ਫਿਲਮ ਇੰਡਸਟਰੀ ਦੇ ਸਭ ਤੋਂ ਵੱਡੇ ਘਰਾਣਿਆਂ ਦੀਆਂ ਫਿਲਮਾਂ ਦੇ ਉਹ ਕੈਮਰਾਮੈਨ ਹਨ। ਯਸ਼ ਚੋਪੜਾ ਦੀਆਂ ਸਾਰੀਆਂ ਫਿਲਮਾਂ ਦੀ ਫਿਲਮਿੰਗ ਇਹਨਾਂ ਦੋਹਾਂ ਦੇ ਹੱਥਾਂ ਤੇ ਅੱਖਾਂ ਦੀ ਕਰਾਮਾਤ ਹੁੰਦੀ ਆਈ ਹੈ।

ਡਾਇਰੈਕਟਰ ਨੇ ਜਿਸ ਤਰ੍ਹਾਂ ਕਿਸੇ ਸੀਨ ਦਾ ਸਰੂਪ ਅਪਣੇ ਦਿਲ ਦਿਮਾਗ ਵਿਚ ਬਣਾਇਆ ਹੁੰਦਾ ਹੈ, ਉਸ ਸਰੂਪ ਨੂੰ ਕੈਮਰੇ ਵਿਚ ਉਸੇ ਤਰ੍ਹਾਂ ਬੰਦ ਕਰਨਾ ਹੀ ਕੈਮਰਾਮੈਨ ਦੀ ਕਾਬਲੀਅਤ ਹੁੰਦੀ ਹੈ। ਕਿਹੜਾ ਲੈਨਜ਼ ਲਾਉਣਾ ਹੈ, ਵਾਈਡ ਜਾਂ ਦੂਸਰਾ, ਕਿਸ ਐਂਗਲ ਤੋਂ ਸੀਨ ਫਿਲਮਾਉਣਾ ਹੈ ਤਾਂ ਕਿ ਡਾਇਰੈਕਟਰ ਵਲੋਂ 'ਕੰਨਸੀਵ' ਕੀਤੇ ਸੀਨ ਦਾ ਸਹੀ ਇੰਪੈਕਟ ਪਰਦੇ ਉੱਤੇ ਵੇਖ ਕੇ ਦਰਸ਼ਕ ਹੱਸ ਸਕਣ, ਰੋ ਸਕਣ ਜਾਂ ਅਪਣੇ ਗੁੱਸੇ ਦਾ ਇਜ਼ਹਾਰ ਕਰ ਸਕਣ। ਏਸੇ ਲਈ ਤਾਂ ਅਸੀਂ ਕਈ ਵਾਰੀ ਫਿਲਮ ਦੇਖਦੇ ਹੋਏ, ਹੀਰੋ ਵੱਲੋਂ ਵਿਲਨ ਦੀ ਕੁੱਟਮਾਰ ਵੇਲੇ ਆਪ ਵੀ ਨਾਲ ਭਾਵੁਕ ਹੋ ਕੇ ਕਹਿ ਉੱਠਦੇ ਹਾਂ, 'ਮਾਰ ਸਾਲੇ ਨੂੰ... ਹੋਰ ਮਾਰ ਕੁੱਤੇ ਨੂੰ... ਹਰਾਮੀ ਨੂੰ।'

ਇਹ ਇਕ ਚੰਗੇ ਡਾਇਰੈਕਟਰ ਤੇ ਕੈਮਰਾਮੈਨ ਦਾ ਹੀ ਕਮਾਲ ਹੁੰਦਾ ਹੈ ਕਿ ਅੱਜ ਏਨੇ ਸਾਲ ਬੀਤ ਜਾਣ ਦੇ ਬਾਅਦ ਵੀ ਸ਼ੋਅਲੇ ਫਿਲਮ ਦਾ ਇਕ ਇਕ ਡਾਇਲਾਗ ਲੋਕਾਂ ਨੂੰ ਯਾਦ ਹੈ, ਮਦਰ ਇੰਡੀਆ ਦੇ ਸੀਨ ਦਿਲਾਂ ਨੂੰ ਟੁੰਬਦੇ ਹਨ, ਅੱਖਾਂ ਵਿਚ ਅਥਰੂ ਲਿਆਉਂਦੇ ਹਨ। ਫਿਲਮ ਮੁਗਲ-ਏ-ਆਜ਼ਮ ਵਿਚ ਪ੍ਰਿਥਵੀ ਰਾਜ ਕਪੂਰ, ਦਲੀਪ ਕੁਮਾਰ ਤੇ ਮਧੂਬਾਲਾ ਦੇ ਡਾਇਲਾਗ ਸਾਡੇ ਸਰੀਰਾਂ ਵਿਚ ਰੌਂਗਟੇ ਖੜ੍ਹੇ ਕਰ ਦਿੰਦੇ ਹਨ। ਇਨ੍ਹਾਂ ਫਿਲਮਾਂ ਦੇ ਡਾਇਰੈਕਟਰਾਂ ਤੇ ਕੈਮਰਾਮੈਨਾਂ ਦੀ ਜ਼ਿੰਦਗੀ ਹੀ ਫਿਲਮ ਸੀ ਤੇ ਫਿਲਮ ਹੀ ਜ਼ਿੰਦਗੀ, ਉਹ ਖਾਂਦੇ ਪੀਂਦੇ, ਜਾਗਦੇ ਸੌਂਦੇ ਬਣ ਰਹੀ ਫਿਲਮ ਵਿਚ ਹੀ ਵਿਚਰਦੇ ਸਨ।

ਮਨਮੋਹਨ ਸਿੰਘ ਤੇ ਸੁਖਵੰਤ ਕਿਸੇ ਜ਼ਮਾਨੇ ਵਿਚ ਬੰਬਈ ਇਕੋ ਕਮਰੇ ਵਿਚ ਰਹਿੰਦੇ ਰਹੇ ਸਨ, ਜਦ ਉਹ ਪੂਨਾ ਫਿਲਮ ਇੰਸਟੀਚਿਊਟ ਵਿਚੋਂ ਡਿਪਲੋਮਾ ਕਰਕੇ ਨਵੇਂ ਨਵੇਂ ਬੰਬਈ ਆਏ ਸਨ। ਮੈਂ ਪਹਿਲੇ ਸੁਖਵੰਤ ਨੂੰ ਬਹੁਤ ਕਿਹਾ ਸੀ ਕਿ ਆਪਾਂ ਮਨਮੋਹਨ ਤੇ ਹਰਮੀਤ ਨੂੰ ਕੈਮਰਾਮੈਨ ਲੈ ਲੈਂਦੇ ਹਾਂ, ਪਰ ਕਿਉਂਕਿ ਮਨਮੋਹਨ ਦੀ ਕਾਬਲੀਅਤ ਅੱਗੇ ਸੁਖਵੰਤ ਬਹੁਤ ਛੋਟਾ ਸੀ, ਇਸ ਦੀ ਉਸ ਅੱਗੇ ਚਲਣੀ ਨਹੀਂ ਸੀ, ਇਸ ਲਈ ਉਹ ਮੇਰੇ ਇਸ ਸੁਝਾਅ 'ਤੇ ਰਾਜ਼ੀ ਨਾ ਹੋਇਆ। ਮਨਮੋਹਨ ਨੂੰ ਪਤਾ ਸੀ ਕਿ ਸੁਖਵੰਤ ਕਿੰਨੇ ਕੁ ਪਾਣੀਆਂ ਦਾ ਤਾਰੂ ਹੈ, ਦੋਹਾਂ ਦੀ ਬਣਦੀ ਵੀ ਨਹੀਂ ਸੀ। ਹਰਮੀਤ ਮੈਨੂੰ ਕਈ ਵਾਰੀ ਸਾਵਨ ਕੁਮਾਰ ਦੇ ਦਫਤਰ ਮਿਲਦਾ ਰਹਿੰਦਾ ਸੀ, ਅਸੀਂ ਦੋਵੇਂ ਦੋਸਤ ਵੀ ਬਣ ਗਏ ਸਾਂ। ਮੈਂ ਇਕ ਦਿਨ ਉਸ ਨੂੰ ਅਪਣੀ ਮੁਸ਼ਕਲ ਦੱਸੀ ਤੇ ਸਲਾਹ ਦੇਣ ਲਈ ਕਿਹਾ, ਹਰਮੀਤ ਕਹਿਣ ਲੱਗਾ, "ਸੱਗੂ ਸਾਹਿਬ ਕਿੱਥੇ ਫਸ ਗਏ ਹੋ ਸੁਖਵੰਤ ਕੋਲ, ਜੇ ਬਚ ਸਕਦੇ ਹੋ ਤਾਂ ਬਚ ਜਾਵੋ। ਮੈਂ ਤੁਹਾਡਾ ਦੋਸਤ ਹਾਂ, ਤੁਹਾਡਾ ਹਮਦਰਦ ਹਾਂ, ਕਿਉਂ ਇਹੋ ਜਿਹੇ ਬੰਦਿਆਂ ਪਿੱਛੇ ਲੱਗ ਕੇ ਬਰਬਾਦ ਹੋ ਰਹੇ ਓ... ਜੇ ਤੁਹਾਡੇ ਉੱਪਰ ਫਿਲਮ ਬਨਾਉਣ ਦਾ ਭੂਤ ਸਵਾਰ ਹੀ ਆ ਤਾਂ ਕੋਈ ਚੰਗਾ ਡਾਇਰੈਕਟਰ ਪਕੜੋ, ਸੁਖਵੰਤ ਵਰਗੇ ਬੰਦੇ ਤਾਂ ਤੁਹਾਨੂੰ ਖੂਹ ਵਿਚ ਧੱਕਾ ਦੇ ਦੇਣਗੇ।

ਪਰ ਮੇਰੇ ਦਿਲ ਦਿਮਾਗ ਤੇ ਫਿਲਮ ਦਾ ਭੂਤ ਅਜੇ ਵੀ ਪੂਰੀ ਤਰ੍ਹਾਂ ਸਵਾਰ ਸੀ, ਸ਼ਾਇਦ ਮੈਂ ਫਿਲਮ ਨੂੰ ਵਿਚ ਹੀ ਛੱਡ ਕੇ ਅਪਣੇ ਸਰਕਲ ਵਿਚ ਬਦਨਾਮੀ ਨਹੀਂ ਸੀ ਖੱਟਣੀ ਚਾਹੁੰਦਾ, ਸ਼ਾਇਦ ਅਪਣੀ ਹੇਠੀ ਸਮਝ ਰਿਹਾ ਸਾਂ। ਹਰਮੀਤ ਦੀ ਦਿੱਤੀ ਵਾਰਨਿੰਗ ਦਾ ਮੇਰੇ 'ਤੇ ਕੋਈ ਅਸਰ ਨਹੀਂ ਸੀ ਹੋਇਆ।

ਕਹਾਵਤ ਹੈ 'ਆਸਮਾਨ ਤੋਂ ਡਿੱਗਾ ਤੇ ਖਜੂਰ 'ਤੇ ਆ ਲਟਕਿਆ' ਤੇ ਮੈਂ ਖਜੂਰ ਤੋਂ ਡਿੱਗ ਕੇ ਖੱਡੇ ਟੱਪਦਾ ਟੱਪਦਾ, ਖੂਹ ਵਿਚ ਡਿੱਗਦਾ ਜਾ ਰਿਹਾ ਸਾਂ।



'ਅੰਤਿਮ ਨਿਯਾਏ' ਫ਼ਿਲਮ ਦੇ ਸੈਟ 'ਤੇ ਗੁਰਚਰਨ ਸੱਗੂ , ਜੈਕੀ ਸ਼ਰਾਫ਼ ਨਾਲ ਕੋਈ ਮਸ਼ਵਰਾ ਸਾਂਝਾਂ ਕਰਦੇ ਹੋਏ।

ਅੱਜ ਫਿਲਮਸਤਾਨ ਸਟੂਡੀਓ ਵਿਚ ਮੇਰੀ ਨਵੀਂ ਫਿਲਮ ਦਾ ਮਹੂਰਤ ਹੈ। ਦੋ ਸਾਲ ਵਿਚ ਦੂਸਰਾ ਮਹੂਰਤ। ਫਿਲਮ ਇੰਡਸਟਰੀ ਵਿਚ ਹੁਣ ਤੱਕ ਮੇਰੇ ਕਈ ਦੋਸਤ ਮਿੱਤਰ ਬਣ ਚੁੱਕੇ ਸਨ, ਇਨ੍ਹਾਂ ਤੋਂ ਇਲਾਵਾ ਕਈ ਐਸੇ ਦੋਸਤ ਵੀ ਸਨ, ਜਿਨ੍ਹਾਂ ਦਾ ਸਿੱਧੇ ਤੌਰ 'ਤੇ ਫਿਲਮਾਂ ਨਾਲ ਕੋਈ ਸਬੰਧ ਨਹੀਂ ਸੀ, ਪਰ ਉਹ ਕਿਸੇ ਨਾ ਕਿਸੇ ਤਰੀਕੇ ਰਾਹੀਂ ਫਿਲਮਾਂ ਬਣਾਉਣ ਵਾਲਿਆਂ ਨਾਲ ਜੁੜੇ ਹੋਏ ਸਨ। ਇਨ੍ਹਾਂ ਸਭਨਾਂ ਨੂੰ ਮੈਂ ਨਵੀਂ ਫਿਲਮ ਦੇ ਮਹੂਰਤ ਲਈ ਸੱਦਾ ਦਿੱਤਾ ਹੋਇਆ ਸੀ।

ਮਹੂਰਤ ਤੋਂ ਪਹਿਲਾਂ ਸਵੇਰੇ ਮੈਂ ਸੁਖਵੰਤ ਨੂੰ ਨਾਲ ਲੈ ਕੇ ਅੰਧੇਰੀ ਦੇ ਚਾਰ ਬੰਗਲੇ ਗੁਰਦੁਆਰੇ ਵਿਚ ਜਾਂਦਾ ਹਾਂ, ਬਾਬੇ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ:-

'ਸਤਿਗੁਰ ਜੀ, ਮੇਰੇ ਜੀਵਨ ਦੀ ਡੁੱਬਦੀ ਨਯੀਆ ਨੂੰ ਬਚਾਓ, ਮੇਰੇ ਕੋਲੋਂ ਬੰਬਈ ਆ ਕੇ ਬੜੀ ਭੁੱਲ ਹੋ ਗਈ ਹੈ, ਹੁਣ ਮੈਨੂੰ ਇਸ ਭੰਵਰ ਵਿਚੋਂ ਬਾਹਰ ਕੱਢੋ, ਕੰਢੇ ਲਾਵੋ ਤਾਂ ਕਿ ਮੈਂ ਵਾਪਸ ਜਾ ਕੇ ਅਪਣਾ ਘਰ ਬਚਾ ਸਕਾਂ, ਕਾਰੋਬਾਰ ਬਚਾ ਸਕਾਂ ਤੇ ਸੁੱਖ ਦਾ ਸਾਹ ਭਰ ਸਕਾਂ।

ਅਰਦਾਸ ਕਰਦਿਆਂ ਉਸ ਦਿਨ ਅਚਾਨਕ ਸਾਡੇ ਸਿਰ ਉੱਪਰ ਜਲ ਰਿਹਾ ਬਿਜਲੀ ਦਾ ਬਲਬ ਫਿਊਜ਼ ਹੋ ਗਿਆ ਸੀ ਜਿਸਦੇ ਕਾਰਨ ਦੀ ਸਮਝ ਮੈਨੂੰ ਕਈ ਸਾਲਾਂ ਬਾਅਦ ਆਈ।

ਬਾਬਾ ਅਰਦਾਸ ਸੁਣਦਿਆਂ ਸ਼ਾਇਦ ਮੈਨੂੰ ਕਹਿ ਰਿਹਾ ਸੀ, "ਆਹ ਜੋ ਮਲਾਹ ਲੈ ਕੇ ਤੂੰ ਮੇਰੇ ਦਰ 'ਤੇ ਕਿਸ਼ਤੀ ਬਚਾਉਣ ਲਈ ਲਿਆਇਆ ਏਂ, ਇਸਦੇ ਹੱਥਾਂ ਵਿਚ ਚੱਪੂ ਨਹੀਂ ਹਨ ਤੇ ਨਾ ਹੀ ਇਸ ਨੂੰ ਪਤਾ ਹੈ ਕਿ ਕੰਢੇ ਕਿਧਰ ਹਨ, ਇਹ ਤਾਂ ਸਮੁੰਦਰ ਦੀਆਂ ਗਹਿਰਾਈਆਂ, ਘੁੰਮਣ ਘੇਰੀਆਂ ਤੇ ਤੂਫਾਨਾਂ ਵਿਚੋਂ ਲੰਘਾਉਂਦਾ ਹੋਇਆ ਇਕ ਦਿਨ ਸਮੁੰਦਰ ਵਿਚ ਹੀ ਡੋਬ ਦੇਵੇਗਾ ਤੈਨੂੰ। ਮਗਰਮੱਛ ਤੇਰਾ ਮਾਸ ਨੋਚ ਨੋਚ ਕੇ ਖਾ ਜਾਣ ਲਈ ਤਿਆਰ ਹੋ ਰਹੇ ਨੇ ਤੇ ਤੂੰ ਤਾਰੀਆਂ ਲਾਉਣ ਲਈ ਅਰਦਾਸਾਂ ਕਰ ਰਿਹਾ ਏਂ"

ਫਿਲਮਸਤਾਨ ਸਟੂਡੀਓ ਦੇ ਇਕ ਪਾਸੇ ਹਰੇ ਭਰੇ ਸੋਹਣੇ ਘਾਹ ਉੱਪਰ ਇਕ ਪਲੇਟ ਫਾਰਮ ਬਣਿਆ ਹੋਇਆ ਹੈ, ਜਿਸ ਉੱਪਰ ਸੰਗਮਰਮਰ ਦੀ ਸ਼ਿਵ ਜੀ ਦੀ ਮੂਰਤੀ ਬਣੀ ਹੋਈ ਹੈ, ਮੈਂ ਅਪਣੀ ਉਹ ਹੀ ਪੁਰਾਣੀ ਬਾਬਾ ਜੀ ਦੀ ਫੋਟੋ ਇਸ ਸੰਗਮਰਮਰ ਦੀ ਮੂਰਤੀ ਦੇ ਨਾਲ ਟਿਕਾ ਦਿੰਦਾ ਹਾਂ-ਗੁਰੂ ਨਾਨਕ ਬਾਬਾ ਮੇਰੇ ਅੰਗ ਸੰਗ ਰਹੀਂ- ਫਿਰ ਅਰਦਾਸ ਕਰਦਾ ਹਾਂ।

ਪਹਿਲੇ ਮਹੂਰਤ ਨਾਲੋਂ ਅੱਜ ਚਹਿਲ ਪਹਿਲ ਬਹੁਤ ਜ਼ਿਆਦਾ ਸੀ। ਅਮਿਤਾਭ ਬਚਨ ਤੇ ਧਰਮਿੰਦਰ ਵੀ ਉਸੇ ਸਟੂਡੀਓ ਵਿਚ ਸ਼ੂਟਿੰਗ ਕਰ ਰਹੇ ਸਨ। ਅਸੀਂ ਉਹਨਾਂ ਨੂੰ ਵੀ ਇਸ ਮਹੂਰਤ ਸ਼ਾਟ ਵਿਚ ਆਉਣ ਲਈ ਇਨਵਾਈਟ ਕੀਤਾ ਹੋਇਆ ਸੀ।

ਗੁਲਸ਼ਨ ਕੁਮਾਰ, ਟੀ ਸੀਰੀਜ਼ ਦਾ ਮਾਲਕ ਤੇ ਮਿਊਜ਼ਿਕ ਇੰਡਸਟਰੀ ਦਾ ਬਾਦਸ਼ਾਹ, ਮੇਰੇ ਦੋਸਤ ਮਸ਼ਹੂਰ ਮਿਊਜ਼ਿਕ ਡਾਇਰੈਕਟਰ ਰਵਿੰਦਰ ਜੈਨ, ਸਾਵਨ ਕੁਮਾਰ, ਫਿਲਮ ਇੰਡਸਟਰੀ ਦੇ ਹੀਰੋ ਹੀਰੋਇਨਾਂ ਦੀਆਂ ਨਬਜ਼ਾਂ ਵੇਖਣ ਵਾਲੇ ਮਸ਼ਹੂਰ ਡਾਕਟਰ ਸਤੀਸ਼ਪੁਰੀ ਤੇ ਕਈ ਹੋਰ ਇਸ ਮਹੂਰਤ ਵੇਲੇ ਆਏ ਹੋਏ ਸਨ।

ਫਿਲਮ ਇੰਡਸਟਰੀ ਵਿਚ ਇਹ ਵੀ ਇਕ ਰਿਵਾਜ਼ ਹੈ ਕਿ ਮਹੂਰਤ ਸ਼ਾਟ ਲੈਣ ਲਈ ਕਿਸੇ ਐਸੇ ਮਹਿਮਾਨ ਨੂੰ ਬੁਲਾਇਆ ਜਾਂਦਾ ਹੈ, ਜਿਸਦਾ ਇੰਡਸਟਰੀ ਵਿਚ ਨਾਂ ਹੋਵੇ ਤੇ ਇਸੇ ਤਰ੍ਹਾਂ ਕਲੈਪਿੰਗ ਲਈ ਵੀ ਕੋਈ ਮਸ਼ਹੂਰ ਹਸਤੀ ਹੀ ਮਹਿਮਾਨ ਬਣਦੀ ਹੈ। ਇਹ ਮਹੂਰਤ ਸ਼ਾਟ ਬਣਨ ਵਾਲੀ ਫਿਲਮ ਵਿਚ ਕਿਧਰੇ ਵੀ ਫਿੱਟ ਨਹੀਂ ਕੀਤਾ ਜਾਂਦਾ, ਬੱਸ ਇਹ ਇਕ ਰਸਮ ਹੀ ਹੈ ਜੋ ਕਿ ਸ਼ੁਰੂ ਤੋਂ ਚੱਲੀ ਆ ਰਹੀ ਹੈ।

ਸ਼ਾਟ ਸ਼ੁਰੂ ਹੋਣ ਲੱਗਾ ਸੀ। ਜੈਕੀ ਸ਼ਰਾਫ ਪੁਲਿਸ ਦੀ ਵਰਦੀ ਵਿਚ ਤੇ ਨੀਲਮ ਚਿੱਟੇ ਰੰਗ ਦੇ ਸੂਟ ਵਿਚ ਲਿਪਟੀ ਪਰੀ ਲੱਗ ਰਹੀ ਸੀ। ਦੋਵੇਂ ਜਣੇ ਮੂਰਤੀ ਵਾਲੀ ਸਟੇਜ 'ਤੇ ਆ ਗਏ। ਡਾਇਰੈਕਟਰ ਸਾਵਨ ਕੁਮਾਰ ਤੇ ਗੁਲਸ਼ਨ ਕੁਮਾਰ ਕੈਮਰੇ ਦਾ ਬਟਨ ਦਬਾਉਣ ਲਈ ਅੱਗੇ ਆ ਗਏ ਜਦਕਿ ਧਰਮਿੰਦਰ ਕਲੈਪਿੰਗ ਬੋਰਡ ਲੈ ਕੇ ਜੈਕੀ ਤੇ ਨੀਲਮ ਦੇ ਸਾਹਮਣੇ ਆ ਗਏ ਸਨ।

ਸਾਵਨ ਕੁਮਾਰ ਨੇ ਕਿਹਾ,

ਸਾਊਂਡ

ਰੋਲਿੰਗ

ਕੈਮਰਾ

ਕਲੈਪਿੰਗ

ਐਕਸ਼ਨ

ਜੈਕੀ ਨੇ ਕੁਝ ਡਾਇਲਾਗ ਬੋਲੇ, ਨੀਲਮ ਨੇ ਜਵਾਬ ਦਿੱਤਾ ਤੇ ਫਿਰ ਉਸ ਹੱਸ ਕੇ ਜੈਕੀ ਨੂੰ ਜੱਫੀ ਪਾ ਲਈ।

ਗੁਲਸ਼ਨ ਕੁਮਾਰ ਨੇ ਕਿਹਾ:-

'ਕੱਟ ਇੱਟ'

ਮਹੂਰਤ ਸ਼ਾਟ ਹੋ ਗਿਆ ਸੀ। ਸਭ ਨੇ ਤਾੜੀਆਂ ਵਜਾਈਆਂ, ਮੈਨੂੰ ਵਧਾਈਆਂ ਦਿੱਤੀਆਂ, ਮਠਿਆਈ ਵੰਡੀ ਗਈ।

ਧਰਮਿੰਦਰ, ਗੁਲਸ਼ਨ ਕੁਮਾਰ, ਸਾਵਨ, ਰਵਿੰਦਰ ਜੈਨ ਤੇ ਆਏ ਹੋਏ ਹੋਰ ਮਹਿਮਾਨਾਂ ਨਾਲ ਫੋਟੋਆਂ ਖਿੱਚੀਆਂ ਗਈਆਂ ਜਿਹੜੀਆਂ ਕਿ ਟਰੇਡ ਤੇ ਹੋਰ ਫਿਲਮੀ ਪਰਚਿਆਂ ਵਿਚ ਛਾਪੀਆਂ ਜਾਣੀਆਂ ਸਨ। ਮੇਰੀ ਬੰਦ ਕੀਤੀ ਗਈ ਫਿਲਮ 'ਚੌਥੀ ਦੁਨੀਆ' ਬਾਰੇ ਇੱਥੇ ਕੋਈ ਗੱਲ ਨਹੀਂ ਸੀ ਕੀਤੀ ਜਾ ਰਹੀ ਸਗੋਂ ਇਹ ਇਕ ਦੂਸਰੀ ਨਵੀਂ ਫਿਲਮ ਦਾ ਮਹੂਰਤ ਹੀ ਦੱਸਿਆ ਗਿਆ ਜਿਸ ਦਾ ਨਾਂ ਸੀ 'ਅੰਤਿਮ ਨਿਯਾਏ'। ਯਨੀ ਕਿ 'ਆਖਰੀ ਇਨਸਾਫ'। ਨਾਂ ਮੈਨੂੰ ਬੜਾ ਔਖਾ ਜਿਹਾ ਲੱਗ ਰਿਹਾ ਸੀ, ਮੂੰਹ 'ਤੇ ਚੜ੍ਹਨ ਵਾਲਾ ਵੀ ਨਹੀਂ ਸੀ।

ਮੈਂ ਅਸਲ ਵਿਚ ਕਈ ਵਾਰੀ ਇਸ ਨਾਂ ਨੂੰ ਬਦਲਣ ਦੀ ਸਲਾਹ ਵੀ ਦਿੱਤੀ ਸੀ, ਪਰ ਕਹਿਣ ਲੱਗੇ, 'ਚਲੋ ਨਾਂ ਵਿਚ ਕੀ ਪਿਆ ਹੈ, ਕਦੋਂ ਵੀ ਬਦਲਿਆ ਜਾ ਸਕਦਾ ਹੈ। ਕਈ ਵਾਰੀ ਪੂਰੀ ਫਿਲਮ ਬਣਾ ਲਈ ਜਾਂਦੀ ਹੈ ਤੇ ਨਾਂ ਬਾਅਦ ਵਿਚ ਰੱਖਿਆ ਜਾਂਦਾ ਹੈ ਤੇ ਕਈ ਵਾਰੀ ਦੋ ਤਿੰਨ ਵਾਰੀ ਨਾਂ ਵੀ ਬਦਲ ਲਏ ਜਾਂਦੇ ਹਨ। ਪਰ ਸ਼ਾਇਦ ਇਹ ਨਾਂ ਮੇਰੀ ਬੰਬਈ ਦੀ ਜ਼ਿੰਦਗੀ ਬਾਰੇ ਠੀਕ ਹੀ ਤਾਂ ਸੂਟ ਕਰ ਰਿਹਾ ਸੀ, ਜਿਹਨਾਂ ਹਾਲਾਤਾਂ ਵਿਚੋਂ ਗੁਜ਼ਰ ਕੇ ਮੈਂ ਫਿਰ ਇਹ ਨਵੀਂ ਫਿਲਮ ਸ਼ੁਰੂ ਕਰ ਰਿਹਾ ਸਾਂ ਤੇ ਆਉਣ ਵਾਲੀਆਂ ਕਿਹੜੀਆਂ ਕਿਹੜੀਆਂ ਮੁਸੀਬਤਾਂ ਵਿਚੋਂ ਅਜੇ ਮੈਨੂੰ ਹੋਰ ਲੰਘਣਾ ਪੈਣਾ ਸੀ। ਇਹ ਤਾਂ ਮੁਸੀਬਤਾਂ ਦੀ ਅਜੇ ਸ਼ੁਰੂਆਤ ਹੀ ਹੋਈ ਸੀ।

ਹਾਂ! ਨਾਮ ਤਾਂ ਠੀਕ ਹੀ ਸੀ

'ਅੰਤਿਮ ਨਿਯਾਏ'

ਮੇਰਾ ਅੰਤਿਮ ਨਿਯਾਏ...

(ਚਲਦਾ)

# ਲੰਮੀ ਖਾਮੋਸ਼ੀ ਤੋੜਦਿਆਂ ਮੁੜ ਆਪਣੇ ਪੈਰਾਂ 'ਤੇ ਖੜਾ ਹੋ ਰਿਹੈ ਪੰਜਾਬੀ ਸਿਨੇਮਾ

ਲੰਮੀ ਖਾਮੋਸ਼ੀ ਤੋਂ ਬਾਅਦ ਪੰਜਾਬੀ ਸਿਨੇਮੇ ਨੇ ਮੁੜ ਅੰਗੜਾਈਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਹੁਣ ਪੰਜਾਬੀ ਸਿਨੇਮਾ ਆਪਣੇ ਪੈਰਾਂ 'ਤੇ ਖੜਾ ਹੋਣ ਲੱਗਾ ਹੈ ਇਸ ਤੋਂ ਪਹਿਲਾਂ ਵੀ ਪੰਜਾਬੀ ਸਿਨੇਮੇ ਵਿਚ ਚੰਗੀ ਹਲਚਲ ਆਈ ਸੀ ਜਿਸ ਤੋਂ ਸਾਰਿਆਂ ਨੂੰ ਉਮੀਦ ਸੀ ਕਿ ਹੁਣ ਪੰਜਾਬੀ ਸਿਨੇਮਾ ਆਪਣੇ ਪੈਰਾਂ 'ਤੇ ਖੜਾ ਹੋ ਜਾਵੇਗਾ ਪਰ ਇਹ ਕੋਸ਼ਿਸ਼ ਬਹੁਤੀ ਕਾਮਯਾਬ ਨਾ ਹੋ ਸਕੀ ਵੰਡ ਤੋਂ ਬਾਅਦ ਭਾਰਤੀ ਪੰਜਾਬ ਪੁਰਾਣੇ ਸਮਿਆਂ ਤੋਂ ਚਲੇ ਆ ਰਹੇ ਪੰਜਾਬ ਦੀ ਰਹਿੰਦ ਖੂੰਹਦ ਸੀ ਪੰਜਾਬ ਅਤੇ ਪੰਜਾਬੀ ਸਭਿਆਚਾਰ ਦੇ ਵੱਡੇ ਕੇਂਦਰ ਪਾਕਿਸਤਾਨ ਵਾਲੇ ਪਾਸੇ ਰਹਿ ਗਏ ਲਾਹੌਰ ਪਾਕਿਸਤਾਨ ਵਿਚ ਚਲਾ ਗਿਆ ਤੇ ਅੰਮ੍ਰਿਤਸਰ ਭਾਰਤ ਵਿਚ ਆ ਗਿਆ ਅੰਮ੍ਰਿਤਸਰ ਦੇ ਬਾਰਡਰ 'ਤੇ ਆ ਜਾਣ ਕਾਰਨ ਇਸ ਦੇ ਇਕ ਵੱਡੇ ਕੇਂਦਰ ਵਜੋਂ ਵਿਕਸਤ ਹੋਣ ਦੀਆਂ ਸੰਭਾਵਨਾਵਾਂ ਠੋਕਰ ਲੱਗੀ ਫਿਲਮ ਉਦਯੋਗ ਨਾਲ ਜੁੜੇ ਲੋਕਾਂ ਨੇ ਲਾਹੌਰ ਤੋਂ ਦਿੱਲੀ ਜਾਂ ਮੁੰਬਈ ਵੱਲ ਕੂਚ ਕਰ ਲਿਆ ਪੰਜਾਬ ਵਿਚ ਅਜਿਹਾ ਕੋਈ ਸ਼ਹਿਰ ਨਹੀਂ ਸੀ ਜਿਥੋਂ ਫਿਲਮ ਉਦਯੋਗ ਨੂੰ ਮੁੜ ਤੋਂ ਵਿਕਸਤ ਕੀਤਾ ਜਾਂਦਾ ਚੰਡੀਗੜ੍ਹ ਨੂੰ ਅਜੇ ਵਿਕਸਤ ਹੋਣ ਵਿਚ ਕਾਫ਼ੀ ਸਮਾਂ ਲੱਗਣਾ ਸੀ ਵੰਡ ਤੋਂ ਬਾਅਦ ਜਿਹੜੀਆਂ ਵੀ ਫਿਲਮਾਂ ਬਣੀਆਂ ਉਹ ਸਿਰਫ਼ ਪੰਜਾਬੀ ਸਿਨੇਮੇ ਨੂੰ ਨਵੇਂ ਸਿਰੇ ਤੋਂ ਖੜਾ ਕਰਨ ਵਾਲੀ ਗੱਲ ਸੀ 'ਪੋਸਤੀ', 'ਦੋ ਲੱਛੀਆਂ' ਅਤੇ ਭੰਗੜਾ ਵਰਗੀਆਂ ਫਿਲਮਾਂ ਪੰਜਾਬੀ ਸਿਨੇਮੇ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਸੀ ਪਰ ਇਨ੍ਹਾਂ ਨੂੰ ਐਨੀ ਵੱਡੀ ਕਾਮਯਾਬੀ ਨਹੀਂ ਮਿਲੀ ਕਿ ਇਸ ਤੋਂ ਇਕ ਵੱਡੇ ਉਦਯੋਗ ਦੇ ਵਿਕਸਤ ਹੋਣ ਦੀ ਸੰਭਾਵਨਾ ਪ੍ਰਗਟਾਈ ਜਾਂਦੀ 60ਵਿਆਂ ਦੇ ਦਹਾਕੇ ਵਿਚ ਪੰਜਾਬੀ ਸਿਨੇਮੇ ਵਿਚ ਚੰਗੀ ਹਲਚਲ ਦਿਖਾਈ ਦਿੱਤੀ ਅਤੇ ਇਸ ਦਹਾਕੇ ਦੌਰਾਨ ਕੁਝ ਚੰਗੀਆਂ ਯਾਦਗਾਰੀ ਫਿਲਮਾਂ ਬਣੀਆਂ ਇਸ ਦਹਾਕੇ ਦੌਰਾਨ ਇਕ ਵੱਡੇ ਬਜਟ ਦੀ ਰੁਮਾਂਟਿਕ ਫਿਲਮ 'ਸਤਲੁੱਜ ਦੇ ਕੰਢੇ' ਬਣੀ, ਜਿਸ ਵਿਚ ਮੁੱਖ ਬਲਰਾਜ ਸਾਹਨੀ ਨੇ ਨਿਭਾਈ ਇਸ ਫਿਲਮ ਨੂੰ ਭਾਰਤ ਦਾ ਨੈਸ਼ਨਲ ਫਿਲਮ ਐਵਾਰਡ ਵੀ ਮਿਲਿਆ ਇਸੇ ਦਹਾਕੇ ਦੇ ਅਖੀਰ ਵਿਚ 'ਨਾਨਕ ਨਾਮ ਜਹਾਜ਼ ਹੈ' ਫਿਲਮ ਰਿਲੀਜ਼ ਹੋਈ,



ਜਿਸ ਨੇ ਫਿਲਮ ਜਗਤ ਨਾਲ ਜੁੜੇ ਲੋਕਾਂ ਦੀਆਂ ਉਮੀਦਾਂ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਇਹ ਫਿਲਮ ਪੰਜਾਬੀ ਫਿਲਮਾਂ ਦੇ ਇਤਿਹਾਸ ਵਿਚ ਸਭ ਤੋਂ ਵੱਡੀਆਂ ਫਿਲਮਾਂ ਵਿਚ ਗਿਣੀ ਜਾਂਦੀ ਹੈ ਇਸ ਫਿਲਮ ਬਾਰੇ ਫਿਲਮ ਲੇਖਕਾਂ ਦਾ ਮੰਨਣਾ ਹੈ ਕਿ ਇਸ ਨੇ ਪੰਜਾਬੀ ਸਿਨੇਮਾਂ ਵਿਚ ਨਵੀਂ ਰੂਹ ਫੂਕ ਦਿੱਤੀ ਇਸ ਤੋਂ ਬਾਅਦ ਪੰਜਾਬੀ ਸਿਨੇਮਾ ਹੋਰ ਪ੍ਰਫੁੱਲਤ ਹੋਣ ਦੀ ਬਜਾਏ ਹੌਲੀ-ਹੌਲੀ ਪਤਨ ਕਿਨਾਰੇ ਪਹੁੰਚ ਗਿਆ ਪਿਛਲੇ ਕੁਝ ਦਹਾਕਿਆਂ ਪੰਜਾਬੀ ਫਿਲਮਾਂ ਭਾਰਤ ਦੀਆਂ ਦੂਜੀਆਂ ਖੇਤਰੀ ਭਾਸ਼ਾਵਾਂ ਦੇ ਮੁਕਾਬਲੇ ਕਿਸੇ ਗਿਣਤੀ ਵਿਚ ਨਹੀਂ ਸੀ ਆਉਂਦਾ ਪੰਜਾਬੀ ਫਿਲਮਾਂ ਘਰ ਫੂਕ ਤਮਾਸ਼ਾ ਦੇਣ ਵਾਲੀ ਗੱਲ ਹੋ ਗਈ ਸੀ ਪਰ ਦੋ ਹਜ਼ਾਰ ਦੇ ਦਹਾਕੇ ਵਿਚ ਕੁਝ ਚੰਗੀਆਂ ਪੰਜਾਬੀ ਫਿਲਮਾਂ ਬਣਨ ਲਗੀਆਂ ਫਿਲਮ ਜਗਤ ਨਾਲ ਜੁੜੇ ਲੋਕ ਪੰਜਾਬੀ ਫਿਲਮਾਂ 'ਤੇ ਪੈਸਾ ਲਾਉਣ ਲਈ ਤਿਆਰ ਹੋ ਗਏ ਬਿਨਾਂ ਸ਼ਰਤ ਪੰਜਾਬੀ ਫਿਲਮਾਂ ਨੇ ਰਿਕਾਰਡ ਤੋੜ ਕਮਾਈ ਵੀ ਕੀਤੀ ਸਾਲ 2011 ਪੰਜਾਬੀ ਫਿਲਮਾਂ ਲਈ ਬਹੁਤ ਅਹਿਮ ਸਾਬਤ ਹੋਇਆ ਇਸ ਸਾਲ ਰਿਲੀਜ਼ ਹੋਣ ਵਾਲੀਆਂ ਫਿਲਮਾਂ ਨੇ ਚੰਗੀ ਕਮਾਈ ਵੀ ਕੀਤੀ ਸਾਲ 2010 ਵਿਚ ਲਗਭਗ 16 ਫਿਲਮਾਂ ਰਿਲੀਜ਼ ਹੋਈਆਂ ਸਨ ਤੇ ਸਾਲ 2011 ਵਿਚ 9 ਵੱਡੀਆਂ ਫਿਲਮਾਂ ਰਿਲੀਜ਼ ਹੋਈਆਂ ਇਹ ਫਿਲਮਾਂ ਗਿਣਤੀ ਪੱਖੋਂ ਭਾਵੇਂ ਸਾਲ 2010 ਦੇ ਮੁਕਾਬਲੇ ਘੱਟ ਹਨ ਪਰ ਕੁਆਲਿਟੀ ਪੱਖੋਂ ਚੰਗੀਆਂ ਹਨ ਸਾਲ 2010 ਵਿਚ ਰਿਲੀਜ਼ ਹੋਈਆਂ ਫਿਲਮਾਂ ਵਿਚ 'ਇਕ ਨੂਰ' ਸਭ ਤੋਂ ਪਹਿਲੀ ਫਿਲਮ ਸੀ ਭਾਵੇਂ ਇਹ ਫਿਲਮ ਕਾਰੋਬਾਰ ਪੱਖੋਂ ਬਹੁਤੀ ਕਾਮਯਾਬ ਨਹੀਂ ਰਹੀ ਪਰ ਇਸ ਦਾ ਵਿਸ਼ਾ ਤੇ ਕਹਾਣੀ ਗੰਭੀਰ ਸੀ ਇਸ ਵਿਚ ਅੰਗ ਦਾਨ ਵਰਗੇ ਵਿਸ਼ੇ ਨੂੰ ਲਿਆ ਗਿਆ ਜਿਹੜਾ ਕਿ ਪੰਜਾਬੀ ਫਿਲਮਾਂ ਵਿਚ ਪਹਿਲਾਂ ਕਿਤੇ ਦਿਖਾਈ ਨਹੀਂ ਦਿੱਤਾ ਸਾਲ 2011 ਵਿਚ ਐਕਸ਼ਨ ਭਰਪੂਰ ਫਿਲਮ 'ਲਾਇਨ ਆਫ ਪੰਜਾਬ' ਰਿਲੀਜ਼ ਹੋਈ, ਜਿਹੜੀ ਕਿ ਗੁੱਡੂ ਧਨੋਆ ਦੀ ਪਹਿਲੀ ਪੰਜਾਬੀ ਫਿਲਮ ਹੈ ਕਾਰੋਬਾਰ ਪੱਖੋਂ ਇਸ ਫਿਲਮ ਭਾਵੇਂ ਠੀਕ ਠਾਕ ਹੀ ਹੁੰਗਾਰਾ ਮਿਲਿਆ ਪਰ ਇਸ ਨੇ ਗਾਇਕ ਦਿਲਜੀਤ ਨੂੰ ਇਕ ਅਦਾਕਾਰ ਵਜੋਂ ਸਥਾਪਤ ਕਰ ਦਿੱਤਾ ਨਵਨੈਤ ਸਿੰਘ ਦੀ ਫਿਲਮ 'ਧਰਤੀ' ਕਾਰੋਬਾਰ ਪੱਖੋਂ ਸਫ਼ਲ ਰਹੀ ਇਸ ਨੂੰ ਪੰਜਾਬੀ ਦੀ ਸਭ ਤੋਂ ਗੰਭੀਰ ਤੇ ਅਹਿਮ ਫਿਲਮ ਮੰਨਿਆ ਜਾ ਸਕਦਾ ਹੈ ਇਹ ਫਿਲਮ ਸਮਾਜਕ, ਸਭਿਆਚਾਰਕ ਅਤੇ ਰਾਜਨੀਤਕ ਅਰਥਾਂ ਨਾਲ ਭਰਪੂਰ ਫਿਲਮ ਹੈ ਇਸ ਵਿਚ ਮੁੱਖ ਭੂਮਿਕਾ ਜ਼ਿੰਮੀ ਸ਼ੇਰਗਿੱਲ ਨੇ ਨਿਭਾਈ ਕਾਰੋਬਾਰ ਪੱਖੋਂ ਨਜ਼ਰ ਮਾਰੀ ਜਾਵੇ ਤਾਂ ਸਭ ਤੋਂ ਵੱਡੀ ਕਾਮਯਾਬੀ 'ਜੀਹਨੇ ਮੇਰਾ ਦਿਲ ਲੁੱਟਿਆ' ਫਿਲਮ ਨੂੰ ਮਿਲੀ ਗਾਇਕ ਦਿਲਜੀਤ ਅਤੇ ਗਿੱਪੀ ਗਰੇਵਾਲ ਦੀ ਇਕੱਠੀ ਭੂਮਿਕਾ ਵੀ ਫਿਲਮ ਦੀ ਸਫ਼ਲਤਾ ਲਈ ਅਹਿਮ ਰਹੀ 'ਯਾਰ ਅਣਮੁੱਲੇ' ਸਾਲ 2011 ਦੀ ਇਕ ਹੋਰ ਅਹਿਮ ਤੇ ਕਾਮਯਾਬ ਫਿਲਮ ਹੈ, ਜਿਹੜੀ ਕਿ ਬੁਨਿਆਦੀ ਤੌਰ 'ਤੇ ਕਾਮੇਡੀ ਹੈ ਇਸ ਫਿਲਮ ਵਿਚ ਗਾਇਕ ਹੰਸ ਰਾਜ ਹੰਸ ਦੇ ਬੇਟੇ ਯੁਵਰਾਜ ਹੰਸ ਨੇ ਪਹਿਲੀ ਵਾਰ ਕੰਮ ਕੀਤਾ ਹੈ ਰਾਜ ਬੱਬਰ ਦੇ ਲੜਕੇ ਆਰੀਆ ਬੱਬਰ ਦੀ ਵੀ ਇਸ ਫਿਲਮ ਵਿਚ ਅਹਿਮ ਭੂਮਿਕਾ ਹੈ ਸਾਲ ਦੀ ਆਖਰੀ ਫਿਲਮ 'ਹੀਰੋ ਹਿਟਲਰ ਇਨ ਲਵ' ਰਹੀ, ਜਿਸ ਵਿਚ ਬੱਬੂ ਮਾਨ ਨੇ ਮੁੱਖ ਭੂਮਿਕਾ ਨਿਭਾਈ ਇਸ ਫਿਲਮ ਨੂੰ ਵੀ ਇਸ ਸਾਲ ਦੀ ਸਭ ਤੋਂ ਹਿੱਟ ਫਿਲਮ ਕਿਹਾ ਗਿਆ ਸਾਲ 2011 ਵਿਚ ਕਾਰੋਬਾਰ ਪੱਖੋਂ 'ਜੀਹਨੇ ਮੇਰਾ ਦਿਲ ਲੁੱਟਿਆ' ਅਤੇ ਅਰਥ ਭਰਪੂਰ ਫਿਲਮ ਪੱਖੋਂ 'ਧਰਤੀ' ਰਹੀ ਉਮੀਦ ਕੀਤੀ ਜਾਂਦੀ ਹੈ ਕਿ ਸਾਲ 2012 ਪੰਜਾਬੀ ਸਿਨੇਮੇ ਲਈ ਬਹੁਤ ਮਹੱਤਵਪੂਰਨ ਰਹੇਗਾ ਤੇ ਇਸ ਸਾਲ ਪਹਿਲਾਂ ਨਾਲੋਂ ਚੰਗੀਆ ਫਿਲਮਾਂ ਰਿਲੀਜ਼ ਹੋਣਗੀਆਂ, ਜੋ ਕਿ ਪੰਜਾਬੀ ਸਿਨੇਮੇ ਨੂੰ ਬੁਲੰਦੀਆਂ 'ਤੇ ਲੈ ਜਾਣਗੀਆਂ।



ਮਹਿੰਗਾ ਸਿੰਘ
+91-9988334213
mehanga120578@gmail.com

# ਕੁਦਰਤ ਨਾਲ ਇਕ ਹੋਰ ਪੰਗਾ

ਹੁਣ ਮਾਦਾ ਭਰੂਣ ਹੱਤਿਆ ਦੀਆਂ ਗੱਲਾਂ ਬੰਦ ਕਰ ਦਿਓ ਅਤੇ ਕਰ ਹੀ ਦੇਣੀਆਂ ਚਾਹੀਦੀਆਂ ਨੇ ਕਿਉਂ ਕਿ ਵਿਗਿਆਨ ਦੇ ਜਮਾਨੇ ਵਿਚ ਜਿਹਾ ਚਾਹੋ ਓਹੋ ਜਿਹਾ ਬੱਚਾ ਪਾਓ ਬਸ ਕੀਮਤ ਦਿਓ। ਆਧੁਨਿਕਤਾ ਨੇ ਜਮਾਨੇ ਦੇ ਮੂੰਹ ਤੇ ਚਪੇੜ ਮਾਰ ਹੀ ਦਿੱਤੀ ਹੈ।

ਸੋਸਾਇਟੀ ਵਿੱਚ ਆਉਣ ਵਾਲੀ ਹਰ ਤਬਦੀਲੀ ਨੂੰ ਫਿਲਮਾਂ ਅਕਸਰ ਦਰਸਾਉਂਦੀਆਂ ਹੀ ਰਹਿੰਦੀਆਂ ਹਨ ਅਤੇ ਸ਼ੁਕਰਾਣੂ ਦਾਨ ਅਧਾਰਿਤ "ਵਿਕੀ ਡੋਨਰ" ਦੇ ਨਾਲ ਵੀ ਕੁੱਝ ਅਜਿਹਾ ਹੀ ਹੈ। ਹਾਲਾਂਕਿ ਫਿਲਮ ਵਿੱਚ ਇਸ ਸਵੇਦਨਸ਼ੀਲ ਵਿਸ਼ੇ ਨੂੰ ਕਾਮਿਕ ਟੱਚ ਨਾਲ ਪੇਸ਼ ਕੀਤਾ ਗਿਆ ਹੈ। ਸ਼ਰਮ ਕਰੋ ਯਾਰੋ ਕੁਝ, ਸਭ ਕੁਝ ਨੰਗਾ ਹੀ ਕਰ ਕੇ ਰਖ ਦਿਤਾ..

ਅੱਜ ਹਰ ਕੋਈ ਵਿਸ਼ੇਸ ਕਰ ਪ੍ਰਾਈਵੇਟ ਹਸਪਤਾਲ ਆਈ.ਵੀ.ਏਫ. ਕਲੀਨਿਕਸ ਸ਼ਰੇਆਮ ਖੋਲ ਰਹੇ ਹਨ ਕਿ ਜੋ ਅਜਿਹੇ ਵਿਚ ਪੈਸਿਆਂ ਦੀ ਬਰਸਾਤ ਹੋਣ ਲਗਦੀ ਹੈ ਅਤੇ ਪੈਸੇ ਅਗੇ ਸਭ ਦੀ ਅੱਖਾਂ ਵਿਚ ਚੁੰਧਿਆ ਜ਼ਾਦੀਆਂ ਹਨ ਭਾਵੇ ਕੁਝ ਵੀ ਗੁਆਣਾਂ ਪਵੇ। ਆਈ.ਵੀ.ਏਫ. ਕਲੀਨਿਕਸ ਖੁੱਲੇ ਤੌਰ ਤੇ ਇਹ ਦਾਅਵਾ ਕਰਦੀਆਂ ਹਨ ਕਿ ਉਨ੍ਹਾਂ ਦੇ ਕੋਲ ਵਿਕੀ ਡੋਨਰਸ ਵਰਗਿਆਂ ਦੀਆਂ ਲਾਈਨਾ ਲੱਗੀਆਂ ਹੋਈਆਂ ਹਨ ਅਤੇ ਅਗੋਂ ਲਗੀਆਂ ਵੀ ਰਹਿਣਗੀਆਂ ਅਤੇ ਉਹ ਆਪਣੀ ਜਰੂਰਤਾਂ ਦੇ ਅਨੁਸਾਰ ਉਨ੍ਹਾਂ ਦੀ ਵਰਤੋਂ ਕਰਨਗੇ। ਅਜਿਹੀਆਂ ਕਲਿਨਿਕਾਂ ਦੇ ਮਾਹਿਰਾਂ ਨਾਲ ਗੱਲ ਕਰੋ ਤਾਂ ਇਹ ਗੱਲ ਸੌ ਫੀਸਦੀ ਸੱਚ ਹੈ ਕਿ ਸ਼ੁਕਰਾਣੂ ਜਾਂ ਐਗ ਡੋਨੇਸ਼ਨ ਦੇ ਮਾਮਲੇ ਵਿੱਚ ਉਹ ਖੁਲੇ ਖਿਆਲੀ ਨੋਜਵਾਂਨਾਂ ਤੇ ਹੀ ਨਿਰਭਰ ਕਰਦੇ ਹਨ। ਬੇਸ਼ੱਕ ਇਸ ਤਰ੍ਹਾਂ ਜਿੱਥੇ ਜਰੂਰਤਮੰਦਾਂ ਲਈ ਸ਼ੁਕਰਾਣੂ ਅਤੇ ਐਗ ਦੀ ਵਿਵਸਥਾ ਹੋ ਜਾਂਦੀ ਹੈ ਉਥੇ ਪਾਕੇਟ ਮਨੀ ਵਜੋਂ ਮੁੰਡੇ ਕੁੜੀਆਂ ਨੂੰ ਕੁੱਝ ਪੈਸੇ ਵੀ ਮਿਲ ਜਾਂਦੇ ਹਨ। ਅਜਿਹੇ ਵਿਚ ਸ਼ਰਮ ਦੀ ਅੱਜ ਗੁੰਜਾਇਸ ਹੀ ਨਹੀਂ ਰਹੀ। ਸਭ ਨੰਗਾ ਹੈ ਅਤੇ ਨੰਗੇਜ਼ ਸਾਰਿਆਂ ਨੂੰ ਚੰਗਾ ਲਗਦਾ ਹੈ। ਇਹ ਸੈਕਸ ਮਨੋਵਿਗਿਆਨ ਦਾ ਦਾਵਾ ਹੈ।

ਦਰਅਸਲ ਭਾਰਤ ਵਿੱਚ ਵੱਖਰੇ ਕਾਰਣਾਂ ਨਾਲ ਇਨਫਰਟਿਲਿਟੀ ਦੀ ਦਰ ਵੱਧ ਰਹੀ ਹੈ। ਫਿਰ ਇੱਕ ਵੱਡਾ ਕਾਰਣ ਇਹ ਵੀ ਹੈ ਕੈਰੀਅਰ ਦੇ ਚੱਕਰ ਵਿੱਚ ਨੋਜਵਾਨ ਵੱਡੀ ਉਮਰ ਵਿੱਚ ਵਿਆਹ ਕਰਦੇ ਹਨ। ਦੇਰ ਬਾਦ ਬੱਚੇ ਦੇ ਬਾਰੇ ਸੋਚਣਾ ਸ਼ੁਰੂ ਕਰਦੇ ਹਨ ਅਤੇ ਇਸੇ ਦੇਰੀ ਕਾਰਣ ਉਹ ਇਸ ਕਾਬਿਲ ਹੀ ਨਹੀਂ ਹੁੰਦੇ ਕਿ ਨਾਰਮਲ ਰੂਪ ਤੋਂ ਮਾਂ ਬਾਪ ਬਣ ਸਕਣ। ਸਾਫ਼ ਹੈ ਉਹ ਆਈ.ਵੀ.ਏਫ. ਕਲੀਨਿਕਸ ਦੀ ਸ਼ਰਨ ਵਿੱਚ ਜਾਂਦੇ ਹਨ ਅਤੇ ਉਨ੍ਹਾਂ ਨੂੰ ਇਸ ਕਾਰਣ ਡੋਨਰ ਦੀ ਜ਼ਰੂਰਤ ਪੈ ਸਕਦੀ ਹੈ। ਪੁਰਾਣੇ ਸਮਿਆਂ ਵਿਚ ਅਜਿਹੇ ਔਰਤ ਮਰਦ ਕਿਸੇ ਹੋਰ ਨਾਲ ਪੜਦੇ ਵਿਚ ਬਿਨਾਂ ਦਸੇ ਸਰੀਰਕ ਸੰਬਧ ਬਣਾਂ ਕੇ ਔਲਾਦ ਦੀ ਚਾਹਤ ਪੂਰੀ ਕਰ ਲੈਂਦੇ ਹੋਣਗੇ ਪਰ ਅੱਜ ਆਧੁਨਿਕਤਾ ਦੇ ਨਾ ਤੇ ਮਸੀਨਾਂ ਨਾਲ ਸੰਬਧ ਬਣਾਓਦੇ ਹਨ, ਗੱਲ ਵਿਚ ਕੋਈ ਫਰਕ ਨਹੀਂ।




ਬੇਸ਼ੱਕ ਇਹ ਬਲਡ ਡੋਨੇਸ਼ਨ ਵਰਗਾ ਹੀ ਹੈ। ਬਲਡ ਡੋਨੇਸ਼ਨ ਨਾਲ ਲੋਕਾਂ ਦੀ ਜਿੰਦਗੀ ਬਚਦੀ ਹੈ ਇਸ ਤੋਂ ਜਿੰਦਗੀ ਸ਼ੁਰੂ ਹੁੰਦੀ ਹੈ। ਖੁਲੇ ਵਿਚਾਰਾਂ ਵਾਲੇ ਵਕਾਲਤ ਕਰਦੇ ਹਨ ਕਿ ਇਹ ਸਮੇਂ ਦੀ ਮੰਗ ਹੈ ਅਤੇ ਲੋਕਾਂ ਨੂੰ ਸ਼ੁਕਰਾਣੂ ਅਤੇ ਐਗ ਡੋਨੇਸ਼ਨ ਨੂੰ ਲੈ ਕੇ ਪਾਜਿਟਿਵ ਸੋਚ ਬਣਾਉਣੀ ਚਾਹੀਦੀ ਹੈ। ਲੋਕਾਂ ਨੂੰ ਇਸ ਭਲੇ ਕੰਮ ਵਿਚ ਸਹਿਯੋਗ ਕਰਣਾ ਹੀ ਚਾਹੀਦਾ ਹੈ। ਬੱਚਾ ਆਖਿਰ ਹਰ ਕਿਸੇ ਨੂੰ ਚਾਹੀਦਾ ਹੁੰਦਾ ਹੈ।

ਸ਼ੁਕਰਾਣੂ ਅਤੇ ਐਗ ਡੋਨੇਸ਼ਨ ਨੂੰ ਲੈ ਕੇ ਲੋਕ ਹੁਣ ਸੋਚ ਬਦਲਣ ਲੱਗੇ ਹਨ। ਕਿਹਾ ਜਾ ਰਿਹਾ ਕਿ ਡੋਨਰ ਦੀ ਪਹਿਚਾਣ ਨੂੰ ਪੂਰੀ ਤਰ੍ਹਾਂ ਨਾਲ ਗੁਪਤ ਰੱਖਿਆ ਜਾਵੇਗਾ ਤਾਂ ਕਿ ਰਸੀਵਰ ਲਈ ਗੁਪਤਤਾ ਵਰਤੀ ਜਾ ਸਕੇ। ਰਸੀਵਰ ਨੂੰ ਸਿਰਫ ਡੋਨਰ ਦਾ ਕੱਦ ਕਾਠ, ਰੰਗ ਰੂਪ, ਪਿਛੋਕੜ, ਸਿਖਿਆ ਅਤੇ ਮੇਂਟਲ ਅਤੇ ਫਿਜਿਕਲ ਹੇਲਥ ਦੇ ਬਾਰੇ ਵਿੱਚ ਹੀ ਦੱਸਾਂਗੇ। ਅਜਿਹੇ ਵਿੱਚ ਇਹ ਬਿਲਕੁੱਲ ਸੇਫ ਮਾਮਲਾ ਦਸਿਆ ਜਾਂਦਾ ਹੈ। ਪਰ ਸਮਾਜ ਨੂੰ ਇਕ ਹੋਰ ਚਪੇੜ ਖਾਣ ਲਈ ਵੀ ਤਿਆਰ ਰਹਿਣਾਂ ਹੇਵੇਗਾ ਕਿ ਮੁਸਟੰਡਾ ਡੋਨਰ ਕਲ ਨੂੰ ਹਰ ਗਰਭਵਤੀ ਔਰਤ ਨੂੰ ਵੇਖ ਕੇ ਮੂੰਹ ਚਿੜ੍ਹਾ ਕੇ ਕਹਿੰਦਾ ਫਿਰੇਗਾ ਕਿ ਇਹ ਬੱਚਾ ਮੇਰੀ ਡੋਨੇਸ਼ਨ ਦਾ ਹੈ ਮੇਰਾ ਬੱਚਾ ਹੈ ਭਾਂਵੇ ਬਹੁਤੇ ਪਤੀ ਪਤਨੀ ਦੇ ਆਪਣੇ ਸਰੀਰਕ ਸੰਬਧਾਂ ਦੀ ਦੇਣ ਰਹੀ ਹੋਵੇ। ਸਮਾਜ ਨੂੰ ਤਿਆਰ ਰਹਿਣਾਂ ਹੀ ਪਵੇਗਾ ਇਹ ਸ਼ਰਮਿੰਦਗੀ ਝਲਣ ਲਈ ਅਤੇ ਮੂੰਹ ਲੁਕੋਣ ਲਈ। ਰਸੀਵਰ ਨੂੰ ਜੇ ਕਦੇ ਇਹ ਗਿਆਨ ਹੋ ਜਾਵੇ ਕਿ ਆਈ.ਵੀ.ਏਫ. ਰਾਹੀ ਜੋ ਬੱਚਾ ਉਸ ਦੀ ਕੋਖ ਵਿਚ ਪਲ ਰਿਹਾ ਹੈ ਦਾ ਸਪਰਮ ਡੋਨਰ ਉਸ ਦਾ ਭਰਾ ਜਾਂ ਪਿਓ ਹੈ ਉਸ ਹਾਲਤ ਵਿਚ ਕੀ ਗੁਜਰੇਗੀ? ਇਕ ਵਾਰ ਜਰਾ ਕੁ ਸੋਚ ਕੇ ਤਾਂ ਵੇਖੋ ਸੁੰਨ ਹੋ ਜਾਵੇਗਾ ਦਿਮਾਗ ਰੌਂਗਟੇ ਖੜ੍ਹੇ ਨਾ ਹੋ ਜਾਣ ਅਸਲ ਵਿਚ ਕੀ ਬੀਤੇਗੀ...

ਸਮਾਜ ਅਤੇ ਵਿਗਿਆਨੀਆਂ ਨੂੰ ਆਇੰਸਟਾਈਨ ਦੀ ਗੱਲ ਯਾਦ ਰਖਣੀ ਹੀ ਪੈਣੀ ਹੈ ਜਦੋ ਇਕ ਖੂਬਸੂਰਤ ਔਰਤ ਨੇ ਉਸ ਤੋਂ ਬੱਚੇ ਦੀ ਮੰਗ ਇਸ ਲਈ ਕੀਤੀ ਕਿ ਹੋਣ ਵਾਲਾ ਬੱਚਾ ਔਰਤ ਜਿਤਨਾ ਸੋਹਣਾਂ ਅਤੇ ਵਿਗਿਆਨਿਕ ਵਰਗਾ ਦਿਮਾਗੀ ਹੋਵੇਗਾ ਪਰ ਵਿਗਿਆਨੀ ਨੇ ਸ਼ਕ ਕੀਤਾ ਕਿ ਜੇ ਉਲਟ ਹੋ ਗਿਆ....।

ਅੱਜਕੱਲ੍ਹ ਕਈ ਕਾਰਣਾਂ ਕਾਰਣ ਜੋੜਿਆਂ ਵਿੱਚ ਇੰਫਰਟੀਲਿਟੀ ਦੀ ਪ੍ਰਾਬਲਮ ਵੱਧ ਰਹੀ ਹੈ । ਲੇਟ ਨਾਇਟ ਸ਼ਿਫਟਸ ਅਤੇ ਦਿਮਾਗੀ ਬੋਝ ਨੇ ਕਈ ਜੋੜਿਆਂ ਨੂੰ ਇਸ ਹਾਲਤ ਵਿਚ ਤੇ ਖੜਾ ਕਰ ਦਿੱਤਾ ਹੈ। ਅਜਿਹੇ ਵਿੱਚ ਕਿਸੇ ਦੂੱਜੇ ਦੀ ਮਦਦ ਤੋਂ ਉਨ੍ਹਾਂ ਨੂੰ ਬੱਚਾ ਮਿਲ ਜਾਂਦਾ ਹੈ ਤਾਂ ਇਸ ਵਿੱਚ ਗਲਤ ਕੀ ਹੈ? ਗਲਤ ਹੈ, ਪਤਾ ਨਹੀਂ ਕਿਸ ਦਾ ਬੱਚਾ ਹੈ। ਜੇ ਆਪਣੇ ਘਰ ਵਿਚ ਜਾਂ ਰਿਸਤੇ ਵਿਚੋ ਬੱਚਾ ਗੋਦ ਲਿਤਾ ਜਾਂਦਾ ਹੈ ਤਾਂ ਪਤਾ ਹੀ ਰਹਿੰਦਾ ਹੈ ਕਿ ਆਪਣਾਂ ਹੀ ਖੂਨ ਹੈ ਕਿਸੇ ਐਰੇ ਗੈਰੇ ਡੋਨਰ ਦਾ ਨਹੀਂ।

ਜਨੇਟਿਕ ਇੰਜੀਨੀਅਰਿੰਗ ਦੀ ਸਹਾਇਤਾ ਨਾਲ ਜਿਹੋ ਜਿਹਾ ਬੱਚਾ ਲੋੜਦੇ ਹੈ ਪ੍ਰਾਪਤ ਕੀਤਾ ਜਾ ਸਕੇਗਾ ਅਤੇ ਮਾਦਾ ਭਰੂਣ ਨੂੰ ਮਾਰਣ ਦੀ ਵੀ ਲੋੜ ਨਹੀਂ ਪੈਣੀ ਆਣ ਵਾਲੇ ਸਮੇ ਵਿਚ। ਪਹਿਲੋ ਹੀ ਡੋਨਰ ਦੇ ਐਕਸ ਕਰੋਮੋਸੋਮਜ਼ ਹੀ ਲੈ ਕੇ ਔਰਤ ਦੀ ਕੁੱਖ ਵਿਚ ਰਖ ਦਿਤੇ ਜਾਣਗੇ ਤੇ ਨਰ ਬੱਚਾ ਹੀ ਜਨਮ ਲਵੇਗਾ। ਇਸ ਯੁਗ ਵਿਚ ਮਾਦਾ ਦੀ ਉਤਪਤੀ ਹੀ ਬੰਦ ਹੋ ਜਾਵੇਗੀ ਹਜਾਰਾਂ ਪਿਛੇ ਇਕ ਦੋ ਮਾਦਾ ਹੀ ਅਣਗਿਣਤ ਬੱਚੇ ਜਣ ਸਕਣਗੀਆਂ ਕਿਉ ਕਿ ਸਰੀਰਕ ਸੁੰਭੋਗ ਦੀ ਗੁੰਜਇਸ਼ ਹੀ ਨਹੀਂ ਰਹਿਣੀ।



ਡਾ: ਰਿਪੁਦਮਨ ਸਿੰਘ
+91 98152 00134

ਸਪਰਮ ਤੇ ਐਗ ਡੋਨਰ ਕੁੱਝ ਇਸ ਨੂੰ ਠੀਕ ਮੰਨਦੇ ਹਨ ਪਰ ਕਈ ਪਾਜਿਟਿਵ ਪਾਇੰਟਸ ਹੋਣ ਦੇ ਬਾਵਜੂਦ ਇਸ ਨੂੰ ਸੌਖ ਨਾਲ ਸਵੀਕਾਰ ਨਹੀਂ ਕੀਤਾ ਜਾ ਸਕਦਾ। ਇਸ ਮੁੱਦੇ ਤੇ ਫਿਲਮ ਬਣਨ ਨਾਲ ਬੇਸ਼ੱਕ ਲੋਕਾਂ ਨੂੰ ਇਸ ਬਾਰੇ ਜ਼ਿਆਦਾ ਜਾਣਕਾਰੀ ਮਿਲੇਗੀ ਲੇਕਿਨ ਸਭ ਕੁੱਝ ਇੰਨਾ ਓਪਨ ਨਹੀਂ ਹੈ ਕਿ ਇਸ ਮੁੱਦੇ ਨੂੰ ਇੰਨੀ ਸਹਿਜਤਾ ਨਾਲ ਲਿਆ ਜਾਵੇ। ਜਿਆਦਾਤਰ ਪਰਿਵਾਰਾਂ ਵਿੱਚ ਡੋਨਰ ਅਤੇ ਰਸੀਵਰ ਦੋਨਾਂ ਨੂੰ ਹੀ ਗਲਤ ਨਜ਼ਰ ਤੋਂ ਵੇਖਿਆ ਜਾਵੇਗਾ। ਵਿਗਿਆਨ ਜਿਥੇ ਸਮੇਂ ਸਮੇਂ ਤੇ ਆਪਣੀਆਂ ਖੋਜਾ ਨਾਲ ਸਮਾਜ ਨੂੰ ਸੁਖਾਲਾ ਕਰਦੀ ਆਈ ਹੈ ਉਥੇ ਬਹੁਤੀ ਵਾਰ ਕੁਦਰਤ ਦੇ ਵਿਰੁਧ ਕਰ ਸਰਿਸਟੀ ਦਾ ਨੁਕਸਾਨ ਵੀ ਕਰਨ ਵਿਚ ਪਿਛੇ ਨਹੀ ਰਹੀਂ ਅਤੇ ਜਿਸ ਦਾ ਖਾਮਿਆਜ਼ਾ ਕਿਸੇ ਇਕ ਨੂੰ ਨਹੀਂ ਸਗੋਂ ਸਾਰਿਆਂ ਨੂੰ ਭੁਗਤਨਾ ਪੈਦਾਂ ਹੈ।

ਸੰਸਾਰ ਦਾ ਸਭਿਆਚਾਰ ਹੀ ਤਾੱਕ ਤੇ ਰੱਖ ਦਿਤਾ ਗਿਆ ਹੈ ਸਪਰਮ ਤੇ ਐਗ ਡੋਨਰਾਂ ਅਤੇ ਡਾਕਟਰਾਂ ਨੇ। ਧਾਰਮਿਕ ਗ੍ਰੰਥਾਂ ਵਿਚ ਦਰਜ਼ ਗੱਲਾਂ ਨੂੰ ਸੈਕਸ ਨਾਲ ਹੀ ਜੋੜ ਕੇ ਰੱਖ ਦਿਤਾ। ਰੱਬ ਨੇ ਜਿਸ ਇਸਤਰੀ ਨੂੰ ਗਰਭ ਦਾ ਸੁਖ ਨਹੀ ਦੇਣਾਂ, ਸੰਸਾਰ ਜੋਰ ਲਾ ਵੇਖੇ ਨਹੀਂ ਭਰ ਸਕਣਗੇ ਉਸ ਦੀ ਕੁੱਖ। ਸਮਾਜ ਇਕ ਦਿਮਾਗੀ ਦਵਾਵ ਵਿਚ ਆ ਜਾਵੇਗਾ ਅਤੇ ਇਸ ਭੁਲ ਤੇ ਪਛੋਤਾਣ ਤੋਂ ਇਲਾਵਾ ਕੁਝ ਨਹੀਂ ਬਚਣਾਂ। ਅਜਿਹੀ ਖੋਜਾਂ ਜੋ ਸਮਾਜ ਦੇ ਮੂਲ ਧਰਮ, ਸਿਖਿਆ,ਸਭਿਆਚਾਰ ਅਤੇ ਵਿਚਾਰ ਤੇ ਹਾਵੀ ਹੋਵੇ ਅੰਤ ਵਿਚ ਸਮਾਜ ਦੀ ਬਰਬਾਦੀ ਦਾ ਸਬਬ ਬਣਦੀ ਹੈ ਇਤਿਹਾਸ ਗਵਾਹ ਹੈ।

ਅਲਾਹੀ ਬਾਣੀ ਦੀ ਤੁਕ ਸੰਪੂਰਨ ਕਰੀਏ : ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨ ਵੇ ਲਾਲੋ॥ ਸੱਚ ਵਿਚ ਕੂੜੁ ਹੀ ਫੈਲੇਗਾ ਸਮਾਜ ਵਿਚ ਆਈ.ਵੀ.ਏਫ. ਕਲੀਨਿਕਾਂ ਰਾਹੀਂ ਅਤੇ ਬੰਦਾ ਬੰਦੇ ਦੀ ਨਜ਼ਰ ਵਿਚ ਗਿਰ ਜਾਵੇਗਾ।

# Royal Executive Homes

# Town Houses in Wildwood




Available from **1232 sq** ft. to **1589 sq** ft. with attached Single and Double Garage. Starting price: **$ 309,900**

- Excellent Location
- Close to All Amenities.
- Transit Excess
- Affordable Prices
- Future Rec Center
- Close to White Mud
- Anthony Henday




SHOW HOME OPEN NOW

**For Show Home Hours: Contact 780-965-7390**

Wild Wood TOWN HOUSES
1820, 34th Ave
Edmonton.

**780-965-7390**
**780-906-4497**
royalexecutivehomes@hotmail.com





Jessy Parihar    Ranjit Deol

**Sales Contact :**
**Mariola @ 780-970-0120**

GLOBAL

**GLOBAL RESP CORPORATION**
Approved Distributor of the Global Educational Trust Plan (Global Plan)

# ਕੀ ਤੁਸੀਂ ਆਪਣੇ ਬੱਚੇ ਨੂੰ ਡਾਕਟਰ, ਟੀਚਰ ਜਾਂ ਇੰਜਨੀਅਰ ਬਣਾਉਣ ਦਾ ਸੁਪਨਾ ਦੇਖ ਰਹੇ ਹੋ?

## ਕੀ ਤੁਸੀਂ ਆਪਣੇ ਬੱਚੇ ਦੇ ਐਜੂਕੇਸ਼ਨ ਸੇਵਿੰਗ ਪਲੈਨ ਦੀ ਚੋਣ ਕਰਨ ਲਈ ਉਲਝਣ ਵਿੱਚ ਹੋ?

- ਜੇ ਤੁਸੀਂ ਘੱਟ ਆਮਦਨ ਵਾਲੇ ਪਰਿਵਾਰ ਵਿੱਚ ਆਉਂਦੇ ਹੋ ਤਾਂ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਜੇਕਰ ਤੁਹਾਡਾ ਬੱਚਾ ਸਾਲ 2004 ਜਾਂ ਉਸ ਤੋਂ ਬਾਅਦ ਪੈਦਾ ਹੋਇਆ ਹੈ ਤਾਂ ਵੀ ਤੁਸੀਂ ਵਾਧੂ ਸਰਕਾਰੀ ਗਰਾਂਟਾਂ ਦੇ ਹੱਕਦਾਰ ਹੋ।
- ਅਸੀਂ ਗਲੋਬਲ ਐਜੂਕੇਸ਼ਨ ਟਰੱਸਟ ਪਲੈਨ ਰਾਹੀਂ ਤੁਹਾਡੇ ਬੱਚੇ ਦੇ ਸੋਹਣੇ ਭਵਿੱਖ ਦੇ ਸੁਪਨੇ ਸਾਕਾਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ।




- Families with low income may be eligible to receive more CESG yearly for each of their children
- Children born on or after January 1, 2004 can be eligible for the CLB when the family receives the National Child Benefit (NCB) Supplement.
- Children born to or adopted by an Alberta family on or after January 1, 2005 are eligible to receive ACES grant

ਕੀ ਤੁਸੀ ਜਾਣਦੇ ਹੋ ਕਿ 50% ਤੋਂ ਜਿਆਦਾ ਬੱਚੇ ਕਰਜ਼ੇ ਦੇ ਭਾਰ ਥੱਲੇ ਦੱਬ ਕੇ ਯੂਨੀਵਰਸਿਟੀ ਵਿੱਚੋਂ ਨਿਕਲਦੇ ਹਨ?

**ਅਸੀਂ ਤੁਹਾਡੇ ਬੱਚੇ ਨੂੰ ਕਨੇਡਾ ਅਤੇ ਅਲਬਰਟਾ ਸਰਕਾਰ ਵਲੋਂ ਮਿਲਦੀਆਂ $10,000* ਤੱਕ ਦੀਆਂ ਗਰਾਂਟਾਂ ਲੈ ਕੇ ਦੇ ਸਕਦੇ ਹਾਂ।**

ਆਪਣੇ ਬੱਚੇ ਦੇ ਉੱਜਲ ਭਵਿੱਖ ਲਈ ਗਲੋਬਲ ਐਜੂਕੇਸ਼ਨ ਪਲੈਨ ਕਰਵਾਉਣ ਲਈ ਅੱਜ ਹੀ ਫੋਨ ਕਰੋ:

**Jasvir Deol**
Branch Manager
**780-465-6900**

GLOBAL RESP CORPORATION

*Canada Education Savings Grant up to $ 7,200 Canada Learning Bond up to $ 2,000 and Alberta Centennial Education Savings Plan Grant up to $ 800

**Jessie Singh**
Branch Manager
**403-830-7007**

BRIDGEPORT HOMES LTD.

**BEST PRICES IN TOWN**
**WE ASSURE BEATING MARKET PRICE**

# Now Lots available for big houses

**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



**Lots available for bi-Level homes in Silverberry Area**



**For more information call: Dolly Chauhan @ 780-935-7718**